Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

HELPING YOU BUY AND SELL HOMES
IN MORGAN HILL, GILROY,& HOLLISTER
Jeet Singh Sangha
REALTOR & REAL ESTATE ADVISOR
CALL FOR FREE CONSULTATION:
408-840-3112
COLDWELL BANKER REALTY
CalRe:02014485
Speaks English, Hindi & Punjabi
JeetSangha.com
SERVING THE ENTIRE SOUTHBAY FROM SAN JOSE TO SALINAS

COVERED CALIFORNIA
Certified Insurance Agent
Global Green INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
MANN@GGIABA.COM
Gurdawar Singh Mann
Gurcharan Singh Mann
Mann Insurance Brokers Inc.
4123 Dyer St., #230, Union City, CA 94587

Twenty-Fifth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 25, Issue 19; May 11, 2024
20451 N. Plum Grove Rd., Palatine, IL 60074
Ph:847-359-0746, Fax:847-705-9388

# ਨਿੱਝਰ ਹੱਤਿਆ ਮਾਮਲਾ ਮੁੜ ਭਖਿਆ

**ਚੰਡੀਗੜ੍ਹ:** ਖਾਲਿਸਤਾਨ ਪੱਖੀ ਆਗੂ ਹਰਦੀਪ ਸਿੰਘ ਨਿੱਝਰ ਦੇ ਕਤਲ ਮਾਮਲੇ ਵਿਚ ਕੈਨੇਡਾ ਪੁਲਿਸ ਵੱਲੋਂ ਤਿੰਨ ਨੌਜਵਾਨਾਂ ਦੀ ਗ੍ਰਿਫ਼ਤਾਰੀ ਪਿੱਛੋਂ ਇਹ ਮਾਮਲਾ ਮੁੜ ਭਖ ਗਿਆ ਹੈ। ਇਹ ਤਿੰਨੇ ਨੌਜਵਾਨ ਪੰਜਾਬੀ ਹਨ ਜਿਨ੍ਹਾਂ ਦੀ ਪਛਾਣ ਕਰਨਪ੍ਰੀਤ ਸਿੰਘ (28), ਕਰਨ ਬਰਾੜ (22) ਅਤੇ ਕਮਲਪ੍ਰੀਤ ਸਿੰਘ (22) ਵਜੋਂ ਹੋਈ ਹੈ।

ਉਧਰ, ਪੰਜਾਬ ਪੁਲਿਸ ਦਾ ਦਾਅਵਾ ਹੈ ਕਿ ਇਨ੍ਹਾਂ ਨੌਜਵਾਨਾਂ ਦਾ ਕੋਈ ਅਪਰਾਧਕ ਰਿਕਾਰਡ ਨਹੀਂ ਹੈ ਹਾਲਾਂਕਿ ਕੁਝ ਰਿਪੋਰਟਾਂ ਮੁਤਾਬਿਕ ਇਨ੍ਹਾਂ ਨੌਜਵਾਨਾਂ ਨੂੰ ਲਾਰੈਂਸ ਬਿਸ਼ਨੋਈ ਗੈਂਗ ਦੇ ਸੰਪਰਕ ਵਿਚ ਦੱਸਿਆ ਜਾ ਰਿਹਾ ਹੈ ਜਿਸ ਨੇ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦੀ ਜ਼ਿੰਮੇਵਾਰੀ ਲਈ ਸੀ। ਕੈਨੇਡਾ ਪੁਲਿਸ ਨੇ ਭਾਰਤੀ ਖੁਫੀਆ ਏਜੰਸੀਆਂ ਦੇ ਕੰਟਰੋਲ ਹੇਠਲੇ ਸਮੂਹ ਦਾ ਪਰਦਾਫਾਸ਼ ਕਰਨ ਦਾ ਦਾਅਵਾ ਕੀਤਾ ਹੈ।

ਪੰਜਾਬ ਪੁਲਿਸ ਮੁਤਾਬਿਕ, ਕਰਨਪ੍ਰੀਤ ਬਟਾਲਾ ਵਿਚ ਘਣੀਏ ਕੇ ਬਾਂਗਰ ਥਾਣੇ ਅਧੀਨ ਪੈਂਦੇ ਸੁੰਦਰ ਪਿੰਡ ਨਾਲ ਸਬੰਧਿਤ ਹੈ। ਉਸ ਦੇ ਪਿਤਾ ਸੁਖਦੇਵ ਸਿੰਘ ਪਿੰਡ ਦੇ ਹੀ ਗੁਰਦੁਆਰੇ 'ਚ ਗ੍ਰੰਥੀ ਹਨ ਅਤੇ ਕਿਸਾਨ ਜਥੇਬੰਦੀ ਦੇ ਮੈਂਬਰ ਹਨ ਜਿਸ ਦੇ ਆਗੂਆਂ ਖ਼ਿਲਾਫ਼ 26 ਜਨਵਰੀ 2021 ਨੂੰ ਲਾਲ ਕਿਲ੍ਹੇ 'ਤੇ ਹਿੰਸਾ ਸਬੰਧੀ ਕੇਸ ਦਰਜ ਕੀਤਾ ਗਿਆ ਸੀ। ਤਿੰਨ ਸਾਲ ਪਹਿਲਾਂ ਕਰਨਪ੍ਰੀਤ ਦੇ ਕੈਨੇਡਾ ਜਾਣ ਤੋਂ ਪਹਿਲਾਂ ਦੋਵੇਂ ਪਿਉ-ਪੁੱਤ ਦੁਬਈ 'ਚ ਡਰਾਇਵਰੀ ਕਰਦੇ ਸਨ। ਸੁਖਦੇਵ ਸਿੰਘ ਬਾਅਦ ਵਿਚ ਭਾਰਤ ਪਰਤ ਆਇਆ ਸੀ। ਕਰਨਪ੍ਰੀਤ ਦੀਆਂ ਦੋ ਵੱਡੀਆਂ ਭੈਣਾਂ ਹਨ, ਦੋਵੇਂ ਵਿਆਹੀਆਂ ਹੋਈਆਂ ਹਨ।

ਕਿਰਨਜੀਤ ਸਿੰਘ ਉਰਫ਼ ਕਰਨ ਬਰਾੜ ਦੀ ਗ੍ਰਿਫ਼ਤਾਰੀ ਤੋਂ ਬਾਅਦ ਉਸ ਦੇ ਪਰਿਵਾਰਕ ਮੈਂਬਰ ਪ੍ਰੇਸ਼ਾਨ ਹਨ। ਉਨ੍ਹਾਂ ਕਿਹਾ ਹੈ ਕਿ ਕਰਨ ਬਰਾੜ ਕਿਸੇ ਵੀ ਗੈਰ-ਕਾਨੂੰਨੀ ਗਤੀਵਿਧੀ ਵਿਚ ਸ਼ਾਮਲ ਨਹੀਂ ਸੀ। ਉਸ ਨੂੰ ਕਿਸੇ ਸਾਜ਼ਿਸ਼ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਹੈ। ਕਰਨ ਬਰਾੜ 12ਵੀਂ ਪਾਸ ਕਰਨ ਤੋਂ ਬਾਅਦ ਫਰਵਰੀ 2020 ਵਿਚ ਸਟੱਡੀ ਵੀਜ਼ੇ 'ਤੇ ਕੈਨੇਡਾ ਗਿਆ ਸੀ ਅਤੇ ਇਸ ਵੇਲੇ ਉੱਥੇ ਵਰਕ ਪਰਮਿਟ 'ਤੇ ਕੰਮ ਕਰ ਰਿਹਾ ਹੈ। ਕਰਨ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਹੈ। ਉਸ ਦੇ ਪਿਤਾ ਮਨਦੀਪ ਸਿੰਘ ਬਰਾੜ ਦੀ ਕੁਝ ਦਿਨ ਪਹਿਲਾਂ ਮੌਤ ਹੋ ਗਈ ਸੀ।

ਕਮਲਪ੍ਰੀਤ ਸਿੰਘ (23) ਨਕੋਦਰ ਨੇੜਲੇ ਪਿੰਡ ਚੱਕ ਕਲਾਂ ਦਾ ਰਹਿਣ ਵਾਲਾ ਹੈ। ਕਮਲਪ੍ਰੀਤ ਸਿੰਘ ਦੇ ਪਿਤਾ ਸਤਨਾਮ ਸਿੰਘ ਨੇ ਕਿਹਾ ਕਿ ਉਹ ਹੈਰਾਨ ਹਨ ਕਿ ਉਨ੍ਹਾਂ ਦੇ ਪੁੱਤਰ ਨੂੰ ਇਸ ਕੇਸ ਵਿਚ ਫੜਿਆ ਗਿਆ ਹੈ। ਉਨ੍ਹਾਂ ਦਾ ਪੁੱਤਰ ਕਮਲਪ੍ਰੀਤ ਸਿੰਘ 2019 ਵਿਚ ਸਟੱਡੀ ਵੀਜ਼ੇ 'ਤੇ ਕੈਨੇਡਾ ਗਿਆ ਸੀ।

ਕੈਨੇਡਾ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਗ੍ਰਿਫਤਾਰ ਕੀਤੇ ਵਿਅਕਤੀ ਕਥਿਤ ਸਮੂਹ ਦੇ ਮੈਂਬਰ ਹਨ ਜਿਸ ਨੂੰ ਭਾਰਤ ਸਰਕਾਰ ਨੇ ਪਿਛਲੇ ਸਾਲ ਨਿੱਝਰ ਦੀ ਹੱਤਿਆ ਦਾ ਕੰਮ ਸੌਂਪਿਆ ਸੀ। ਨਿੱਝਰ (45) ਦੀ ਹੱਤਿਆ 18 ਜੂਨ 2023 ਨੂੰ ਬ੍ਰਿਟਿਸ਼ ਕੋਲੰਬੀਆ ਦੇ ਸ਼ਹਿਰ ਸਰੀ ਵਿਚ ਗੁਰਦੁਆਰੇ ਦੇ ਬਾਹਰ ਕਰ ਦਿੱਤੀ ਗਈ ਸੀ। ਉਧਰ, ਕੈਨੇਡਾ ਦੇ ਸਿੱਖ ਨੇਤਾ ਜਗਮੀਤ ਸਿੰਘ ਨੇ ਦੋਸ਼ ਲਾਇਆ ਹੈ ਕਿ ਹਰਦੀਪ ਸਿੰਘ ਨਿੱਝਰ ਦਾ ਕਤਲ ਭਾਰਤ ਨੇ ਕਰਵਾਇਆ ਹੈ। ਸੋਸ਼ਲ ਮੀਡੀਆ 'ਤੇ ਸ਼ੇਅਰ ਕੀਤੀ ਪੋਸਟ ਵਿਚ ਜਗਮੀਤ ਸਿੰਘ ਨੇ ਲਿਖਿਆ ਹੈ, "ਭਾਰਤ ਸਰਕਾਰ ਨੇ ਕਾਤਲਾਂ ਦੀ ਮਦਦ ਨਾਲ ਕੈਨੇਡੀਅਨ

(ਬਾਕੀ ਸਫਾ 6 'ਤੇ)


ਹਰਦੀਪ ਸਿੰਘ ਨਿੱਝਰ ਕਤਲ ਕੇਸ ਵਿਚ ਕੈਨੇਡਾ ਵਿਚ ਫੜੇ ਨੌਜਵਾਨ ਅਤੇ (ਸੱਜੇ) ਹਰਦੀਪ ਸਿੰਘ ਨਿੱਝਰ।

## ਪੰਨੂ ਮਾਮਲੇ ਨੂੰ ਭਾਰਤ ਗੰਭੀਰਤਾ ਨਾਲ ਲਵੇ: ਅਮਰੀਕਾ

**ਵਾਸ਼ਿੰਗਟਨ:** ਅਮਰੀਕਾ ਵਿਚ ਸਿੱਖ ਵੱਖਵਾਦੀ ਆਗੂ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਸਾਜ਼ਿਸ਼ ਦੇ ਦੋਸ਼ਾਂ 'ਤੇ ਭਾਰਤ ਵੱਲੋਂ ਕੀਤੀ ਜਾ ਰਹੀ ਜਾਂਚ ਦੇ ਨਤੀਜਿਆਂ ਦੀ ਅਮਰੀਕਾ ਉਡੀਕ ਕਰ ਰਿਹਾ ਹੈ। ਵਿਦੇਸ਼ ਵਿਭਾਗ ਦੇ ਬੁਲਾਰੇ ਮੈਥਿਊ ਮਿਲਰ ਨੇ ਆਪਣੀ ਪ੍ਰੈੱਸ ਕਾਨਫਰੰਸ ਵਿਚ ਕਿਹਾ, "ਉਨ੍ਹਾਂ (ਭਾਰਤ ਸਰਕਾਰ) ਨੇ ਮਾਮਲੇ ਦੀ ਜਾਂਚ ਲਈ ਕਮੇਟੀ ਬਣਾਈ ਹੈ ਅਤੇ ਜਾਂਚ ਜਾਰੀ ਹੈ, ਅਸੀਂ ਜਾਂਚ ਦੇ ਨਤੀਜੇ ਦੀ ਉਡੀਕ ਕਰਾਂਗੇ ਪਰ ਅਸੀਂ ਇਹ ਸਪੱਸ਼ਟ ਕਰ ਦਿੱਤਾ ਹੈ ਕਿ ਅਸੀਂ ਇਸ ਮਸਲੇ ਨੂੰ ਗੰਭੀਰਤਾ ਨਾਲ ਲੈ ਰਹੇ ਹਾਂ ਅਤੇ ਸਾਨੂੰ ਲਗਦਾ ਹੈ ਕਿ ਭਾਰਤ ਸਰਕਾਰ ਨੂੰ ਵੀ ਇਸ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ।"

## ਕੇਜਰੀਵਾਲ 'ਤੇ ਹੁਣ ਖਾਲਿਸਤਾਨੀਆਂ ਤੋਂ ਫੰਡ ਲੈਣ ਦੇ ਦੋਸ਼

**ਨਵੀਂ ਦਿੱਲੀ:** ਦਿੱਲੀ ਦੇ ਉਪ ਰਾਜਪਾਲ ਵੀ.ਕੇ. ਸਕਸੈਨਾ ਨੇ ਪਾਬੰਦੀਸ਼ੁਦਾ ਅਤਿਵਾਦੀ ਜਥੇਬੰਦੀ 'ਸਿੱਖਜ਼ ਫਾਰ ਜਸਟਿਸ' ਤੋਂ ਕਥਿਤ ਤੌਰ 'ਤੇ ਫੰਡ ਹਾਸਲ ਕਰਨ ਦੇ ਮਾਮਲੇ 'ਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਖ਼ਿਲਾਫ਼ ਐੱਨ.ਆਈ.ਏ. ਜਾਂਚ ਦੀ ਸਿਫਾਰਸ਼ ਕੀਤੀ ਹੈ।



ਦੂਜੇ ਪਾਸੇ ਆਮ ਆਦਮੀ ਪਾਰਟੀ ਨੇ ਦੋਸ਼ ਲਾਇਆ ਇਹ ਸਿਫਾਰਸ਼ ਭਾਜਪਾ ਵੱਲੋਂ ਕੇਜਰੀਵਾਲ ਖ਼ਿਲਾਫ਼ ਇਕ ਹੋਰ ਸਾਜ਼ਿਸ਼ ਹੈ। ਕੇਂਦਰੀ ਗ੍ਰਹਿ ਸਕੱਤਰ ਨੂੰ ਲਿਖੇ ਪੱਤਰ 'ਚ ਉੱਪ ਰਾਜਪਾਲ ਸਕੱਤਰੇਤ ਨੇ ਕਿਹਾ ਕਿ ਸਕਸੈਨਾ ਨੂੰ ਸ਼ਿਕਾਇਤ ਮਿਲੀ ਸੀ ਕਿ ਕੇਜਰੀਵਾਲ ਦੀ ਅਗਵਾਈ ਹੇਠਲੀ 'ਆਪ' ਨੂੰ ਕਥਿਤ ਤੌਰ 'ਤੇ ਦਵਿੰਦਰਪਾਲ ਭੁੱਲਰ ਦੀ ਰਿਹਾਈ ਲਈ ਕੱਟੜਪੰਥੀ ਖਾਲਿਸਤਾਨੀ ਸਮੂਹਾਂ ਤੋਂ 1.6 ਕਰੋੜ ਡਾਲਰ ਦੀ ਵਿੱਤੀ ਮਦਦ ਪ੍ਰਾਪਤ ਹੋਈ ਸੀ। ਸਕਸੈਨਾ ਨੇ ਕਿਹਾ ਕਿ ਸ਼ਿਕਾਇਤਕਰਤਾ ਵੱਲੋਂ ਦਿੱਤੇ ਗਏ ਇਲੈਕਟਰੌਨਿਕਸ ਸਬੂਤਾਂ ਦੀ ਫੋਰੈਂਸਿਕ ਪੜਤਾਲ ਸਮੇਤ ਹੋਰ ਜਾਂਚ ਦੀ ਲੋੜ ਹੈ। ਪੱਤਰ 'ਚ ਕਿਹਾ ਗਿਆ ਹੈ ਕਿ ਸ਼ਿਕਾਇਤ ਇਕ ਮੁੱਖ ਮੰਤਰੀ ਖ਼ਿਲਾਫ਼ ਕੀਤੀ ਗਈ ਹੈ ਅਤੇ ਇਹ ਪਾਬੰਦੀਸ਼ੁਦਾ ਅਤਿਵਾਦੀ ਜਥੇਬੰਦੀ ਤੋਂ ਪ੍ਰਾਪਤ ਸਿਆਸੀ ਫੰਡਾਂ ਨਾਲ ਸਬੰਧਿਤ ਹੈ। ਕੇਜਰੀਵਾਲ ਦਿੱਲੀ ਆਬਕਾਰੀ ਨੀਤੀ ਨਾਲ ਸਬੰਧਤ ਮਨੀ ਲਾਂਡਰਿੰਗ ਕੇਸ 'ਚ ਤਿਹਾੜ ਜੇਲ੍ਹ ਵਿਚ ਬੰਦ ਹਨ ਅਤੇ ਉਨ੍ਹਾਂ ਨੂੰ ਇਸ ਮਾਮਲੇ ਵਿਚ ਸੁਪਰੀਮ ਕੋਰਟ ਨੇ ਵੀ ਕੋਈ ਰਾਹਤ ਨਹੀਂ ਦਿੱਤੀ ਹੈ।

ਸਟਾਰਟ ਸੀ ਡੀ ਐਲ ਤੋਂ ਲਵੋ ਟਰੱਕਾਂ ਦੀ ਸਿਖਲਾਈ
START CDL
CDL COURSES
From $ 2 500
Call us at: +18442272162
Address: 2605 US-130 Cinnaminson, NJ 08077
* ਪੇਸ਼ੇਵਰ ਟਰੱਕ ਡਰਾਈਵਰ ਬਣੋ
* ਫੀਸ ਕੇਵਲ 2500 ਡਾਲਰ
* ਆਨਲਾਈਨ ਟਰੇਨਿੰਗ ਉਪਲੱਬਧ
* ਟਰੇਨਿੰਗ ਦਾ ਸਮਾਂ ਦੋ ਹਫਤੇ
* ਤੁਸੀਂ ਪੰਜਾਬੀ ਅਤੇ ਉਰਦੂ ਵਿਚ ਵੀ ਗੱਲ ਕਰ ਸਕਦੇ ਹੋ

Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Items Serving: All kinds of Sweets, Snacks & Food, Chaat & Tikki Stall, Pani Poori Stall, Bhel Poori / Pav Bhaji, Faloeda Kulfi
Catering Services: Wedding Ceremonies, Receptions, Birthday Parties, Religious Gatherings, Corporate Events, Picnics / Bar-b-que
Additional Services: Warmers, Chaffing Dishes, China & Silverware, Linen Rental, Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
18 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

# ਗੁਰਦੁਆਰਾ ਗੁਰ ਨਾਨਕ ਪ੍ਰਕਾਸ਼ ਫਰਿਜ਼ਨੋ ਵੱਲੋਂ ਜੱਜ ਰਾਜ ਸਿੰਘ ਬੰਦੇਸ਼ਾ ਤੇ ਗੱਤਕਾ ਟੀਮਾਂ ਦਾ ਸਨਮਾਨ





**ਫਰਿਜ਼ਨੋ:** ਦਮਦਮੀ ਟਕਸਾਲ ਦੀ ਰਹਿਨੁਮਾਈ ਹੇਠ ਸੇਵਾਵਾਂ ਦੇ ਰਹੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਦੀ ਕਮੇਟੀ ਵੱਲੋਂ ਲੰਘੇ ਐਤਵਾਰ ਦੇ ਵਿਸ਼ੇਸ਼ ਦੀਵਾਨ ਵਿਚ ਫਰਿਜ਼ਨੋ ਕਾਊਂਟੀ ਸੁਪੀਰੀਅਰ ਕੋਰਟ ਵਿਚ ਸਾਬਤ ਸੂਰਤ ਸਿੱਖੀ ਸਰੂਪ ਵਿਚ ਜੱਜ ਨਿਯੁਕਤ ਹੋਏ ਸ. ਰਾਜ ਸਿੰਘ ਬੰਦੇਸ਼ਾ ਅਤੇ ਕੈਲੀਫੋਰਨੀਆ ਗੱਤਕਾ ਦਲ ਦੀਆਂ ਟੀਮਾਂ ਨੂੰ ਸਨਮਾਨ ਚਿੰਨ੍ਹ ਤੇ ਸਿਰੋਪਾਓ ਦੇ ਕੇ ਸਨਮਾਨਿਆ ਗਿਆ। ਇਸ ਮੌਕੇ ਸੈਕਟਰੀ ਜਗਰੂਪ ਸਿੰਘ ਨੇ ਕਿਹਾ ਕਿ ਸ. ਰਾਜ ਸਿੰਘ ਬੰਦੇਸ਼ਾ ਨੇ ਨਵੀਂ ਪੀੜ੍ਹੀ ਵਾਸਤੇ ਖ਼ੂਬਸੂਰਤ ਪੂਰਨਾ ਪਾਇਆ ਹੈ ਕਿ ਸਿੱਖੀ ਸਰੂਪ ਵਿਚ ਰਹਿੰਦਿਆਂ ਵੀ ਸਭ ਕੁਝ ਕੀਤਾ ਜਾ ਸਕਦਾ ਹੈ। ਉਨ੍ਹਾਂ ਕੈਲੀਫੋਰਨੀਆ ਗੱਤਕਾ ਦਲ ਦੇ ਸਮੂਹ ਕੋਚ ਸਾਹਿਬਾਨ ਨੂੰ ਵਧਾਈ ਦਿੱਤੀ ਤੇ ਮੀਡੀਆ ਦਾ ਧੰਨਵਾਦ ਕੀਤਾ।

ਇੰਜਨੀਅਰ ਅਤੇ ਗੱਤਕਾ ਕੋਚ ਹਰਪ੍ਰੀਤ ਸਿੰਘ ਨੇ ਕੈਲੀਫੋਰਨੀਆ ਗੱਤਕਾ ਦਲ ਦੀਆਂ ਪ੍ਰਾਪਤੀਆਂ ਗਿਣਾਈਆਂ ਅਤੇ ਕਿਹਾ ਕਿ ਸਾਡੀ ਮਿਹਨਤ ਦਾ ਮੁੱਲ ਮੁੜਿਆ ਕਿ ਕੈਲੀਫੋਰਨੀਆ ਗੱਤਕਾ ਦਲ ਦੀਆਂ 9 ਟੀਮਾਂ ਰਿਵਰਸਾਈਡ ਹੋਲੇ ਮਹੱਲੇ ਤੋਂ ਜੇਤੂ ਰਹੀਆਂ। ਇਸ ਮੌਕੇ ਜੱਜ ਸ. ਰਾਜ ਸਿੰਘ ਨੇ ਕਿਹਾ ਕਿ ਇਹ ਜੋ ਮਾਣ ਸਤਿਕਾਰ ਮਿਲ ਰਿਹਾ ਹੈ, ਇਹ ਗੁਰੂ ਸਹਿਬ ਦੀ ਕਿਰਪਾ ਸਦਕੇ ਹੀ ਹੈ। ਸੰਗਤੀ ਰੂਪ ਵਿਚ ਕੋਈ ਜੱਜ, ਵਕੀਲ ਨਹੀਂ ਬਲਕਿ ਸਭ ਬਰਾਬਰ ਹੁੰਦੇ ਨੇ। ਜੋ ਮਾਣ ਸਤਿਕਾਰ ਸੰਗਤ ਵੱਲੋਂ ਮਿਲਿਆ, ਇਹ ਵੀ ਸਭ ਗੁਰੂ ਦੇ ਸਰੂਪ, ਗੁਰੂ ਦੇ ਬਾਣੇ ਦਾ ਹੀ ਨਤੀਜਾ ਹੈ। ਉਨ੍ਹਾਂ ਕਿਹਾ ਕਿ ਕੈਲੀਫੋਰਨੀਆ ਸਟੇਟ ਦਾ ਮੈਂ ਰਿਣੀ ਹਾਂ ਜਿਨ੍ਹਾਂ ਨੇ ਗੁਰੂ ਦੇ ਬਾਣੇ ਤੇ ਬਾਣੀ ਨੂੰ ਸਤਿਕਾਰ ਦਿੰਦਿਆਂ ਮੈਨੂੰ ਜੱਜ ਨਿਯੁਕਤ ਕੀਤਾ। ਗੁਰੂ ਘਰ ਦੇ ਮੁੱਖ ਸੇਵਾਦਾਰ ਭਾਈ ਦਲਬੀਰ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਉਨ੍ਹਾਂ ਜੇਤੂ ਰਹੀਆਂ ਗੱਤਕਾ ਟੀਮਾਂ ਅਤੇ ਜੱਜ ਬਣੇ ਭਾਈ ਰਾਜ ਸਿੰਘ ਨੂੰ ਵਧਾਈ ਦਿੱਤੀ। ਅਰਦਾਸ ਉਪਰੰਤ ਗੁਰੂ ਕੇ ਲੰਗਰ ਅਤੁੱਟ ਵਰਤੇ। ਇਸ ਮੌਕੇ ਢਾਡੀ ਭਈ ਸਿੰਗਾਰਾ ਸਿੰਘ ਬੱਲ ਦੇ ਜਥੇ ਨੇ ਢਾਡੀ ਵਾਰਾਂ ਨਾਲ ਖੂਬ ਰੰਗ ਬੰਨ੍ਹਿਆ।

*- ਗੁਰਿੰਦਰਜੀਤ ਨੀਟਾ ਮਾਛੀਕੇ/ ਕੁਲਵੰਤ ਧਾਲੀਆਂ*

# ਫਰਿਜ਼ਨੋ ਦੇ ਗੁਰਦੁਆਰਿਆਂ ਵਿਚ ਸ. ਜੱਸਾ ਸਿੰਘ ਰਾਮਗੜ੍ਹੀਆ ਦਾ ਜਨਮ ਦਿਹਾੜਾ ਮਨਾਇਆ

**ਫਰਿਜ਼ਨੋ:** ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਆਗੂ ਜੱਸਾ ਸਿੰਘ ਰਾਮਗੜ੍ਹੀਆ ਦਾ 301 ਸਾਲਾ ਜਨਮ ਦਿਵਸ ਮਨਾਇਆ ਗਿਆ। ਇਸ ਦੌਰਾਨ ਗੁਰਮਤਿ ਸਮਾਗਮ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵਿਖੇ ਕਰਵਾਏ ਗਏ, ਜਿਸ ਸੰਬੰਧੀ ਸ. ਅਮਨਦੀਪ ਸਿੰਘ ਮਠਾੜੂ ਅਤੇ ਬੀਬੀ ਜਗਮੀਤ ਕੌਰ ਮਠਾੜੂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਮੁੱਚੇ ਪ੍ਰੋਗਰਾਮ ਹਰ ਸਾਲ ਵਾਂਗ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸੰਪੂਰਨ ਕੀਤੇ ਗਏ। ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਹਫਤਾਵਾਰੀ ਧਾਰਮਿਕ ਦੀਵਾਨ ਸਜਾਏ ਗਏ। ਜਿਨ੍ਹਾਂ ਵਿਚ ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਸਰਬਜੀਤ ਸਿੰਘ ਅਤੇ ਸਾਥੀਆਂ ਨੇ ਸੰਗਤਾਂ ਨੂੰ ਨਿਰੋਲ ਗੁਰਬਾਣੀ ਅਤੇ ਗੁਰਮਤਿ ਨਾਲ ਜੋੜਿਆ। ਇਸ ਉਪਰੰਤ ਗੁਰੂਘਰ ਦੇ ਹਜ਼ੂਰੀ ਗ੍ਰੰਥੀ ਭਾਈ ਮਲਕੀਤ ਸਿੰਘ ਕਰਨਾਲ ਵਾਲਿਆਂ ਨੇ ਕਥਾ ਵਿਚਾਰ ਕਰਦਿਆਂ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਬਾਰੇ ਜਾਣਕਾਰੀ ਸਾਂਝੀ ਕੀਤੀ। ਇਸ ਤੋਂ ਇਲਾਵਾ ਹੋਰਨਾਂ ਵਿਦਵਾਨਾਂ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਬੁਲਾਰਿਆਂ ਨੇ ਜਿੱਥੇ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਦੀ ਸਿੱਖ ਕੌਮ ਨੂੰ ਬਹਾਦਰ ਬਣਾਉਣ ਦੀ ਗੱਲ ਕੀਤੀ, ਉੱਥੇ ਸਮੂਹ ਪ੍ਰਬੰਧਕਾਂ ਅਤੇ ਸੰਗਤ ਦਾ ਧੰਨਵਾਦ ਵੀ ਕੀਤਾ। ਸਮੁੱਚੇ ਪ੍ਰੋਗਰਾਮ ਦੀ ਸੇਵਾ ਇਲਾਕੇ ਦੀ ਸੰਗਤ ਵੱਲੋਂ ਨਿਭਾਈ ਗਈ। ਗੁਰੂ ਦੇ ਲੰਗਰ ਅਤੁੱਟ ਵਰਤੇ। ਇਸੇ ਤਰ੍ਹਾਂ ਗੁਰਦੁਆਰਾ 'ਦਰਬਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਵਿਖੇ ਸਿੱਖ ਕੌਮ ਦੇ ਮਹਾਨ ਜਰਨੈਲ ਅਤੇ ਆਗੂ ਜੱਸਾ ਸਿੰਘ ਰਾਮਗੜ੍ਹੀਆ ਦੀ 301 ਸਾਲਾ ਜਨਮ ਸ਼ਤਾਬਦੀ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ ਗਏ। ਪਾਠ ਦੇ ਭੋਗ ਉਪਰੰਤ ਹਫਤਾਵਾਰੀ ਧਾਰਮਿਕ ਦੀਵਾਨ ਸਜਾਏ ਗਏ। ਜਿਨ੍ਹਾਂ ਦੀ ਸ਼ੁਰੂਆਤ ਗੁਰੂਘਰ ਅੰਦਰ ਚਲਾਏ ਜਾ ਰਹੇ ਪੰਜਾਬੀ ਸਕੂਲ ਦੇ ਬੱਚਿਆਂ ਨੇ ਸ਼ਬਦ ਗਾਇਨ ਨਾਲ ਕੀਤੀ। ਉਪਰੰਤ ਭਾਈ ਗੁਰਮੀਤ ਸਿੰਘ ਅਤੇ ਜਥੇ ਨੇ ਕੀਰਤਨ ਰਾਹੀਂ ਹਾਜ਼ਰੀ ਲਾਉਂਦੇ ਹੋਏ ਗੁਰਬਾਣੀ ਸਰਵਣ ਕਰਵਾਈ। ਗੁਰੂਘਰ ਦੇ ਹਜ਼ੂਰੀ ਰਾਗੀ ਭਾਈ ਹਰਬਲਜੀਤ ਸਿੰਘ ਅਤੇ ਸਾਥੀਆਂ ਨੇ ਸੰਗਤਾਂ ਨੂੰ ਨਿਰੋਲ ਗੁਰਬਾਣੀ ਅਤੇ ਗੁਰਮਤਿ ਨਾਲ ਜੋੜਿਆ। ਸ. ਫੌਜਾ ਸਿੰਘ ਸਾਗਰ ਅਤੇ ਸਾਥੀਆਂ ਦੇ ਢਾਡੀ ਜਥੇ ਨੇ ਜੋਸ਼ੀਲੀਆਂ ਵਾਰਾਂ ਸੁਣਾਉਂਦਿਆਂ ਸ. ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਅਤੇ ਇਤਿਹਾਸਬਾਰੇ ਜਾਣਕਾਰੀ ਸਾਂਝੀ ਕੀਤੀ। ਸਟੇਜ ਸਕੱਤਰ ਭਾਈ ਜਸਪਾਲ ਸਿੰਘ ਨੇ ਸ. ਜੱਸਾ ਸਿੰਘ ਰਾਮਗੜ੍ਹੀਆ ਦੇ ਜੀਵਨ ਬਾਰੇ ਜਾਣਕਾਰੀ ਸਾਂਝੀ ਕੀਤੀ। ਸਮੂਹ ਪ੍ਰਬੰਧਕਾਂ ਅਤੇ ਸੰਗਤ ਦਾ ਧੰਨਵਾਦ ਕੀਤਾ ਗਿਆ। ਸਮੁੱਚੇ ਪ੍ਰੋਗਰਾਮ ਦੀ ਸੇਵਾ ਸ. ਰੇਸ਼ਮ ਸਿੰਘ, ਸਮੂਹ ਟਰੱਕਰਜ਼ ਅਤੇ ਸਹਿਯੋਗੀ ਸੰਗਤਾਂ ਵੱਲੋਂ ਨਿਭਾਈ ਗਈ। ਸਮੁੱਚੇ ਪ੍ਰੋਗਰਾਮ ਦੌਰਾਨ ਗੁਰੂ ਦੇ ਲੰਗਰ ਅਤੁੱਟ ਵਰਤੇ। *– ਕੁਲਵੰਤ ਧਾਲੀਆਂ / ਨੀਟਾ ਮਾਛੀਕੇ*











# ਚੇਅਰਮੈਨ ਸਿੱਖਸ ਆਫ਼ ਅਮੈਰਿਕਾ ਨੂੰ ਵਾਸ਼ਿੰਗਟਨ ਅਡਵੈਂਟਿਸਟ ਯੂਨੀਵਰਸਿਟੀ ਨੇ 'ਡਾਕਟਰੇਟ ਇਨ ਹਿਊਮਨ ਲੈਟਰਸ' ਡਿਗਰੀ ਨਾਲ ਸਨਮਾਨਿਆ

**ਵਾਸ਼ਿੰਗਟਨ, ਡੀ.ਸੀ.:** ਸਿੱਖ ਭਾਈਚਾਰੇ ਲਈ ਮਾਣ ਅਤੇ ਖ਼ੁਸ਼ੀ ਵਾਲੀ ਗੱਲ ਹੈ ਕਿ ਉੱਘੇ ਸਮਾਜਸੇਵੀ ਅਤੇ ਸਿੱਖੀ ਦਾ ਝੰਡਾ ਸਮੁੱਚੀ ਦੁਨੀਆ ਵਿਚ ਬੁਲੰਦ ਕਰਨ ਲਈ ਕਾਰਜਸ਼ੀਲ ਸਿੱਖਸ ਆਫ ਅਮੈਰਿਕਾ ਦੇ ਚੇਅਰਮੈਨ ਸ. ਜਸਦੀਪ ਸਿੰਘ ਜੱਸੀ ਨੂੰ ਵਾਸ਼ਿੰਗਟਨ ਅਡਵੈਂਟਿਸਟ ਯੂਨੀਵਰਸਿਟੀ ਨੇ 'ਡਾਕਟਰੇਟ ਇਨ ਹਿਊਮਨ ਲੈਟਰਸ' ਦੀ ਡਿਗਰੀ ਪ੍ਰਦਾਨ ਕੀਤੀ ਹੈ।

ਸ. ਜਸਦੀਪ ਸਿੰਘ ਜੱਸੀ ਮੈਰੀਲੈਂਡ ਗਵਰਨਰਜ਼ ਕਮਿਸ਼ਨ ਆਨ ਸਾਊਥ ਏਸ਼ੀਅਨ ਅਮੈਰਿਕਨ ਅਫੇਅਰਸ ਦੇ ਚੇਅਰਮੈਨ ਵਜੋਂ ਵੀ ਲੰਮਾ ਸਮਾਂ ਸੇਵਾਵਾਂ ਨਿਭਾ ਚੁੱਕੇ ਹਨ। ਦੁਨੀਆਂ ਵਿਚ ਕਿਤੇ ਵੀ ਕੁਦਰਤੀ ਆਫਤ ਆਉਂਦੀ ਹੈ ਤਾਂ ਉਨ੍ਹਾਂ ਦੀ ਅਗਵਾਈ 'ਚ ਸਿੱਖਸ ਆਫ ਅਮੈਰਿਕਾ ਵਲੋਂ ਮੈਡੀਕਲ ਕੈਂਪ ਲਗਾਏ ਜਾਂਦੇ ਹਨ ਅਤੇ ਲੋੜੀਂਦੀਆਂ ਵਸਤਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ। ਲੋੜਵੰਦ ਸਕੂਲੀ ਬੱਚਿਆਂ ਨੂੰ ਸਕੂਲੀ ਬੈਗ ਅਤੇ ਬੂਟ ਜੁਰਾਬਾਂ ਵੀ ਦਿੱਤੇ ਜਾਂਦੇ ਹਨ। ਹਾਲ ਹੀ ਵਿਚ ਉਨ੍ਹਾਂ ਨੇ ਸਿੱਖਸ ਆਫ



ਅਮੈਰਿਕਾ ਵਲੋਂ ਅੰਮ੍ਰਿਤਸਰ ਵਿਚ 100 ਬੱਚਿਆਂ ਨੂੰ ਵਜ਼ੀਫੇ ਦੇਣ ਦਾ ਐਲਾਨ ਵੀ ਕੀਤਾ ਹੈ। ਅੰਮ੍ਰਿਤਸਰ ਸਾਹਿਬ ਦੀਆਂ ਦੋ ਗਲੀਆਂ



ਦੀ ਸਫਾਈ ਦੀ ਜ਼ਿੰਮੇਵਾਰੀ ਵੀ ਪੱਕੇ ਤੌਰ 'ਤੇ ਲਈ ਗਈ ਹੈ। ਭਾਈਚਾਰਕ, ਸਿਆਸੀ ਅਤੇ ਸਮਾਜ ਸੇਵੀ ਆਗੂਆਂ ਵਲੋਂ ਸ. ਜਸਦੀਪ ਸਿੰਘ ਜੱਸੀ ਨੂੰ ਵਧਾਈਆਂ ਭੇਟ ਕੀਤੀਆਂ ਗਈਆਂ।

ਸਿੱਖਸ ਆਫ਼ ਅਮੈਰਿਕਾ ਦੇ ਪ੍ਰਧਾਨ ਕਮਲਜੀਤ ਸਿੰਘ ਸੋਨੀ ਅਤੇ ਉਪ-ਪ੍ਰਧਾਨ ਬਲਜਿੰਦਰ ਸਿੰਘ ਸ਼ੰਮੀ ਨੇ ਕਿਹਾ ਕਿ ਸ. ਜਸਦੀਪ ਸਿੰਘ ਜੱਸੀ ਨੂੰ ਮਿਲੇ ਮਾਣ ਨੇ ਸਿੱਖਸ ਆਫ ਅਮੈਰਿਕਾ ਦਾ ਰੁਤਬਾ ਦੁਨੀਆਂ 'ਚ ਹੋਰ ਵੱਡਾ ਕੀਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਸੰਸਥਾ ਹੋਰ ਵੀ ਸਮਾਜ ਸੇਵੀ ਕਾਰਜਾਂ ਨੂੰ ਵੱਡੇ ਪੱਧਰ 'ਤੇ ਅਮਲ 'ਚ ਲਿਆਉਣ ਲਈ ਉਤਸ਼ਾਹਿਤ ਹੋਈ ਹੈ। ਇਸ ਮੌਕੇ ਸ: ਜਸਦੀਪ ਸਿੰਘ ਜੱਸੀ ਨੇ ਕਿਹਾ ਕਿ ਇਹ ਮਾਣ ਉਨ੍ਹਾਂ ਦਾ ਹੀ ਨਹੀਂ ਸਗੋਂ ਸਮੁੱਚੇ ਏਸ਼ੀਅਨ ਅਤੇ ਸਮੁੱਚੀ ਦੁਨੀਆਂ 'ਚ ਵਸਦੇ ਸਿੱਖ ਭਾਈਚਾਰੇ ਦਾ ਹੈ। ਉਨ੍ਹਾਂ ਵਾਸ਼ਿੰਗਟਨ ਅਡਵੈਂਟਿਸਟ ਯੂਨੀਵਰਸਿਟੀ ਦੀ ਫੈਕਲਟੀ ਅਤੇ ਬੋਰਡ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਨੇ ਉਨ੍ਹਾਂ ਨੂੰ ਇਸ ਸਨਮਾਨ ਲਈ ਚੁਣਿਆ।


**- ਰਾਜ ਗੋਗਨਾ**

## 13-0 ਦਾ ਨਾਅਰਾ ਦੇਣ ਵਾਲੀ ਪਾਰਟੀ ਦਾ ਹਾਲ 0-13 ਹੋਵੇਗਾ: ਖਹਿਰਾ

**ਸ਼ਹਿਣਾ:** ਸੰਗਰੂਰ ਲੋਕ ਸਭਾ ਹਲਕੇ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ 13-0 ਦਾ ਨਾਅਰਾ ਦੇਣ ਵਾਲੀ ਪਾਰਟੀ ਦੀ ਹਾਲਤ ਇਸ ਵੇਲੇ 0-13 ਵਾਲੀ ਬਣ ਗਈ ਹੈ। ਇਸ ਪਾਰਟੀ ਨੂੰ 13 ਸੀਟਾਂ ਉਤੇ ਖੜ੍ਹੇ ਕਰਨ ਲਈ ਉਮੀਦਵਾਰ ਨਹੀਂ ਲੱਭੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਸੱਤਾ 'ਤੇ ਕਾਬਜ਼ ਹੋਣ ਪਿੱਛੋਂ ਲੋਕ ਮਸਲਿਆਂ ਨੂੰ ਪੂਰੀ ਤਰ੍ਹਾਂ ਵਿਸਾਰ ਦਿੱਤਾ ਹੈ। ਆਮ ਆਦਮੀ ਪਾਰਟੀ ਚੋਣਾਂ 'ਚ ਜਿੱਤਣ ਪਿੱਛੋਂ ਆਮ ਪਾਰਟੀ ਦੀ ਥਾਂ ਖਾਸ ਪਾਰਟੀ ਬਣ ਗਈ ਹੈ ਅਤੇ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਗਈ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਆਪਣੇ ਭਾਸ਼ਣਾਂ 'ਚ ਕਹਿੰਦੇ ਸਨ ਕਿ ਬੇਰੁਜ਼ਗਾਰ ਲੰਬੀ ਅਤੇ ਪਟਿਆਲੇ 'ਚ ਡਾਂਗਾਂ ਖਾਣ ਜਾਂਦੇ ਸਨ ਪਰ ਬੇਰੁਜ਼ਗਾਰਾਂ 'ਤੇ ਸੰਗਰੂਰ 'ਚ ਹੋਇਆ ਤਸ਼ੱਦਦ ਦਿਖਾਈ ਹੀ ਨਹੀਂ ਦਿੰਦਾ। ਸ੍ਰੀ ਖਹਿਰਾ ਨੇ ਕਿਹਾ ਕਿ ਪਿੰਡਾਂ ਦੇ ਵਿਕਾਸ ਲਈ 'ਆਪ' ਸਰਕਾਰ ਨੇ ਦੋ ਸਾਲਾਂ 'ਚ ਧੇਲਾ ਵੀ ਨਹੀਂ ਖਰਚਿਆ। ਉਨ੍ਹਾਂ ਕਿਹਾ ਕਿ ਬਲਾਕ ਸ਼ਹਿਣਾ ਦੇ ਪਿੰਡਾਂ 'ਚ ਕਾਂਗਰਸੀ ਰੈਲੀਆਂ 'ਚ ਇਕੱਠ ਨੇ ਸਾਬਤ ਕਰ ਦਿੱਤਾ ਹੈ ਕਿ ਲੋਕਾਂ ਨੇ 'ਆਪ' ਸਰਕਾਰ ਨੂੰ ਰੱਦ ਕਰ ਦਿੱਤਾ ਹੈ।

# Matrimony

**Green card holder Jat Sikh boy 38, 6'2" handsome, tall, clean-shaven, financially secure looking for a Nurse/ Pharmacist (Jat Sikh), match between the age of 28 and 32. The boy holds a B.A. B.Ed degree, and currently pursuing a degree in Law. He works as a machine operator and truck operator, earning a monthly income of $4000. He is residing in Bakersfield. Girl should be tall and good looking, residing in California. No divorcee. For more info. americanjatsikhwedding@aol.com or call 661-903-5627.**



**If you are qualified candidate who meets these criteria, Please feel free to get in touch with me.**

**Phone:**

**661-903-5627**


## ਤਜਰਬੇਕਾਰ ਕਰੀ ਕੁੱਕ, ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਆਇਓਵਾ ਸਟੇਟ ਵਿਚ ਇੰਡੀਅਨ ਰੈਸਟੋਰੈਂਟ ਲਈ ਤਜਰਬੇਕਾਰ ਕਰੀ ਕੁੱਕ, ਤੰਦੂਰੀਏ ਤੇ ਡਿਸ਼ਵਾਸ਼ਰ ਦੀ ਲੋੜ ਹੈ

ਚੰਗੀ ਤਨਖਾਹ ਅਤੇ ਰਿਹਾਇਸ਼ ਫਰੀ

ਕਾਲ ਕਰੋ: ਮਿ. ਸਿੰਘ

ਫੋਨ: 515-291-1961



## SUPER TRAVEL

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

**For Emergency Call anytime at 847-436-9010**

*EARLY BIRD SALE!!!!*

**Domestic fares available**



## UMA TRAVELS

**2541 W. Devon Ave., Chicago, IL 60659**

**For Delhi Amritsar-Bombay Ahmedabad, Hydrabad-Madras**

**Call For Special Sale Fares**

**Call: 773-338-5603**


# Matrimonials

## ਲੜਕੀ ਦੀ ਲੋੜ ਹੈ

Jatt Sikh family seeks a suitable match for their US Citizen, very handsome, teetotaller, trimmed hair, son, 31, 5'8", Master in Education and diploma in Administration. Working as Program specialist in Maths with California govt. He is very knowledgeable, sincere and progressive. Caste no bar, no demand. Send profile with photo at whatsapp no. 661-578-2261

19-22

Jat Sikh family from California Bay Area looking for a suitable match for their son born & raised in the US , 38 Yrs., 6.2", Engineer working in an executive Position in the Bay Area. Girl should be tall and from the US. For more info. E-mail: ib.asrealty@gmail.com or call (408) 309-9026.

19-22

Looking for Educated Girl for 30 year old, Engineer Ramgharia Sikh Boy, Height 5-7 Canada Citizen. Works with planes. Girl can be from Canada or USA. Please Contact: (559) 801-5475 (USA) or WhatsApp at +919592062095 (India).

17-18

Looking for Suitable Ramgarhia Sikh Dhiman match in USA/CANADA for our well settled boy (US Citizen), July 1994 born in Ludhiana 5'3" , residing in Michigan (Canton). Bachelors degree holder and currently working as a Embedded Software Engineer. please call us at : +17348001448

17-20

Affluent Sikh family seeks a beautiful, well-educated, Gursikh, Jat, family-oriented girl for a Keshdhari and Turban wearing boy. Height 6'-2" and Sr. Network Engineer, June 1994 Born and Raised in Michigan, USA. Preferred USA/Canadian born/raised girl. Call/Whatsapp: +1-586-873-3444

17-20

USA based Gursikh Arora family looking for suitable match for their turbaned, divorced son, 35 yrs., 5'9', MS engineering. He does not drink, smoke. Works for a reputed company in health care sector. He earns six figure salary. Owns house in US, commercial, residential property in India. Caste no bar. Please email: utakecare2@yahoo.com or call 1-618-402-4269

16-19

Looking for a Bride for American Citizen Ramgarhia Sikh boy divorced from short marriage, no kids, born in 1984, height 5'10". Looking for American citizen or green card holder girl. Contact us at: 510-200-1772 or E-mail: binnumunday@gmail.com

15-18

## ਲੜਕੇ ਦੀ ਲੋੜ ਹੈ

Gursikh Rajput Kanda family seeks a suitable match in USA for their convent educated MBBS Doctor daughter, October 1989 born 5'4". Younger sister is also a Doctor. Please call us at: 98150-66773 or text message our Whatsapp no. 224-392-6613.

Ramgarhia Sikh family seeks a suitable match in USA for their USA Citizen well settled daughter, August 1990 born in Ludhiana 5'2" , residing in Michigan (Canton). Working as a Nursing Assitant in University of Michigan Hospital. Please call us at : +17348001448 or Email :binnumunday@gmail.com

17-20

Hindu/Sikh nai family looking for a suitable match for their beautiful daughter US Citizen, 26years, 5'6" Dentist DMD degree and now working as a Dentist. Family and sibling are US citizen. Please Contact us at 516-510-9744

17-20

Rajput family looking for a suitable match for their USA Citizen daughter 29, 5'-3" beautiful, family oriented, bachelors of Science in Biology and Psychology. MBA in Healthcare Management. Working as Senior Project Manager in Oncology Research. The boy must be from the USA (Citizen, Green card or H1b visa holder), professionally qualified, good-natured & well settled. Serious enquiries only. Please do Text Message at 630-746-9793

17-20

Ramgarhia Sikh family is looking for a suitable match for their Canadian Citizen daughter 30, 5'-8" beautiful, family oriented, graduated in M.B.A (Canada). The boy must be from USA or Canada, professionally qualified, well settled, and with good family values. Serious enquiries only. Please respond to hunjan.inders@gmail.com with biodata.

16-19

# ਲੋਕ ਸਭਾ ਚੋਣਾਂ: ਵੱਡੇ ਸਿਆਸੀ ਆਗੂਆਂ ਨੇ ਚੋਣ ਪ੍ਰਚਾਰ ਤੋਂ ਬਣਾਈ ਦੂਰੀ

**ਚੰਡੀਗੜ੍ਹ:** ਇਸ ਵਾਰ ਲੋਕ ਸਭਾ ਚੋਣਾਂ ਵਿਚ ਮਾਲਵੇ ਦੇ ਵੱਡੇ ਸਿਆਸੀ ਆਗੂ ਚੋਣ ਪ੍ਰਚਾਰ ਤੋਂ ਦੂਰ ਹਨ ਅਤੇ ਉਹ ਚੋਣਾਂ ਵੀ ਨਹੀਂ ਲੜ ਰਹੇ ਹਨ। ਪੰਜਾਬ ਦੀ ਸਿਆਸਤ ਵਿਚ ਛਾਏ ਰਹਿਣ ਵਾਲੇ ਜਗਮੀਤ ਸਿੰਘ ਬਰਾੜ ਹੁਣ ਤੱਕ ਦੀਆਂ ਚੋਣ ਸਰਗਰਮੀਆਂ ਵਿਚ ਕਿਧਰੇ ਨਜ਼ਰ ਨਹੀਂ ਆਏ। ਇਸੇ ਤਰ੍ਹਾਂ ਉਨ੍ਹਾਂ ਦਾ ਭਰਾ ਰਿਪਜੀਤ ਸਿੰਘ ਬਰਾੜ ਚੋਣ ਸਰਗਰਮੀਆਂ ਤੋਂ ਪਾਸੇ ਹੈ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਹਰਚਰਨ ਸਿੰਘ ਬਰਾੜ ਦੇ ਪਰਿਵਾਰਕ ਮੈਂਬਰ ਵੀ ਇਨ੍ਹਾਂ ਲੋਕ ਸਭਾ ਚੋਣਾਂ ਵਿਚ ਕਿਧਰੇ ਨਜ਼ਰ ਨਹੀਂ ਆ ਰਹੇ।

ਮਨਪ੍ਰੀਤ ਸਿੰਘ ਬਾਦਲ ਨੂੰ ਇਸ ਵਾਰ ਭਾਜਪਾ ਨੇ ਆਪਣਾ ਉਮੀਦਵਾਰ ਨਹੀਂ ਬਣਾਇਆ ਅਤੇ ਉਹ ਬਠਿੰਡਾ ਛੱਡ ਕੇ ਆਪਣੇ ਜੱਦੀ ਵਿਧਾਨ ਸਭਾ ਹਲਕਾ ਗਿੱਦੜਬਾਹਾ ਵਿਚ ਵਾਪਸ ਚਲੇ ਗਏ ਹਨ ਪਰ ਕਿਸੇ ਧਿਰ ਲਈ ਚੋਣ ਪ੍ਰਚਾਰ ਨਹੀਂ ਕਰ ਰਹੇ। ਮਾਲਵੇ ਵਿਚ ਚੋਣਾਂ ਦੌਰਾਨ ਕੈਪਟਨ ਅਮਰਿੰਦਰ ਸਿੰਘ ਦੀ ਸਟਾਰ ਪ੍ਰਚਾਰਕ ਵਜੋਂ ਵੱਡੀ ਮੰਗ ਰਹੀ ਹੈ ਪਰ ਮਾਲਵੇ ਦੇ ਕਿਸੇ ਵੀ ਭਾਜਪਾ ਉਮੀਦਵਾਰ ਨੇ ਅਜੇ ਤੱਕ ਅਮਰਿੰਦਰ ਸਿੰਘ ਨੂੰ ਚੋਣ ਪ੍ਰਚਾਰ ਲਈ ਸੱਦਾ ਨਹੀਂ ਦਿੱਤਾ। ਨਵਜੋਤ ਸਿੰਘ ਸਿੱਧੂ ਵੀ ਮਾਲਵੇ ਵਿਚ ਸਟਾਰ ਪ੍ਰਚਾਰਕ ਵਜੋਂ ਵਿਚਰਦੇ ਰਹੇ ਹਨ ਪਰ ਉਨ੍ਹਾਂ ਨੇ ਇਨ੍ਹਾਂ ਚੋਣਾਂ ਦੌਰਾਨ ਮਾਲਵੇ ਜਾਂ ਪੰਜਾਬ ਵਿਚ ਇਕ ਵੀ ਚੋਣ ਰੈਲੀ ਨਹੀਂ ਕੀਤੀ। ਸੂਤਰਾਂ ਅਨੁਸਾਰ ਕਾਂਗਰਸ, ਆਮ ਆਦਮੀ ਪਾਰਟੀ, ਭਾਜਪਾ ਅਤੇ ਅਕਾਲੀ ਦਲ ਨੇ ਅਜੇ ਤੱਕ ਆਪਣੇ ਸਟਾਰ ਪ੍ਰਚਾਰਕਾਂ ਦੀ ਕੋਈ ਸੂਚੀ ਵੀ ਜਾਰੀ ਨਹੀਂ ਕੀਤੀ ਜਦੋਂ ਕਿ ਹਰ ਚੋਣਾਂ ਦੌਰਾਨ ਸਾਰੀਆਂ ਸਿਆਸੀ ਪਾਰਟੀਆਂ ਅਜਿਹਾ ਕਰਦੀਆਂ ਰਹੀਆਂ ਹਨ। ਦਲ ਬਦਲੀ ਦੀ ਮੁਹਿੰਮ ਕਾਰਨ ਸਾਰੀਆਂ ਪਾਰਟੀਆਂ ਸਟਾਰ ਪ੍ਰਚਾਰਕਾਂ ਦੀ ਸੂਚੀ ਜਾਰੀ ਕਰਨ ਤੋਂ ਟਾਲਾ ਵੱਟ ਰਹੀਆਂ ਹਨ। ਮੁਹੰਮਦ ਸਦੀਕ ਵੀ ਕਾਂਗਰਸੀ ਉਮੀਦਵਾਰਾਂ ਲਈ ਕਿਸੇ ਵੀ ਹਲਕੇ ਵਿਚ ਚੋਣ ਪ੍ਰਚਾਰ ਨਹੀਂ ਕਰ ਰਹੇ। ਜੈਤੋ ਦੇ ਸਾਬਕਾ ਵਿਧਾਇਕ ਮਾਸਟਰ ਬਲਦੇਵ ਸਿੰਘ ਤਖਾਣਬੱਧ ਚੋਣ ਬੁਖਾਰ ਸਿਖਰ 'ਤੇ ਹੋਣ ਦੇ ਬਾਵਜੂਦ ਚੋਣ ਪ੍ਰਚਾਰ ਤੋਂ ਦੂਰ ਹਨ। ਮਾਲਵੇ ਦੇ ਕੁਝ ਯੂਥ ਅਕਾਲੀ ਆਗੂ ਵੀ ਚੋਣ ਪ੍ਰਚਾਰ ਤੋਂ ਦੂਰ ਹਨ। ਹਾਲਾਂਕਿ ਹਰ ਵਾਰੀ ਇਨ੍ਹਾਂ ਆਗੂਆਂ ਨੂੰ ਬਠਿੰਡਾ ਲੋਕ ਸਭਾ ਹਲਕੇ ਦੀ ਕਮਾਂਡ ਦਿੱਤੀ ਜਾਂਦੀ ਹੈ। ਫਰੀਦਕੋਟ ਦੇ ਵਿਧਾਇਕ ਗੁਰਦਿੱਤ ਸਿੰਘ ਸੇਖੋਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਸਟਾਰ ਪ੍ਰਚਾਰਕਾਂ ਦੀ ਲਿਸਟ ਜਾਰੀ ਨਹੀਂ ਕੀਤੀ ਗਈ ਪਰ ਆਉਣ ਵਾਲੇ ਦਿਨਾਂ ਵਿਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਦੇ ਹਰ ਵਿਧਾਨ ਸਭਾ ਹਲਕੇ ਵਿਚ ਚੋਣ ਪ੍ਰਚਾਰ ਲਈ ਆ ਰਹੇ ਹਨ।




## ਅਕਾਲੀ ਦਲ ਦੇ ਚੋਣ ਪ੍ਰਚਾਰ 'ਚੋਂ ਮਜੀਠੀਆ ਗਾਇਬ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਚੋਣ ਪ੍ਰਚਾਰ ਵਿਚੋਂ ਸੀਨੀਅਰ ਅਕਾਲੀ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਗ਼ਾਇਬ ਹਨ। ਉਹ ਕਰੀਬ ਇਕ ਹਫ਼ਤੇ ਤੋਂ ਜਨਤਕ ਤੌਰ 'ਤੇ ਕਿਸੇ ਸਿਆਸੀ ਰੈਲੀ ਵਿਚ ਨਜ਼ਰ ਨਹੀਂ ਆਏ। ਉਂਜ ਉਹ ਸੋਸ਼ਲ ਮੀਡੀਆ 'ਤੇ ਸਰਗਰਮ ਹਨ। ਮਜੀਠੀਆ ਨੇ ਹਲਕਾ ਹੁਸ਼ਿਆਰਪੁਰ ਦੇ ਸ਼ਾਮ ਚੁਰਾਸੀ ਵਿਚ ਆਖ਼ਰੀ ਰੈਲੀ 24 ਅਪਰੈਲ ਨੂੰ ਕੀਤੀ ਸੀ। ਉਸ ਮਗਰੋਂ ਉਨ੍ਹਾਂ ਨੇ ਨਾ ਕੋਈ ਜਨਤਕ ਤੌਰ 'ਤੇ ਸਿਆਸੀ ਰੈਲੀ ਵਿਚ ਸ਼ਮੂਲੀਅਤ ਕੀਤੀ ਅਤੇ ਨਾ ਹੀ ਉਨ੍ਹਾਂ ਦੀ ਚੋਣਾਂ ਵਾਲੇ ਲਹਿਜੇ ਵਾਲੀ ਕੋਈ ਬਿਆਨਬਾਜ਼ੀ ਸਾਹਮਣੇ ਆਈ ਹੈ। ਅਕਾਲੀ ਦਲ ਵਿਚ ਬਿਕਰਮ ਸਿੰਘ ਮਜੀਠੀਆ ਨੂੰ ਮਾਝੇ ਦੇ ਜਰਨੈਲ ਵਜੋਂ ਜਾਣਿਆ ਜਾਂਦਾ ਹੈ। ਚੋਣਾਂ ਮੌਕੇ ਉਹ ਮਾਝੇ ਵਿਚ ਸਰਗਰਮ ਰਹਿੰਦੇ ਸਨ।

## ਨਵਜੋਤ ਸਿੱਧੂ ਪੰਜਾਬ ਵਿਚ ਕਰਨਗੇ ਚੋਣ ਪ੍ਰਚਾਰ

**ਪਟਿਆਲਾ:** ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੱਧੂ ਲੋਕ ਸਭਾ ਹਲਕਾ ਪਟਿਆਲਾ ਤੋਂ ਪਾਰਟੀ ਦੇ ਉਮੀਦਵਾਰ ਡਾ. ਧਰਮਵੀਰ ਗਾਂਧੀ ਦੇ ਚੋਣ ਪ੍ਰਚਾਰ ਵਿਚ ਹਿੱਸਾ ਲੈਣ ਲਈ ਪੰਜਾਬ ਆ ਰਹੇ ਹਨ। ਉਹ ਡਾ. ਗਾਂਧੀ ਤੋਂ ਇਲਾਵਾ ਪੰਜਾਬ ਦੇ ਹੋਰ ਕਈ ਕਾਂਗਰਸੀ ਉਮੀਦਵਾਰਾਂ ਦਾ ਪ੍ਰਚਾਰ ਵੀ ਕਰਨਗੇ। ਡਾ. ਧਰਮਵੀਰ ਗਾਂਧੀ, ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਤੇ ਮਾਲਵਿੰਦਰ ਸਿੰਘ ਮਾਲੀ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ। ਡਾ. ਗਾਂਧੀ ਨੇ ਕਿਹਾ ਕਿ ਨਵਜੋਤ ਸਿੱਧੂ ਦੀ ਉਨ੍ਹਾਂ ਨਾਲ ਗੱਲ ਹੋ ਚੁੱਕੀ ਹੈ ਤੇ ਆਉਂਦੇ ਦਿਨਾਂ ਵਿਚ ਉਹ ਪੰਜਾਬ ਦੀਆਂ ਸਿਆਸੀ ਸਟੇਜਾਂ 'ਤੇ ਨਜ਼ਰ ਆਉਣਗੇ।

# ਵਰਿੰਦਰ ਸਿੰਘ ਬਣਿਆ ਸਿਟੀ ਆਫ ਐਲਕ ਗਰੋਵ ਦਾ ਪਹਿਲਾ ਪੰਜਾਬੀ ਸਿੱਖ ਪਲੈਨਿੰਗ ਕਮਿਸ਼ਨਰ

**ਐਲਕ ਗਰੋਵ:** ਪਿਛਲੇ ਵੀਹ ਸਾਲਾਂ ਤੋਂ ਐਲਕ ਗਰੋਵ ਸ਼ਹਿਰ ਵਿਚ ਰਹਿ ਰਹੇ ਵਰਿੰਦਰ ਸਿੰਘ ਨੂੰ ਸ਼ਹਿਰ ਦਾ ਪਲੈਨਿੰਗ ਕਮਿਸ਼ਨਰ ਚੁਣਿਆ ਗਿਆ ਹੈ। ਐਲਕ ਗਰੋਵ ਦੀ ਮੇਅਰ ਬੌਬੀ ਸਿੰਘ ਐਲਨ ਨੇ ਆਪਣੇ ਟਵਿੱਟਰ ਖਾਤੇ ਰਾਹੀਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਵੇਂ 8 ਉਮੀਦਵਾਰਾਂ ਦੇ ਹੁੰਦਿਆਂ ਇਹ ਚੋਣ ਬਹੁਤ ਫਸਵੀਂ ਸੀ ਪਰ ਵਰਿੰਦਰ ਸਿੰਘ ਨੂੰ ਉਸਦੀ ਯੋਗਤਾ ਅਤੇ ਬੀਤੇ ਵਿਚ ਕੀਤੇ ਸਮਾਜ ਸੇਵੀ ਕੰਮਾਂ ਅਤੇ ਵਾਲੰਟੀਅਰ ਵਰਕ ਦੇ ਲੰਮੇਂ ਇਤਿਹਾਸ ਦੇ ਆਧਾਰ 'ਤੇ ਚੁਣ ਲਿਆ ਗਿਆ।



ਵਰਿੰਦਰ ਸਿੰਘ UC Daivs ਤੋਂ ਕਮਿਊਨਿਟੀ ਰਿਜਨਲ ਡਿਵੈਲਪਮੈਂਟ ਵਿਚ ਡਿਗਰੀ ਹੋਲਡਰ ਹੈ ਤੇ ਕੈਲੇਫੋਰਨੀਆ ਸਟੇਟ ਲਈ ਕੰਮ ਕਰਦਾ ਹੈ। ਰਿਟਾਇਰ ਹੋ ਰਹੇ ਪਲੈਨਿੰਗ ਕਮਿਸ਼ਨਰ ਜੌਰਜ ਮਰਫੀ ਸਵੀਅਰਜ਼ ਨੇ ਵਰਿੰਦਰ ਸਿੰਘ ਨੂੰ ਜੀ ਆਇਆਂ ਆਖਦਿਆਂ (ਆਪਣੀ ਸੀਟ ਲਈ) ਸਹੁੰ ਚੁਕਾਈ ਦੀ ਰਸਮ ਨਿਭਾਈ। ਵਰਿੰਦਰ ਸਿੰਘ ਦਾ ਜਨਮ ਭਾਵੇਂ ਅਮਰੀਕਾ ਵਿਚ ਹੋਇਆ ਹੈ ਪਰ ਉਸਦੀ ਪੰਜਾਬੀ ਸੁਣ ਕੇ ਕੋਈ ਅੰਦਾਜ਼ਾ ਨਹੀਂ ਲਾ ਸਕਦਾ ਕਿ ਉਹ ਅਮਰੀਕਾ ਦਾ ਜੰਮਪਲ ਹੈ। ਬਚਪਨ ਤੋਂ ਹੀ ਸੱਭਿਆਚਾਰ ਨਾਲ ਜੁੜਿਆ ਵਰਿੰਦਰ ਉੱਚ ਕੋਟੀ ਦਾ ਭੰਗੜਾ ਕਲਾਕਾਰ ਤੇ ਭੰਗੜਾ ਕੋਚ ਵੀ ਹੈ। ਵਰਿੰਦਰ ਕੈਲੇਫੋਰਨੀਆ ਵਿਚ ਪਿਛਲੇ 34 ਸਾਲਾਂ ਤੋਂ ਵਿਸਾਖੀ ਅਤੇ ਤੀਆਂ ਦਾ ਮੇਲਾ ਕਰਵਾਉਂਦੇ ਆ ਰਹੇ ਸ. ਰਛਪਾਲ ਸਿੰਘ ਫਰਵਾਲਾ ਅਤੇ ਮਨਦੀਪ ਕੌਰ ਫਰਵਾਲਾ ਦਾ ਬੇਟਾ ਹੈ।

# ਲੁਧਿਆਣਾ: ਧੜਿਆਂ ਵਿਚ ਵੰਡੇ ਕਾਂਗਰਸੀ ਇਕਮੁੱਠ ਹੋਏ

**ਲੁਧਿਆਣਾ:** ਲੋਕ ਸਭਾ ਚੋਣਾਂ ਵਿਚ ਕਾਂਗਰਸੀ ਉਮੀਦਵਾਰ ਦਾ ਐਲਾਨ ਹੋਣ ਤੋਂ ਪਹਿਲਾਂ ਧੜਿਆਂ ਵਿਚ ਵੰਡੀ ਕਾਂਗਰਸ ਪੂਰੀ ਤਰ੍ਹਾਂ ਇੱਕਜੁਟ ਨਜ਼ਰ ਆਈ। ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਦੇ ਚੋਣ ਮੈਦਾਨ 'ਚ ਉਤਰਦੇ ਹੀ ਧੜਿਆਂ 'ਚ ਵੰਡੇ ਕਾਂਗਰਸੀ ਇੱਕਮੁੱਠ ਤਾਂ ਦਿਖਾਈ ਦਿੱਤੇ ਹੀ, ਨਾਲ ਦੀ ਨਾਲ ਆਗੂਆਂ ਨੇ ਆਪੋ-ਆਪਣਾ ਸ਼ਕਤੀ ਪ੍ਰਦਰਸ਼ਨ ਵੀ ਕੀਤਾ।

ਰੋਡ ਸ਼ੋਅ ਦੌਰਾਨ ਇਕੱਠੇ ਹੋਣ ਦੀ ਥਾਂ ਸ਼ਹਿਰ ਦੇ ਕਾਂਗਰਸੀਆਂ ਅਤੇ ਸਥਾਨਕ ਆਗੂਆਂ ਨੇ ਆਪੋ-ਆਪਣੇ ਇਲਾਕੇ 'ਚ ਵੜਿੰਗ ਦਾ ਸਵਾਗਤ ਕੀਤਾ ਤੇ ਆਪਣੀ ਪੂਰੀ ਤਾਕਤ ਦਿਖਾਈ। ਉਨ੍ਹਾਂ ਵੜਿੰਗ ਨੂੰ ਭਰੋਸਾ ਦਿਵਾਉਣ ਦੀ ਕੋਸ਼ਿਸ਼ ਵੀ ਕੀਤੀ ਕਿ ਉਹ ਸਾਰੇ ਇੱਕਜੁਟ ਹਨ ਅਤੇ ਲੋਕ ਸਭਾ ਚੋਣਾਂ 'ਚ ਪੂਰੀ ਤਰ੍ਹਾਂ ਨਾਲ ਉਨ੍ਹਾਂ ਦਾ ਸਾਥ ਦੇਣਗੇ। ਰਾਜਾ ਵੜਿੰਗ ਦੇ ਸ਼ਹਿਰ 'ਚ ਦਾਖ਼ਲ ਹੁੰਦੇ ਹੀ ਸਾਬਕਾ ਮੰਤਰੀ ਆਸ਼ੂ ਦੇ ਗਾਇਬ ਰਹਿਣ 'ਤੇ ਕਈ ਤਰ੍ਹਾਂ ਦੀਆਂ ਚਰਚਾਵਾਂ ਹੋਈਆਂ, ਪਰ ਭਾਰਤ ਨਗਰ ਚੌਕ 'ਚ ਭਾਰਤ ਭੂਸ਼ਣ ਆਸ਼ੂ ਅਤੇ ਉਨ੍ਹਾਂ ਦੇ ਸਮਰਥਕਾਂ ਵੱਲੋਂ ਵੜਿੰਗ ਦਾ ਜੋਸ਼ੀਲੇ ਢੰਗ ਨਾਲ ਸਵਾਗਤ ਕੀਤਾ ਗਿਆ।



ਉਮੀਦਵਾਰ ਐਲਾਨਣ ਮਗਰੋਂ ਪਹਿਲੀ ਵਾਰ ਰਾਜਾ ਵੜਿੰਗ ਲੁਧਿਆਣਾ ਪੁੱਜੇ ਸਨ, ਜਿੱਥੇ ਜ਼ਿਲ੍ਹਾ ਪ੍ਰਧਾਨ ਸੰਜੇ ਤਲਵਾੜ ਤੇ ਉਨ੍ਹਾਂ ਦੇ ਸਮਰਥਕਾਂ ਨੇ ਸਮਰਾਲਾ ਚੌਕ ਵਿਚ ਉਨ੍ਹਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਕੁਝ ਹੀ ਦੂਰੀ 'ਤੇ ਹਲਕਾ ਕੇਂਦਰੀ ਸ਼ੁਰੂ ਹੁੰਦੇ ਹੀ ਉਥੋਂ ਦੇ ਸਾਬਕਾ ਵਿਧਾਇਕ ਸੁਰਿੰਦਰ ਡਾਬਰ, ਮਗਰੋਂ ਫ਼ੀਲਡਗੰਜ 'ਚ ਸਾਬਕਾ ਮੰਤਰੀ ਰਾਕੇਸ਼ ਪਾਂਡੇ ਨੇ ਉਨ੍ਹਾਂ ਸਵਾਗਤ ਕੀਤਾ। ਰਾਜਾ ਵੜਿੰਗ ਆਪਣੀ ਪਤਨੀ ਅੰਮ੍ਰਿਤਾ ਵੜਿੰਗ ਨਾਲ ਸਨ। ਮਗਰੋਂ ਮੁੱਲਾਂਪੁਰ ਦਾਖਾ ਹਲਕੇ 'ਚ ਕੈਪਟਨ ਸੰਦੀਪ ਸੰਧੂ ਅਤੇ ਜਗਰਾਉਂ ਵਿਚ ਸਮਰਥਕਾਂ ਨੇ ਰਾਜਾ ਵੜਿੰਗ ਦਾ ਸਵਾਗਤ ਕੀਤਾ। ਰਾਜਾ ਵੜਿੰਗ ਨੇ ਸਮਰਾਲਾ ਚੌਕ 'ਚ ਹੀ ਭਾਜਪਾ ਉਮੀਦਵਾਰ ਰਵਨੀਤ ਬਿੱਟੂ 'ਤੇ ਨਿਸ਼ਾਨਾ ਸੇਧਿਆ। ਉਨ੍ਹਾਂ ਕਿਹਾ ਕਿ ਜੇ ਲੋਕ ਉਨ੍ਹਾਂ ਨੂੰ ਰਾਤ ਨੂੰ ਤਿੰਨ ਵਜੇ ਵੀ ਫੋਨ ਕਰਨਗੇ ਤਾਂ ਉਹ ਫੋਨ ਚੁੱਕਣਗੇ ਤੇ ਉਨ੍ਹਾਂ ਦੀ ਸਮੱਸਿਆ ਹੱਲ ਕਰਨਗੇ, ਨਾ ਕਿ ਬਿੱਟੂ ਵਾਂਗ ਫੋਨ ਹੀ ਨਹੀਂ ਚੁੱਕਣਗੇ। ਲੋਕ 10 ਸਾਲਾਂ ਤੋਂ ਬਿੱਟੂ ਨਾਲ ਗੱਲ ਕਰਨ ਨੂੰ ਤਰਸ ਗਏ ਸਨ, ਉਹ ਕਿਸੇ ਦਾ ਫੋਨ ਨਹੀਂ ਚੁੱਕਦਾ। ਉਨ੍ਹਾਂ ਕਿਹਾ ਕਿ ਇਹ ਲੜਾਈ ਵਫ਼ਾਦਾਰ ਤੇ ਗੱਦਾਰ ਵਿਚਕਾਰ ਹੈ।

# ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਾਂ ਬਣਾਉਣ ਦੀ ਤਰੀਕ ਮੁੜ ਵਧਾਈ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੀਆਂ ਆਮ ਚੋਣਾਂ ਲਈ ਵੋਟਾਂ ਬਣਾਉਣ ਦੀ ਮਿਤੀ 31 ਜੁਲਾਈ ਤੱਕ ਵਧਾ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ ਮੁੱਖ ਗੁਰਦੁਆਰਾ ਚੋਣ ਕਮਿਸ਼ਨ ਦੇ ਦਫ਼ਤਰ ਨੇ ਇਸ ਸਬੰਧੀ ਵੱਖ-ਵੱਖ ਜ਼ਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੂੰ ਪੱਤਰ ਭੇਜ ਦਿੱਤਾ ਹੈ।

ਸ਼੍ਰੋਮਣੀ ਕਮੇਟੀ ਚੋਣਾਂ ਲਈ ਵੋਟਰ ਰਜਿਸਟਰੇਸ਼ਨ ਪ੍ਰਕਿਰਿਆ ਪਿਛਲੇ ਸਾਲ 21 ਅਕਤੂਬਰ ਨੂੰ ਸ਼ੁਰੂ ਹੋਈ ਸੀ। ਰਜਿਸਟਰੇਸ਼ਨ ਪ੍ਰਕਿਰਿਆ ਨੂੰ ਹਲਕੇ ਵਿਚ ਮੱਠੇ ਹੁੰਗਾਰੇ ਕਾਰਨ 15 ਨਵੰਬਰ ਤੋਂ 29 ਫਰਵਰੀ ਤੱਕ ਵਧਾ ਦਿੱਤਾ ਗਿਆ ਸੀ। ਇਸ ਤੋਂ ਬਾਅਦ ਇਸ ਤਰੀਕ ਨੂੰ 30 ਅਪਰੈਲ ਤੱਕ ਵਧਾ ਦਿੱਤਾ ਗਿਆ ਸੀ। ਉਨ੍ਹਾਂ ਨੇ ਚੋਣਾਂ ਨਾਲ ਸਬੰਧਤ ਅਧਿਕਾਰੀਆਂ ਅਤੇ ਮੁਲਾਜ਼ਮਾਂ ਨੂੰ ਹਦਾਇਤ ਕੀਤੀ ਕਿ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਸਬੰਧੀ ਵੋਟਰ ਰਜਿਸਟਰੇਸ਼ਨ ਦਾ ਕੰਮ ਤੇਜ਼ੀ ਨਾਲ ਕੀਤਾ ਜਾਵੇ, ਤਾਂ ਜੋ ਕੋਈ ਵੀ ਕੇਸਾਧਾਰੀ ਸਿੱਖ ਵੋਟ ਬਣਾਉਣ ਤੋਂ ਵਾਂਝਾ ਨਾ ਰਹਿ ਸਕੇ।

# ਕਿਸਾਨਾਂ ਨਾਲ ਗੱਲਬਾਤ ਲਈ ਕੇਂਦਰ ਹਰ ਵੇਲੇ ਤਿਆਰ: ਸ਼ੇਖਾਵਤ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੌਰਾਨ ਭਾਜਪਾ ਉਮੀਦਵਾਰਾਂ ਨੂੰ ਕਿਸਾਨਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੰਜਾਬ ਵਿਚ ਥਾਂ-ਥਾਂ 'ਤੇ ਕਿਸਾਨ ਭਾਜਪਾ ਉਮੀਦਵਾਰਾਂ ਨੂੰ ਘੇਰ ਕੇ ਸਵਾਲ ਪੁੱਛ ਰਹੇ ਹਨ। ਇਸ ਸਬੰਧੀ ਭਾਜਪਾ ਦੇ ਸੀਨੀਅਰ ਆਗੂ ਗਜੇਂਦਰ ਸਿੰਘ ਸ਼ੇਖਾਵਤ ਨੇ ਕਿਹਾ ਕਿ ਪੰਜਾਬ ਦਾ ਕਿਸਾਨ ਸੰਘਰਸ਼ ਦੇ ਰਾਹ 'ਤੇ ਪਿਆ ਹੋਇਆ ਹੈ ਪਰ ਕੋਈ ਵੀ ਮਸਲਾ ਗੱਲਬਾਤ ਨਾਲ ਹੀ ਹੱਲ ਹੋ ਸਕਦਾ ਹੈ।

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਨਾਲ ਗੱਲਬਾਤ ਲਈ ਹਰ ਵੇਲੇ ਤਿਆਰ ਹੈ। ਕੇਂਦਰ ਸਰਕਾਰ ਦੇ ਦਰਵਾਜ਼ੇ ਕਿਸਾਨਾਂ ਲਈ ਹਰ ਵੇਲੇ ਖੁੱਲ੍ਹੇ ਹਨ। ਉਹ ਕਿਸੇ ਵੀ ਸਮੇਂ ਸਰਕਾਰ ਨਾਲ ਗੱਲਬਾਤ ਕਰ ਸਕਦੇ ਹਨ। ਸ਼ੇਖਾਵਤ ਨੇ ਕਿਹਾ ਕਿ ਉਹ ਬੀਤੇ ਦਿਨੀਂ ਰਾਜਸਥਾਨ, ਮੱਧ ਪ੍ਰਦੇਸ਼, ਝਾਰਖੰਡ ਤੇ ਉੱਤਰ ਪ੍ਰਦੇਸ਼ ਦਾ ਦੌਰਾ ਕਰ ਕੇ ਆਏ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਭਾਜਪਾ ਦੇ ਵਿਕਾਸ ਏਜੰਡੇ ਨੂੰ ਲੋਕਾਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਉਨ੍ਹਾਂ ਆਸ ਪ੍ਰਗਟ ਕੀਤੀ ਕਿ ਪੰਜਾਬ ਦੇ ਲੋਕ ਭਾਜਪਾ ਨੂੰ ਸਾਰੀਆਂ 13 ਸੀਟਾਂ 'ਤੇ ਜਿੱਤ ਦਿਵਾਉਣਗੇ।

# ਚੰਡੀਗੜ੍ਹ-ਮੁਹਾਲੀ ਸੜਕ ਤੋਂ ਪ੍ਰਦਰਸ਼ਨਕਾਰੀਆਂ ਨੂੰ ਹਟਾਉਣ ਸਬੰਧੀ ਹੁਕਮਾਂ 'ਤੇ ਰੋਕ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਚੰਡੀਗੜ੍ਹ-ਮੁਹਾਲੀ ਸੜਕ 'ਤੇ ਬੈਠੇ ਪ੍ਰਦਰਸ਼ਨਕਾਰੀਆਂ ਦੇ ਸਮੂਹ ਨੂੰ ਹਟਾ ਕੇ ਸੜਕ ਖਾਲੀ ਕਰਵਾਉਣ ਸਬੰਧੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਉਤੇ ਰੋਕ ਲਗਾ ਦਿੱਤੀ ਹੈ। ਜਸਟਿਸ ਬੀ.ਆਰ. ਗਵਈ, ਜਸਟਿਸ ਸਤੀਸ਼ ਚੰਦਰ ਸ਼ਰਮਾ ਅਤੇ ਜਸਟਿਸ ਸੰਦੀਪ ਮਹਿਤਾ ਦੇ ਇਕ ਬੈਂਚ ਨੇ ਪੰਜਾਬ ਸਰਕਾਰ ਦੀ ਇਕ ਅਰਜ਼ੀ 'ਤੇ ਨੋਟਿਸ ਜਾਰੀ ਕਰਦਿਆਂ ਇਸ ਸਬੰਧੀ ਅਰਜ਼ੀ ਦਾਇਰ ਕਰਨ ਵਾਲੀ ਇਕ ਗੈਰ-ਸਰਕਾਰੀ ਸੰਸਥਾ, ਕੇਂਦਰ ਸਰਕਾਰ ਅਤੇ ਚੰਡੀਗੜ੍ਹ ਪ੍ਰਸ਼ਾਸਨ ਤੇ ਹੋਰਨਾਂ ਕੋਲੋਂ ਜਵਾਬ ਮੰਗਿਆ ਹੈ।

ਸੁਣਵਾਈ ਦੌਰਾਨ ਕੇਂਦਰ ਸਰਕਾਰ ਵੱਲੋਂ ਪੇਸ਼ ਹੋਏ ਸੋਲੀਸਿਟਰ ਜਨਰਲ ਤੁਸ਼ਾਰ ਮਹਿਤਾ ਨੇ ਕਿਹਾ ਕਿ ਕੇਂਦਰ ਵੱਲੋਂ ਪੰਜਾਬ ਸਰਕਾਰ ਦੇ ਸਟੈਂਡ ਦਾ ਸਮਰਥਨ ਕੀਤਾ ਜਾ ਰਿਹਾ ਹੈ। ਮਹਿਤਾ ਨੇ ਕਿਹਾ, ''ਭ੍ਰਿਸ਼ਟਾਚਾਰ ਦੀ ਗੱਲ ਛੱਡ ਕੇ, ਸੰਘਵਾਦ ਦੀ ਹਮੇਸ਼ਾ ਰੱਖਿਆ ਕੀਤੀ ਜਾਂਦੀ ਹੈ। ਕੋਵਿਡ ਦੇ ਸਮੇਂ ਹਰੇਕ ਸੂਬੇ ਤੇ ਕੇਂਦਰ ਨੇ ਮਿਲ ਕੇ ਕੰਮ ਕੀਤਾ।'' ਪੰਜਾਬ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੇ ਕਿਹਾ ਕਿ ਹਾਈ ਕੋਰਟ ਦੇ ਹੁਕਮਾਂ 'ਤੇ ਰੋਕ ਲਗਾਈ ਜਾਵੇ। ਕਈ ਜਨਹਿੱਤ ਪਟੀਸ਼ਨਾਂ 'ਤੇ 9 ਅਪਰੈਲ ਨੂੰ ਜਾਰੀ ਕੀਤੇ ਗਏ ਆਪਣੇ ਹੁਕਮਾਂ ਵਿਚ ਹਾਈ ਕੋਰਟ ਨੇ ਕਿਹਾ ਸੀ ਕਿ ਵਾਰ-ਵਾਰ ਮੌਕੇ ਦਿੱਤੇ ਜਾਣ ਦੇ ਬਾਵਜੂਦ ਨਾ ਤਾਂ ਪੰਜਾਬ ਸਰਕਾਰ ਅਤੇ ਨਾ ਹੀ ਚੰਡੀਗੜ੍ਹ ਪ੍ਰਸ਼ਾਸਨ, ਐਸ.ਏ.ਐਸ. ਨਗਰ (ਮੁਹਾਲੀ) ਅਤੇ ਚੰਡੀਗੜ੍ਹ ਦੇ ਯਾਤਰੀਆਂ ਦੀ ਸਮੱਸਿਆ ਦਾ ਕੋਈ ਹੱਲ ਕਰ ਸਕਿਆ। ਇਸ ਵਿਚ ਕਿਹਾ ਗਿਆ ਸੀ, ''ਮੁੱਠੀ ਭਰ ਲੋਕਾਂ ਦੇ ਸੜਕ ਵਿਚਾਲੇ ਬੈਠਣ ਕਰ ਕੇ ਯਾਤਰੀਆਂ ਅਤੇ ਟਰਾਈਸਿਟੀ ਦੇ ਵਸਨੀਕਾਂ ਨੂੰ ਅਸੁਵਿਧਾ ਹੋ ਰਹੀ ਹੈ ਅਤੇ ਪਰੇਸ਼ਾਨੀ ਜਾਰੀ ਹੈ।''



ਹਾਈ ਕੋਰਟ ਨੇ ਇਸ ਗੱਲ ਦਾ ਨੋਟਿਸ ਲਿਆ ਸੀ ਕਿ ਇਸ ਮਾਮਲੇ ਵਿਚ ਪਿਛਲੇ ਸਾਲ 9 ਅਕਤੂਬਰ ਨੂੰ ਕੇਂਦਰ ਨੂੰ ਵੀ ਧਿਰ ਬਣਾਇਆ ਗਿਆ ਸੀ। ਗੌਰ ਕਰਨ ਵਾਲੀ ਗੱਲ ਇਹ ਵੀ ਹੈ ਕਿ ਕਰੀਬ ਇਕ ਸਾਲ ਪਹਿਲਾਂ ਇਸ ਮਾਮਲੇ ਵਿਚ ਪੰਜਾਬ ਦੇ ਡੀ.ਜੀ.ਪੀ. ਨੂੰ ਵੀ ਤਲਬ ਕੀਤਾ ਗਿਆ ਸੀ। ਹਾਈ ਕੋਰਟ ਨੇ ਕਿਹਾ ਸੀ ਕਿ ਰਿਕਾਰਡ 'ਚ ਲਿਆਂਦੀਆਂ ਗਈਆਂ ਤਸਵੀਰਾਂ ਤੋਂ ਇਹ ਸਾਬਤ ਹੁੰਦਾ ਹੈ ਕਿ ਉਥੇ ਕੋਈ ਵੱਡੀ ਇਕੱਤਰਤਾ ਨਹੀਂ ਹੈ। ਹਾਈ ਕੋਰਟ ਨੇ ਐਨ.ਜੀ.ਓ. 'ਅਰਾਈਵ ਸੇਫ ਸੁਸਾਇਟੀ' ਦੀ ਪਟੀਸ਼ਨ 'ਤੇ ਇਹ ਹੁਕਮ ਜਾਰੀ ਕੀਤਾ ਸੀ, ਜਿਸ ਵਿਚ ਦਲੀਲ ਦਿੱਤੀ ਗਈ ਸੀ ਕਿ ਜਨਵਰੀ 2023 ਤੋਂ ਚੰਡੀਗੜ੍ਹ-ਮੁਹਾਲੀ ਸੜਕ 'ਤੇ ਚੱਲ ਰਹੇ ਵਿਰੋਧ/ਮੋਰਚੇ ਕਾਰਨ ਸਥਾਨਕ ਲੋਕਾਂ ਅਤੇ ਯਾਤਰੀਆਂ ਨੂੰ ਬਿਨਾਂ ਕਿਸੇ ਗੱਲ ਤੋਂ ਪਰੇਸ਼ਾਨੀ ਝੱਲਣੀ ਪੈ ਰਹੀ ਹੈ। ਪ੍ਰਦਰਸ਼ਨਕਾਰੀ ਸਿੱਖ ਬੰਦੀਆਂ ਦੀ ਰਿਹਾਈ ਦੀ ਮੰਗ ਕਰ ਰਹੇ ਹਨ।

# ਅੰਮ੍ਰਿਤਪਾਲ ਸਿੰਘ ਨੂੰ ਚੋਣ ਲੜਨ ਤੋਂ ਰੋਕਣ ਦਾ ਖਦਸ਼ਾ ਪ੍ਰਗਟਾਇਆ



**ਅੰਮ੍ਰਿਤਸਰ:** 'ਵਾਰਿਸ ਪੰਜਾਬ ਦੇ' ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੇ ਮਾਪਿਆਂ ਨੇ ਖਦਸ਼ਾ ਪ੍ਰਗਟ ਕੀਤਾ ਹੈ ਕਿ ਸਰਕਾਰ ਅੰਮ੍ਰਿਤਪਾਲ ਸਿੰਘ ਨੂੰ ਲੋਕ ਸਭਾ ਚੋਣ ਲੜਨ ਤੋਂ ਰੋਕ ਸਕਦੀ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਨੇ ਇਸੇ ਨੀਤੀ ਤਹਿਤ ਚੋਣ ਪ੍ਰਚਾਰ ਮੁਹਿੰਮ ਲਈ ਬਣਾਏ ਗਏ ਵਟਸਐਪ ਗਰੁੱਪ ਬਲਾਕ ਕਰ ਦਿੱਤੇ ਹਨ।

ਅੰਮ੍ਰਿਤਪਾਲ ਦੇ ਪਿਤਾ ਤਰਸੇਮ ਸਿੰਘ ਅਤੇ ਮਾਤਾ ਬਲਵਿੰਦਰ ਕੌਰ ਨੇ ਇਸ ਸਬੰਧੀ ਜਾਰੀ ਇਕ ਬਿਆਨ ਰਾਹੀਂ ਭਾਰਤ ਦੇ ਚੋਣ ਕਮਿਸ਼ਨ ਨੂੰ ਲਿਖਿਆ ਕਿ ਸਰਕਾਰਾਂ ਨੇ ਉਨ੍ਹਾਂ ਵੱਲੋਂ ਬਣਾਏ ਗਏ ਵਟਸਐਪ ਗਰੁੱਪ ਦੇ ਐਡਮਿਨਾਂ ਦੇ ਨੰਬਰ ਅਤੇ ਵਟਸਐਪ ਗਰੁੱਪ ਬੰਦ ਕਰ ਦਿੱਤੇ ਹਨ ਜਿਨ੍ਹਾਂ ਨੂੰ ਤੁਰਤ ਚਾਲੂ ਕਰਵਾਇਆ ਜਾਣਾ ਚਾਹੀਦਾ ਹੈ। ਉਨ੍ਹਾਂ ਚੋਣ ਕਮਿਸ਼ਨ ਨੂੰ ਅਪੀਲ ਕੀਤੀ ਕਿ ਅੰਮ੍ਰਿਤਪਾਲ ਸਿੰਘ ਖ਼ਿਲਾਫ਼ ਜਿੰਨੇ ਵੀ ਕੇਸ ਦਰਜ ਹਨ, ਉਹ ਪ੍ਰਸ਼ਾਸਨ ਰਾਹੀਂ ਜਨਤਕ ਕਰਵਾਏ ਜਾਣ।

ਤਰਸੇਮ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ ਕਿ ਇਹ ਗਰੁੱਪ ਕੇਂਦਰ ਸਰਕਾਰ ਨੇ ਬੰਦ ਕਰਵਾਏ ਹਨ ਜਾਂ ਸੂਬਾ ਸਰਕਾਰ ਨੇ ਪਰ ਉਨ੍ਹਾਂ ਲਈ ਸਮੁੱਚਾ ਸਰਕਾਰੀ ਤੰਤਰ ਇੱਕੋ ਜਿਹਾ ਹੈ। ਉਨ੍ਹਾਂ ਕਿਹਾ ਕਿ ਖਡੂਰ ਸਾਹਿਬ ਲੋਕ ਸਭਾ ਹਲਕੇ ਵਿਚ ਚੋਣ ਪ੍ਰਚਾਰ ਕਰਨ ਵਾਸਤੇ ਉਨ੍ਹਾਂ ਸੰਸਦੀ ਹਲਕੇ ਹੇਠ ਆਉਂਦੇ ਨੌਂ ਵਿਧਾਨ ਸਭਾ ਹਲਕਿਆਂ ਲਈ ਵਟਸਐਪ ਗਰੁੱਪ ਬਣਾਇਆ ਸੀ।

ਉਨ੍ਹਾਂ ਦੋਸ਼ ਲਾਇਆ ਕਿ ਇਸ ਗਰੁੱਪ ਦੇ ਐਡਮਿਨ ਦਾ ਨੰਬਰ ਅਤੇ ਹੋਰ ਸਮਰਥਨ ਕਰਨ ਵਾਲੇ ਸਿੱਖਾਂ ਦੇ ਨੰਬਰਾਂ 'ਤੇ ਚੱਲ ਰਹੇ ਵਟਸਐਪ ਬਲਾਕ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਸਰਕਾਰ ਚੋਣ ਪ੍ਰਚਾਰ ਮੁਹਿੰਮ ਵਿਚ ਅੜਿੱਕੇ ਖੜੇ ਕਰ ਰਹੀ ਹੈ।

ਚੋਣਾਂ ਵਿੱਚ ਹਰ ਉਮੀਦਵਾਰ ਨੂੰ ਬਰਾਬਰ ਦਾ ਮੌਕਾ ਮਿਲਣਾ ਚਾਹੀਦਾ ਹੈ ਪਰ ਸਰਕਾਰ ਉਨ੍ਹਾਂ ਦਾ ਹੱਕ ਖੋਹ ਰਹੀ ਹੈ। ਅੰਮ੍ਰਿਤਪਾਲ ਸਿੰਘ ਦੇ ਚੋਣ ਪ੍ਰਚਾਰ ਲਈ ਚੋਣ ਇੰਚਾਰਜ ਬਣਾਈ ਗਈ ਬੀਬੀ ਪਰਮਜੀਤ ਕੌਰ ਖਾਲਸਾ ਨੇ ਵੀ ਦਾਅਵਾ ਕੀਤਾ ਕਿ ਉਸ ਦੇ ਸੋਸ਼ਲ ਮੀਡੀਆ ਖਾਤੇ ਬੰਦ ਕਰ ਦਿੱਤੇ ਗਏ ਹਨ।

## ਸੰਵਿਧਾਨ ਮੁਤਾਬਕ ਹਾ ਇਕ ਨੂੰ ਚੋਣਾਂ ਲੜਨ ਦਾ ਹੱਕ ਹੈ: ਗਿਆਨੀ ਹਰਪ੍ਰੀਤ ਸਿੰਘ

**ਅੰਮ੍ਰਿਤਸਰ:** ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਚੋਣਾਂ ਵਿਚ ਧਰਮ ਦੇ ਅਧਾਰ ਉਤੇ ਵੋਟਾਂ ਮੰਗਣ ਸਬੰਧੀ ਇਕ ਸਵਾਲ ਦੇ ਜਵਾਬ ਵਿਚ ਆਖਿਆ ਕਿ ਭਾਰਤ ਦਾ ਸੰਵਿਧਾਨ ਧਰਮ ਦੇ ਨਾਂ 'ਤੇ ਵੋਟਾਂ ਮੰਗਣ ਦੀ ਆਗਿਆ ਨਹੀਂ ਦਿੰਦਾ। ਉਨ੍ਹਾਂ ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਚੋਣ ਲੜ ਰਹੇ ਅੰਮ੍ਰਿਤਪਾਲ ਸਿੰਘ ਦੇ ਚੋਣ ਲੜਨ ਦੇ ਫੈਸਲੇ ਦੀ ਹਮਾਇਤ ਕੀਤੀ ਹੈ। ਅੰਮ੍ਰਿਤ ਪਾਲ ਸਿੰਘ ਵੱਲੋਂ ਚੋਣ ਲੜਨ ਸਬੰਧੀ ਪੁੱਛੇ ਇਕ ਸਵਾਲ ਦੇ ਜਵਾਬ ਵਿਚ ਉਹਨਾਂ ਨੇ ਆਖਿਆ ਕਿ ਭਾਰਤ ਦੇ ਸੰਵਿਧਾਨ ਮੁਤਾਬਕ ਹਰ ਇਕ ਵਿਅਕਤੀ ਨੂੰ ਚੋਣ ਲੜਨ ਦਾ ਹੱਕ ਹੈ।

## ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਵੱਲੋਂ ਹਮਾਇਤ ਦਾ ਐਲਾਨ

**ਅੰਮ੍ਰਿਤਸਰ:** ਸਿੱਖ ਜਥੇਬੰਦੀ ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਵੱਲੋਂ ਹਲਕਾ ਖਡੂਰ ਸਾਹਿਬ ਤੋਂ ਪੰਥਕ ਉਮੀਦਵਾਰ ਅੰਮ੍ਰਿਤਪਾਲ ਸਿੰਘ ਦੀ ਹਮਾਇਤ ਦਾ ਐਲਾਨ ਕੀਤਾ ਗਿਆ ਹੈ। ਜਥੇਬੰਦੀ ਦੇ ਮੁਖੀ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਇਸ ਵਾਰ ਖਾਲਸਾ ਪੰਥ ਅਤੇ ਪੰਜਾਬ ਵਾਸੀਆਂ ਨੂੰ ਸ਼ਾਨਦਾਰ ਇਤਿਹਾਸ ਸਿਰਜਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਵਾਸਤੇ ਲੋਕ ਸੰਗਰੂਰ ਤੋਂ ਸਿਮਰਨਜੀਤ ਸਿੰਘ ਮਾਨ, ਖਡੂਰ ਸਾਹਿਬ ਤੋਂ ਅੰਮ੍ਰਿਤਪਾਲ ਸਿੰਘ, ਫ਼ਰੀਦਕੋਟ ਤੋਂ ਸਰਬਜੀਤ ਸਿੰਘ ਮਲੋਆ, ਲੁਧਿਆਣਾ ਤੋਂ ਅੰਮ੍ਰਿਤਪਾਲ ਸਿੰਘ ਛੰਦੜਾ (ਸਪੁੱਤਰ ਸ਼ਹੀਦ ਭਾਈ ਰਛਪਾਲ ਸਿੰਘ ਛੰਦੜਾ), ਪਟਿਆਲਾ ਤੋਂ ਪ੍ਰੋਫੈਸਰ ਮਹਿੰਦਰਪਾਲ ਸਿੰਘ, ਗੁਰਦਾਸਪੁਰ ਤੋਂ ਗੁਰਿੰਦਰ ਸਿੰਘ ਬਾਜਵਾ ਤੇ ਬਠਿੰਡਾ ਤੋਂ ਲਖਬੀਰ ਸਿੰਘ ਲੱਖਾ ਸਿਧਾਣਾ ਨੂੰ ਵੋਟਾਂ ਪਾ ਕੇ ਕਾਮਯਾਬ ਕਰਨ।

## ਬੇਅਦਬੀ ਦੇ ਦੋਸ਼ ਵਿਚ ਕੁੱਟ-ਕੁੱਟ ਕੇ ਮਾਰਿਆ

**ਫ਼ਿਰੋਜ਼ਪੁਰ:** ਪਿੰਡ ਬੰਡਾਲਾ ਦੇ ਗੁਰਦੁਆਰੇ ਵਿਚ ਬੇਅਦਬੀ ਕਰਨ ਵਾਲੇ ਨੌਜਵਾਨ ਨੂੰ ਲੋਕਾਂ ਨੇ ਕੁੱਟ-ਕੁੱਟ ਕੇ ਮਾਰ ਦਿੱਤਾ। ਹਮਲਾਵਰਾਂ ਨੂੰ ਰੋਕਣ ਵੇਲੇ ਕਈ ਪੁਲਿਸ ਮੁਲਾਜ਼ਮਾਂ ਦੀਆਂ ਪੱਗਾਂ ਵੀ ਲੱਥ ਗਈਆਂ। ਮ੍ਰਿਤਕ ਦੀ ਪਛਾਣ ਬਖ਼ਸ਼ੀਸ਼ ਸਿੰਘ (22) ਪੁੱਤਰ ਲਖਵਿੰਦਰ ਸਿੰਘ ਵਾਸੀ ਪਿੰਡ ਟੱਲੀ ਗੁਲਾਮ ਵਜੋਂ ਹੋਈ ਹੈ।

ਉਸ ਦੇ ਪਰਿਵਾਰ ਵਾਲਿਆਂ ਦਾ ਕਹਿਣਾ ਹੈ ਕਿ ਉਸ ਦੀ ਦਿਮਾਗੀ ਹਾਲਤ ਠੀਕ ਨਹੀਂ ਸੀ। ਪਰਿਵਾਰਕ ਮੈਂਬਰਾਂ ਨੇ ਪੁਲਿਸ ਕੋਲੋਂ ਇਨਸਾਫ਼ ਦੀ ਮੰਗ ਕੀਤੀ ਹੈ। ਜਾਣਕਾਰੀ ਅਨੁਸਾਰ ਬਖ਼ਸ਼ੀਸ਼ ਸਿੰਘ ਦੁਪਹਿਰ ਪਿੰਡ ਦੇ ਗੁਰਦੁਆਰੇ ਵਿਚ ਮੱਥਾ ਟੇਕਣ ਆਇਆ ਤੇ ਕੁਝ ਚਿਰ ਮਗਰੋਂ ਉਹ ਗੁਰੂ ਗ੍ਰੰਥ ਸਾਹਿਬ ਦੇ ਅੰਗ ਪਾੜ ਕੇ ਬਾਹਰ ਆ ਗਿਆ। ਗੁਰਦੁਆਰੇ ਵਿਚ ਮੌਜੂਦ ਗ੍ਰੰਥੀ ਅਤੇ ਹੋਰ ਸੰਗਤ ਨੇ ਉਸ ਨੂੰ ਕਾਬੂ ਕਰ ਲਿਆ ਤੇ ਪੁਲਿਸ ਨੂੰ ਇਸ ਦੀ ਜਾਣਕਾਰੀ ਦਿੱਤੀ। ਕੁਝ ਮਿੰਟਾਂ ਵਿਚ ਹੀ ਮਾਹੌਲ ਗਰਮਾ ਗਿਆ ਤੇ ਹਜੂਮ ਨੇ ਮੁਲਜ਼ਮ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਇਸ ਦੌਰਾਨ ਪੁਲਿਸ ਮੁਲਾਜ਼ਮਾਂ ਨੇ ਉਸ ਨੂੰ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬੀ ਨਾ ਮਿਲੀ ਤੇ ਮੁਲਜ਼ਮ ਨੇ ਦਮ ਤੋੜ ਦਿੱਤਾ। ਬਾਅਦ ਵਿਚ ਹੋਰ ਪੁਲਿਸ ਅਧਿਕਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ 'ਤੇ ਕਾਬੂ ਪਾਇਆ। ਮੁਲਜ਼ਮ ਦੀ ਹੱਤਿਆ ਤੋਂ ਬਾਅਦ ਕੁਝ ਵਿਅਕਤੀਆਂ ਨੇ ਇਸ ਦੀ ਜ਼ਿੰਮੇਵਾਰੀ ਵੀ ਚੁੱਕੀ ਹੈ। ਮ੍ਰਿਤਕ ਦੇ ਪਰਿਵਾਰ ਵਾਲਿਆਂ ਨੇ ਪੁਲਿਸ ਕੋਲੋਂ ਇਨਸਾਫ਼ ਦੀ ਮੰਗ ਕਰਦਿਆਂ ਉਸ ਦਾ ਕਤਲ ਕਰਨ ਵਾਲਿਆਂ ਖ਼ਿਲਾਫ਼ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਪੁਲਿਸ ਅਧਿਕਾਰੀਆਂ ਨੇ ਕਿਹਾ ਕਿ ਇਸ ਸਬੰਧੀ ਬਣਦੀ ਕਾਰਵਾਈ ਕੀਤੀ ਜਾਵੇਗੀ।

## ਅੰਮ੍ਰਿਤਸਰ ਦੇ ਵਿਕਾਸ ਲਈ ਭਾਰਤੀ ਅਮਰੀਕੀ 10 ਕਰੋੜ ਡਾਲਰ ਦੇਣਗੇ



**ਵਾਸ਼ਿੰਗਟਨ:** ਪ੍ਰਮੁੱਖ ਭਾਰਤੀ ਅਮਰੀਕੀਆਂ ਦੇ ਸਮੂਹ ਨੇ ਅੰਮ੍ਰਿਤਸਰ ਦੇ ਸਮਾਜਿਕ ਆਰਥਿਕ ਵਿਕਾਸ ਲਈ 'ਸਟਾਰਟਅੱਪਸ' ਨੂੰ 10 ਕਰੋੜ ਡਾਲਰ ਦੇਣ ਦਾ ਐਲਾਨ ਕੀਤਾ ਹੈ। ਅਮਰੀਕਾ ਵਿਚ ਰਹਿੰਦੇ ਭਾਰਤੀ ਭਾਈਚਾਰੇ ਵੱਲੋਂ ਭਾਰਤੀ ਸ਼ਹਿਰ ਲਈ ਅਜਿਹਾ ਐਲਾਨ ਆਪਣੇ ਆਪ ਵਿੱਚ ਨਵੀਂ ਪਹਿਲ ਹੈ।

ਅਮਰੀਕਾ-ਭਾਰਤ ਰਣਨੀਤਕ ਭਾਈਵਾਲੀ ਫੋਰਮ (ਯੂ.ਐਸ.ਆਈ.ਐਸ.ਪੀ.ਐਫ), ਉੱਘੇ ਭਾਰਤੀ-ਅਮਰੀਕੀਆਂ ਅਤੇ ਅਮਰੀਕਾ ਵਿੱਚ ਰਹਿ ਰਹੇ ਭਾਰਤੀਆਂ ਦੇ ਸਮੂਹ ਨੇ 'ਫੈਡਰੇਸ਼ਨ ਆਫ ਇੰਡੀਅਨ ਚੈਂਬਰਜ਼ ਆਫ ਕਾਮਰਸ ਐਂਡ ਇੰਡਸਟਰੀ' (ਫਿੱਕੀ) ਦੇ ਨਾਲ ਮੈਰੀਲੈਂਡ ਵਿਚ ਮੀਟਿੰਗ ਕੀਤੀ, ਜਿਥੇ ਵਿਕਸਤ ਅੰਮ੍ਰਿਤਸਰ ਪਹਿਲ ਦਾ ਐਲਾਨ ਕੀਤਾ ਗਿਆ।

ਇਸ ਪਹਿਲਕਦਮੀ ਦੇ ਮੋਢੀ ਮੈਂਬਰਾਂ ਨੇ ਦੱਸਿਆ ਕਿ ਇਸ ਸ਼ਾਨਦਾਰ ਯੋਜਨਾ ਦੇ ਪ੍ਰੇਰਨਾ ਸ੍ਰੋਤ ਅਮਰੀਕਾ ਵਿਚ ਭਾਰਤ ਦੇ ਸਾਬਕਾ ਰਾਜਦੂਤ ਤਰਨਜੀਤ ਸਿੰਘ ਸੰਧੂ ਹਨ, ਜੋ ਵਾਸ਼ਿੰਗਟਨ ਵਿਚ ਚਾਰ ਸਾਲ ਦੀ ਕੂਟਨੀਤਕ ਸੇਵਾ ਕਰਨ ਤੋਂ ਬਾਅਦ ਮਿਸ਼ਨ ਵੱਲੋਂ ਮਦਦ ਦੇ ਵਾਅਦੇ ਨਾਲ ਆਪਣੇ ਵਤਨ ਪਰਤੇ ਹਨ। ਇਸ ਪਹਿਲਕਦਮੀ ਦਾ ਉਦੇਸ਼ ਨਾ ਸਿਰਫ ਅੰਮ੍ਰਿਤਸਰ ਨੂੰ ਆਰਥਿਕ ਅਤੇ ਉਦਯੋਗਿਕ ਵਿਕਾਸ ਦੇ ਲਿਹਾਜ਼ ਨਾਲ ਦੁਨੀਆ ਦੇ ਸਭ ਤੋਂ ਵਧੀਆ ਸ਼ਹਿਰਾਂ ਵਿਚੋਂ ਇਕ ਵਜੋਂ ਵਿਕਸਤ ਕਰਨਾ ਹੈ, ਸਗੋਂ ਇਸ ਸ਼ਹਿਰ ਨੂੰ ਵਿਸ਼ਵ ਵਿਚ ਸੈਰ ਸਪਾਟਾ ਸਥਾਨ ਵਜੋਂ ਵਿਕਸਤ ਕਰਨਾ ਹੈ।

## ਭਾਜਪਾ ਸਿੱਖ ਸੰਸਥਾਵਾਂ ਨੂੰ ਤੋੜਨ ਲੱਗੀ: ਜਗੀਰ ਕੌਰ

**ਜਲੰਧਰ:** ਇੱਥੇ ਜਲੰਧਰ ਲੋਕ ਸਭਾ ਹਲਕੇ ਦੇ ਪਿੰਡ ਪੰਡੋਰੀ ਨਿੱਝਰਾਂ ਵਿਚ ਅਕਾਲੀ ਦਲ ਦੇ ਉਮੀਦਵਾਰ ਮਹਿੰਦਰ ਸਿੰਘ ਕੇਪੀ ਦੇ ਹੱਕ ਵਿਚ ਕੀਤੀ ਮੀਟਿੰਗ ਨੂੰ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਸੰਬੋਧਨ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਆਰ.ਐਸ.ਐਸ. ਦੇ ਇਸ਼ਾਰੇ 'ਤੇ ਭਾਜਪਾ ਸਿੱਖ ਸੰਸਥਾਵਾਂ ਨੂੰ ਤੋੜ ਰਹੀ ਹੈ ਅਤੇ ਸਿੱਖ ਸੰਸਥਾਵਾਂ 'ਤੇ ਕਬਜ਼ੇ ਕਰੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹਰਿਆਣਾ ਵਿਚ ਕਾਂਗਰਸ ਨੇ ਜੋ ਵੱਖਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਉਣ ਦਾ ਮਤਾ ਪਾਸ ਕੀਤਾ ਸੀ, ਤਾਂ ਉਸ ਨੂੰ ਭਾਜਪਾ ਦੀ ਖੱਟਰ ਸਰਕਾਰ ਨੇ ਅਮਲੀ ਜਾਮਾ ਪਹਿਨਾਉਣ ਵਿਚ ਵੱਡੀ ਭੂਮਿਕਾ ਨਿਭਾਈ ਸੀ। ਇਸੇ ਤਰ੍ਹਾਂ ਤਖ਼ਤ ਸ੍ਰੀ ਹਜ਼ੂਰ ਸਾਹਿਬ 'ਤੇ ਕਬਜ਼ਾ ਕਰਨ ਦੀ ਨੀਅਤ ਨਾਲ ਉਸ ਦੇ ਪ੍ਰਬੰਧ ਵਿਚ ਤਬਦੀਲੀਆਂ ਕੀਤੀਆਂ ਗਈਆਂ ਸਨ। ਉਨ੍ਹਾਂ ਕਿਹਾ ਕਿ ਪਵਨ ਕੁਮਾਰ ਟੀਨੂੰ ਨੂੰ ਪਾਰਟੀ ਨੇ ਵੱਡੇ ਅਹੁਦੇ ਦਿੱਤੇ ਪਰ ਉਸ ਨੇ ਪਾਰਟੀ ਨੂੰ ਧੋਖਾ ਦਿੱਤਾ।

## ਸ਼ਰਧਾਲੂਆਂ ਲਈ ਗੁਰਦੁਆਰਾ ਹੇਮਕੁੰਟ ਸਾਹਿਬ ਦੇ ਕਿਵਾੜ ਖੋਲ੍ਹੇ



**ਅੰਮ੍ਰਿਤਸਰ:** ਉੱਤਰਾਖੰਡ ਵਿਖੇ 15 ਹਜ਼ਾਰ ਫੁੱਟ ਦੀ ਉਚਾਈ ਉਤੇ ਸਥਾਪਤ ਗੁਰਦੁਆਰਾ ਹੇਮਕੁੰਟ ਸਾਹਿਬ ਦੀ ਸਾਲਾਨਾ ਯਾਤਰਾ ਦੀ ਅਰੰਭਤਾ ਵਾਸਤੇ ਭਾਰਤੀ ਫੌਜ ਦੇ ਜਵਾਨਾਂ ਵੱਲੋਂ ਰਸਤੇ ਤਿਆਰ ਕਰਨ ਦੀ ਸ਼ੁਰੂ ਕੀਤੀ ਸੇਵਾ ਤਹਿਤ ਅਰਦਾਸ ਮਗਰੋਂ ਗੁਰਦੁਆਰੇ ਦੇ ਕਿਵਾੜ ਖੋਲ੍ਹੇ ਗਏ ਹਨ। ਗੁਰਦੁਆਰਾ ਹੇਮਕੁੰਟ ਸਾਹਿਬ ਦੇ ਆਲੇ ਦੁਆਲੇ 12 ਤੋਂ 15 ਫੁੱਟ ਬਰਫ ਹੈ ਅਤੇ ਸਰੋਵਰ ਜੰਮਿਆ ਹੋਇਆ ਹੈ।

ਗੁਰਦੁਆਰਾ ਹੇਮਕੁੰਟ ਸਾਹਿਬ ਮੈਨੇਜਮੈਂਟ ਟਰਸਟ ਦੇ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਨੇ ਦੱਸਿਆ ਭਾਰਤੀ ਫੌਜ ਦੇ ਜਵਾਨਾਂ ਅਤੇ ਗੁਰਦੁਆਰਾ ਸੇਵਾਦਾਰਾਂ ਦਾ ਦਲ ਗੁਰਦੁਆਰਾ ਹੇਮਕੁੰਟ ਸਾਹਿਬ ਪੁੱਜ ਗਿਆ, ਜਿਨ੍ਹਾਂ ਨੇ ਗੁਰਦੁਆਰੇ ਦੇ ਗੇਟ ਅੱਗੇ ਬਰਫ ਨੂੰ ਹਟਾਉਣ ਤੋਂ ਬਾਅਦ ਅਰਦਾਸ ਕਰਕੇ ਗੁਰਦੁਆਰੇ ਦੇ ਕਿਵਾੜ ਖੋਲੇ ਹਨ। 25 ਮਈ ਨੂੰ ਗੁਰਦੁਆਰੇ ਦੇ ਕਿਵਾੜ ਸੰਗਤ ਵਾਸਤੇ ਖੋਲ੍ਹੇ ਜਾਣਗੇ ਅਤੇ ਇਸ ਨਾਲ ਸਾਲਾਨਾ ਯਾਤਰਾ ਆਰੰਭ ਹੋ ਜਾਵੇਗੀ। ਭਾਰਤੀ ਫੌਜ ਦੇ ਜਵਾਨਾਂ ਨੇ ਭਰੋਸਾ ਦਿੱਤਾ ਹੈ ਕਿ 20 ਮਈ ਤੱਕ ਰਸਤਾ ਤਿਆਰ ਕਰਨ ਦਾ ਕੰਮ ਮੁਕੰਮਲ ਹੋ ਜਾਵੇਗਾ। ਗੁਰਦੁਆਰੇ ਦੇ ਕਿਵਾੜ ਖੋਲ੍ਹਣ ਤੋਂ ਬਾਅਦ ਬਰਫ ਹਟਾਉਣ ਦੀ ਸੇਵਾ ਕਰ ਰਹੇ ਦਲ ਵੱਲੋਂ ਪਹਿਲਾਂ ਗੁਰਦੁਆਰੇ ਦੇ ਆਲੇ ਦੁਆਲੇ ਬਰਫ ਨੂੰ ਹਟਾਇਆ ਜਾਵੇਗਾ ਅਤੇ ਫਿਰ ਇਹ ਸੇਵਾ ਦਲ ਦੋ ਹਿੱਸਿਆਂ ਵਿਚ ਵੰਡ ਕੇ ਰਸਤੇ ਤਿਆਰ ਕਰਨ ਦੀ ਸੇਵਾ ਕਰੇਗਾ।

ਬਰਫ ਹਟਾਉਣ ਅਤੇ ਰਸਤੇ ਤਿਆਰ ਕਰਨ ਦੀ ਸੇਵਾ ਵਿਚ ਭਾਰਤੀ ਫੌਜ ਦੇ 35 ਜਵਾਨ ਅਤੇ ਗੁਰਦੁਆਰੇ ਦੇ 15 ਸੇਵਾਦਾਰ ਲੱਗੇ ਹੋਏ ਹਨ, ਜਿਨ੍ਹਾਂ ਇਹ ਸੇਵਾ 22 ਅਪਰੈਲ ਨੂੰ ਸ਼ੁਰੂ ਕੀਤੀ ਸੀ। 22 ਮਈ ਨੂੰ ਗੁਰਦੁਆਰਾ ਰਿਸ਼ੀਕੇਸ਼ ਤੋਂ ਸਿੱਖ ਸੰਗਤ ਦਾ ਪਹਿਲਾ ਜੱਥਾ ਗੁਰਦੁਆਰਾ ਹੇਮਕੁੰਟ ਦੀ ਸਾਲਾਨਾ ਯਾਤਰਾ ਲਈ ਰਵਾਨਾ ਹੋਵੇਗਾ ਅਤੇ 25 ਮਈ ਨੂੰ ਗੁਰਦੁਆਰੇ ਦੇ ਕਪਾਟ ਸੰਗਤ ਵਾਸਤੇ ਖੋਲ੍ਹੇ ਜਾਣਗੇ।

## ਗੁਰੂ ਨਾਨਕ ਦੇਵ ਯੂਨੀਵਰਸਿਟੀ ਦੁਨੀਆ ਦੀਆਂ ਸਿਖਰਲੀਆਂ ਯੂਨੀਵਰਸਿਟੀਆਂ 'ਚ ਸ਼ੁਮਾਰ




**ਅੰਮ੍ਰਿਤਸਰ:** ਦੇਸ਼ ਲਈ ਇਹ ਮਾਣ ਵਾਲੀ ਗੱਲ ਹੈ ਕਿ ਕੌਮਾਂਤਰੀ ਵਿਦਿਆਰਥੀਆਂ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਸਰਵੋਤਮ ਯੂਨੀਵਰਸਿਟੀਆਂ ਦੀ ਵਿਸ਼ਵ ਰੈਂਕਿੰਗ 2024 ਵਿਚ ਦੁਨੀਆ ਭਰ ਦੀਆਂ ਚੋਟੀ ਦੀਆਂ 23 ਫੀਸਦ ਯੂਨੀਵਰਸਿਟੀਆਂ ਵਿੱਚ ਸ਼ੁਮਾਰ ਕੀਤਾ ਗਿਆ ਹੈ। ਸਟੱਡੀ ਅਬਰੌਡ ਏਡ ਵੱਲੋਂ ਵਿਸ਼ਵ ਦੀਆਂ 8032 ਯੂਨੀਵਰਸਿਟੀਆਂ ਦੇ ਕਰਵਾਏ ਗਏ ਸਰਵੇਖਣ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੂੰ ਉੱਚ-ਗੁਣਵੱਤਾ ਵਾਲੀ ਸਿੱਖਿਆ ਅਤੇ ਖਾਸ ਕਰਕੇ ਕੌਮਾਂਤਰੀ ਵਿਦਿਆਰਥੀਆਂ ਲਈ ਕਿਫਾਇਤੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਿਸ਼ਵ ਪੱਧਰ 'ਤੇ 1782 ਸਥਾਨ ਮਿਲਿਆ ਹੈ।

ਕੌਮਾਂਤਰੀ ਵਿਦਿਆਰਥੀਆਂ ਲਈ ਸਰਵੋਤਮ ਮੂਲ ਯੂਨੀਵਰਸਿਟੀ ਦਰਜਾਬੰਦੀ ਦੋ ਮੈਟ੍ਰਿਕਸ 'ਤੇ ਅਧਾਰਿਤ ਹੈ, ਜਿਨ੍ਹਾਂ ਵਿਚ ਅਕਾਦਮਿਕ ਗੁਣਵੱਤਾ, ਵੇਟੇਜ 75 ਫੀਸਦ ਅਤੇ ਬਾਕੀ 25 ਫੀਸਦ ਲਈ ਸਿੱਖਿਆ ਦੀ ਲਾਗਤ ਸ਼ਾਮਲ ਹੈ। ਏਜੰਸੀ ਅਨੁਸਾਰ ਵਿਸ਼ਵ ਯੂਨੀਵਰਸਿਟੀ ਰੈਂਕਿੰਗ 2024 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਦਿਆਰਥੀਆਂ ਦੇ ਬਹੁਪੱਖੀ ਵਿਕਾਸ, ਵਿਭਿੰਨਤਾ ਅਤੇ ਵਿਦਿਆਰਥੀ ਭਲਾਈ ਦੇ ਠੋਸ ਸਕਾਰਾਤਮਕ ਆਧਾਰਾਂ 'ਤੇ ਵਿਸ਼ਵ ਪੱਧਰ ਦੀਆਂ ਚੋਟੀ ਦੀਆਂ 27 ਫੀਸਦ ਯੂਨੀਵਰਸਿਟੀਆਂ ਵਿਚੋਂ ਇਕ ਹੈ ਅਤੇ ਇਹ ਉੱਤਰੀ ਖੇਤਰ (ਜੰਮੂ, ਕਸ਼ਮੀਰ, ਪੰਜਾਬ, ਹਰਿਆਣਾ, ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼) ਦੀ ਇਕੋ-ਇਕ ਬਹੁ ਅਨੁਸ਼ਾਸਨੀ ਰਾਜ ਯੂਨੀਵਰਸਿਟੀ ਹੈ।

ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਜਸਪਾਲ ਸਿੰਘ ਸੰਧੂ ਨੇ ਪਿਛਲੇ ਕੁੱਝ ਸਾਲਾਂ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਰੈਂਕਿੰਗ ਨੂੰ ਉੱਚਾ ਚੁੱਕਣ ਲਈ ਉੱਚ ਗੁਣਵੱਤਾ ਵਾਲੀਆਂ ਅਕਾਦਮਿਕ ਪਹਿਲਕਦਮੀਆਂ, ਫੈਕਲਟੀ ਦੀ ਉੱਚ ਪੱਧਰੀ ਖੋਜ ਅਤੇ ਵਿਦਿਆਰਥੀ ਅਨੁਕੂਲ ਕੈਂਪਸ ਵਰਗੇ ਪ੍ਰਮੁੱਖ ਕਾਰਕਾਂ ਨੂੰ ਸਹਾਈ ਮੰਨਿਆ ਹੈ। ਉੱਚ ਪਾਏ ਦੀ ਖੋਜ ਕਾਰਨ ਸਕੋਪਸ ਵਿਚ ਸਿਖਰਲੇ 10 ਫੀਸਦ ਖੋਜ ਪੱਤਰਾਂ ਦੇ ਹਵਾਲੇ ਨਾਲ ਯੂਨੀਵਰਸਿਟੀ ਦਾ ਐਚ ਇੰਡੈਕਸ 64 ਤੋਂ 145 ਤੱਕ ਪਹੁੰਚ ਗਿਆ ਹੈ। ਉਨ੍ਹਾਂ ਦੱਸਿਆ ਕਿ ਯੂਨੀਵਰਸਿਟੀ ਖੇਡਾਂ ਅਤੇ ਸੱਭਿਆਚਾਰਕ ਗਤੀਵਿਧੀਆਂ ਲਈ ਵੀ ਅਤਿ-ਆਧੁਨਿਕ ਵਾਤਾਵਰਣ ਪ੍ਰਦਾਨ ਕਰਦੀ ਹੈ ਅਤੇ ਰਾਸ਼ਟਰੀ ਯੁਵਕ ਮੇਲਿਆਂ ਵਿਚ ਚੋਟੀ ਦੀਆਂ ਪੁਜ਼ੀਸ਼ਨਾਂ ਦੇ ਨਾਲ ਰਿਕਾਰਡ 25 ਵਾਰ ਵੱਕਾਰੀ ਮੌਲਾਨਾ ਅਬੁਲ ਕਲਾਮ ਅਜ਼ਾਦ ਟਰਾਫੀ ਜਿੱਤਣਾ ਵੀ ਇਸ ਵਿੱਚ ਸ਼ਾਮਿਲ ਹੈ। ਯੂਨੀਵਰਸਿਟੀ ਦੇ ਫੈਕਲਟੀ ਮੈਂਬਰਾਂ ਅਤੇ ਸਟਾਫ਼ ਨੂੰ ਵਧਾਈ ਦਿੰਦਿਆਂ ਵਾਈਸ ਚਾਂਸਲਰ ਪ੍ਰੋ. ਸੰਧੂ ਨੇ ਕਿਹਾ ਕਿ ਯੂਨੀਵਰਸਿਟੀ ਪਰਿਵਾਰ ਦੇ ਸੁਹਿਰਦ ਯਤਨਾਂ ਸਦਕਾ 'ਵਰਸਿਟੀ ਨੇ ਦੇਸ਼-ਵਿਦੇਸ਼ ਵਿਚ ਨਾਮਣਾ ਖੱਟਿਆ ਹੈ।

**Punjab Times**
Established in 2000
25th Year in Publication

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Photographer**
Kamaljit Singh Virdi
Ph. 847-502-2703

**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**Detroit, MI**
Rajinder Syan
734-261-0936
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**


**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ਼ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਅਕਾਲੀ ਉਮੀਦਵਾਰ ਦਾ ਪਾਰਟੀ ਤੋਂ ਅਸਤੀਫ਼ਾ




**ਚੰਡੀਗੜ੍ਹ:** ਲੋਕ ਸਭਾ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਝਟਕਾ ਲੱਗਿਆ ਜਦੋਂ ਅਕਾਲੀ ਦਲ ਦੇ ਚੰਡੀਗੜ੍ਹ ਤੋਂ ਉਮੀਦਵਾਰ ਹਰਦੀਪ ਸਿੰਘ ਬੁਟੇਰਲਾ ਨੇ ਆਪਣੀ ਸਮੁੱਚੀ ਟੀਮ ਸਮੇਤ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਚੰਡੀਗੜ੍ਹ ਤੋਂ ਚੋਣ ਲੜਨ ਤੋਂ ਵੀ ਇਨਕਾਰ ਕਰਦਿਆਂ ਕਿਹਾ ਕਿ ਉਹ ਪਾਰਟੀ ਦੀ ਟਿਕਟ ਵਾਪਸ ਕਰ ਰਹੇ ਹਨ।

ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਹਰਦੀਪ ਸਿੰਘ ਬੁਟੇਰਲਾ ਨੇ ਦੱਸਿਆ ਕਿ ਉਹ ਚੰਡੀਗੜ੍ਹ ਨਗਰ ਨਿਗਮ ਦੇ ਵਾਰਡ ਨੰਬਰ 30 ਤੋਂ ਕੌਂਸਲਰ ਹਨ ਅਤੇ ਪਿਛਲੀਆਂ ਲਗਾਤਾਰ ਤਿੰਨ ਟਰਮਾਂ ਤੋਂ ਕੌਂਸਲਰ ਵਜੋਂ ਚੋਣ ਜਿੱਤਦੇ ਆ ਰਹੇ ਹਨ। ਅਕਾਲੀ ਦਲ ਨੇ ਉਨ੍ਹਾਂ ਦੀ ਮਿਹਨਤ, ਇਮਾਨਦਾਰੀ ਅਤੇ ਵਫ਼ਾਦਾਰੀ ਨੂੰ ਦੇਖਦੇ ਹੋਏ ਪਹਿਲਾਂ ਉਨ੍ਹਾਂ ਨੂੰ ਅਕਾਲੀ ਦਲ ਦਾ ਚੰਡੀਗੜ੍ਹ ਤੋਂ ਪ੍ਰਧਾਨ ਬਣਾਇਆ ਅਤੇ ਹੁਣ ਇਸ ਵਾਰ ਪਾਰਟੀ ਦੀ ਟਿਕਟ ਉਤੇ ਚੰਡੀਗੜ੍ਹ ਤੋਂ ਲੋਕ ਸਭਾ ਚੋਣਾਂ ਲਈ ਉਮੀਦਵਾਰ ਬਣਾਇਆ।

ਸ੍ਰੀ ਬੁਟੇਰਲਾ ਨੇ ਦੱਸਿਆ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਮੀਦਵਾਰ ਐਲਾਨਣ ਤੋਂ ਪਹਿਲਾਂ ਭਰੋਸਾ ਦਿੱਤਾ ਸੀ ਕਿ ਚੋਣ ਦਾ ਸਾਰਾ ਖਰਚਾ ਪਾਰਟੀ ਕਰੇਗੀ। ਹੁਣ ਜਦੋਂ ਉਹ ਚੋਣ ਪ੍ਰਚਾਰ ਵਿਚ ਚੰਗੀ ਤਰ੍ਹਾਂ ਖੁਭ ਚੁੱਕੇ ਹਨ ਤਾਂ ਪਾਰਟੀ ਨੇ ਹਾਲੇ ਤੱਕ ਕੋਈ ਅਤੇ ਕਿਸੇ ਤਰ੍ਹਾਂ ਦਾ ਖਰਚਾ ਨਹੀਂ ਕੀਤਾ। ਇਸ ਤੋਂ ਇਲਾਵਾ ਪਾਰਟੀ ਵਿਚਲੇ ਕੁਝ ਹੋਰ ਅਕਾਲੀ ਆਗੂ ਵੀ ਉਨ੍ਹਾਂ ਦੇ ਕੰਮ ਕਾਜ ਵਿਚ ਬੇਲੋੜੀ ਦਖ਼ਲਅੰਦਾਜ਼ੀ ਕਰਨ ਲੱਗ ਪਏ ਹਨ। ਉਨ੍ਹਾਂ ਕਿਹਾ ਕਿ ਉਹ ਸਾਧਾਰਨ ਪਰਿਵਾਰ ਨਾਲ ਸਬੰਧ ਰੱਖਦੇ ਹਨ ਅਤੇ ਇੰਨੇ ਵੱਡੇ ਖਰਚੇ ਨਹੀਂ ਕਰ ਸਕਦੇ। ਇਸ ਦੇ ਨਾਲ ਹੀ ਉਹ ਕਿਸੇ ਸਿਆਸੀ ਸਾਜਿਸ਼ ਤਹਿਤ ਕਿਸੇ ਦਾ ਹਥਠੋਕਾ ਨਹੀਂ ਬਣ ਸਕਦੇ।

# ਕਿਸਾਨਾਂ ਨੇ ਭਾਜਪਾ ਦੇ ਪੁਤਲੇ ਫੂਕੇ

**ਪਟਿਆਲਾ:** ਪਟਿਆਲਾ ਤੋਂ ਲੋਕ ਸਭਾ ਲਈ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਦੇ ਚੋਣ ਪ੍ਰੋਗਰਾਮ ਦੌਰਾਨ ਘਨੌਰ ਹਲਕੇ ਦੇ ਪਿੰਡ ਸੇਹਰਾ ਵਿਚ ਭਾਜਪਾ ਕਾਰਕੁਨਾਂ ਤੇ ਕਿਸਾਨਾਂ ਦਰਮਿਆਨ ਹੋਈ ਝੜਪ ਮੌਕੇ ਕਿਸਾਨ ਸੁਰਿੰਦਰਪਾਲ ਸਿੰਘ ਆਕੜੀ ਦੀ ਹੋਈ ਮੌਤ ਨੂੰ ਲੈ ਕੇ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਪੰਜਾਬ ਵੱਲੋਂ ਯੂਨੀਅਨ ਦੇ ਸੂਬਾਈ ਪ੍ਰਧਾਨ ਡਾ. ਦਰਸ਼ਨਪਾਲ ਦੀ ਅਗਵਾਈ ਹੇਠ 13 ਜ਼ਿਲ੍ਹਿਆਂ ਵਿਚ ਭਾਜਪਾ ਅਤੇ ਪ੍ਰਨੀਤ ਕੌਰ ਦੇ ਖ਼ਿਲਾਫ਼ ਪ੍ਰਦਰਸ਼ਨ ਕਰਦਿਆਂ ਪੁਤਲੇ ਸਾੜੇ ਗਏ। ਯੂਨੀਅਨ ਦੇ ਆਗੂ ਅਵਤਾਰ ਸਿੰਘ ਕੌਰਜੀਵਾਲਾ ਨੇ ਦੱਸਿਆ ਕਿ ਇਸੇ ਕੜੀ ਵਜੋਂ ਪਟਿਆਲਾ ਵਿਚ ਪ੍ਰਨੀਤ ਕੌਰ ਦਾ ਪੁਤਲਾ ਫੂਕਿਆ ਗਿਆ। ਯੂਨੀਅਨ ਦੇ ਸੂਬਾਈ ਪ੍ਰਧਾਨ ਡਾ. ਦਰਸ਼ਨਪਾਲ ਅਤੇ ਹੋਰ ਆਗੂਆਂ ਦਾ ਕਹਿਣਾ ਸੀ ਕਿ ਸੁਰਿੰਦਰਪਾਲ ਆਕੜੀ ਜਦੋਂ ਹੋਰ ਕਿਸਾਨਾਂ ਸਣੇ ਐਸ.ਕੇ.ਐਮ. ਵੱਲੋਂ ਭਾਜਪਾ ਉਮੀਦਵਾਰਾਂ ਤੋਂ ਸਵਾਲ ਪੁੱਛਣ ਦੇ ਦਿੱਤੇ ਪ੍ਰੋਗਰਾਮ ਤਹਿਤ ਪ੍ਰਨੀਤ ਕੌਰ ਖ਼ਿਲਾਫ਼ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ, ਤਾਂ ਪ੍ਰਨੀਤ ਕੌਰ ਦੇ ਸਮਰਥਕ ਹਰਵਿੰਦਰ ਸਿੰਘ ਹਰਪਾਲਪੁਰ ਨੇ ਉਸ ਨੂੰ ਧੱਕਾ ਮਾਰ ਕਾਰਨ ਉਸ ਦੀ ਮੌਤ ਹੋ ਗਈ। ਇਸੇ ਕਾਰਨ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਜ਼ਿਲ੍ਹਾ ਹੈੱਡਕੁਆਰਟਰਾਂ ਅਤੇ ਤਹਿਸੀਲਾਂ 'ਚ ਪ੍ਰਨੀਤ ਕੌਰ ਤੇ ਭਾਜਪਾ ਦੇ ਪੁਤਲੇ ਫੂਕੇ ਗਏ। ਉਨ੍ਹਾਂ ਮ੍ਰਿਤਕ ਕਿਸਾਨ ਦੇ ਪਰਿਵਾਰ ਨੂੰ ਮੁਆਵਜ਼ਾ ਤੇ ਪਰਿਵਾਰ ਦੇ ਮੈਂਬਰ ਨੂੰ ਸਰਕਾਰੀ ਨੌਕਰੀ ਦੇਣ ਸਣੇ ਮੁਲਜ਼ਮ ਹਰਵਿੰਦਰ ਹਰਪਾਲਪੁਰ ਦੀ ਤੁਰੰਤ ਗ੍ਰਿਫ਼ਤਾਰੀ ਦੀ ਮੰਗ ਵੀ ਕੀਤੀ।

# ਕੈਨੇਡਾ: ਖਾਲਿਸਤਾਨੀ ਪਰੇਡ 'ਚ ਭਾਰਤ ਖਿਲਾਫ਼ ਨਾਅਰੇਬਾਜ਼ੀ

**ਨਵੀਂ ਦਿੱਲੀ:** ਖਾਲਿਸਤਾਨ ਪੱਖੀਆਂ ਨੇ ਟੋਰਾਂਟੋ ਵਿਚ ਕੀਤੀ ਰੈਲੀ ਦੌਰਾਨ ਮੁੜ ਭਾਰਤ ਦੀ ਲੀਡਰਸ਼ਿਪ ਨੂੰ ਭੰਡਿਆ ਤੇ ਭੜਕਾਊ ਤਕਰੀਰਾਂ ਕੀਤੀਆਂ। ਇਸ ਤੋਂ ਪਹਿਲਾਂ ਪਿਛਲੇ ਐਤਵਾਰ ਵੀ ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਮੌਜੂਦਗੀ ਵਿਚ ਹਜੂਮ ਨੇ ਖਾਲਿਸਤਾਨ ਪੱਖੀ ਨਾਅਰੇ ਲਾਏ ਸਨ।

ਓਂਟਾਰੀਓ ਗੁਰਦੁਆਰਾ ਕਮੇਟੀ ਵੱਲੋਂ ਕੱਢੀ ਸਾਲਾਨਾ ਨਗਰ ਕੀਰਤਨ ਪਰੇਡ, ਜਿਸ ਦਾ ਰੂਟ 6 ਕਿਲੋਮੀਟਰ ਲੰਮਾ ਸੀ, ਦੇ ਰਾਹ ਵਿਚ ਭਾਰਤ ਖਿਲਾਫ਼ ਨਾਅਰੇਬਾਜ਼ੀ ਕੀਤੀ। ਇਸ ਦੌਰਾਨ ਇਕ ਝਾਕੀ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਸਲਾਖਾਂ ਪਿੱਛੇ ਡੱਕਿਆ ਦਿਖਾਇਆ ਗਿਆ ਹੈ। ਇਕ ਹੋਰ ਝਾਕੀ ਵਿਚ ਖਾਲਿਸਤਾਨ ਦਾ ਨਕਸ਼ਾ ਨਜ਼ਰ ਆਇਆ, ਜੋ ਖਾਲਿਸਤਾਨ ਦੇ ਮੁੱਦੇ 'ਤੇ ਹੋਣ ਵਾਲੀ ਆਗਾਮੀ ਰਾਇਸ਼ੁਮਾਰੀ ਵਿਚ ਵਡੇਰੀ ਸ਼ਮੂਲੀਅਤ ਦਾ ਸੱਦਾ ਦਿੰਦੀ ਸੀ। ਰਿਪੋਰਟਾਂ ਮੁਤਾਬਕ ਦਲ ਖਾਲਸਾ ਦੇ ਪਰਮਜੀਤ ਸਿੰਘ ਮੰਡ ਤੇ ਅਵਤਾਰ ਸਿੰਘ ਪੰਨੂ ਨੇ ਇਸ ਦੌਰਾਨ ਭੜਕਾਊ ਤਕਰੀਰਾਂ ਕੀਤੀਆਂ। ਭਾਰਤੀ ਸੁਰੱਖਿਆ ਏਜੰਸੀਆਂ ਨੇ ਇਨ੍ਹਾਂ ਦੋਵਾਂ ਨੂੰ ਦਹਿਸ਼ਤਗਰਦ ਐਲਾਨਿਆ ਹੋਇਆ ਹੈ। ਅਜਿਹੇ ਸਮਾਗਮਾਂ/ਰੈਲੀਆਂ ਵਿਚ ਅਕਸਰ ਸ਼ਮੂਲੀਅਤ ਕਰਨ ਵਾਲਾ ਸਿੱਖਜ਼ ਫ਼ਾਰ ਜਸਟਿਸ (ਐੱਸ.ਐੱਫ.ਜੇ.) ਦਾ ਮੁਖੀ ਗੁਰਪਤਵੰਤ ਸਿੰਘ ਪੰਨੂ ਇਸ ਮੌਕੇ ਨਜ਼ਰ ਨਹੀਂ ਆਇਆ। ਖਾਲਿਸਤਾਨੀ ਹਰਦੀਪ ਸਿੰਘ ਨਿੱਝਰ ਦੀ ਪਿਛਲੇ ਸਾਲ ਜੂਨ ਵਿਚ ਸਰੀ ਦੇ ਇਕ ਗੁਰਦੁਆਰੇ ਦੇ ਬਾਹਰ ਗੋਲੀਆਂ ਮਾਰ ਕੇ ਕੀਤੀ ਹੱਤਿਆ ਤੇ ਭਾਰਤੀ ਏਜੰਸੀਆਂ ਵੱਲੋਂ ਪੰਨੂ ਦੇ ਕਤਲ ਦੀ ਸਾਜ਼ਿਸ਼, ਜਿਸ ਨੂੰ ਅਮਰੀਕੀ ਏਜੰਸੀਆਂ ਨੇ ਨਾਕਾਮ ਕਰਨ ਦਾ ਦਾਅਵਾ ਕੀਤਾ ਸੀ, ਮਗਰੋਂ ਪੰਨੂ ਵੱਲੋਂ ਅਜਿਹੇ ਕਿਸੇ ਸਮਾਗਮ ਵਿਚ ਹਾਜ਼ਰੀ ਭਰਨ ਤੋਂ ਕੰਨੀ ਵੱਟੀ ਜਾ ਰਹੀ ਹੈ। ਟੋਰਾਂਟੋ ਵਿਚ ਇਹ ਸਾਲਾਨਾ ਨਗਰ ਕੀਰਤਨ ਪਰੇਡ ਅਜਿਹੇ ਮੌਕੇ ਕੱਢੀ ਗਈ ਹੈ ਜਦੋਂ ਇਸੇ ਹਫ਼ਤੇ ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਨਿੱਝਰ ਦੀ ਹੱਤਿਆ ਨਾਲ ਜੁੜੇ ਕੇਸ ਵਿਚ ਤਿੰਨ ਭਾਰਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਸਟੱਡੀ ਵੀਜ਼ੇ 'ਤੇ ਕੈਨੇਡਾ ਆਏ ਸਨ। ਕੈਨੇਡੀਅਨ ਮੀਡੀਆ ਵਿਚ ਛਪੀਆਂ ਰਿਪੋਰਟਾਂ ਮੁਤਾਬਕ ਗ੍ਰਿਫ਼ਤਾਰ ਕੀਤੇ ਤਿੰਨੋਂ ਨੌਜਵਾਨ ਗੈਂਗਸਟਰ ਲਾਰੈਂਸ ਬਿਸ਼ਨੋਈ ਗਰੋਹ ਨਾਲ ਸਬੰਧਤ ਹਨ। ਬਿਸ਼ਨੋਈ ਇਸ ਵੇਲੇ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਹੈ।

# ਸ਼ੁਭਕਰਨ ਮਾਮਲੇ ਵਿਚ ਕਿਸਾਨਾਂ ਦੇ ਬਿਆਨ ਦਰਜ

**ਚੰਡੀਗੜ੍ਹ:** ਪੰਜਾਬ ਹਰਿਆਣਾ ਦੀਆਂ ਹੱਦਾਂ ਉਤੇ ਚੱਲ ਰਹੇ ਕਿਸਾਨ ਅੰਦੋਲਨ ਦੌਰਾਨ ਪਿੰਡ ਬੱਲ੍ਹੋ (ਬਠਿੰਡਾ) ਦੇ ਨੌਜਵਾਨ ਕਿਸਾਨ ਸ਼ੁਭਕਰਨ ਦੀ ਮੌਤ ਦੀ ਜਾਂਚ ਲਈ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੀ ਸਾਬਕਾ ਜੱਜ ਜੈਸ੍ਰੀ ਠਾਕੁਰ ਦੀ ਅਗਵਾਈ ਹੇਠਲੀ ਕਮੇਟੀ ਨੇ ਚੰਡੀਗੜ੍ਹ ਦੇ ਕਿਸਾਨ ਭਵਨ ਵਿਚ ਕਿਸਾਨਾਂ ਦੇ ਬਿਆਨ ਦਰਜ ਕੀਤੇ।

ਕਮੇਟੀ ਵੱਲੋਂ ਕਿਸਾਨ ਆਗੂ ਅਭਿਮੰਨਿਊ ਕੋਹਾੜ ਤੇ ਪਿੰਡ ਬੱਲ੍ਹੋ ਦੇ ਗੁਰਪ੍ਰੀਤ ਸਿੰਘ ਦੇ ਬਿਆਨ ਲਏ ਗਏ। ਕਮੇਟੀ ਨੇ ਕਿਸਾਨਾਂ ਨੂੰ 20 ਮਈ ਨੂੰ ਮੁੜ ਸੱਦਿਆ ਹੈ। ਉਸ ਦਿਨ ਢਾਈ ਦਰਜਨ ਕਿਸਾਨਾਂ ਵੱਲੋਂ ਆਪਣੇ ਬਿਆਨਾਂ ਦੇ ਹਲਫ਼ਨਾਮੇ ਤੇ ਹੋਰ ਸਬੂਤ ਕਮੇਟੀ ਕੋਲ ਜਮ੍ਹਾਂ ਕਰਵਾਏ ਜਾਣਗੇ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਤੇ ਹੋਰ ਕਮੇਟੀ ਕੋਲ ਪਹੁੰਚੇ। ਕਮੇਟੀ ਵੱਲੋਂ ਦੋ ਜਣਿਆਂ ਨਾਲ ਢਾਈ ਘੰਟੇ ਗੱਲਬਾਤ ਕੀਤੀ ਗਈ। ਇਸ ਦੌਰਾਨ ਕਿਸਾਨ ਆਗੂਆਂ ਨੇ ਪੰਜਾਬ ਤੇ ਹਰਿਆਣਾ ਹੱਦ 'ਤੇ ਹਰਿਆਣਾ ਪੁਲਿਸ ਦੀਆਂ ਵਧੀਕੀਆਂ ਬਾਰੇ ਜਾਣੂ ਕਰਵਾਇਆ।

ਕਿਸਾਨੀ ਸੰਘਰਸ਼ ਦੌਰਾਨ 21 ਫਰਵਰੀ ਨੂੰ ਢਾਬੀਗੁੱਜਰਾਂ ਬਾਰਡਰ 'ਤੇ ਸਿਰ 'ਚ ਗੋਲੀ ਲੱਗਣ ਕਾਰਨ ਸ਼ਹੀਦ ਹੋਏ ਨੌਜਵਾਨ ਕਿਸਾਨ ਸ਼ੁਭਕਰਨ ਸਿੰਘ ਬੱਲੋ ਦੇ ਪਰਿਵਾਰ ਨੂੰ 'ਕਾਮਰੇਡ ਹਰਦੇਵ ਸਿੰਘ ਟਰੱਸਟ' ਵੱਲੋਂ ਸੁਪਰੀਮ ਕੋਰਟ ਦੇ ਵਕੀਲ ਸਵਰਗੀ ਹਰਦੇਵ ਸਿੰਘ ਦੀ ਪਤਨੀ ਮਨਜੀਤ ਹਰਦੇਵ ਸਿੰਘ ਨੇ ਇਕ ਲੱਖ ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਹੈ। ਇਕ ਲੱਖ ਰੁਪਏ ਦਾ ਚੈੱਕ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਸੇਵਾਮੁਕਤ ਪ੍ਰੋਫੈਸਰ ਅਤੇ ਟਰੱਸਟ ਦੇ ਚੇਅਰਮੈਨ ਡਾ. ਬਲਵਿੰਦਰ ਟਿਵਾਣਾ ਨੇ ਸ਼ੁਭਕਰਨ ਦੇ ਪਿਤਾ ਚਰਨਜੀਤ ਸਿੰਘ ਤੇ ਭੈਣ ਗੁਰਪ੍ਰੀਤ ਕੌਰ ਨੂੰ ਸੌਂਪਿਆ।

# ਕੈਨੇਡਾ: ਜਾਂਚ ਕਮਿਸ਼ਨ ਵੱਲੋਂ ਚੋਣਾਂ 'ਚ ਵਿਦੇਸ਼ੀ ਦਖ਼ਲ 'ਤੇ ਫਿਕਰਮੰਦੀ

**ਵੈਨਕੂਵਰ:** ਕੈਨੇਡਾ ਦੀਆਂ 2019 ਤੇ 2021 ਦੀਆਂ ਫੈਡਰਲ ਚੋਣਾਂ ਉਤੇ ਵਿਦੇਸ਼ੀ ਦਖਲ ਦੀਆਂ ਉਂਗਲਾਂ ਉੱਠਣ ਤੋਂ ਬਾਅਦ 7 ਸਤੰਬਰ 2023 ਨੂੰ ਜਸਟਿਸ ਮੈਰੀ ਜੋਸ ਹੋਗ ਦੀ ਅਗਵਾਈ 'ਚ ਨਿਯੁਕਤ ਹੋਏ ਜਾਂਚ ਕਮਿਸ਼ਨ ਨੇ ਆਪਣੀ ਰਿਪੋਰਟ 'ਚ ਵਿਦੇਸ਼ੀ ਦਖਲ ਦੀਆਂ ਪਰਤਾਂ ਖੋਲ੍ਹਦਿਆਂ ਇਸ ਨੂੰ ਕੈਨੇਡੀਅਨ ਸਿਸਟਮ ਉਤੇ ਕਾਲਾ ਧੱਬਾ ਕਰਾਰ ਦਿੱਤਾ ਹੈ। ਕਮਿਸ਼ਨ ਨੇ ਕੈਨੇਡੀਅਨ ਚੋਣਾਂ ਵਿਚ ਦਿਲਚਸਪੀ ਲੈ ਕੇ ਅੰਦਰਖਾਤੇ ਭੂਮਿਕਾ ਨਿਭਾਉਣ ਵਾਲੇ ਹੋਰ ਦੇਸ਼ਾਂ ਦੇ ਨਾਂ ਲਿਖਣ ਤੋਂ ਗੁਰੇਜ਼ ਕੀਤਾ ਹੈ ਪ੍ਰੰਤੂ ਚੀਨ ਤੇ ਵਰ੍ਹਦਿਆਂ ਕਿਹਾ ਕਿ ਬੇਸ਼ੱਕ ਉਸ ਦੀ ਭੂਮਿਕਾ ਨੇ ਨਤੀਜਿਆਂ ਨੂੰ ਬਹੁਤਾ ਪ੍ਰਭਾਵਿਤ ਨਹੀਂ ਛੱਡਿਆ ਪਰ ਇਸ ਰੁਝਾਨ ਨੂੰ ਇੱਥੇ ਹੀ ਨੱਥ ਪਾਉਣ ਦੀ ਲੋੜ ਹੈ।

ਇਸ ਲਈ ਸਰਕਾਰ ਨੂੰ ਗੰਭੀਰ ਕਦਮ ਚੁੱਕਣੇ ਚਾਹੀਦੇ ਹਨ। ਕਮਿਸ਼ਨ ਨੇ ਕੁਝ ਖਾਸ ਹਲਕਿਆਂ ਦਾ ਜ਼ਿਕਰ ਕਰਦਿਆਂ ਉਥੇ ਵੱਸਦੇ ਵਿਦੇਸ਼ੀ ਮੂਲ ਦੇ ਭਾਈਚਾਰਿਆਂ ਨੂੰ ਪ੍ਰਭਾਵਿਤ ਕੀਤੇ ਜਾਣ ਵਾਲੀਆਂ ਰਿਕਾਰਡ 'ਤੇ ਲਈਆਂ ਗਵਾਹੀਆਂ ਦੀ ਡੂੰਘੀ ਘੋਖ ਕਰਦਿਆਂ ਕਿਹਾ ਕਿ ਬਾਹਰਲੇ ਮੁਲਕਾਂ ਦੀਆਂ ਸਰਕਾਰਾਂ ਵਲੋਂ ਮਨਮਰਜ਼ੀ ਦੇ ਲੋਕਾਂ ਨੂੰ ਜਿਤਾਉਣ ਲਈ ਮਨੁੱਖੀ ਮਾਨਸਿਕਤਾ ਨੂੰ ਟੂਲ ਬਣਾ ਕੇ ਵਰਤਣ ਦੇ ਯਤਨ ਕੀਤੇ ਗਏ। ਕਮਿਸ਼ਨ ਨੇ ਬਾਹਰਲੇ ਮੁਲਕਾਂ ਵਲੋਂ ਵੋਟਰਾਂ ਨੂੰ ਭਰਮਾਉਣ ਲਈ ਪੈਸੇ ਦੀ ਵਰਤੋਂ ਨਾ ਹੋਣ 'ਤੇ ਤਸੱਲੀ ਦਾ ਪ੍ਰਗਟਾਵਾ ਕੀਤਾ। ਕਮਿਸ਼ਨ ਨੇ ਪ੍ਰਧਾਨ ਮੰਤਰੀ ਵਲੋਂ 2017 ਵਿਚ ਆਪੇ ਬਣਾਈ ਜਾਂਚ ਕਮੇਟੀ ਦੀ ਰਿਪੋਰਟ ਵਿਚ ਚੀਨ ਦੀ ਦਖਲਅੰਦਾਜ਼ੀ ਤੇ ਫਿਰ ਖੁਫੀਆਤੰਤਰ ਵਲੋਂ ਖਬਰਦਾਰ ਕੀਤੇ ਜਾਣ ਨੂੰ ਅਣਗੌਲਿਆ ਕੀਤੇ ਜਾਣ ਨੂੰ ਮੰਦਭਾਗਾ ਕਹਿੰਦਿਆਂ ਅੱਗੇ ਤੋਂ ਚੌਕਸ ਰਹਿਣ ਲਈ ਕਿਹਾ।

# ਹਰਦੀਪ ਸਿੰਘ ਨਿੱਝਰ ਹੱਤਿਆ ਮਾਮਲਾ ਮੁੜ ਭਖਿਆ

*(ਪਹਿਲੇ ਸਫੇ ਦੀ ਬਾਕੀ)*

ਨਾਗਰਿਕ ਦਾ ਕੈਨੇਡਾ ਦੀ ਧਰਤੀ ਉਤੇ ਕਤਲ ਕਰਵਾ ਦਿੱਤਾ, ਉਹ ਵੀ ਧਾਰਮਿਕ ਸਥਾਨ 'ਤੇ। ਇਸ ਮਾਮਲੇ ਵਿੱਚ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਜੇ ਕੋਈ ਭਾਰਤੀ ਏਜੰਟ ਜਾਂ ਭਾਰਤ ਸਰਕਾਰ ਦਾ ਵਿਅਕਤੀ ਇਸ ਮਾਮਲੇ ਵਿਚ ਸ਼ਾਮਲ ਹੋਇਆ ਤਾਂ ਉਸ ਵਿਰੁੱਧ ਕੈਨੇਡਾ ਦੇ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇ।"

ਇਸੇ ਦੌਰਾਨ ਦਲ ਖ਼ਾਲਸਾ ਨੇ ਪਾਕਿਸਤਾਨ ਵਿਚ ਕਤਲ ਕੀਤੇ ਗਏ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਪਰਮਜੀਤ ਸਿੰਘ ਪੰਜਵੜ ਦੀ ਪਹਿਲੀ ਬਰਸੀ ਮੌਕੇ ਸ਼ਰਧਾਂਜਲੀ ਭੇਟ ਕਰਦਿਆਂ ਪਾਕਿਸਤਾਨ ਸਰਕਾਰ ਤੋਂ ਮੰਗ ਕੀਤੀ ਕਿ ਉਹ ਪਰਮਜੀਤ ਸਿੰਘ ਪੰਜਵੜ ਦੇ ਕਾਤਲਾਂ ਨੂੰ ਤੁਰੰਤ ਗ੍ਰਿਫ਼ਤਾਰ ਕਰ ਕੇ ਸਜ਼ਾ ਦੇਵੇ। ਦਲ ਖ਼ਾਲਸਾ ਦੇ ਪ੍ਰਧਾਨ ਹਰਪਾਲ ਸਿੰਘ ਚੀਮਾ ਅਤੇ ਕੰਵਰਪਾਲ ਸਿੰਘ ਨੇ ਕਿਹਾ ਕਿ ਪੰਥ ਦੇ ਦੁਸ਼ਮਣਾਂ ਨੇ ਪਿਛਲੇ ਵਰ੍ਹੇ 6 ਮਈ ਨੂੰ ਲਾਹੌਰ ਦੇ ਪਾਰਕ ਵਿਚ ਪੰਜਵੜ ਨੂੰ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਸੀ। ਉਨ੍ਹਾਂ ਦੋਸ਼ ਲਾਇਆ ਕਿ ਸਰਹੱਦ ਪਾਰ ਹੋਏ ਕਤਲ ਪਿੱਛੇ ਭਾਰਤ ਸਰਕਾਰ ਦਾ ਹੱਥ ਹੈ।

ਉਧਰ, ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੁਲਕ ਵਿਚ ਸਿੱਖਾਂ ਦੇ ਯੋਗਦਾਨ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਵੱਡੀ ਗਿਣਤੀ ਸਿੱਖਾਂ ਦਾ ਕੈਨੇਡਾ ਵਿਚ ਹੋਣਾ ਦੇਸ਼ ਲਈ ਫ਼ਖਰ ਵਾਲੀ ਗੱਲ ਹੈ। ਸਰਕਾਰ ਵੱਲੋਂ ਸਿੱਖ ਆਰਟ ਗੈਲਰੀ ਉੱਤੇ ਕੀਤਾ ਜਾਣ ਵਾਲਾ ਨਿਵੇਸ਼ ਸਿੱਖਾਂ ਵੱਲੋਂ ਕੈਨੇਡਾ ਨੂੰ ਮਜ਼ਬੂਤ, ਖੁਸ਼ਹਾਲ ਤੇ ਅਨੇਕਤਾ 'ਚ ਏਕਤਾ ਵਾਲਾ ਬਣਾਉਣ ਵਿਚ ਪਾਏ ਯੋਗਦਾਨ ਨੂੰ ਉਭਾਰਨ ਦਾ ਨਿੱਕਾ ਜਿਹਾ ਯਤਨ ਹੈ।

ਪ੍ਰਧਾਨ ਮੰਤਰੀ ਦਫ਼ਤਰ ਵੱਲੋਂ ਜਾਰੀ ਪੱਤਰ ਵਿਚ ਕਿਹਾ ਗਿਆ ਕਿ ਸਿੱਖ ਵਿਰਸੇ ਦੀ ਸੰਭਾਲ ਲਈ ਓਂਟਾਰੀਓ ਵਿਚਲੇ ਰੌਇਲ ਅਜਾਇਬ ਘਰ ਵਿਚ ਵਿਸ਼ਵ ਸਿੱਖ ਕਲਾ ਤੇ ਸਭਿਆਚਾਰ ਗੈਲਰੀ (ਗਲੋਬਲ ਸਿੱਖ ਆਰਟ ਐਂਡ ਕਲਚਰ ਗੈਲਰੀ) ਦੀ ਸਥਾਪਨਾ ਲਈ 60 ਲੱਖ ਡਾਲਰ ਦੀ ਵਿਵਸਥਾ ਕੀਤੀ ਗਈ ਹੈ ਜਿਸ ਲਈ ਸਿੱਖ ਆਰਟ ਐਂਡ ਕਲਚਰ ਫਾਊਂਡੇਸ਼ਨ ਦੀ ਅਗਵਾਈ ਤੇ ਸਹਿਯੋਗ ਲਿਆ ਜਾਵੇਗਾ। ਬ੍ਰਿਟਿਸ਼ ਕੋਲੰਬੀਆ ਦੀ ਇੰਡਸ ਮੀਡੀਆ ਫਾਊਂਡੇਸ਼ਨ ਨੂੰ 18 ਲੱਖ ਡਾਲਰ ਦੀ ਮਦਦ ਦੇ ਕੇ ਪਹਿਲੀ ਤੇ ਦੂਜੀ ਆਲਮੀ ਜੰਗ ਵਿਚ ਕੈਨੇਡੀਅਨ ਤੇ ਸਿੱਖ ਸੂਰਬੀਰ ਫੌਜੀਆਂ ਦੇ ਜਾਂਬਾਜ਼ ਕਾਰਨਾਮਿਆਂ ਤੇ ਬਹਾਦਰੀ ਨਾਲ ਜੁੜਣ ਬਾਰੇ ਫਿਲਮ ਬਣਾਈ ਜਾਏਗੀ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਆਪਣੇ ਪੁਰਖਿਆਂ ਬਾਰੇ ਜਾਨਣ ਅਤੇ ਉਨ੍ਹਾਂ ਉਤੇ ਫਖਰ ਮਹਿਸੂਸ ਕਰ ਸਕਣ। ਟਰੂਡੋ ਨੇ ਕਿਹਾ ਕਿ ਕੈਨੇਡੀਅਨ ਸਿੱਖਾਂ ਦੀ ਕਹਾਣੀ ਅਤੇ ਕੈਨੇਡਾ ਦੀ ਕਹਾਣੀ ਵਿਚ ਇੰਨੀ ਇਕਸਾਰਤਾ ਹੈ ਕਿ ਦੋਹਾਂ ਦਾ ਨਿਖੇੜਾ ਨਹੀਂ ਕੀਤਾ ਜਾ ਸਕਦਾ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ ਸਿੰਘ ਕਲੇਰ

ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ

ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ‘ਪੰਜਾਬ ਟਾਈਮਜ਼’ ਦੀ 25ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ!



ਅਜੇ ਤਨਵੀਰ

ਮੈਂ ‘ਪੰਜਾਬ ਟਾਈਮਜ਼’ ਦਾ ਪਾਠਕ ਹਾਂ। ‘ਪੰਜਾਬ ਟਾਈਮਜ਼’ ਨਾਲ ਮੋਹ ਜਿਹਾ ਹੋ ਗਿਆ ਹੈ। ਹਰ ਬੁੱਧਵਾਰ ਸਵੇਰੇ ਨੌਂ ਵੱਜਣ ਦੀ ਹੀ ਉਡੀਕ ਰਹਿੰਦੀ ਹੈ। ‘ਪੰਜਾਬ ਟਾਈਮਜ਼’ ਇਕੱਲੀਆਂ ਖ਼ਬਰਾਂ ਲਈ ਨਹੀਂ ਪੜ੍ਹਿਆ ਜਾਂਦਾ; ਖਬਰਾਂ ਦਾ ਵਿਸ਼ਲੇਸ਼ਣ, ਨਿਰਪੱਖ ਆਲੋਚਨਾ ਅਤੇ ਸਾਰ, ਕਿਸੇ ਨਾ ਕਿਸੇ ਰੂਪ ਵਿਚ ਮਿਲ ਜਾਂਦਾ ਹੈ। ਗੱਲ ਕੀ, ‘ਪੰਜਾਬ ਟਾਈਮਜ਼’ ਵਿਚ ਹਰ ਵੰਨਗੀ ਪੜ੍ਹਨ ਨੂੰ ਮਿਲਦੀ ਹੈ। ਮੈਂ ‘ਪੰਜਾਬ ਟਾਈਮਜ਼’ ਦੇ ਸਾਰੇ ਸਟਾਫ਼, ਲੇਖਕਾਂ ਤੇ ਪਾਠਕਾਂ ਨੂੰ ਇਸ ਦੇ 25ਵੀਂ ਵਰ੍ਹੇਗੰਢ ਸਮਾਗਮ ‘ਤੇ ਵਧਾਈ ਦਿੰਦਾ ਹਾਂ ਤੇ ਅਦਾਰੇ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦਾ ਹਾਂ। ਅਰਦਾਸ ਕਰਦਾ ਹਾਂ ਕਿ ਪੰਜਾਬੀ ਪੱਤਰਕਾਰੀ ਨੂੰ ਵਿਦੇਸ਼ ਵਿਚ ਇਤਨਾ ਉਚਾ ਚੁੱਕਣ ਵਾਲੇ ਸੰਪਾਦਕ ਮਰਹੂਮ ਅਮੋਲਕ ਸਿੰਘ ਜੰਮੂ ਦੀ ਸਾਥਣ ਜਸਪ੍ਰੀਤ ਕੌਰ ਦੀ ਪਰਬਤ ਜਿੱਡੀ ਹਿੰਮਤ ਇਸੇ ਤਰ੍ਹਾਂ ਬਰਕਰਾਰ ਰਹੇ।


# ‘ਪੰਜਾਬ ਟਾਈਮਜ਼’ ਪਰਿਵਾਰ ਨੂੰ 25ਵੀਂ ਵਰ੍ਹੇਗੰਢ ਦੀਆਂ ਲੱਖ ਲੱਖ ਵਧਾਈਆਂ!

‘ਪੰਜਾਬ ਟਾਈਮਜ਼’, ਜੋ ਪਿਛਲੇ 25 ਵਰ੍ਹਿਆਂ ਤੋਂ ਪੰਜਾਬੀ ਭਾਈਚਾਰੇ ਅਤੇ ਮਾਂ ਬੋਲੀ ਦੀ ਸੇਵਾ ਕਰ ਰਿਹਾ ਹੈ, ਦੇ ਸਮੂਹ ਪਾਠਕਾਂ ਨੂੰ ਰਾਜਾ ਸਵੀਟਸ ਐਂਡ ਕੇਟਰਿੰਗ ਵਲੋਂ 25ਵੀਂ ਵਰ੍ਹੇਗੰਢ ਦੀਆਂ ਬਹੁਤ-ਬਹੁਤ ਮੁਬਾਰਕਾਂ। ਅਸੀਂ ਪੰਜਾਬ ਟਾਈਮਜ਼ ਨੂੰ ਹਮੇਸ਼ਾ ਸਹਿਯੋਗ ਦਿੰਦੇ ਰਹਾਂਗੇ।



ਮੱਖਣ ਸਿੰਘ ਬੈਂਸ ਤੇ ਰਵਿੰਦਰ ਸਿੰਘ

Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com

# ਮੂਸੇਵਾਲਾ ਦੀ ਸੁਰੱਖਿਆ 'ਚ ਕਟੌਤੀ ਮਾਮਲੇ 'ਤੇ ਸਰਕਾਰ ਮੁੜ ਘਿਰੀ





**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਵੱਲੋਂ ਇਕ ਕੇਸ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਵਿਚ ਸਿੱਧੂ ਮੂਸੇਵਾਲਾ ਦਾ ਕਤਲ ਉਸ ਦੀ ਸੁਰੱਖਿਆ ਘਟਾਉਣ ਕਾਰਨ ਹੋਣ ਬਾਰੇ ਦਿੱਤੀ ਦਲੀਲ ਪਿੱਛੋਂ ਇਹ ਮਾਮਲਾ ਮੁੜ ਭਖ ਗਿਆ ਹੈ। ਇਸ ਪਿੱਛੋਂ ਵਿਰੋਧੀ ਧਿਰਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਘੇਰ ਲਿਆ ਹੈ।

ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਕਿਹਾ ਕਿ ਸੁਪਰੀਮ ਕੋਰਟ ਵਿਚ ਪੰਜਾਬ ਦੇ ਐਡਵੋਕੇਟ ਜਨਰਲ ਨੇ ਇਹ ਕਬੂਲਿਆ ਹੈ ਕਿ 'ਆਪ' ਸਰਕਾਰ ਵੱਲੋਂ ਉੱਘੇ ਗਾਇਕ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਵਿਚ ਕੀਤੀ ਕਟੌਤੀ ਹੀ ਉਸ ਦੀ ਮੌਤ ਦਾ ਕਾਰਨ ਬਣੀ ਹੈ ਜਿਸ ਕਰ ਕੇ ਹੁਣ ਮੁੱਖ ਮੰਤਰੀ ਤੇ ਉਨ੍ਹਾਂ ਦੇ ਸਲਾਹਕਾਰ ਬਲਤੇਜ ਪੰਨੂ ਖ਼ਿਲਾਫ਼ ਕਤਲ ਦਾ ਕੇਸ ਦਰਜ ਹੋਣਾ ਚਾਹੀਦਾ ਹੈ।

ਸ੍ਰੀ ਮਜੀਠੀਆ ਨੇ ਕਿਹਾ ਕਿ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਗੈਰੀ ਨੇ ਇਹ ਗੱਲ ਮੁੱਖ ਮੰਤਰੀ ਦੇ ਘਰ ਦੇ ਸਾਹਮਣੇ ਵਾਲੀ ਸੜਕ ਖੋਲ੍ਹਣ ਦੇ ਹਾਈ ਕੋਰਟ ਦੇ ਹੁਕਮਾਂ ਖ਼ਿਲਾਫ਼ ਸੁਪਰੀਮ ਕੋਰਟ ਵਿਚ ਪਾਈ ਪਟੀਸ਼ਨ ਦੀ ਸੁਣਵਾਈ ਦੌਰਾਨ ਕਬੂਲੀ ਹੈ। ਉਹ ਇਹ ਦਲੀਲ ਦੇ ਰਹੇ ਸਨ ਕਿ ਮੁੱਖ ਮੰਤਰੀ ਦੀ ਰਿਹਾਇਸ਼ ਦੇ ਸਾਹਮਣੇ ਵਾਲੀ ਸੜਕ ਸੁਰੱਖਿਆ ਕਾਰਨਾਂ ਕਰ ਕੇ ਬੰਦ ਹੀ ਰਹਿਣ ਦਿੱਤੀ ਜਾਵੇ। ਹੁਣ ਤੱਕ ਮੂਸੇਵਾਲਾ ਦੇ ਮਾਪੇ ਜੋ ਗੱਲ ਕਹਿ ਰਹੇ ਸਨ, ਉਹ ਹੁਣ ਸਰਕਾਰੀ ਤੌਰ 'ਤੇ ਕਬੂਲ ਲਈ ਗਈ ਹੈ।

ਸਾਬਕਾ ਮੁੱਖ ਮੰਤਰੀ ਤੇ ਜਲੰਧਰ ਲੋਕ ਸਭਾ ਹਲਕੇ ਤੋਂ ਕਾਂਗਰਸ ਦੇ ਉਮੀਦਵਾਰ ਚਰਨਜੀਤ ਸਿੰਘ ਚੰਨੀ ਨੇ ਪੰਜਾਬ ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਘਟਾਉਣ ਬਾਰੇ ਜਾਣਕਾਰੀ ਜਨਤਕ ਕਰਨ ਵਾਲਿਆਂ ਨੂੰ ਮੁਲਜ਼ਮਾਂ ਵਜੋਂ ਨਾਮਜ਼ਦ ਕੀਤਾ ਜਾਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਉਹ ਸਿੱਧੂ ਮੂਸੇਵਾਲਾ ਕਤਲ ਕਾਂਡ ਬਾਰੇ ਕਿਸੇ ਤਰ੍ਹਾਂ ਦੀ ਰਾਜਨੀਤੀ ਨਹੀਂ ਕਰ ਰਹੇ ਪਰ ਸੂਬਾ ਸਰਕਾਰ ਦੇ ਜ਼ਿੰਮੇਵਾਰ ਅਧਿਕਾਰੀਆਂ ਦੀ ਲਾਪਰਵਾਹੀ ਕਾਰਨ ਪੰਜਾਬ ਨੇ ਹੋਣਹਾਰ ਗੱਭਰੂ ਗੁਆ ਲਿਆ ਹੈ। ਚੰਨੀ ਨੇ ਕਿਹਾ ਕਿ ਸੁਪਰੀਮ ਕੋਰਟ ਵਿਚ ਪੰਜਾਬ ਦੇ ਐਡਵੋਕੇਟ ਅਟਾਰਨੀ ਜਨਰਲ ਨੇ ਸਾਫ਼ ਕਰ ਦਿੱਤਾ ਹੈ ਕਿ ਸਿੱਧੂ ਮੂਸੇਵਾਲਾ ਦਾ ਕਤਲ ਸੁਰੱਖਿਆ ਵਾਪਸ ਲੈਣ ਕਾਰਨ ਹੀ ਹੋਇਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਤੇ ਉਨ੍ਹਾਂ ਦੇ ਸਾਥੀਆਂ ਦੀ ਸਿੱਧੂ ਮੂਸੇਵਾਲਾ ਦਾ ਕਤਲ ਕਰਨ ਵਾਲੇ ਗੈਂਗਸਟਰਾਂ ਨਾਲ ਮਿਲੀਭੁਗਤ ਬਾਰੇ ਸਿਟ ਕੋਲੋਂ ਜਾਂਚ ਕਰਵਾਈ ਜਾਣੀ ਚਾਹੀਦੀ ਹੈ।

ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੇ ਕੇਸ ਦੀ ਸੁਣਵਾਈ ਦੌਰਾਨ ਸੁਪਰੀਮ ਕੋਰਟ ਵਿਚ ਦੱਸਿਆ ਕਿ ਸਿੱਧੂ ਮੂਸੇਵਾਲਾ ਦਾ ਕਤਲ ਉਸ ਦੀ ਸੁਰੱਖਿਆ ਘਟਾਉਣ ਕਾਰਨ ਹੋਇਆ ਸੀ। ਜਾਖੜ ਨੇ ਕਿਹਾ ਕਿ ਹੁਣ ਭਗਵੰਤ ਮਾਨ ਸਿੱਧੂ ਕਤਲ ਕਾਂਡ ਦੀ ਬਣ ਗਈ ਜ਼ਿੰਮੇਵਾਰੀ ਤੋਂ ਭੱਜ ਨਹੀਂ ਸਕਦੇ। ਮੁੱਖ ਮੰਤਰੀ ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਦੋਸ਼ੀਆਂ 'ਚ ਸਿੱਧੇ ਤੌਰ 'ਤੇ ਸ਼ਾਮਲ ਹੋ ਗਏ ਹਨ। ਜਾਖੜ ਨੇ ਕਿਹਾ ਕਿ ਭਗਵੰਤ ਮਾਨ ਸੂਬੇ ਦੀ ਸੁਰੱਖਿਆ ਵਿਵਸਥਾ ਸੰਭਾਲਣ 'ਚ ਨਾਕਾਮਯਾਬ ਰਹੇ ਹਨ।

## ਸਰਕਾਰ ਨੇ ਮੰਨਿਆ ਕਿ ਮੌਤ ਸੁਰੱਖਿਆ ਘਟਾਉਣ ਕਾਰਨ ਹੋਈ: ਬਲਕੌਰ ਸਿੰਘ

**ਮਾਨਸਾ:** ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਕਿਹਾ ਕਿ ਜੇਕਰ ਪੰਜਾਬ ਸਰਕਾਰ ਮੰਨਦੀ ਹੈ ਕਿ ਉਸ ਦੇ ਪੁੱਤਰ ਦੀ ਮੌਤ ਸੁਰੱਖਿਆ ਘਟਾਉਣ ਕਾਰਨ ਹੋਈ ਹੈ ਤਾਂ ਇਸ ਦੇ ਲਈ ਜ਼ਿੰਮੇਵਾਰ ਲੋਕਾਂ ਖ਼ਿਲਾਫ਼ ਕਾਰਵਾਈ ਹੋਣੀ ਚਾਹੀਦੀ ਹੈ। ਜ਼ਿਕਰਯੋਗ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਦੀ ਚੰਡੀਗੜ੍ਹ ਵਿਚਲੀ ਰਿਹਾਇਸ਼ੀ ਨੇੜੇ ਸੜਕ ਖੋਲ੍ਹਣ ਸਬੰਧੀ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹੁਕਮ ਖ਼ਿਲਾਫ਼ ਦਾਇਰ ਪਟੀਸ਼ਨ 'ਤੇ ਸੁਪਰੀਮ ਕੋਰਟ 'ਚ ਸੁਣਵਾਈ ਦੌਰਾਨ ਪੰਜਾਬ ਦੇ ਐਡਵੋਕੇਟ ਜਨਰਲ ਗੁਰਮਿੰਦਰ ਸਿੰਘ ਨੇ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਉਸ ਦੀ ਸੁਰੱਖਿਆ ਘੱਟ ਕੀਤੇ ਜਾਣ ਤੋਂ ਦੋ ਦਿਨ ਬਾਅਦ ਉਹ ਮਾਰਿਆ ਗਿਆ ਸੀ।

## ਸੁਰੱਖਿਆ ਘਟਾਉਣ ਵਾਲਿਆਂ ਖਿਲਾਫ ਪਰਚਾ ਹੋਵੇ: ਬਾਜਵਾ

**ਚੰਡੀਗੜ੍ਹ:** ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਘਟਾਉਣ ਲਈ ਜ਼ਿੰਮੇਵਾਰ ਵਿਅਕਤੀਆਂ ਵਿਰੁੱਧ ਕਤਲ ਦਾ ਕੇਸ ਦਰਜ ਕਰਨ ਦੀ ਮੰਗ ਕੀਤੀ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਸਿੱਧੂ ਮੂਸੇਵਾਲਾ ਦੀ ਸੁਰੱਖਿਆ ਘਟਾਉਣ ਸਬੰਧੀ ਜਾਣਕਾਰੀ ਲੀਕ ਕਰਨ ਵਾਲਿਆਂ ਵਿਰੁੱਧ ਵੀ ਸਖ਼ਤ ਕਾਨੂੰਨੀ ਕਾਰਵਾਈ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਮੂਸੇਵਾਲਾ ਦਾ ਕਤਲ ਕੋਈ ਕਾਮੇਡੀ ਫਿਲਮ ਨਹੀਂ ਹੈ। ਇਹ ਕਈ ਦਹਾਕਿਆਂ ਵਿਚ ਪੰਜਾਬ 'ਚ ਵਾਪਰਿਆ ਸਭ ਤੋਂ ਭਿਆਨਕ ਕਤਲ ਸੀ। ਇਸ ਲਈ ਪੰਜਾਬ ਸਰਕਾਰ ਨੂੰ ਜ਼ਿੰਮੇਵਾਰੀ ਤੈਅ ਕਰਨੀ ਪਵੇਗੀ।

# ਲੋਕ ਸਭਾ ਚੋਣਾਂ: ਭਾਜਪਾ ਦਾ ਪੰਜਾਬ ਦੇ ਪਿੰਡਾਂ ਵਿਚ ਵੜਨਾ ਔਖਾ ਹੋਇਆ



ਜਥੇਬੰਦੀਆਂ ਪਿੰਡਾਂ ਵਿਚ ਕਾਲੀਆਂ ਝੰਡੀਆਂ ਨਾਲ ਭਾਜਪਾ ਉਮੀਦਵਾਰਾਂ ਦਾ ਵਿਰੋਧ ਕਰ ਰਹੀਆਂ ਹਨ।

**ਮੋਗਾ:** ਪੰਜਾਬ ਵਿਚ ਕਿਸਾਨ ਵਿਰੋਧ ਕਾਰਨ ਭਾਜਪਾ ਨੂੰ ਸੂਬੇ ਵਿਚ ਲੋਕ ਸਭਾ ਚੋਣਾਂ ਲਈ ਪ੍ਰਚਾਰ ਕਰਨਾ ਔਖਾ ਹੋਇਆ ਪਿਆ ਹੈ। ਕਿਸਾਨਾਂ ਵੱਲੋਂ ਵੱਖ-ਵੱਖ ਥਾਈਂ ਭਾਜਪਾ ਉਮੀਦਵਾਰਾਂ ਦਾ ਵਿਰੋਧ ਕੀਤਾ ਜਾ ਰਿਹਾ ਹੈ। ਪਿੰਡਾਂ ਵਿਚ ਭਾਜਪਾ ਉਮੀਦਵਾਰਾਂ ਦਾ ਘਿਰਾਓ ਕੀਤਾ ਜਾ ਰਿਹਾ ਹੈ। ਕਿਸਾਨ ਵਿਰੋਧ ਕਾਰਨ ਭਾਜਪਾ ਨੇ ਚੁੱਪ-ਚੁਪੀਤੇ ਜਨਤਕ ਰੈਲੀਆਂ ਕਰਨ ਦੀ ਰਣਨੀਤੀ ਘੜ ਲਈ ਹੈ। ਭਾਜਪਾ ਉਮੀਦਵਾਰਾਂ ਵੱਲੋਂ ਚੋਣ ਰੈਲੀਆਂ ਬਾਰੇ ਮੌਕੇ 'ਤੇ ਹੀ ਵਰਕਰਾਂ ਨੂੰ ਜਾਣਕਾਰੀ ਦਿੱਤੀ ਜਾ ਰਹੀ ਹੈ। ਭਾਜਪਾ ਪੰਜਾਬ ਵਿਚ ਲਗਭਗ ਢਾਈ ਦਹਾਕਿਆਂ ਬਾਅਦ ਅਕਾਲੀ ਦਲ ਨਾਲ ਗੱਠਜੋੜ ਕੀਤੇ ਬਿਨਾਂ ਪਹਿਲੀ ਵਾਰ ਲੋਕ ਸਭਾ ਚੋਣਾਂ ਲੜ ਰਹੀ ਹੈ।

ਭਾਜਪਾ ਦੀ ਸੂਬੇ ਵਿਚ ਕੋਈ ਵੱਡੀ ਚੋਣ ਮੁਹਿੰਮ ਦਿਖਾਈ ਨਹੀਂ ਦੇ ਰਹੀ। ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਕਿਸਾਨਾਂ ਦੇ ਸੰਘਰਸ਼ ਤੋਂ ਬਾਅਦ ਲੋਕ ਸਭਾ ਚੋਣਾਂ ਲਈ ਭਾਜਪਾ ਵੱਲੋਂ ਲੋਕਾਂ ਤੋਂ ਵੋਟਾਂ ਮੰਗੀਆਂ ਜਾ ਰਹੀਆਂ ਹਨ ਪਰ ਕਿਸਾਨ ਜਥੇਬੰਦੀਆਂ ਪਿੰਡਾਂ ਵਿਚ ਕਾਲੀਆਂ ਝੰਡੀਆਂ ਨਾਲ ਭਾਜਪਾ ਉਮੀਦਵਾਰਾਂ ਦਾ ਵਿਰੋਧ ਕਰ ਰਹੀਆਂ ਹਨ। ਫ਼ਰੀਦਕੋਟ ਰਾਖਵਾਂ ਹਲਕੇ ਤੋਂ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਨੇ ਮੋਗਾ ਸ਼ਹਿਰ 'ਚ ਅੱਧੀ ਦਰਜਨ ਤੋਂ ਵੱਧ ਚੋਣ ਮੀਟਿੰਗਾਂ ਕੀਤੀਆਂ। ਭਾਜਪਾ ਉਮੀਦਵਾਰ ਵੱਲੋਂ ਐਨ ਮੌਕੇ ਭਾਜਪਾ ਕਾਰਕੁਨਾਂ ਨੂੰ ਪ੍ਰੋਗਰਾਮ ਬਾਰੇ ਦੱਸਿਆ ਗਿਆ ਤਾਂ ਕਿ ਕਿਸਾਨਾਂ ਨੂੰ ਉਨ੍ਹਾਂ ਦੇ ਆਉਣ ਦਾ ਪਤਾ ਹੀ ਨਾ ਲੱਗ ਸਕੇ। ਭਾਜਪਾ ਆਗੂ ਨੇ ਮੰਨਿਆ ਕਿ ਕਿਸਾਨ ਵਿਰੋਧ ਕਾਰਨ ਪਾਰਟੀ ਨੇ ਚੁੱਪ-ਚੁਪੀਤੇ ਜਨਤਕ ਰੈਲੀਆਂ ਕਰਨ ਦੀ ਰਣਨੀਤੀ ਤਿਆਰ ਕੀਤੀ ਹੈ। ਭਾਜਪਾ ਉਮੀਦਵਾਰ ਹੰਸ ਰਾਜ ਹੰਸ ਨੇ ਕਿਹਾ ਕਿ ਇਸ ਵਿਚ ਕੋਈ ਦੋ ਰਾਏ ਨਹੀਂ ਕਿ ਕਿਸਾਨ ਮੁਸ਼ਕਲ 'ਚ ਹਨ ਪਰ ਮਸਲਾ ਤਾਂ ਗੱਲਬਾਤ ਨਾਲ ਹੀ ਹੱਲ ਹੋਣਾ ਹੈ। ਉਨ੍ਹਾਂ ਕਿਹਾ ਕਿ ਚੋਣਾਂ 'ਚ ਭਾਜਪਾ ਵਧੀਆ ਪ੍ਰਦਰਸ਼ਨ ਕਰੇਗੀ।

## ਦੀਪ ਸਿੰਘ ਵਾਲਾ 'ਚ ਭਾਜਪਾ ਆਗੂਆਂ ਦਾ ਬਾਈਕਾਟ

**ਫ਼ਰੀਦਕੋਟ:** ਕਿਰਤੀ ਕਿਸਾਨ ਯੂਨੀਅਨ ਤੇ ਨੌਜਵਾਨ ਭਾਰਤ ਸਭਾ ਦੇ ਕਾਰਕੁਨਾਂ ਨੇ ਪਿੰਡ ਦੀਪ ਸਿੰਘ ਵਾਲਾ ਵਿਚ ਮਾਰਚ ਕਰਕੇ ਭਾਜਪਾ ਆਗੂਆਂ ਦੇ ਬਾਈਕਾਟ ਦਾ ਐਲਾਨ ਕਰਦਿਆਂ ਕਿਹਾ ਕਿ ਭਾਜਪਾ ਆਗੂਆਂ ਨੂੰ ਪਿੰਡ ਦੀਪ ਸਿੰਘ ਵਾਲਾ ਵਿਚ ਵੜਨ ਨਹੀਂ ਦਿੱਤਾ ਜਾਵੇਗਾ ਅਤੇ ਸਖ਼ਤ ਵਿਰੋਧ ਕੀਤਾ ਜਾਵੇਗਾ। ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਰਾਜਿੰਦਰ ਸਿੰਘ ਦੀਪ ਸਿੰਘ ਵਾਲਾ ਤੇ ਨੌਜਵਾਨ ਭਾਰਤ ਸਭਾ ਦੇ ਸੂਬਾ ਵਿੱਤ ਸਕੱਤਰ ਨੌ ਨਿਹਾਲ ਸਿੰਘ ਦੀਪ ਸਿੰਘ ਵਾਲਾ ਨੇ ਕਿਹਾ ਕਿ ਭਾਜਪਾ ਕਾਰਪੋਰੇਟ ਪੱਖੀ ਤੇ ਕਿਸਾਨ ਮਜ਼ਦੂਰ ਵਿਰੋਧੀ ਪਾਰਟੀ ਹੈ।

## ਬਸਪਾ ਨੇ ਜਸਵੀਰ ਗੜ੍ਹੀ ਨੂੰ ਆਨੰਦਪੁਰ ਸਾਹਿਬ ਤੋਂ ਉਮੀਦਵਾਰ ਐਲਾਨਿਆ

**ਚੰਡੀਗੜ੍ਹ:** ਬਹੁਜਨ ਸਮਾਜ ਪਾਰਟੀ (ਬਸਪਾ) ਨੇ ਲੋਕ ਸਭਾ ਚੋਣਾਂ ਲਈ ਪਾਰਟੀ ਦੇ ਸੂਬਾਈ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੂੰ ਸ੍ਰੀ ਆਨੰਦਪੁਰ ਸਾਹਿਬ ਤੋਂ ਉਮੀਦਵਾਰ ਐਲਾਨ ਦਿੱਤਾ ਹੈ। ਬਸਪਾ ਦੇ ਪੰਜਾਬ, ਚੰਡੀਗੜ੍ਹ ਤੇ ਹਿਮਾਚਲ ਪ੍ਰਦੇਸ਼ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਨੇ ਇੱਥੇ ਚੰਡੀਗੜ੍ਹ ਪ੍ਰੈੱਸ ਕਲੱਬ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇਹ ਐਲਾਨ ਕੀਤਾ। ਸ੍ਰੀ ਬੈਨੀਵਾਲ ਨੇ ਕਿਹਾ ਕਿ ਬਸਪਾ ਪੰਜਾਬ ਦੀਆਂ 13 ਤੇ ਚੰਡੀਗੜ੍ਹ ਦੀ ਇਕ ਲੋਕ ਸਭਾ ਸੀਟ ਤੋਂ ਆਪਣੇ ਬਲਬੂਤੇ 'ਤੇ ਚੋਣ ਮੈਦਾਨ ਵਿਚ ਹੈ। ਉਨ੍ਹਾਂ ਕਿਹਾ ਕਿ ਬਸਪਾ ਸੁਪਰੀਮੋ ਮਾਇਆਵਤੀ ਇਸ ਵਾਰ ਪੰਜਾਬ ਆਉਣਗੇ ਅਤੇ 24 ਮਈ ਨੂੰ ਨਵਾਂ ਸ਼ਹਿਰ ਵਿਚ ਚੋਣ ਰੈਲੀ ਨੂੰ ਸੰਬੋਧਨ ਕਰਨਗੇ। ਬਸਪਾ ਦੇ ਸੂਬਾਈ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਕਾਂਗਰਸ, ਭਾਜਪਾ, 'ਆਪ' ਅਤੇ ਅਕਾਲੀ ਦਲ ਵੱਲੋਂ ਕਈ ਥਾਵਾਂ 'ਤੇ ਬਾਹਰੀ ਅਤੇ ਕਈ ਥਾਵਾਂ 'ਤੇ ਦਲਬਦਲੂਆਂ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ।

# ਲੋਕ ਸਭਾ ਚੋਣਾਂ: ਡਰੱਗ, ਸ਼ਰਾਬ ਤੇ ਨਗਦੀ ਜ਼ਬਤ ਕਰਨ 'ਚ ਪੰਜਾਬ ਦਾ ਚੌਥਾ ਸਥਾਨ




**ਚੰਡੀਗੜ੍ਹ:** ਪੰਜਾਬ ਵਿਚ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਇਨਫੋਰਸਮੈਂਟ ਏਜੰਸੀਆਂ ਵੱਲੋਂ ਪਹਿਲੀ ਮਾਰਚ ਤੋਂ 4 ਮਈ ਤੱਕ 609.38 ਕਰੋੜ ਰੁਪਏ ਦੀ ਨਗਦੀ, ਸ਼ਰਾਬ, ਨਸ਼ੀਲੇ ਪਦਾਰਥ ਅਤੇ ਹੋਰ ਵਸਤੂਆਂ ਜ਼ਬਤ ਕੀਤੀਆਂ ਗਈਆਂ ਹਨ ਜਿਸ ਵਿਚ ਪੰਜਾਬ ਦਾ ਤਾਮਿਲਨਾਡੂ, ਗੁਜਰਾਤ ਅਤੇ ਰਾਜਸਥਾਨ ਤੋਂ ਬਾਅਦ ਚੌਥਾ ਸਥਾਨ ਹੈ।

ਇਸ ਸਬੰਧੀ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ. ਨੇ ਕਿਹਾ ਕਿ ਪਹਿਲੀ ਮਾਰਚ ਤੋਂ 4 ਮਈ ਤੱਕ 11.2 ਕਰੋੜ ਰੁਪਏ ਦੀ ਨਕਦੀ, 18 ਕਰੋੜ ਰੁਪਏ ਦੀ 27.95 ਲੱਖ ਲਿਟਰ ਸ਼ਰਾਬ, 563.53 ਕਰੋੜ ਦੇ ਨਸ਼ੀਲੇ ਪਦਾਰਥ, 14.94 ਕਰੋੜ ਰੁਪਏ ਦੀਆਂ ਕੀਮਤੀ ਵਸਤਾਂ ਅਤੇ 1.69 ਕਰੋੜ ਰੁਪਏ ਦੀ ਕੀਮਤ ਵਾਲਾ ਹੋਰ ਸਾਮਾਨ ਬਰਾਮਦ ਕੀਤਾ ਗਿਆ ਹੈ। ਇਸ ਦੀ ਕੁੱਲ ਕੀਮਤ 609.38 ਕਰੋੜ ਰੁਪਏ ਬਣਦੀ ਹੈ। ਉਨ੍ਹਾਂ ਦੱਸਿਆ ਕਿ ਸੂਬੇ ਵਿੱਚ 24 ਇਨਫੋਰਸਮੈਂਟ ਏਜੰਸੀਆਂ ਵੱਲੋਂ 16 ਮਾਰਚ ਨੂੰ ਆਦਰਸ਼ ਚੋਣ ਜ਼ਾਬਤਾ ਲਾਗੂ ਹੋਣ ਤੋਂ ਲੈ ਕੇ 4 ਮਈ ਤੱਕ 514.81 ਕਰੋੜ ਰੁਪਏ ਨਗਦੀ, ਸ਼ਰਾਬ ਤੇ ਹੋਰ ਸਾਮਾਨ ਦੀ ਜ਼ਬਤੀ ਕੀਤੀ ਹੈ।

## ਅੰਮ੍ਰਿਤਸਰ ਵਿਚ ਮੁੜ ਹੈਰੋਇਨ ਤੇ ਆਈਸ ਡਰੱਗ ਬਰਾਮਦ

**ਅੰਮ੍ਰਿਤਸਰ:** ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਦੋ ਵਿਅਕਤੀਆਂ ਨੂੰ ਕਾਬੂ ਕਰ ਕੇ ਉਨ੍ਹਾਂ ਕੋਲੋਂ ਤਿੰਨ ਕਿਲੋ ਹੈਰੋਇਨ ਅਤੇ ਇਕ ਕਿਲੋ ਆਈਸ ਡਰੱਗ ਬਰਾਮਦ ਕੀਤੀ ਹੈ। ਇਹ ਦੋਵੇਂ ਪਾਕਿਸਤਾਨੀ ਨਸ਼ਾ ਤਸਕਰਾਂ ਦੇ ਸੰਪਰਕ ਵਿਚ ਸਨ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਕਾਊਂਟਰ ਇੰਟੈਲੀਜੈਂਸ ਵਿੰਗ ਨੇ ਇਕ ਨਸ਼ਾ ਤਸਕਰ ਕੋਲੋਂ 4 ਕਿਲੋ ਆਈਸ ਡਰੱਗ ਤੇ ਕਿਲੋ ਹੈਰੋਇਨ ਬਰਾਮਦ ਕੀਤੀ ਸੀ। ਅੰਮ੍ਰਿਤਸਰ ਦਿਹਾਤੀ ਪੁਲਿਸ ਦੇ ਐਸ.ਐਸ.ਪੀ. ਸਤਿੰਦਰ ਸਿੰਘ ਨੇ ਦੱਸਿਆ ਕਿ ਦਿਹਾਤੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਪਿੰਡ ਗੱਗੋਮਾਹਲ ਦੇ ਬਲਵਿੰਦਰ ਸਿੰਘ ਅਤੇ ਪਿੰਡ ਚੱਕਬਾਲਾ ਦੇ ਕਰਨਬੀਰ ਸਿੰਘ ਨੂੰ ਪਿੰਡ ਪੂੰਗਾ ਤੋਂ ਗ੍ਰਿਫ਼ਤਾਰ ਕੀਤਾ ਹੈ।

# ਪੰਜਾਬ ਦੇ ਮੁੱਖ ਮੰਤਰੀ ਦੀ ਰਿਹਾਇਸ਼ ਅਗਲੀ ਸੜਕ ਖੋਲ੍ਹਣ 'ਤੇ ਰੋਕ



**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਚੰਡੀਗੜ੍ਹ ਵਿਚ ਪੰਜਾਬ ਦੇ ਮੁੱਖ ਮੰਤਰੀ ਦੀ ਰਿਹਾਇਸ਼ ਦੇ ਸਾਹਮਣਿਓਂ ਲੰਘਦੀ ਸੜਕ (ਉੱਤਰ ਮਾਰਗ) ਅਜ਼ਮਾਇਸ਼ ਦੇ ਆਧਾਰ 'ਤੇ ਖੋਲ੍ਹਣ ਦੇ ਫ਼ੈਸਲੇ 'ਤੇ ਰੋਕ ਲਗਾ ਦਿੱਤੀ ਹੈ। ਜਸਟਿਸ ਸੰਜੀਵ ਖੰਨਾ ਤੇ ਜਸਟਿਸ ਦੀਪਾਂਕਰ ਦੱਤਾ ਦੇ ਬੈਂਚ ਨੇ ਇਸ ਗੱਲ 'ਤੇ ਧਿਆਨ ਦਿੱਤਾ ਕਿ ਕੇਂਦਰ ਤੇ ਪੰਜਾਬ ਸਰਕਾਰ ਦੋਵੇਂ ਹੀ ਖ਼ਤਰੇ ਦੇ ਮੱਦੇਨਜ਼ਰ ਸੜਕ ਖੋਲ੍ਹਣ ਦੇ ਖ਼ਿਲਾਫ਼ ਰਹੀਆਂ ਹਨ। ਇਹ ਸੜਕ 1980 ਦੇ ਦਹਾਕੇ ਤੋਂ ਬੰਦ ਹੈ।

ਬੈਂਚ ਨੇ ਪੰਜਾਬ ਸਰਕਾਰ ਵੱਲੋਂ ਦਾਇਰ ਪਟੀਸ਼ਨ 'ਤੇ ਨੋਟਿਸ ਜਾਰੀ ਕਰਦਿਆਂ ਚੰਡੀਗੜ੍ਹ ਪ੍ਰਸ਼ਾਸਨ ਨੂੰ ਦੋ ਸਤੰਬਰ ਤੱਕ ਜਵਾਬ ਦਾਖ਼ਲ ਕਰਨ ਲਈ ਕਿਹਾ ਹੈ। ਸੁਪਰੀਮ ਕੋਰਟ ਨੇ ਕਿਹਾ ਕਿ 1980 ਦੇ ਦਹਾਕੇ 'ਚ ਪੰਜਾਬ 'ਚ ਅਤਿਵਾਦ ਸਿਖਰ 'ਤੇ ਹੋਣ ਕਾਰਨ ਇਹ ਸੜਕ ਆਵਾਜਾਈ ਲਈ ਬੰਦ ਕਰ ਦਿੱਤੀ ਗਈ ਸੀ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ 22 ਅਪਰੈਲ ਨੂੰ ਸੁਖਨਾ ਝੀਲ ਨੂੰ ਚੰਡੀਗੜ੍ਹ ਦੇ ਨਯਾ ਗਾਓਂ ਨਾਲ ਜੋੜਨ ਵਾਲੀ ਸੜਕ ਨੂੰ ਅਜ਼ਮਾਇਸ਼ ਦੇ ਆਧਾਰ 'ਤੇ ਪਹਿਲੀ ਮਈ ਨੂੰ ਖੋਲ੍ਹਣ ਦਾ ਹੁਕਮ ਜਾਰੀ ਕੀਤਾ ਸੀ। ਹਾਈ ਕੋਰਟ ਨੇ ਚੰਡੀਗੜ੍ਹ ਪੁਲੀਸ ਨੂੰ ਸੜਕ ਲਈ ਆਵਾਜਾਈ ਪ੍ਰਬੰਧਨ ਯੋਜਨਾ ਤਿਆਰ ਕਰਨ ਲਈ ਟਰੈਫਿਕ ਮਾਹਿਰਾਂ ਨੂੰ ਵੀ ਇਸ 'ਚ ਸ਼ਾਮਲ ਕਰਨ ਦਾ ਨਿਰਦੇਸ਼ ਦਿੱਤਾ ਸੀ। ਸੜਕ ਨੂੰ ਕੰਮਕਾਰ ਵਾਲੇ ਦਿਨਾਂ 'ਚ ਸਵੇਰੇ ਸੱਤ ਤੋਂ ਸ਼ਾਮ ਸੱਤ ਵਜੇ ਤੱਕ ਖੋਲ੍ਹਿਆ ਜਾਣਾ ਸੀ। ਸੜਕ ਬੰਦ ਹੋਣ ਕਾਰਨ ਨਯਾ ਗਾਓਂ ਤੇ ਸੁਖਨਾ ਝੀਲ ਵਿਚਾਲੇ ਯਾਤਰਾ ਕਰਨ ਵਾਲੇ ਲੋਕਾਂ ਨੂੰ ਨੇੜਲੇ ਸੈਕਟਰਾਂ ਤੋਂ ਹੋ ਕੇ ਲੰਮਾ ਰਾਹ ਤੈਅ ਕਰਨਾ ਪੈਂਦਾ ਹੈ। ਇਹ ਹੁਕਮ ਦਿੰਦਿਆਂ ਹਾਈ ਕੋਰਟ ਦੇ ਕਾਰਜਕਾਰੀ ਚੀਫ ਜਸਟਿਸ ਗੁਰਮੀਤ ਸਿੰਘ ਸੰਧਾਵਾਲੀਆ ਦੀ ਪ੍ਰਧਾਨਗੀ ਹੇਠਲੇ ਬੈਂਚ ਨੇ ਕਿਹਾ ਸੀ, 'ਡਰੋਨ ਤੇ ਆਰ.ਪੀ.ਜੀ. ਦੇ ਖ਼ਤਰੇ ਬਾਰੇ ਇਨਪੁਟ ਤੋਂ ਪਤਾ ਲੱਗਦਾ ਹੈ ਕਿ ਇਹ ਰਾਏ ਅਧਿਕਾਰੀਆਂ ਦੀ ਤੰਗ ਮਾਨਸਿਕਤਾ 'ਤੇ ਆਧਾਰਿਤ ਹੈ ਜੋ ਲੋਕਾਂ ਦੀ ਸਹੂਲਤ ਪ੍ਰਤੀ ਸੰਵੇਦਨਹੀਣ ਹਨ।'

# ਖਡੂਰ ਸਾਹਿਬ: ਪੰਥਕ ਹਲਕਾ ਬਣਿਆ ਅਕਾਲੀ ਦਲ ਲਈ ਚੁਣੌਤੀ

**ਅੰਮ੍ਰਿਤਸਰ:** ਖਡੂਰ ਸਾਹਿਬ ਲੋਕ ਸਭਾ ਹਲਕੇ ਤੋਂ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਅੰਮ੍ਰਿਤਪਾਲ ਸਿੰਘ ਦੀ ਆਜ਼ਾਦ ਉਮੀਦਵਾਰ ਵਜੋਂ ਆਮਦ ਨੇ ਸ਼੍ਰੋਮਣੀ ਅਕਾਲੀ ਦਲ ਨੂੰ ਚਿੰਤਾ ਵਿਚ ਪਾ ਦਿੱਤਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਵਿਰਸਾ ਸਿੰਘ ਵਲਟੋਹਾ ਨੇ ਅੰਮ੍ਰਿਤਪਾਲ ਸਿੰਘ ਨੂੰ ਪੰਥਕ ਉਮੀਦਵਾਰੀ ਸਾਬਤ ਕਰਨ ਅਤੇ ਪੰਥਕ ਏਜੰਡੇ ਬਾਰੇ ਗੱਲ ਕਰਨ ਲਈ ਖੁੱਲ੍ਹੀ ਬਹਿਸ ਦੀ ਚੁਣੌਤੀ ਦਿੱਤੀ ਹੈ।

ਇਸ ਸਬੰਧੀ ਇਕ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਵੀਡੀਓ ਵਿਰਸਾ ਸਿੰਘ ਵਲਟੋਹਾ ਵੱਲੋਂ ਚੋਣ ਪ੍ਰਚਾਰ ਦੌਰਾਨ ਕੀਤੀ ਗਈ ਇਕ ਰੈਲੀ ਦੀ ਹੈ ਜਿਸ ਵਿਚ ਉਹ ਅੰਮ੍ਰਿਤਪਾਲ ਸਿੰਘ ਨੂੰ ਪੰਜਾਬ ਵਿਚ ਕਿਸੇ ਵੀ ਥਾਂ ਇਕ ਕਮਰੇ ਵਿਚ ਬੈਠ ਕੇ ਸਦਭਾਵਨਾ ਵਾਲੇ ਮਾਹੌਲ ਵਿਚ ਖੁੱਲ੍ਹੀ ਬਹਿਸ ਦੀ ਚੁਣੌਤੀ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਅੰਮ੍ਰਿਤਪਾਲ ਸਿੰਘ ਦੀ ਧਿਰ ਵੱਲੋਂ ਕੋਈ ਇਕ ਵਿਅਕਤੀ ਅਤੇ ਉਹ ਖੁਦ ਪੰਜਾਬ ਵਿਚ ਕਿਸੇ ਵੀ ਥਾਂ 'ਤੇ ਇਕ ਕਮਰੇ ਵਿਚ ਬੈਠ ਜਾਣਗੇ ਜਿੱਥੇ ਕੁਝ ਮੀਡੀਆ ਵਾਲੇ ਵੀ ਹੋਣਗੇ ਅਤੇ ਉਨ੍ਹਾਂ ਵੱਲੋਂ ਪ੍ਰੋਗਰਾਮ ਦਾ ਪ੍ਰਸਾਰਨ ਲਾਈਵ ਕੀਤਾ ਜਾਵੇਗਾ ਜਿਸ ਵਿਚ ਉਹ ਆਪਣੀ ਪੰਥਕ ਉਮੀਦਵਾਰੀ ਅਤੇ ਏਜੰਡੇ ਬਾਰੇ ਗੱਲ ਰੱਖਣਗੇ। ਜੇਕਰ ਕਿਸੇ ਵੀ ਤਰ੍ਹਾਂ ਉਹ ਆਪਣੀ ਉਮੀਦਵਾਰੀ ਤੇ ਪੰਥਕ ਏਜੰਡੇ ਵਿਚ ਕਮਜ਼ੋਰ ਸਾਬਤ ਹੋਏ ਤਾਂ



ਉਹ ਇਸ ਲੋਕ ਸਭਾ ਹਲਕੇ ਤੋਂ ਆਪਣੀ ਉਮੀਦਵਾਰੀ ਛੱਡ ਦੇਣਗੇ। ਉਹ ਇਸ ਸਬੰਧੀ ਉਮੀਦਵਾਰੀ ਛੱਡਣ ਬਾਰੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੋਲੋਂ ਵੀ ਕੋਈ ਪ੍ਰਵਾਨਗੀ ਨਹੀਂ ਲੈਣਗੇ।

ਅਕਾਲੀ ਉਮੀਦਵਾਰ ਦਾ ਦਾਅਵਾ ਹੈ ਕਿ ਉਸ ਨੇ ਚੋਣ ਮੈਦਾਨ ਵਿਚ ਨਿੱਤਰਨ ਤੋਂ ਪਹਿਲਾਂ ਅੰਮ੍ਰਿਤਪਾਲ ਦੇ ਪਰਿਵਾਰ ਨਾਲ ਗੱਲਬਾਤ ਕੀਤੀ ਸੀ ਅਤੇ ਉਨ੍ਹਾਂ ਨੇ ਸਮਰਥਨ ਦੇਣ ਦਾ ਹੁੰਗਾਰਾ ਵੀ ਭਰਿਆ ਸੀ ਪਰ ਸ੍ਰੀ ਵਲਟੋਹਾ ਨੇ ਉਸ ਪਰਿਵਾਰਿਕ ਮੈਂਬਰ ਦਾ ਨਾਂ ਦੱਸਣ ਤੋਂ ਇਨਕਾਰ ਕੀਤਾ ਜਿਸ ਵੱਲੋਂ ਸਮਰਥਨ ਦੇਣ ਦਾ ਹੁੰਗਾਰਾ ਭਰਿਆ ਗਿਆ ਸੀ। ਦੱਸਣਯੋਗ ਹੈ ਕਿ ਲੋਕ ਸਭਾ ਹਲਕਾ ਖਡੂਰ ਸਾਹਿਬ ਪੰਥਕ ਇਲਾਕਾ ਹੈ ਜਿੱਥੇ ਵਧੇਰੇ ਕਰਕੇ ਪੰਥਕ ਪਾਰਟੀਆਂ ਨਾਲ ਸਬੰਧਤ ਉਮੀਦਵਾਰ ਹੀ ਜਿੱਤਦੇ ਰਹੇ ਹਨ।

## ਦਿੱਲੀ ਦੀਆਂ ਪਾਰਟੀਆਂ ਨੇ ਪੰਜਾਬ ਦਾ ਨੁਕਸਾਨ ਕੀਤਾ: ਸੁਖਬੀਰ

**ਡੇਰਾਬੱਸੀ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਅਤੇ ਸਾਬਕਾ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਪਟਿਆਲਾ ਲੋਕ ਸਭਾ ਹਲਕੇ ਤੋਂ ਉਮੀਦਵਾਰ ਐਨ.ਕੇ. ਸ਼ਰਮਾ ਦੇ ਹੱਕ ਵਿਚ ਪੰਜਾਬ ਬਚਾਓ ਯਾਤਰਾ ਕੱਢੀ। ਸ੍ਰੀ ਬਾਦਲ ਨੇ ਕਿਹਾ ਕਿ ਇਕ ਤੋਂ ਬਾਅਦ ਇਕ ਦਿੱਲੀ ਆਧਾਰਿਤ ਪਾਰਟੀਆਂ ਦਾ ਤਜਰਬਾ ਕਰਨਾ ਪੰਜਾਬੀਆਂ ਨੂੰ ਬਹੁਤ ਮਹਿੰਗਾ ਪਿਆ ਹੈ। ਉਨ੍ਹਾਂ ਕਿਹਾ ਕਿ ਸੰਘੀ ਖੁਦਮੁਖਤਿਆਰੀ ਸਮੇਤ ਹੋਰ ਮੁੱਖ ਮੁੱਦੇ ਪਿੱਛੇ ਰਹਿ ਗਏ ਹਨ। ਸ੍ਰੀ ਬਾਦਲ ਨੇ ਪੰਜਾਬੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਅਕਾਲੀ ਦਲ 'ਤੇ ਵਿਸ਼ਵਾਸ ਰੱਖਣ। ਅਕਾਲੀ ਦਲ ਸੰਸਦ ਵਿਚ ਉਨ੍ਹਾਂ ਦੀ ਆਵਾਜ਼ ਬਣ ਕੇ ਗੂੰਜੇਗਾ।

## ਅਕਾਲੀ ਦਲ ਤੇ ਭਾਜਪਾ ਹਾਲੇ ਵੀ ਘਿਓ-ਖਿਚੜੀ: ਖੁੱਡੀਆਂ

**ਬਠਿੰਡਾ:** ਲੋਕ ਸਭਾ ਹਲਕਾ ਬਠਿੰਡਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਅਕਾਲੀ ਦਲ ਤੇ ਭਾਜਪਾ ਦਾ ਤੋੜ-ਵਿਛੋੜਾ ਮਹਿਜ਼ ਛਲਾਵਾ ਹੈ। ਅਸਲੀਅਤ ਇਹ ਹੈ ਕਿ ਦੋਵੇਂ ਪਾਰਟੀਆਂ ਅੰਦਰਖਾਤੇ ਹਾਲੇ ਵੀ ਘਿਓ-ਖਿਚੜੀ ਹਨ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਪਾਈ ਹਰ ਵੋਟ ਭਾਜਪਾ ਦੀ ਝੋਲੀ ਜਾਵੇਗੀ। ਇੱਥੇ ਭਗਵਤੀ ਐਨਕਲੇਵ, ਗਰੀਨ ਸਿਟੀ, ਗੀਤਾ ਭਵਨ, ਭਾਗੂ ਰੋਡ, ਮਾਡਲ ਟਾਊਨ ਅਤੇ ਗੁਰੂ ਤੇਗ ਬਹਾਦਰ ਨਗਰ ਵਿਚ ਚੋਣ ਜਲਸਿਆਂ ਨੂੰ ਸੰਬੋਧਨ ਕਰਦਿਆਂ ਖੁੱਡੀਆਂ ਨੇ ਕਿਹਾ ਕਿ ਭਾਜਪਾ ਨੂੰ ਲੋਕ ਰੋਹ ਤੋਂ ਬਚਾਉਣ ਲਈ ਅਕਾਲੀਆਂ ਵੱਲੋਂ ਡਰਾਮਾ ਕੀਤਾ ਜਾ ਰਿਹਾ ਹੈ।

## ਰਾਜਾ ਵੜਿੰਗ ਤੇ ਰਵਨੀਤ ਬਿੱਟੂ ਦੀ 'ਗਲਵੱਕੜੀ' ਨੇ ਛੇੜੀ ਚਰਚਾ

**ਲੁਧਿਆਣਾ:** ਲੁਧਿਆਣਾ ਲੋਕ ਸਭਾ ਹਲਕੇ ਤੋਂ ਇਕ-ਦੂਸਰੇ ਖ਼ਿਲਾਫ਼ ਚੋਣ ਮੈਦਾਨ ਵਿਚ ਉਤਰੇ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਮੌਜੂਦਾ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਦੀ ਇਕ-ਦੂਜੇ ਨੂੰ ਗਲਵੱਕੜੀ 'ਚ ਲੈਂਦਿਆਂ ਦੀ ਵੀਡੀਓ ਵਾਇਰਲ ਹੋ ਗਈ ਹੈ। ਰਾਜਾ ਵੜਿੰਗ ਕਾਂਗਰਸ, ਜਦੋਂਕਿ ਰਵਨੀਤ ਬਿੱਟੂ ਭਾਜਪਾ ਦੀ ਟਿਕਟ 'ਤੇ ਚੋਣ ਲੜ ਰਹੇ ਹਨ। ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਵੀਡੀਓ ਦਰੇਸੀ ਮੈਦਾਨ ਦੇ ਨਜ਼ਦੀਕ ਇਕ ਸਕੂਲ ਵਿਚ ਕਰਵਾਏ ਬਾਬਾ ਖਾਟੂ ਸ਼ਿਆਮ ਜੀ ਦੇ ਜਗਰਾਤੇ ਦੀ ਹੈ। ਜਗਰਾਤੇ ਵਿਚ ਪੁੱਜੇ ਰਵਨੀਤ ਸਿੰਘ ਬਿੱਟੂ ਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਇਕ-ਦੂਜੇ ਨੂੰ ਗਲਵੱਕੜੀ ਪਾ ਕੇ ਮਿਲੇ। ਇਸ ਵੀਡੀਓ ਦੇ ਸਾਹਮਣੇ ਆਉਣ ਮਗਰੋਂ ਸ਼ਹਿਰ ਵਿਚ ਕਈ ਚਰਚਾਵਾਂ ਸ਼ੁਰੂ ਹੋ ਗਈਆਂ ਹਨ। ਹਾਲਾਂਕਿ, ਚੋਣ ਮੈਦਾਨ ਵਿਚ ਦੋਵੇਂ ਆਗੂ ਇਕ-ਦੂਜੇ ਦੇ ਵਿਰੋਧੀ ਹਨ। ਰਾਜਾ ਵੜਿੰਗ ਨੇ ਤਾਂ ਜਨਤਕ ਤੌਰ 'ਤੇ ਰਵਨੀਤ ਸਿੰਘ ਬਿੱਟੂ ਨੂੰ 'ਗੱਦਾਰ' ਤੱਕ ਆਖ ਦਿੱਤਾ ਸੀ ਕਿਉਂਕਿ ਉਹ ਕਾਂਗਰਸ ਛੱਡ ਕੇ ਭਾਜਪਾ ਵਿਚ ਸ਼ਾਮਲ ਹੋ ਗਏ ਹਨ। ਰਵਨੀਤ ਬਿੱਟੂ ਕਾਂਗਰਸ ਪਾਰਟੀ ਵੱਲੋਂ ਲੁਧਿਆਣਾ ਤੋਂ ਦੋ ਵਾਰ ਲੋਕ ਸਭਾ ਮੈਂਬਰ ਰਹਿ ਚੁੱਕੇ ਹਨ।

## ਭਾਜਪਾ ਉਮੀਦਵਾਰ ਖਿਲਾਫ ਪ੍ਰਦਰਸ਼ਨ ਦੌਰਾਨ ਕਿਸਾਨ ਦੀ ਮੌਤ ਦਾ ਮਾਮਲਾ ਭਖਿਆ

**ਘਨੌਰ:** ਲੋਕ ਸਭਾ ਚੋਣਾਂ ਲਈ ਪਟਿਆਲਾ ਤੋਂ ਭਾਜਪਾ ਉਮੀਦਵਾਰ ਪ੍ਰਨੀਤ ਕੌਰ ਦੇ ਚੋਣ ਪ੍ਰੋਗਰਾਮ ਦੌਰਾਨ ਹਲਕਾ ਘਨੌਰ ਦੇ ਪਿੰਡ ਸੇਹਰਾ ਵਿਚ ਕਿਸਾਨਾਂ ਵੱਲੋਂ ਕੀਤੇ ਗਏ ਪ੍ਰਦਰਸ਼ਨ ਦੌਰਾਨ ਕਿਸਾਨ ਆਗੂ ਸੁਰਿੰਦਰਪਾਲ ਸਿੰਘ ਆਕੜੀ ਦੀ ਮੌਤ ਦੇ ਸਬੰਧ ਵਿਚ ਪ੍ਰਨੀਤ ਕੌਰ ਦੇ ਸਮਰਥਕ ਹਰਵਿੰਦਰ ਸਿੰਘ ਹਰਪਾਲਪੁਰ ਖ਼ਿਲਾਫ਼ ਆਈ.ਪੀ.ਸੀ. ਦੀ ਧਾਰਾ 304 ਤਹਿਤ ਕੇਸ ਦਰਜ ਕੀਤਾ ਗਿਆ ਹੈ।

ਇਹ ਧਾਰਾ ਉਦੋਂ ਲੱਗਦੀ ਹੈ ਜਦੋਂ ਕੋਈ ਵਿਅਕਤੀ ਕਿਸੇ ਦੀ ਮੌਤ ਦਾ ਕਾਰਨ ਬਣ ਜਾਵੇ ਪਰ ਇਸ ਨੂੰ ਕਤਲ ਦੀ ਘਟਨਾ ਨਹੀਂ ਮੰਨਿਆ ਜਾਂਦਾ। ਇਹ ਧਾਰਾ ਗੈਰ-ਜ਼ਮਾਨਤੀ ਹੋਣ ਕਰਕੇ ਮੁਲਜ਼ਮ ਨੂੰ ਜੇਲ੍ਹ ਜਾਣਾ ਪੈਂਦਾ ਹੈ ਤੇ ਇਸ ਦੌਰਾਨ ਦੋਸ਼ੀ ਪਾਏ ਜਾਣ 'ਤੇ ਦਸ ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਮ੍ਰਿਤਕ ਕਿਸਾਨ ਦੇ ਭਤੀਜੇ ਰੇਸ਼ਮ ਸਿੰਘ ਦੇ ਬਿਆਨਾਂ 'ਤੇ ਥਾਣਾ ਖੇੜੀ ਗੰਡਿਆਂ ਵਿਚ ਕੇਸ ਦਰਜ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਭਾਜਪਾ ਆਗੂ ਪ੍ਰਨੀਤ ਕੌਰ ਦੇ ਸੇਹਰਾ ਪਿੰਡ ਪਹੁੰਚਣ 'ਤੇ ਕਿਸਾਨਾਂ ਨੇ ਉਨ੍ਹਾਂ ਦੀ ਗੱਡੀ ਘੇਰ ਲਈ ਸੀ। ਇਸ ਦੌਰਾਨ ਜਦੋਂ ਉਹ ਪੈਦਲ ਹੀ ਸਮਾਗਮ ਵਾਲੀ ਥਾਂ 'ਤੇ ਜਾਣ ਲੱਗੇ ਤਾਂ ਪ੍ਰਦਰਸ਼ਨਕਾਰੀ ਕਿਸਾਨਾਂ ਨੇ ਉਨ੍ਹਾਂ ਨੂੰ ਅੱਗੇ ਹੋ ਕੇ ਘੇਰ ਲਿਆ। ਇਸ ਮੌਕੇ ਕਿਸਾਨਾਂ



ਅਤੇ ਪ੍ਰਨੀਤ ਕੌਰ ਦੇ ਸਮਰਥਕਾਂ ਦਰਮਿਆਨ ਹੱਥੋਪਾਈ ਵੀ ਹੋਈ। ਇਸ ਮੌਕੇ ਦੀ ਵਾਇਰਲ ਹੋਈ ਵੀਡੀਓ 'ਚ ਹਰਵਿੰਦਰ ਹਰਪਾਲਪੁਰ ਵੀ ਕੁਝ ਕਿਸਾਨਾਂ ਨਾਲ ਹੱਥੋਪਾਈ ਹੁੰਦੇ ਨਜ਼ਰ ਆ ਰਹੇ ਹਨ। ਹਰਪਾਲਪੁਰ ਦਾ ਹਾਲਾਂਕਿ ਤਰਕ ਹੈ ਕਿ ਇਸ ਦੌਰਾਨ ਸੁਰਿੰਦਰਪਾਲ ਆਕੜੀ ਨਾਲ ਉਸ ਦਾ ਸਾਹਮਣਾ ਹੀ ਨਹੀਂ ਹੋਇਆ। ਵਾਇਰਲ ਹੋਈ ਇੱਕ ਹੋਰ ਵੀਡੀਓ ਦੇ ਹਵਾਲੇ ਨਾਲ ਹਰਪਾਲਪੁਰ ਨੇ ਦਾਅਵਾ ਕੀਤਾ ਕਿ ਉਨ੍ਹਾਂ ਦੀ ਗੱਡੀ ਤੋਂ ਫਾਸਲੇ ਨਾਲ ਖੜ੍ਹਾ ਸੁਰਿੰਦਰਪਾਲ ਆਕੜੀ ਦਿਲ ਜਾਂ ਮਿਰਗੀ ਦਾ ਦੌਰਾ ਪੈਣ ਮਗਰੋਂ ਹੇਠਾਂ ਡਿੱਗਦਾ ਹੈ ਤੇ ਇਸੇ ਹੀ ਵੀਡੀਓ 'ਚ ਉਹ (ਹਰਪਾਲਪੁਰ) ਪਰਨੀਤ ਕੌਰ ਦੀ ਗੱਡੀ 'ਚ ਬੈਠਾ ਦਿਸ ਰਿਹਾ ਹੈ।

ਹਰਵਿੰਦਰ ਸਿੰਘ ਹਰਪਾਲਪੁਰ ਨੇ ਕਿਹਾ ਕਿ ਕਿਸਾਨ ਆਗੂਆਂ ਵੱਲੋਂ ਪੁਲਿਸ 'ਤੇ ਬਣਾਏ ਦਬਾਅ ਕਰਕੇ ਉਸ 'ਤੇ ਝੂਠਾ ਕੇਸ ਦਰਜ ਕੀਤਾ ਗਿਆ ਹੈ।

## ਸਾਬਕਾ ਵਿਧਾਇਕ ਦਲਵੀਰ ਗੋਲਡੀ 'ਆਪ' ਵਿਚ ਸ਼ਾਮਲ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਟਿਕਟ ਕੱਟੇ ਜਾਣ ਤੋਂ ਨਾਰਾਜ਼ ਸਾਬਕਾ ਵਿਧਾਇਕ ਦਲਵੀਰ ਸਿੰਘ ਗੋਲਡੀ ਕਾਂਗਰਸ ਨੂੰ ਝਟਕਾ ਦਿੰਦਿਆਂ ਆਪਣੇ ਪਰਿਵਾਰ ਅਤੇ ਸੈਂਕੜੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋ ਗਏ। ਮੁੱਖ ਮੰਤਰੀ ਭਗਵੰਤ ਮਾਨ ਨੇ ਇਥੇ ਆਪਣੀ ਰਿਹਾਇਸ਼ 'ਤੇ ਗੋਲਡੀ ਤੇ ਉਨ੍ਹਾਂ ਦੇ ਸਾਥੀਆਂ ਨੂੰ ਪਾਰਟੀ ਵਿਚ ਸ਼ਾਮਲ ਕਰਵਾਇਆ।

ਇਸ ਮੌਕੇ ਕੈਬਨਿਟ ਮੰਤਰੀ ਤੇ 'ਆਪ' ਦੇ ਸੰਗਰੂਰ ਤੋਂ ਉਮੀਦਵਾਰ ਗੁਰਮੀਤ ਸਿੰਘ ਹੇਅਰ ਵੀ ਮੌਜੂਦ ਸਨ। ਭਗਵੰਤ ਸਿੰਘ ਮਾਨ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਆਪਣੇ ਖ਼ਿਲਾਫ਼ ਕਾਂਗਰਸ ਦੀ ਟਿਕਟ ਤੋਂ



ਚੋਣ ਲੜਨ ਵਾਲੇ ਦਲਵੀਰ ਸਿੰਘ ਗੋਲਡੀ ਦਾ ਪਾਰਟੀ ਵਿਚ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਜੱਫੀ ਪਾ ਕੇ ਗਲ ਨਾਲ ਲਗਾਇਆ।

ਇਸੇ ਦੌਰਾਨ ਸੰਗਰੂਰ ਸੰਸਦੀ ਹਲਕੇ ਤੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਵਿਜੀਲੈਂਸ ਤੋਂ ਡਰਦਾ ਦਲਵੀਰ ਸਿੰਘ ਗੋਲਡੀ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਇਆ ਹੈ। ਉਨ੍ਹਾਂ ਕਿਹਾ ਕਿ ਗੋਲਡੀ ਖ਼ਿਲਾਫ਼ ਵੱਡੇ ਪੱਧਰ 'ਤੇ ਜਾਂਚ ਚੱਲ ਰਹੀ ਹੈ ਅਤੇ ਉਹ ਵਿਜੀਲੈਂਸ ਦੇ ਅੜਿੱਕੇ ਆਇਆ ਹੋਇਆ ਹੈ ਜਿਸ ਤੋਂ ਬਚਣ ਲਈ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਇਆ ਹੈ। ਸਭ ਜਾਂਚ ਦੇ ਡਰ ਕਾਰਨ ਹੀ ਸੱਤਾਧਾਰੀਆਂ ਵੱਲ ਰੁਖ ਕਰ ਰਹੇ ਹਨ।

# ਐਤਕੀਂ ਲੋਕ ਸਭਾ ਚੋਣਾਂ ਵਿਚ 45 ਫੀਸਦੀ ਉਮੀਦਵਾਰ 'ਦਲ-ਬਦਲੂ'

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੇ ਪਿੜ ਵਿਚ 45 ਫ਼ੀਸਦੀ ਉਮੀਦਵਾਰ ਦਲ-ਬਦਲੂ ਹਨ। ਪ੍ਰਮੁੱਖ ਚਾਰ ਸਿਆਸੀ ਧਿਰਾਂ ਨੇ ਹੁਣ ਤੱਕ ਪੰਜਾਬ ਵਿਚ 47 ਉਮੀਦਵਾਰ ਐਲਾਨੇ ਹਨ ਜਿਨ੍ਹਾਂ 'ਚੋਂ 21 ਉਮੀਦਵਾਰਾਂ ਦੀ ਮਾਂ ਪਾਰਟੀ ਪਹਿਲਾਂ ਕੋਈ ਹੋਰ ਰਹੀ ਹੈ। ਆਮ ਆਦਮੀ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਸਾਰੇ ਉਮੀਦਵਾਰ ਐਲਾਨ ਦਿੱਤੇ ਹਨ ਪਰ



ਭਾਜਪਾ ਨੇ ਚਾਰ ਹਲਕਿਆਂ 'ਚ ਹਾਲੇ ਉਮੀਦਵਾਰ ਨਹੀਂ ਉਤਾਰੇ। ਕਾਂਗਰਸ ਨੇ ਫਿਰੋਜ਼ਪੁਰ ਹਲਕੇ ਨੂੰ ਛੱਡ ਕੇ ਬਾਕੀ 12 ਉਮੀਦਵਾਰ ਐਲਾਨ ਦਿੱਤੇ ਹਨ। ਪੰਜਾਬ 'ਚ ਪਹਿਲੀ ਵਾਰ ਵੱਡੀ ਪੱਧਰ 'ਤੇ ਦਲ ਬਦਲੂ ਉਮੀਦਵਾਰ ਬਣੇ ਹਨ ਜਿਨ੍ਹਾਂ ਨੇ ਵੋਟਰਾਂ 'ਚ ਵੀ ਭੰਬਲਭੂਸਾ ਪੈਦਾ ਕਰ ਦਿੱਤਾ ਹੈ।

ਜਲੰਧਰ ਸੰਸਦੀ ਹਲਕੇ ਦੀ ਇਸ ਮਾਮਲੇ 'ਚ ਝੰਡੀ ਜਾਪਦੀ ਹੈ ਜਿੱਥੇ ਭਾਜਪਾ ਦੇ ਸੁਸ਼ੀਲ ਰਿੰਕੂ ਉਮੀਦਵਾਰ ਹਨ। ਰਿੰਕੂ ਪਹਿਲਾਂ ਕਾਂਗਰਸੀ ਟਿਕਟ 'ਤੇ ਵਿਧਾਇਕ ਸਨ ਅਤੇ ਫਿਰ ਜ਼ਿਮਨੀ ਚੋਣ ਉਨ੍ਹਾਂ 'ਆਪ' ਉਮੀਦਵਾਰ ਵਜੋਂ ਲੜੀ। ਮੌਜੂਦਾ ਚੋਣ ਉਹ 'ਕਮਲ' ਦੇ ਨਿਸ਼ਾਨ ਤੋਂ ਲੜ ਰਹੇ ਹਨ। 'ਆਪ' ਉਮੀਦਵਾਰ ਪਵਨ ਟੀਨੂੰ ਪਹਿਲਾਂ ਬਸਪਾ ਵਿਚ ਸਨ। ਫਿਰ ਅਕਾਲੀ ਦਲ ਤਰਫ਼ੋਂ ਦੋ ਵਾਰ ਵਿਧਾਇਕ ਬਣੇ ਹਨ। ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਮਹਿੰਦਰ ਸਿੰਘ ਕੇਪੀ ਨੇ ਪੂਰੀ ਜ਼ਿੰਦਗੀ ਕਾਂਗਰਸ ਵਿਚ ਕੱਢ ਦਿੱਤੀ। ਆਖ਼ਰੀ ਪੜਾਅ 'ਤੇ ਦਲ ਬਦਲ ਕੇ 'ਤੱਕੜੀ' ਦਾ ਪੱਲਾ ਫੜ ਲਿਆ। ਸੰਗਰੂਰ ਹਲਕੇ ਤੋਂ ਕਾਂਗਰਸੀ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਪਹਿਲਾਂ ਕਾਂਗਰਸੀ ਸਨ। ਫਿਰ ਉਹ 'ਆਪ' ਵਿਚ ਸ਼ਾਮਲ ਹੋ ਗਏ। 2019 ਦੀਆਂ ਲੋਕ ਸਭਾ ਚੋਣਾਂ ਮੌਕੇ ਉਨ੍ਹਾਂ ਨੇ ਆਪਣੀ ਪਾਰਟੀ ਬਣਾ ਲਈ। ਅਖ਼ੀਰ ਮੁੜ ਕਾਂਗਰਸ ਵਿਚ ਸ਼ਾਮਲ ਹੋ ਗਏ। ਪਟਿਆਲਾ ਤੋਂ ਡਾ. ਧਰਮਵੀਰ ਗਾਂਧੀ ਨੇ ਪਹਿਲੀ ਲੋਕ ਸਭਾ ਚੋਣ 'ਝਾੜੂ' ਚੋਣ ਨਿਸ਼ਾਨ 'ਤੇ ਲੜੀ ਸੀ ਅਤੇ ਫਿਰ ਆਪਣੀ ਵੱਖਰੀ ਪਾਰਟੀ ਬਣਾ ਲਈ। ਹੁਣ ਉਹ ਕਾਂਗਰਸ ਵੱਲੋਂ ਮੈਦਾਨ ਵਿੱਚ ਹਨ। ਚਾਰ ਵਾਰ ਕਾਂਗਰਸੀ ਸੰਸਦ ਮੈਂਬਰ ਰਹਿ ਚੁੱਕੇ ਪ੍ਰਨੀਤ ਕੌਰ ਹੁਣ ਭਾਜਪਾ ਵੱਲੋਂ ਚੋਣ ਲੜ ਰਹੇ ਹਨ।

ਲੁਧਿਆਣਾ ਹਲਕੇ ਤੋਂ ਰਵਨੀਤ ਬਿੱਟੂ ਹੁਣ ਭਾਜਪਾ ਉਮੀਦਵਾਰ ਹਨ। ਉਹ ਕਾਂਗਰਸ ਦੀ ਟਿਕਟ 'ਤੇ ਤਿੰਨ ਵਾਰ ਸੰਸਦ ਮੈਂਬਰ ਬਣੇ ਹਨ। ਉਨ੍ਹਾਂ ਦੀ ਦਲ ਬਦਲੀ ਦੇ ਕਾਰਨਾਂ ਦਾ ਭੇਤ ਬਰਕਰਾਰ ਹੈ। ਲੁਧਿਆਣਾ ਤੋਂ 'ਆਪ' ਦਾ ਉਮੀਦਵਾਰ ਅਸ਼ੋਕ ਪਰਾਸ਼ਰ ਵੀ ਪਹਿਲਾਂ ਕਾਂਗਰਸ ਦਾ ਜਨਰਲ ਸਕੱਤਰ ਹੁੰਦਾ ਸੀ। ਫ਼ਤਿਹਗੜ੍ਹ ਸਾਹਿਬ ਹਲਕੇ ਤੋਂ 'ਆਪ' ਉਮੀਦਵਾਰ ਗੁਰਪ੍ਰੀਤ ਸਿੰਘ ਜੀਪੀ ਵੀ ਕਾਂਗਰਸ ਤਰਫ਼ੋਂ ਵਿਧਾਇਕ ਰਹਿ ਚੁੱਕਾ ਹੈ। ਖਡੂਰ ਸਾਹਿਬ ਤੋਂ ਭਾਜਪਾ ਦਾ ਉਮੀਦਵਾਰ ਮਨਜੀਤ ਸਿੰਘ ਮੰਨਾ ਅਕਾਲੀ ਦਲ ਤਰਫ਼ੋਂ ਤਿੰਨ ਵਾਰ ਵਿਧਾਇਕ ਰਹਿ ਚੁੱਕਾ ਹੈ ਜਦੋਂਕਿ 'ਆਪ' ਦਾ ਲਾਲਜੀਤ ਭੁੱਲਰ ਪਹਿਲਾ ਕਾਂਗਰਸ ਅਤੇ ਅਕਾਲੀ ਦਲ ਵਿਚ ਵੀ ਕੰਮ ਕਰ ਚੁੱਕਾ ਹੈ। ਅੰਮ੍ਰਿਤਸਰ ਹਲਕੇ ਤੋਂ ਅਕਾਲੀ ਉਮੀਦਵਾਰ ਅਨਿਲ ਜੋਸ਼ੀ ਪਹਿਲਾਂ ਭਾਜਪਾ ਵਿਚ ਸਨ ਅਤੇ ਇਸੇ ਤਰ੍ਹਾਂ 'ਆਪ' ਉਮੀਦਵਾਰ ਕੁਲਦੀਪ ਸਿੰਘ ਧਾਲੀਵਾਲ ਵੀ ਪਹਿਲਾਂ ਕਾਂਗਰਸ ਵਿਚ ਸੀ। ਹੁਸ਼ਿਆਰਪੁਰ ਤੋਂ 'ਆਪ' ਉਮੀਦਵਾਰ ਡਾ. ਰਾਜ ਕੁਮਾਰ ਚੱਬੇਵਾਲ ਕਾਂਗਰਸ 'ਚੋਂ ਆਏ ਹਨ ਜਦੋਂਕਿ ਕਾਂਗਰਸ ਦੀ ਉਮੀਦਵਾਰ ਯਾਮਿਨੀ ਗੋਮਰ 'ਆਪ' 'ਚੋਂ ਆਏ ਹਨ। ਸ੍ਰੀ ਆਨੰਦਪੁਰ ਸਾਹਿਬ ਤੋਂ 'ਆਪ' ਉਮੀਦਵਾਰ ਮਾਲਵਿੰਦਰ ਸਿੰਘ ਕੰਗ ਪਹਿਲਾਂ ਭਾਜਪਾ ਵਿਚ ਹੁੰਦੇ ਸਨ। ਬਠਿੰਡਾ ਤੋਂ ਕਾਂਗਰਸੀ ਉਮੀਦਵਾਰ ਜੀਤਮਹਿੰਦਰ ਸਿੰਘ ਸਿੱਧੂ ਵੀ ਪਹਿਲਾਂ ਅਕਾਲੀ ਦਲ ਵਿਚ ਰਹੇ ਅਤੇ ਫਿਰ ਆਜ਼ਾਦ ਤੌਰ 'ਤੇ ਚੋਣ ਜਿੱਤੀ। ਬਾਅਦ ਵਿੱਚ ਕਾਂਗਰਸ ਵਿਚ ਸ਼ਾਮਲ ਹੋ ਗਏ ਅਤੇ ਫਿਰ ਅਕਾਲੀ ਦਲ ਵਿਚ ਸ਼ਮੂਲੀਅਤ ਕਰ ਲਈ। ਹੁਣ ਉਹ ਮੁੜ ਕਾਂਗਰਸ ਵਿਚ ਪਰਤ ਆਏ ਹਨ। ਭਾਜਪਾ ਉਮੀਦਵਾਰ ਪਰਮਪਾਲ ਕੌਰ ਸਿੱਧੂ ਵੀ ਅਕਾਲੀ ਪਰਿਵਾਰ 'ਚੋਂ ਹੀ ਆਏ ਹਨ। 'ਆਪ' ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਪਹਿਲਾਂ ਕਾਂਗਰਸ ਵਿਚ ਹੁੰਦੇ ਸਨ।

ਫ਼ਰੀਦਕੋਟ ਹਲਕੇ ਤੋਂ ਭਾਜਪਾ ਉਮੀਦਵਾਰ ਹੰਸ ਰਾਜ ਹੰਸ ਪਹਿਲਾਂ ਅਕਾਲੀ ਦਲ ਵੱਲੋਂ ਚੋਣ ਲੜ ਚੁੱਕੇ ਹਨ। ਇੱਥੋਂ ਕਾਂਗਰਸੀ ਉਮੀਦਵਾਰ ਅਮਰਜੀਤ ਕੌਰ ਸਾਹੋਕੇ ਵੀ ਪਹਿਲਾਂ ਅਕਾਲੀ ਦਲ ਵਿਚ ਰਹੇ ਹਨ।

## ਪੰਜਾਬ 'ਚ ਕਾਂਗਰਸ ਆਖਰੀ ਸਾਹਾਂ 'ਤੇ: ਸੁਨੀਲ ਜਾਖੜ

**ਚੰਡੀਗੜ੍ਹ:** ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ 'ਚ ਕਾਂਗਰਸ ਆਖ਼ਰੀ ਸਾਹ ਲੈ ਰਹੀ ਹੈ। ਕਾਂਗਰਸ ਦੀ ਇਹ ਹਾਲਤ ਕਿਸੇ ਹੋਰ ਨੇ ਨਹੀਂ ਕੀਤੀ, ਸਗੋਂ ਉਸੇ ਦੇ ਕੁਝ ਆਗੂਆਂ ਨੇ ਹੀ ਆਪਣੀ ਪਾਰਟੀ ਦੀਆਂ ਜੜ੍ਹਾਂ ਵੱਢੀਆਂ ਹਨ। ਉਨ੍ਹਾਂ ਕਿਹਾ ਕਿ ਮਰਹੂਮ ਚੌਧਰੀ ਸੰਤੋਖ ਸਿੰਘ ਦੀਆਂ ਤਿੰਨ ਪੀੜ੍ਹੀਆਂ ਨੇ ਆਪਣੀ ਜ਼ਿੰਦਗੀ ਕਾਂਗਰਸ ਦੇ ਲੇਖੇ ਲਗਾ ਦਿੱਤੀ। ਉਨ੍ਹਾਂ ਦੇ ਪਰਿਵਾਰ ਨੇ 18 ਚੋਣਾਂ ਜਿੱਤੀਆਂ ਹਨ ਪਰ ਪਾਰਟੀ ਨੇ ਉਨ੍ਹਾਂ ਦਾ ਕੋਈ ਮੁੱਲ ਨਹੀਂ ਪਾਇਆ। ਜਾਖੜ ਨੇ ਕਿਹਾ ਕਿ ਦਲਬੀਰ ਗੋਲਡੀ ਕਾਂਗਰਸ ਛੱਡ ਕੇ 'ਆਪ' ਵਿਚ ਚਲਾ ਗਿਆ ਹੈ। ਉਹ ਵੀ ਪੰਜਾਬ ਕਾਂਗਰਸ ਦੇ ਆਗੂਆਂ ਦੀ ਬੋਲ-ਬਾਣੀ ਤੋਂ ਨਾਰਾਜ਼ ਹੋ ਕੇ ਗਿਆ ਹੈ।

# ਕੈਨੇਡਾ ਆਪਣੇ ਨਾਗਰਿਕਾਂ ਦੀ ਸੁਰੱਖਿਆ ਲਈ ਵਚਨਬੱਧ: ਟਰੂਡੋ

**ਟੋਰਾਂਟੋ:** ਖ਼ਾਲਿਸਤਾਨੀ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੇ ਕਤਲ ਦੇ ਦੋਸ਼ ਵਿਚ ਤਿੰਨ ਭਾਰਤੀ ਨਾਗਰਿਕਾਂ ਦੀ ਗ੍ਰਿਫ਼ਤਾਰੀ ਤੋਂ ਇਕ ਦਿਨ ਮਗਰੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਕੈਨੇਡਾ 'ਕਾਨੂੰਨ ਦੇ ਰਾਜ ਵਾਲਾ ਮੁਲਕ' ਹੈ, ਜਿਸ ਦਾ ਨਿਆਂ ਪ੍ਰਬੰਧ ਮਜ਼ਬੂਤ ਤੇ ਸੁਤੰਤਰ ਅਤੇ ਆਪਣੇ ਨਾਗਰਿਕਾਂ ਦੀ ਸੁਰੱਖਿਆ ਲਈ ਮੌਲਿਕ ਤੌਰ 'ਤੇ ਵਚਨਬੱਧ ਹੈ।

ਕੈਨੇਡੀਅਨ ਨਾਗਰਿਕ ਨਿੱਝਰ ਦੀ ਪਿਛਲੇ ਸਾਲ 18 ਜੂਨ ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਚ ਇਕ ਗੁਰਦੁਆਰੇ ਦੇ ਬਾਹਰ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਕੈਨੇਡੀਅਨ ਪੁਲਿਸ ਨੇ ਐਡਮਿੰਟਨ ਰਹਿੰਦੇ ਭਾਰਤੀ ਨਾਗਰਿਕਾਂ ਕਰਨ ਬਰਾੜ (22), ਕਮਲਪ੍ਰੀਤ ਸਿੰਘ (22) ਤੇ ਕਰਨਪ੍ਰੀਤ ਸਿੰਘ (28) ਨੂੰ ਪਹਿਲਾ ਦਰਜਾ ਕਤਲ ਤੇ ਕਤਲ ਦੀ ਸਾਜ਼ਿਸ਼ ਘੜਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਸੀ।

ਇਥੇ ਟੋਰਾਂਟੋ ਗਾਲਾ ਵਿਚ ਸਿੱਖ ਵਿਰਾਸਤ ਤੇ ਸਭਿਆਚਾਰ ਦੇ ਜਸ਼ਨਾਂ ਲਈ ਰੱਖੇ ਸਮਾਗਮ ਦੌਰਾਨ ਟਰੂਡੋ ਨੇ ਉਪਰੋਕਤ ਗ੍ਰਿਫ਼ਤਾਰੀਆਂ ਦੇ ਹਵਾਲੇ ਨਾਲ ਕਿਹਾ, "ਇਹ ਬਹੁਤ ਅਹਿਮ ਹੈ ਕਿਉਂਕਿ ਕੈਨੇਡਾ ਕਾਨੂੰਨ ਦੇ ਰਾਜ ਵਾਲਾ ਦੇਸ਼ ਹੈ, ਜਿਸ ਦਾ ਨਿਆਂ ਪ੍ਰਬੰਧ ਮਜ਼ਬੂਤ ਤੇ ਸੁਤੰਤਰ ਹੋਣ ਦੇ ਨਾਲ ਆਪਣੇ ਸਾਰੇ ਨਾਗਰਿਕਾਂ ਦੀ ਸੁਰੱਖਿਆ ਲਈ ਮੌਲਿਕ ਰੂਪ ਵਿਚ ਵਚਨਬੱਧ ਹੈ।" ਕੈਨੇਡੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ ਨੇ ਟਰੂਡੋ ਦੇ ਹਵਾਲੇ ਨਾਲ ਕਿਹਾ, "ਜਿਵੇਂ ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ ਨੇ ਕਿਹਾ ਹੈ, ਜਾਂਚ ਦਾ ਅਮਲ ਜਾਰੀ ਹੈ ਤੇ ਇਹ ਲੰਘੇ ਦਿਨੀਂ ਗ੍ਰਿਫ਼ਤਾਰ ਕੀਤੇ ਤਿੰਨ ਵਿਅਕਤੀਆਂ ਦੀ ਸ਼ਮੂਲੀਅਤ ਤੱਕ ਸੀਮਤ ਨਹੀਂ ਹੈ।"



ਟਰੂਡੋ ਨੇ ਕਿਹਾ ਕਿ ਨਿੱਝਰ ਦੀ ਹੱਤਿਆ ਮਗਰੋਂ ਕੈਨੇਡਾ ਦੇ ਸਿੱਖ ਭਾਈਚਾਰੇ 'ਚੋਂ ਕਈ ਅਸੁਰੱਖਿਅਤ ਮਹਿਸੂਸ ਕਰ ਰਹੇ ਸਨ। ਪ੍ਰਧਾਨ ਮੰਤਰੀ ਨੇ ਕਿਹਾ, "ਹਰੇਕ ਕੈਨੇਡੀਅਨ ਨੂੰ ਮੁਲਕ ਵਿਚ ਬਿਨਾਂ ਕਿਸੇ ਪੱਖਪਾਤ, ਹਿੰਸਾ ਮੁਕਤ ਮਾਹੌਲ ਤੇ ਸੁਰੱਖਿਅਤ ਰਹਿਣ ਦਾ ਮੌਲਿਕ ਅਧਿਕਾਰ ਹੈ।" ਟਰੂਡੋ ਵੱਲੋਂ ਪਿਛਲੇ ਸਾਲ ਸਤੰਬਰ 'ਚ ਲਾਏ ਦੋਸ਼ਾਂ ਕਿ ਨਿੱਝਰ ਦੀ ਹੱਤਿਆ ਵਿਚ ਕਥਿਤ ਭਾਰਤੀ ਏਜੰਟਾਂ ਦਾ ਹੱਥ ਸੀ, ਮਗਰੋਂ ਭਾਰਤ ਤੇ ਕੈਨੇਡਾ ਦੇ ਰਿਸ਼ਤਿਆਂ ਵਿਚ ਕਸ਼ੀਦਗੀ ਸਿਖਰ 'ਤੇ ਪਹੁੰਚ ਗਈ ਸੀ। ਭਾਰਤ ਨੇ ਹਾਲਾਂਕਿ ਟਰੂਡੋ ਦੇ ਦੋਸ਼ਾਂ ਨੂੰ 'ਹਾਸੋਹੀਣੇ' ਤੇ 'ਪ੍ਰੇਰਿਤ' ਦੱਸ ਕੇ ਖਾਰਜ ਕਰ ਦਿੱਤਾ ਸੀ।

ਨਿੱਝਰ ਕਤਲ ਕੇਸ ਵਿਚ ਤਿੰਨ ਭਾਰਤੀ ਨਾਗਰਿਕਾਂ ਦੀ ਗ੍ਰਿਫ਼ਤਾਰੀ ਮਗਰੋਂ ਕੈਨੇਡਾ ਪੁਲਿਸ ਨੇ ਕਿਹਾ ਕਿ ਉਹ ਅਮਰੀਕਾ ਦੀਆਂ ਕਾਨੂੰਨੀ ਏਜੰਸੀਆਂ ਨਾਲ ਮਿਲ ਕੇ ਕੰਮ ਕਰ ਰਹੀ ਹੈ।

ਪੁਲਿਸ ਨੇ ਇਸ਼ਾਰਾ ਕੀਤਾ ਕਿ ਆਉਂਦੇ ਦਿਨਾਂ ਵਿਚ ਇਸ ਮਾਮਲੇ ਵਿਚ ਹੋਰ ਗ੍ਰਿਫ਼ਤਾਰੀਆਂ ਹੋ ਸਕਦੀਆਂ ਹਨ। ਰੌਇਲ ਕੈਨੇਡੀਅਨ ਮਾਊਂਟਿਡ ਪੁਲਿਸ ਦੇ ਸਹਾਇਕ ਕਮਿਸ਼ਨਰ ਡੇਵਿਡ ਟੈਬੁਲ ਨੇ ਕਿਹਾ ਸੀ ਕਿ ਉਹ ਗ੍ਰਿਫ਼ਤਾਰ ਕੀਤੇ ਤਿੰਨ ਵਿਅਕਤੀਆਂ ਤੇ ਭਾਰਤੀ ਅਧਿਕਾਰੀਆਂ ਦਰਮਿਆਨ ਕਥਿਤ ਲਿੰਕ ਬਾਰੇ ਕੋਈ ਟਿੱਪਣੀ ਨਹੀਂ ਕਰਨਗੇ, ਪਰ ਪੁਲਿਸ ਵੱਲੋਂ ਇਨ੍ਹਾਂ ਦੇ ਭਾਰਤ ਸਰਕਾਰ ਨਾਲ ਸਬੰਧਾਂ ਦੀ ਜਾਂਚ ਕੀਤੀ ਜਾ ਰਹੀ ਹੈ। ਚੇਤੇ ਰਹੇ ਕਿ ਭਾਰਤ ਦੇ ਵਿਦੇਸ਼ ਮੰਤਰੀ ਐੱਸ.ਜੈਸ਼ੰਕਰ ਨੇ ਸ਼ਨਿੱਚਰਵਾਰ ਨੂੰ ਕਿਹਾ ਸੀ ਕਿ ਨਿੱਝਰ ਦੀ ਹੱਤਿਆ ਨੂੰ ਲੈ ਕੇ ਕੈਨੇਡਾ ਵਿਚ ਜੋ ਕੁਝ ਹੋ ਰਿਹਾ ਹੈ, ਉਹ ਉਸ ਦੀ ਅੰਦਰੂਨੀ ਸਿਆਸਤ ਹੈ ਤੇ ਭਾਰਤ ਦਾ ਇਸ ਨਾਲ ਕੋਈ ਲਾਗਾ ਦੇਗਾ ਨਹੀਂ ਹੈ। ਉਨ੍ਹਾਂ ਕਿਹਾ ਸੀ ਕਿ ਖਾਲਿਸਤਾਨ ਪੱਖੀ ਕੁਝ ਲੋਕਾਂ ਦਾ ਇਕ ਵਰਗ ਕੈਨੇਡਾ ਦੀ ਜਮਹੂਰੀਅਤ ਨੂੰ ਵਰਤ ਰਿਹਾ ਹੈ।

## ਕਰੀਨਾ ਕਪੂਰ ਯੂਨੀਸੈੱਫ ਵਿਚ ਭਾਰਤ ਦੀ ਦੂਤ ਨਿਯੁਕਤ

**ਨਵੀਂ ਦਿੱਲੀ:** ਯੂਨੀਸੈੱਫ (ਭਾਰਤ) ਨੇ ਬੌਲੀਵੁੱਡ ਅਦਾਕਾਰਾ ਕਰੀਨਾ ਕਪੂਰ ਖਾਨ ਨੂੰ ਆਪਣਾ ਨਵਾਂ ਕੌਮੀ ਦੂਤ ਨਿਯੁਕਤ ਕੀਤਾ ਹੈ। ਇਕ ਬਿਆਨ ਅਨੁਸਾਰ ਕਰੀਨਾ ਸਾਲ 2014 ਤੋਂ ਸੰਯੁਕਤ ਰਾਸ਼ਟਰ ਬਾਲ ਫੰਡ (ਯੂਨੀਸੈੱਫ) ਦੀ ਭਾਰਤ ਇਕਾਈ ਨਾਲ ਜੁੜੀ ਹੋਈ ਹੈ। ਉਹ ਹਰੇਕ ਬੱਚੇ ਦੇ ਵਿਕਾਸ, ਸਿਹਤ, ਸਿੱਖਿਆ ਤੇ ਲਿੰਗਕ ਬਰਾਬਰੀ ਦੇ ਹੱਕਾਂ ਨੂੰ ਅੱਗੇ ਵਧਾਉਣ ਵਿਚ ਗ਼ੈਰ-ਲਾਭਕਾਰੀ ਸੰਸਥਾ ਦਾ



ਸਮਰਥਨ ਕਰੇਗੀ। ਕਰੀਨਾ ਕਪੂਰ ਨੇ ਇਸ ਤੋਂ ਪਹਿਲਾਂ ਯੂਨੀਸੈੱਫ ਇੰਡੀਆ ਲਈ 'ਸੈਲੇਬ੍ਰਿਟੀ ਐਡਵੋਕੇਟ' ਵਜੋਂ ਸੇਵਾਵਾਂ ਨਿਭਾਈਆਂ ਹਨ। ਕਰੀਨਾ (43) ਨੇ ਇਕ ਬਿਆਨ ਵਿਚ ਕਿਹਾ, "ਇਸ ਦੁਨੀਆਂ ਦੀ ਅਗਲੀ ਪੀੜ੍ਹੀ ਯਾਨੀ ਬੱਚਿਆਂ ਦੇ ਹੱਕਾਂ ਜਿੰਨੀ ਅਹਿਮ ਚੀਜ਼ ਹੋਰ ਕੋਈ ਨਹੀਂ ਹੈ। ਹੁਣ ਭਾਰਤ ਦੇ ਕੌਮੀ ਦੂਤ ਵਜੋਂ ਯੂਨੀਸੈੱਫ ਨਾਲ ਆਪਣਾ ਰਾਬਤਾ ਜਾਰੀ ਰੱਖਣਾ ਮੇਰੇ ਲਈ ਸਨਮਾਨ ਵਾਲੀ ਗੱਲ ਹੈ।"

## ਦਿੱਲੀ ਕਾਂਗਰਸ ਦੇ ਸਾਬਕਾ ਪ੍ਰਧਾਨ ਲਵਲੀ ਭਾਜਪਾ 'ਚ ਸ਼ਾਮਲ

**ਨਵੀਂ ਦਿੱਲੀ:** ਦਿੱਲੀ ਕਾਂਗਰਸ ਦੇ ਸਾਬਕਾ ਪ੍ਰਧਾਨ ਅਰਵਿੰਦਰ ਸਿੰਘ ਲਵਲੀ ਭਾਜਪਾ ਵਿਚ ਸ਼ਾਮਲ ਹੋ ਗਏ। ਉਨ੍ਹਾਂ ਨਾਲ ਦਿੱਲੀ ਸਰਕਾਰ ਦੇ ਸਾਬਕਾ ਮੰਤਰੀ ਰਾਜਕੁਮਾਰ ਚੌਹਾਨ, ਸਾਬਕਾ ਵਿਧਾਇਕ ਨੀਰਜ ਬਸੋਆ ਤੇ ਨਸੀਬ ਸਿੰਘ ਸਮੇਤ ਕੁਝ ਹੋਰ ਆਗੂਆਂ ਨੇ ਵੀ ਭਾਜਪਾ ਦੀ ਮੈਂਬਰਸ਼ਿਪ ਹਾਸਲ ਕੀਤੀ।

ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਅਤੇ ਪਾਰਟੀ ਦੇ ਜਨਰਲ ਸਕੱਤਰ ਵਿਨੋਦ ਤਾਵੜੇ ਨੇ ਸਾਰਿਆਂ ਦਾ ਭਾਜਪਾ ਵਿਚ ਸਵਾਗਤ ਕੀਤਾ। ਇਸ ਦੌਰਾਨ ਸਾਬਕਾ ਕਾਂਗਰਸੀ ਆਗੂਆਂ ਨੇ ਲੋਕ ਸਭਾ ਚੋਣਾਂ ਦੌਰਾਨ ਦਿੱਲੀ ਵਿਚ ਆਮ ਆਦਮੀ ਪਾਰਟੀ (ਆਪ) ਨਾਲ ਵਿਰੋਧੀ ਪਾਰਟੀ ਦੇ ਗੱਠਜੋੜ ਦੀ ਆਲੋਚਨਾ ਕੀਤੀ। ਚਾਰ ਵਾਰ ਦੇ ਸਾਬਕਾ ਵਿਧਾਇਕ ਚੌਹਾਨ ਅਤੇ ਅਰਵਿੰਦਰ




ਸਿੰਘ ਲਵਲੀ ਨੇ ਹਾਲ ਹੀ ਵਿਚ ਆਮ ਆਦਮੀ ਪਾਰਟੀ ਨਾਲ ਕਾਂਗਰਸ ਦੇ ਗੱਠਜੋੜ ਦਾ ਵਿਰੋਧ ਕਰਦਿਆਂ ਆਪਣੇ ਅਸਤੀਫ਼ੇ ਦੇ ਦਿੱਤੇ ਸਨ। ਅਜਿਹਾ ਮੰਨਿਆ ਜਾ ਰਿਹਾ ਹੈ ਕਿ ਉਹ ਅਤੇ ਕੁਝ ਹੋਰ ਆਗੂ ਇਸ ਗੱਲ ਤੋਂ ਨਾਰਾਜ਼ ਸਨ ਕਿ ਪਾਰਟੀ ਨੇ ਲੋਕ ਸਭਾ ਚੋਣਾਂ ਵਿਚ ਕਨ੍ਹਈਆ ਕੁਮਾਰ ਅਤੇ ਉਦਿਤ ਰਾਜ ਨੂੰ ਉਮੀਦਵਾਰ ਬਣਾਇਆ ਹੈ।

## ਕੈਨੇਡਾ ਵਿਚ ਘਰੇਲੂ ਹਿੰਸਾ ਨੇ ਦੋ ਪੰਜਾਬਣਾਂ ਦੀ ਜਾਨ ਲਈ

**ਵੈਨਕੂਵਰ:** ਕੈਨੇਡਾ ਵਿਚ ਦੋ ਪੰਜਾਬੀ ਔਰਤਾਂ ਘਰੇਲੂ ਹਿੰਸਾ ਦੀ ਭੇਟ ਚੜ੍ਹ ਗਈਆਂ। ਦੋਹਾਂ ਦੇ ਪਤੀਆਂ ਨੂੰ ਕਤਲ ਦੇ ਦੋਸ਼ਾਂ ਤਹਿਤ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ। ਪਹਿਲੀ ਘਟਨਾ ਸਰੀ ਸ਼ਹਿਰ ਦੀ ਹੈ ਜਿਥੇ 26 ਅਪਰੈਲ ਨੂੰ 146 ਸਟਰੀਟ 'ਤੇ 72 ਐਵੇਨਿਊ ਸਥਿਤ ਘਰ ਵਿਚ ਹਿੰਸਾ ਦੀ ਸੂਚਨਾ ਮਿਲਣ 'ਤੇ ਪੁਲਿਸ ਪਹੁੰਚੀ ਤਾਂ 33 ਸਾਲਾ ਪਵਿੰਦਰਪ੍ਰੀਤ ਕੌਰ ਸਿੱਧੂ ਗੰਭੀਰ ਜ਼ਖ਼ਮੀ ਹਾਲਤ ਵਿਚ ਸੀ, ਜੋ ਹਸਪਤਾਲ ਲਿਜਾਣ ਮੌਕੇ ਰਾਹ 'ਚ ਹੀ ਦਮ ਤੋੜ




ਗਈ। ਘਟਨਾ ਤੋਂ ਬਾਅਦ ਉਸ ਦਾ ਪਤੀ ਹਰਦੀਪ ਸਿੰਘ ਸਿੱਧੂ (38) ਰੂਪੋਸ਼ ਹੋ ਗਿਆ ਸੀ।

ਪੁਲਿਸ ਨੇ ਜਾਂਚ ਦੌਰਾਨ ਉਸ ਵਿਰੁੱਧ ਕਤਲ ਦੇ ਠੋਸ ਸਬੂਤ ਇਕੱਠੇ ਕੀਤੇ ਤੇ ਬਾਰਡਰ ਸੁਰੱਖਿਆ ਏਜੰਸੀ (ਸੀ.ਬੀ.ਐਸ.ਏ.) ਦੀ ਮਦਦ ਨਾਲ ਉਸ ਨੂੰ ਅਮਰੀਕਾ ਭੱਜਣ ਦਾ ਯਤਨ ਕਰਦਿਆਂ ਗ੍ਰਿਫ਼ਤਾਰ ਕਰ ਲਿਆ। ਅਲਬਰਟਾ ਸੂਬੇ ਦੇ ਸ਼ਹਿਰ ਕੈਲਗਰੀ 'ਚ 30 ਅਪਰੈਲ ਨੂੰ ਇਸੇ ਘਰਾਂ ਇਕ ਹੋਰ ਵਾਪਰੀ ਘਟਨਾ ਵਿਚ 25 ਸਾਲਾ ਮਨਪ੍ਰੀਤ ਕੌਰ ਦੀ ਵੀ ਉਸ ਦੇ ਪਤੀ ਮਨਿੰਦਰਪ੍ਰੀਤ ਸਿੰਘ (22) ਹੱਥੋਂ ਕੁੱਟਮਾਰ ਦੀ ਸ਼ਿਕਾਰ ਹੋਈ ਤੇ ਬਾਅਦ 'ਚ ਉਸ ਦੀ ਮੌਤ ਹੋ ਗਈ। ਮਨਿੰਦਰਪ੍ਰੀਤ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ।

## ਪੁਲਿਸ ਨੇ ਚਾਕੂ ਨਾਲ ਲੈਸ 16 ਸਾਲਾ ਲੜਕੇ ਨੂੰ ਗੋਲੀ ਮਾਰੀ

**ਮੈਲਬਰਨ:** ਆਸਟਰੇਲੀਆ ਦੇ ਪੱਛਮੀ ਤੱਟੀ ਸ਼ਹਿਰ ਪਰਥ ਵਿਚ ਚਾਕੂ ਨਾਲ ਲੈਸ ਇਕ 16 ਸਾਲਾ ਲੜਕੇ ਵੱਲੋਂ ਇਕ ਵਿਅਕਤੀ ਨੂੰ ਚਾਕੂ ਮਾਰਨ ਮਗਰੋਂ ਪੁਲਿਸ ਨੇ ਲੜਕੇ ਨੂੰ ਗੋਲੀ ਮਾਰ ਦਿੱਤੀ। ਇਹ ਹਾਦਸਾ ਉਪਨਗਰ ਵਿਲੇਟਨ ਵਿਚ ਇਕ ਹਾਰਡਵੇਅਰ ਸਟੋਰ ਦੀ ਪਾਰਕਿੰਗ ਵਿਚ ਰਾਤ ਵੇਲੇ ਵਾਪਰਿਆ।

ਪੱਛਮੀ ਆਸਟਰੇਲੀਆਈ ਪ੍ਰੀਮੀਅਰ ਰੋਜਰ ਕੁੱਕ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਲੜਕੇ ਨੇ ਪਹਿਲਾਂ ਇਕ ਵਿਅਕਤੀ 'ਤੇ ਚਾਕੂ ਨਾਲ ਹਮਲਾ ਕੀਤਾ ਅਤੇ ਫਿਰ ਉਹ ਪੁਲਿਸ ਅਧਿਕਾਰੀਆਂ ਵੱਲ ਵਧਿਆ।

ਹਮਲਾ ਕਰਨ ਤੋਂ ਪਹਿਲਾਂ ਹੀ ਉਹ ਪੁਲਿਸ ਦੀ ਗੋਲੀ ਦਾ ਸ਼ਿਕਾਰ ਹੋ ਗਿਆ। ਰੋਜਰ ਕੁੱਕ ਨੇ ਦੱਸਿਆ ਕਿ ਇਹ ਲੜਕਾ ਕੱਟੜਪੰਥੀ ਜਾਪਦਾ ਹੈ। ਉਨ੍ਹਾਂ ਕਿਹਾ, "ਇਸ ਤਰ੍ਹਾਂ ਲੱਗਦਾ ਹੈ ਕਿ ਲੜਕੇ ਨੇ ਆਪਣੇ ਪੱਧਰ 'ਤੇ ਇਕੱਲਿਆਂ ਘਟਨਾ ਨੂੰ ਅੰਜਾਮ ਦਿੱਤਾ।" ਪੁਲਿਸ ਅਤੇ ਆਸਟਰੇਲਿਆਈ ਸੁਰੱਖਿਆ ਏਜੰਸੀਆਂ ਨੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ।

## ਦਿੱਲੀ-ਜ਼ਿਊਰਿਖ ਸਿੱਧੀ ਉਡਾਣ 16 ਜੂਨ ਤੋਂ

**ਨਵੀਂ ਦਿੱਲੀ:** ਏਅਰ ਇੰਡੀਆ 16 ਜੂਨ ਤੋਂ ਸਵਿਟਜ਼ਰਲੈਂਡ ਦੇ ਜ਼ਿਊਰਿਖ ਲਈ ਦਿੱਲੀ ਤੋਂ ਸਿੱਧੀ ਉਡਾਣ ਸੇਵਾ ਸ਼ੁਰੂ ਕਰੇਗੀ। ਇਸ ਨਾਲ ਜ਼ਿਊਰਿਖ, ਏਅਰ ਇੰਡੀਆ ਵੱਲੋਂ ਭਾਰਤ ਤੋਂ ਸਿੱਧੀ ਉਡਾਣ ਸੇਵਾ ਸ਼ੁਰੂ ਕਰਨ ਵਾਲਾ ਸੱਤਵਾਂ ਯੂਰਪੀਅਨ ਸ਼ਹਿਰ ਬਣ ਜਾਵੇਗਾ। ਕੰਪਨੀ ਨੇ ਆਪਣੇ ਬਿਆਨ ਵਿਚ ਕਿਹਾ ਕਿ ਹਫਤੇ ਵਿਚ ਚਾਰ ਦਿਨ ਸੋਮਵਾਰ, ਬੁੱਧਵਾਰ, ਸ਼ੁੱਕਰਵਾਰ ਅਤੇ ਐਤਵਾਰ ਨੂੰ ਉਡਾਣਾਂ ਚਲਾਈਆਂ ਜਾਣਗੀਆਂ। ਉਡਾਣ ਲਈ ਬੋਇੰਗ 787 ਜਹਾਜ਼ ਦੀ ਵਰਤੋਂ ਕੀਤੀ ਜਾਵੇਗੀ। ਇਸ ਵਿਚ 'ਇਕਨਾਮੀ' ਅਤੇ 'ਬਿਜ਼ਨਸ' ਸ਼੍ਰੇਣੀਆਂ ਹੋਣਗੀਆਂ।

## ਯੂਕਰੇਨੀ ਰਾਸ਼ਟਰਪਤੀ ਨੂੰ 'ਲੋੜੀਂਦੇ' ਲੋਕਾਂ ਦੀ ਸੂਚੀ 'ਚ ਪਾਇਆ

**ਮਾਸਕੋ:** ਰੂਸ ਨੇ ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੈਲੇਂਸਕੀ ਨੂੰ 'ਲੋੜੀਂਦੇ' ਲੋਕਾਂ ਦੀ ਸੂਚੀ ਵਿਚ ਪਾ ਦਿੱਤਾ ਹੈ। ਰੂਸ ਦੇ ਸਰਕਾਰੀ ਮੀਡੀਆ ਨੇ ਗ੍ਰਹਿ ਮੰਤਰਾਲੇ ਦੇ ਅੰਕੜਿਆਂ ਦੇ ਹਵਾਲੇ ਨਾਲ ਇਹ ਜਾਣਕਾਰੀ ਦਿੱਤੀ ਹੈ। ਰਿਪੋਰਟਾਂ ਮੁਤਾਬਕ ਜ਼ੈਲੇਂਸਕੀ ਅਤੇ ਸਾਬਕਾ ਰਾਸ਼ਟਰਪਤੀ ਪੈਟਰੋ ਪੋਰੋਸ਼ੈਂਕੋ ਨੂੰ ਅਪਰਾਧਕ ਦੋਸ਼ਾਂ ਤਹਿਤ ਰੂਸੀ ਮੰਤਰਾਲੇ ਦੀ ਲੋੜੀਂਦੇ ਲੋਕਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ। ਉਧਰ, ਰੂਸੀ ਅਧਿਕਾਰੀਆਂ ਨੇ ਜ਼ੈਲੇਂਸਕੀ ਅਤੇ ਪੋਰੋਸ਼ੈਂਕੋ ਖ਼ਿਲਾਫ਼ ਦੋਸ਼ਾਂ ਸਬੰਧੀ ਫਿਲਹਾਲ ਕੋਈ ਸਪਸ਼ਟੀਕਰਨ ਨਹੀਂ ਦਿੱਤਾ ਹੈ।

## ਪਿਆਜ਼ ਦੀ ਬਰਾਮਦ ਤੋਂ ਪਾਬੰਦੀ ਹਟਾਈ

**ਨਵੀਂ ਦਿੱਲੀ:** ਦੇਸ਼ ਵਿਚ ਚੱਲ ਰਹੀਆਂ ਲੋਕ ਸਭਾ ਚੋਣਾਂ ਦਰਮਿਆਨ ਸਰਕਾਰ ਨੇ ਪਿਆਜ਼ ਦੀ ਬਰਾਮਦ ਤੋਂ ਪਾਬੰਦੀ ਹਟਾ ਦਿੱਤੀ ਹੈ ਪਰ ਨਾਲ ਹੀ ਘੱਟੋ-ਘੱਟ ਬਰਾਮਦ ਮੁੱਲ (ਐਮ.ਈ.ਪੀ.) 500 ਡਾਲਰ ਪ੍ਰਤੀ ਟਨ ਤੈਅ ਕੀਤਾ ਹੈ। ਇਸ ਫੈਸਲੇ ਨਾਲ ਮਹਾਰਾਸ਼ਟਰ ਸਣੇ ਪ੍ਰਮੁੱਖ ਉਤਪਾਦਕ ਖੇਤਰਾਂ ਵਿਚ ਕਿਸਾਨਾਂ ਦੇ ਇਕ ਵੱਡੇ ਵਰਗ ਦੀ ਆਮਦਨ ਵਧਾਉਣ 'ਚ ਮਦਦ ਮਿਲ ਸਕਦੀ ਹੈ। ਸਰਕਾਰ ਨੇ ਐਮ.ਈ.ਪੀ. 550 ਡਾਲਰ ਪ੍ਰਤੀ ਟਨ ਤੇ ਨਾਲ ਹੀ 40 ਫ਼ੀਸਦੀ ਬਰਾਮਦ ਕਰ ਲਗਾਇਆ ਹੈ। ਕਰ ਨੂੰ ਧਿਆਨ ਵਿਚ ਰੱਖਦਿਆਂ ਬਰਾਮਦ ਖੇਪ ਨੂੰ 770 ਡਾਲਰ ਪ੍ਰਤੀ ਟਨ ਤੋਂ ਥੱਲੇ ਭੇਜਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਕੇਂਦਰ ਨੇ ਪਿਛਲੇ ਸਾਲ ਅੱਠ ਦਸੰਬਰ ਨੂੰ ਘੱਟ ਉਤਪਾਦਨ ਦੀਆਂ ਚਿੰਤਾਵਾਂ ਦਰਮਿਆਨ ਪ੍ਰਚੂਨ ਕੀਮਤਾਂ 'ਤੇ ਕਾਬੂ ਪਾਉਣ ਲਈ ਪਿਆਜ਼ ਦੀ ਬਰਾਮਦ 'ਤੇ ਪਾਬੰਦੀ ਲਗਾ ਦਿੱਤੀ ਸੀ।

## ਫੌਜ ਦੇ ਕਾਫਲੇ 'ਤੇ ਹਮਲੇ ਵਿਚ ਜਵਾਨ ਦੀ ਮੌਤ

**ਜੰਮੂ:** ਜੰਮੂ ਕਸ਼ਮੀਰ ਦੇ ਅਨੰਤਨਾਗ-ਰਾਜੌਰੀ ਲੋਕ ਸਭਾ ਸੰਸਦੀ ਹਲਕੇ ਵਿਚ ਚੋਣਾਂ ਤੋਂ ਪਹਿਲਾਂ ਚਾਰ ਅਤਿਵਾਦੀਆਂ ਨੇ ਪੁਣਛ ਜ਼ਿਲ੍ਹੇ ਵਿਚ ਘਾਤ ਲਾ ਕੇ ਫੌਜ ਦੇ ਕਾਫਲੇ 'ਤੇ ਹਮਲਾ ਕੀਤਾ, ਜਿਸ ਵਿਚ ਪੰਜ ਜਵਾਨ ਜ਼ਖ਼ਮੀ ਹੋ ਗਏ ਜਿਨ੍ਹਾਂ ਨੂੰ ਤੁਰਤ ਹਸਪਤਾਲ ਲਿਜਾਇਆ ਗਿਆ ਜਿਥੇ ਇਕ ਜਵਾਨ ਦੀ ਮੌਤ ਹੋ ਗਈ।

ਇਸ ਹਮਲੇ ਵਿਚ ਦੋ ਵਾਹਨਾਂ ਨੂੰ ਨੁਕਸਾਨ ਪੁੱਜਿਆ ਹੈ। ਇਨ੍ਹਾਂ 'ਚੋਂ ਇਕ ਵਾਹਨ ਭਾਰਤੀ ਹਵਾਈ ਫੌਜ ਦਾ ਸੀ। ਇਹ ਜ਼ਿਲ੍ਹਾ ਅਨੰਤਨਾਗ-ਰਾਜੌਰੀ ਸੰਸਦੀ ਹਲਕੇ ਵਿਚ ਪੈਂਦਾ ਹੈ ਜਿਥੇ ਛੇਵੇਂ ਗੇੜ ਲਈ 25 ਮਈ ਨੂੰ ਵੋਟਿੰਗ ਹੋਵੇਗੀ। ਰਾਜੌਰੀ ਨਾਲ ਲੱਗਦੇ ਸਰਹੱਦੀ ਜ਼ਿਲ੍ਹੇ ਪੁਣਛ ਵਿਚ ਪਿਛਲੇ ਦੋ ਸਾਲਾਂ ਵਿਚ ਕੁੱਝ ਵੱਡੇ ਅਤਿਵਾਦੀ ਹਮਲੇ ਹੋਏ ਹਨ ਜੋ ਇਸ ਖੇਤਰ ਵਿਚ ਅਤਿਵਾਦੀ ਗਤੀਵਿਧੀਆਂ ਦੀ ਵਾਪਸੀ ਦਾ ਸੰਕੇਤ ਹਨ। ਇਹ ਇਲਾਕਾ ਇਕ ਵਾਰ




ਅਤਿਵਾਦ ਤੋਂ ਮੁਕਤ ਹੋ ਗਿਆ ਸੀ ਅਤੇ 2003 ਤੋਂ 2021 ਤੱਕ ਸ਼ਾਂਤ ਰਿਹਾ ਸੀ। ਅਧਿਕਾਰੀਆਂ ਨੇ ਦੱਸਿਆ ਕਿ ਇਹ ਹਮਲਾ ਸ਼ਾਮ 6.15 ਵਜੇ ਦੇ ਕਰੀਬ ਸ਼ਸ਼ੀਧਰ ਨੇੜੇ ਉਸ ਸਮੇਂ ਕੀਤਾ ਗਿਆ ਜਦੋਂ ਫੌਜੀ ਵਾਹਨ ਜ਼ਿਲ੍ਹੇ ਦੇ ਸੁਰਨਕੋਟ ਇਲਾਕੇ ਵਿਚ ਸਨਾਈ ਟੌਪ ਪਰਤ ਰਹੇ ਸਨ। ਹਮਲੇ ਵਿਚ ਪੰਜ ਜਵਾਨ ਜ਼ਖ਼ਮੀ ਹੋਏ ਸਨ, ਜਿਨ੍ਹਾਂ ਵਿਚੋਂ ਦੋ ਦੀ ਹਾਲਤ ਗੰਭੀਰ ਸੀ। ਇਕ ਜਵਾਨ ਦੀ ਹਸਪਤਾਲ ਵਿਚ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਮੌਤ ਹੋ ਗਈ। ਸ਼ੱਕ ਹੈ ਕਿ ਪਿਛਲੇ ਸਾਲ 21 ਦਸੰਬਰ ਨੂੰ ਬੁਫਲਿਆਜ਼ ਵਿਚ ਫੌਜ 'ਤੇ ਘਾਤ ਲਾ ਕੇ ਹਮਲਾ ਕਰਨ ਵਾਲੇ ਅਤਿਵਾਦੀ ਸਮੂਹ ਨੇ ਹੀ ਇਹ ਹਮਲਾ ਕੀਤਾ ਹੈ। ਭਾਰਤੀ ਹਵਾਈ ਫੌਜ ਨੇ 'ਐਕਸ' ਉਤੇ ਲਿਖਿਆ, "ਅਤਿਵਾਦੀਆਂ ਵੱਲੋਂ ਜੰਮੂ ਕਸ਼ਮੀਰ ਦੇ ਪੁਣਛ ਜ਼ਿਲ੍ਹੇ ਵਿਚ ਸ਼ਾਹਸਿਤਾਰ ਨੇੜੇ ਭਾਰਤੀ ਹਵਾਈ ਫੌਜ ਦੇ ਇਕ ਵਾਹਨ 'ਤੇ ਹਮਲਾ ਕੀਤਾ ਗਿਆ। ਸਥਾਨਕ ਫੌਜੀ ਯੂਨਿਟ ਨੇ ਇਲਾਕੇ ਨੂੰ ਘੇਰ ਕੇ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ ਹੈ ਜੋ ਹਾਲੇ ਵੀ ਜਾਰੀ ਹੈ। ਕਾਫਲਾ ਸੁਰੱਖਿਅਤ ਹੈ। ਜਾਂਚ ਚੱਲ ਰਹੀ ਹੈ।" ਅਧਿਕਾਰੀਆਂ ਨੇ ਦੱਸਿਆ ਕਿ ਫੌਜ ਅਤੇ ਪੁਲਿਸ ਦੀਆਂ ਹੋਰ ਟੀਮਾਂ ਇਲਾਕੇ ਵਿੱਚ ਭੇਜੀਆਂ ਗਈਆਂ ਹਨ।

# ਟਿਕਟ ਵੰਡ: ਕਾਂਗਰਸ ਦੀ ਸੀਨੀਅਰ ਲੀਡਰਸ਼ਿਪ ਪਾਰਟੀ ਤੋਂ ਖਫਾ

**ਚੰਡੀਗੜ੍ਹ:** ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਕਾਂਗਰਸ ਪਾਰਟੀ ਨੇ ਪੰਜਾਬ ਵਿਚ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ ਪਰ ਕਾਂਗਰਸ ਦੇ ਸੀਨੀਅਰ ਆਗੂ ਪਾਰਟੀ ਤੋਂ ਖ਼ਫ਼ਾ ਨਜ਼ਰ ਆ ਰਹੇ ਹਨ। ਕਾਂਗਰਸ ਦੇ ਸਾਬਕਾ ਰਾਜ ਸਭਾ ਮੈਂਬਰ ਸ਼ਮਸ਼ੇਰ ਸਿੰਘ ਦੂਲੋ ਨੇ ਸੀਨੀਅਰ ਆਗੂ ਸੋਨੀਆ ਗਾਂਧੀ ਤੇ ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੂੰ ਪੱਤਰ ਲਿਖ ਕੇ ਪੰਜਾਬ ਦੇ ਉਮੀਦਵਾਰਾਂ 'ਤੇ ਸਵਾਲ ਚੁੱਕੇ ਹਨ। ਇਸ ਪੱਤਰ ਦੀ ਕਾਪੀ ਕਾਂਗਰਸ ਦੇ ਸੀਨੀਅਰ ਆਗੂ ਰਾਹੁਲ ਗਾਂਧੀ ਅਤੇ ਪੰਜਾਬ ਦੇ ਇੰਚਾਰਜ ਦੇਵੇਂਦਰ ਯਾਦਵ ਨੂੰ ਵੀ ਭੇਜੀ ਗਈ ਹੈ।

ਸ੍ਰੀ ਦੂਲੋ ਨੇ ਕਿਹਾ ਕਿ ਕਾਂਗਰਸ ਪਾਰਟੀ ਨੇ ਸਾਲ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਵੱਖ-ਵੱਖ ਘੁਟਾਲਿਆਂ, ਮਾਫੀਆ, ਤਸਕਰੀ, ਨਸ਼ਿਆਂ ਤੇ ਸ਼ਰਾਬ ਤਸਕਰੀ ਦੇ ਕਾਰੋਬਾਰ ਵਿਚ ਸ਼ਾਮਲ ਵਿਅਕਤੀਆਂ ਨੂੰ ਟਿਕਟਾਂ ਦਿੱਤੀਆਂ ਸਨ ਜਿਸ ਕਾਰਨ ਕਾਂਗਰਸ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ। ਇਸੇ ਤਰ੍ਹਾਂ ਕਾਂਗਰਸ ਪਾਰਟੀ ਨੇ ਲੋਕ ਸਭਾ ਚੋਣਾਂ ਦੌਰਾਨ ਪੰਜਾਬ ਵਿਚ ਦਲਬਦਲੂ ਤੇ ਆਪਣੀ ਭਰੋਸੇਯੋਗਤਾ ਗਵਾ ਚੁੱਕੇ ਉਮੀਦਵਾਰਾਂ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਕਾਂਗਰਸ ਦੇ 13 ਵਿਚੋਂ 12 ਉਮੀਦਵਾਰ ਆਪਣੀ ਭਰੋਸੇਯੋਗਤਾ ਗਵਾ ਚੁੱਕੇ ਹਨ। ਇਸ ਤੋਂ ਇਲਾਵਾ 12 ਵਿਚੋਂ 5 ਕਾਂਗਰਸੀ ਹਨ, ਬਾਕੀ 7 ਬਾਹਰੀ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਗਈਆਂ ਹਨ। ਇਨ੍ਹਾਂ ਬਾਹਰੀ ਉਮੀਦਵਾਰਾਂ ਨੂੰ ਟਿਕਟਾਂ ਦੇਣ ਲਈ ਪਾਰਟੀ ਦੇ ਕਈ ਸੀਨੀਅਰ ਤੇ ਟਕਸਾਲੀ ਆਗੂਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ।



ਉਨ੍ਹਾਂ ਕਿਹਾ ਕਿ ਪੰਜਾਬ ਦੀ ਸੱਤਾ ਵਿਚ ਲੰਬਾ ਸਮਾਂ ਰਾਜ ਕਰਨ ਵਾਲੀ ਕਾਂਗਰਸ ਪਾਰਟੀ ਅੱਜ ਹਾਸ਼ੀਏ 'ਤੇ ਪਹੁੰਚ ਗਈ ਹੈ ਜਿਸ ਨੂੰ ਬਚਾਉਣ ਲਈ ਪੁਰਾਣੇ ਤੇ ਵਫ਼ਾਦਾਰ ਆਗੂਆਂ ਨੂੰ ਅੱਗੇ ਲਿਆਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਨੂੰ ਵਿਧਾਨ ਸਭਾ ਚੋਣਾਂ 2022 ਦੇ ਚੋਣ ਨਤੀਜਿਆਂ 'ਤੇ ਮੰਥਨ ਕਰਨਾ ਚਾਹੀਦਾ ਹੈ। ਉਸ ਮੰਥਨ ਦੇ ਆਧਾਰ 'ਤੇ ਹੀ ਲੋਕ ਸਭਾ ਚੋਣਾਂ ਦੇ ਉਮੀਦਵਾਰਾਂ 'ਤੇ ਮੁੜ ਵਿਚਾਰ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਾਂਗਰਸ ਪਾਰਟੀ ਉਮੀਦਵਾਰਾਂ ਬਾਰੇ ਮੁੜ ਤੋਂ ਵਿਚਾਰ ਨਹੀਂ ਕਰਦੀ ਤਾਂ ਲੋਕ ਸਭਾ ਚੋਣਾਂ ਵਿਚ ਵੀ ਵਿਧਾਨ ਸਭਾ ਚੋਣਾਂ ਵਾਂਗ ਲੋਕਾਂ ਦੇ ਗੁੱਸੇ ਦਾ ਸਾਹਮਣਾ ਕਰਨਾ ਪਵੇਗਾ।

## ਪਿੱਠ 'ਚ ਛੁਰਾ ਮਾਰਨ ਵਾਲਿਆਂ ਕੋਲੋਂ ਲੋਕ ਬਦਲਾ ਲੈਣਗੇ: ਰਾਜਾ ਵੜਿੰਗ

**ਲੁਧਿਆਣਾ:** ਪੰਜਾਬ ਕਾਂਗਰਸ ਪ੍ਰਧਾਨ ਅਤੇ ਲੁਧਿਆਣਾ ਤੋਂ ਲੋਕ ਸਭਾ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਰਵਨੀਤ ਬਿੱਟੂ ਨੇ ਕਾਂਗਰਸ ਛੱਡ ਕੇ ਗੱਦਾਰੀ ਕੀਤੀ ਹੈ। ਹੁਣ ਲੁਧਿਆਣਾ 'ਚ ਲੜਾਈ ਗੱਦਾਰ ਅਤੇ ਵਫ਼ਾਦਾਰ ਵਿਚਕਾਰ ਹੈ। ਇਥੇ ਆਪਣੇ ਚੋਣ ਦਫ਼ਤਰ ਦੇ ਉਦਘਾਟਨ ਮੌਕੇ ਰਾਜਾ ਵੜਿੰਗ ਨੇ ਕਿਹਾ ਕਿ ਜਦੋਂ ਪਾਰਟੀ ਨੂੰ ਰਵਨੀਤ ਬਿੱਟੂ ਦੀ ਲੋੜ ਸੀ ਤਾਂ ਉਨ੍ਹਾਂ ਪਿੱਠ 'ਚ ਛੁਰਾ ਮਾਰਨ ਵਾਲਾ ਕੰਮ ਕੀਤਾ।

## ਸਰਕਾਰ ਆਉਣ 'ਤੇ ਵਧੀਕੀਆਂ ਦਾ ਹਿਸਾਬ ਲਵਾਂਗੇ: ਖਹਿਰਾ

**ਸ਼ੇਰਪੁਰ:** ਲੋਕ ਸਭਾ ਹਲਕਾ ਸੰਗਰੂਰ ਤੋਂ ਕਾਂਗਰਸੀ ਉਮੀਦਵਾਰ ਸੁਖਪਾਲ ਸਿੰਘ ਖਹਿਰਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਤਿੱਖੇ ਸ਼ਬਦੀ ਹਮਲੇ ਕੀਤੇ। ਉਨ੍ਹਾਂ ਕਿਹਾ ਕਿ ਉਨ੍ਹਾਂ 'ਤੇ ਝੂਠੇ ਪਰਚੇ ਦਰਜ ਕਰਵਾਉਣ ਵਾਲਿਆਂ ਦੀ ਕਾਂਗਰਸ ਸਰਕਾਰ ਆਉਣ 'ਤੇ ਪੜਤਾਲ ਕੀਤੀ ਜਾਵੇਗੀ ਤੇ ਇਹ ਪਰਚਾ ਦਰਜ ਕਰਵਾਉਣ ਵਾਲੇ ਭਗਵੰਤ ਮਾਨ 'ਤੇ ਬਾਕਾਇਦਾ ਕਾਨੂੰਨੀ ਦਾਇਰੇ ਅੰਦਰ ਰਹਿ ਕੇ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਉਹ 'ਆਪ' ਸਰਕਾਰ ਦੀਆਂ ਵਧੀਕੀਆਂ ਦਾ ਹਿਸਾਬ ਲੈਣਗੇ। ਉਨ੍ਹਾਂ ਦਾਅਵਾ ਕੀਤਾ ਕਿ ਉਹ ਸੰਗਰੂਰ ਤੋਂ ਜਿੱਤ ਪ੍ਰਾਪਤ ਕਰਨਗੇ ਅਤੇ 2027 ਵਿਚ ਸੂਬੇ ਵਿਚ ਕਾਂਗਰਸ ਦੀ ਸਰਕਾਰ ਬਣੇਗੀ।

# ਵਿਦਿਆਰਥਣ ਨਾਲ ਜਬਰ ਜਨਾਹ ਮਾਮਲੇ 'ਚ ਦੋ ਲੈਕਚਰਾਰ ਬਰਖਾਸਤ

**ਨਾਭਾ:** ਨਾਭਾ ਸਰਕਾਰੀ ਰਿਪੁਦਮਨ ਕਾਲਜ ਵਿਚ ਮਾਰਚ ਮਹੀਨੇ ਇਕ ਦਲਿਤ ਵਿਦਿਆਰਥਣ ਨਾਲ ਹੋਏ ਜਬਰ-ਜਨਾਹ ਦੇ ਮਾਮਲੇ ਵਿਚ ਉਚੇਰੀ ਸਿੱਖਿਆ ਵਿਭਾਗ ਨੇ ਕਾਲਜ ਦੇ ਪੰਜ ਮੁਲਾਜ਼ਮਾਂ ਖ਼ਿਲਾਫ਼ ਲਾਪਰਵਾਹੀ ਦੇ ਦੋਸ਼ ਹੇਠ ਕਾਰਵਾਈ ਕੀਤੀ ਹੈ। ਵਿਭਾਗ ਦੇ ਡਾਇਰੈਕਟਰ ਅੰਮ੍ਰਿਤ ਸਿੰਘ ਨੇ ਦੱਸਿਆ ਕਿ ਦੋ ਗੈਸਟ ਲੈਕਚਰਾਰਾਂ ਨੂੰ ਨੌਕਰੀ ਤੋਂ ਬਰਖ਼ਾਸਤ ਕੀਤਾ ਗਿਆ ਹੈ, ਕਾਲਜ ਦੇ ਵਾਈਸ ਪ੍ਰਿੰਸੀਪਲ ਅਤੇ ਲਾਇਬ੍ਰੇਰੀਅਨ ਨੂੰ ਇਸ ਮਾਮਲੇ ਵਿਚ ਮੁਅੱਤਲ ਕੀਤਾ ਗਿਆ ਹੈ ਤੇ ਪ੍ਰਿੰਸੀਪਲ ਦਾ ਇਥੋਂ ਤਬਾਦਲਾ ਕੀਤਾ ਗਿਆ ਹੈ।

ਜਾਣਕਾਰੀ ਅਨੁਸਾਰ ਉਕਤ ਦੋ ਗੈਸਟ ਲੈਕਚਰਾਰਾਂ ਵਿਚੋਂ ਇਕ ਦੀ ਘਟਨਾ ਸਥਾਨ ਨੇੜੇ ਕਲਾਸ ਲੱਗਦੀ ਸੀ ਤੇ ਦੂਜੇ ਲੈਕਚਰਾਰ ਦੀ ਘਟਨਾ ਵਾਲੇ ਦਿਨ ਕਾਲਜ ਵਿਚ ਅਨੁਸ਼ਾਸਨ ਕਾਇਮ ਰੱਖਣ ਦੀ ਜ਼ਿੰਮੇਵਾਰੀ ਸੀ। ਲਾਇਬ੍ਰੇਰੀਅਨ ਵੱਲੋਂ ਉਕਤ ਮੁਲਜ਼ਮਾਂ ਦੇ ਸ਼ਨਾਖ਼ਤੀ ਕਾਰਡ ਬਣਾਉਣ ਦੀ ਪੜਤਾਲ ਜਾਰੀ ਹੈ ਤੇ ਵਾਈਸ ਪ੍ਰਿੰਸੀਪਲ ਅਤੇ ਪ੍ਰਿੰਸੀਪਲ ਨੂੰ ਮੁਕੰਮਲ ਪ੍ਰਬੰਧਾਂ ਦੀ ਘਾਟ ਲਈ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਜ਼ਿਕਰਯੋਗ ਹੈ ਕਿ ਮਾਰਚ ਮਹੀਨੇ ਇਕ ਦਲਿਤ ਵਿਦਿਆਰਥਣ ਨਾਲ ਕਾਲਜ ਅੰਦਰ ਤਿੰਨ ਜਣਿਆਂ ਵੱਲੋਂ ਜਬਰ ਜਨਾਹ ਕੀਤਾ ਗਿਆ ਤੇ ਉਹ ਤਿੰਨੋਂ ਕਾਲਜ ਦੇ ਵਿਦਿਆਰਥੀ ਵੀ ਨਹੀਂ ਸਨ। ਪੁਲਿਸ ਮੁਤਾਬਕ ਉਨ੍ਹਾਂ ਕੋਲ ਸ਼ਨਾਖ਼ਤੀ ਕਾਰਡ ਵੀ ਸਨ ਤੇ ਉਹ ਕਲਾਸਾਂ ਵਿਚ ਬੈਠਦੇ ਸਨ ਜਿਸ ਕਾਰਨ ਉਹ ਲੜਕੀ ਨੂੰ ਗੁਮਰਾਹ ਕਰਕੇ ਘਟਨਾ ਵਾਲੀ ਥਾਂ ਲਿਜਾਣ ਵਿਚ ਸਫ਼ਲ ਹੋਏ। ਇਸ ਮਾਮਲੇ ਵਿਚ ਪੁਲਿਸ ਵੱਲੋਂ ਤਿੰਨੋਂ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਜੋ ਨਿਆਇਕ ਹਿਰਾਸਤ ਵਿਚ ਜੇਲ੍ਹ ਵਿੱਚ ਨਜ਼ਰਬੰਦ ਹਨ।

# ਪੰਜਾਬ ਨੂੰ ਸਬਕ ਸਿਖਾਉਣਾ ਚਾਹੁੰਦੀ ਹੈ ਭਾਜਪਾ: ਚੰਨੀ

**ਸ਼ਾਹਕੋਟ:** ਲੋਕ ਸਭਾ ਹਲਕਾ ਜਲੰਧਰ ਤੋਂ ਕਾਂਗਰਸੀ ਉਮੀਦਵਾਰ ਚਰਨਜੀਤ ਸਿੰਘ ਚੰਨੀ ਨੇ ਵਿਧਾਨ ਸਭਾ ਹਲਕਾ ਸ਼ਾਹਕੋਟ ਅਧੀਨ ਆਉਂਦੇ ਕਸਬਾ ਮਹਿਤਪੁਰ, ਲੋਹੀਆਂ ਖਾਸ ਅਤੇ ਸ਼ਾਹਕੋਟ ਵਿਚ ਚੋਣ ਰੈਲੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਭਗਵਾਨ ਸ੍ਰੀ ਰਾਮ ਦੇ ਨਾਮ 'ਤੇ ਵੋਟਾਂ ਮੰਗਣ ਵਾਲੀ ਭਾਜਪਾ ਜੰਮੂ-ਕਸ਼ਮੀਰ ਦੇ ਲੋਕਾਂ ਉਤੇ ਕਹਿਰ ਢਾਹੁਣ ਤੋਂ ਬਾਅਦ ਪੰਜਾਬ ਨੂੰ ਵੀ ਖ਼ਤਮ ਕਰਨਾ ਚਾਹੁੰਦੀ ਹੈ।



ਇਸ ਕਰਕੇ ਉਹ ਕਿਸਾਨੀ ਸੰਘਰਸ਼ ਨੂੰ ਖਤਮ ਕਰਨ ਲਈ ਜ਼ੋਰ ਲਗਾ ਰਹੀ ਹੈ। ਉਨ੍ਹਾਂ ਮੁੱਖ ਮੰਤਰੀ ਭਗਵੰਤ ਮਾਨ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਭਗਵੰਤ ਸਿੰਘ ਮਾਨ ਅੱਜ ਵੀ ਸੂਬੇ ਨੂੰ ਇਕ ਸਟੇਜ ਦੀ ਤਰ੍ਹਾਂ ਹੀ ਚਲਾ ਰਹੇ ਹਨ। ਸਿਆਸੀ ਤਜਰਬੇ ਦੀ ਘਾਟ ਕਾਰਨ ਪੰਜਾਬ ਦੀ ਆਰਥਿਕ ਹਾਲਤ ਕਮਜ਼ੋਰ ਹੁੰਦੀ ਜਾ ਰਹੀ ਹੈ। ਇਸੇ ਦੌਰਾਨ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨਿਰਮਲ ਕੁਟੀਆ ਸੀਚੇਵਾਲ ਨਤਮਸਤਕ ਹੋਏ ਤੇ ਵਾਤਾਵਰਨ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਤੋਂ ਅਸ਼ੀਰਵਾਦ ਲਿਆ। ਇਸ ਮੌਕੇ ਸੰਤ ਸੀਚੇਵਾਲ ਨੇ ਪੰਜਾਬ ਦੀ ਵਿਗੜ ਰਹੀ ਵਾਤਾਵਰਨ ਦੀ ਸਥਿਤੀ ਤੋਂ ਜਾਣੂ ਕਰਵਾਇਆ ਕਿ ਕਿਵੇਂ ਧਰਤੀ ਹੇਠਲਾ ਪਾਣੀ ਡੂੰਘਾ ਹੁੰਦਾ ਜਾ ਰਿਹਾ ਹੈ ਤੇ ਦਰਿਆਵਾਂ ਦੇ ਪਾਣੀ ਪਲੀਤ ਹੋ ਗਏ ਹਨ।

ਪੰਜਾਬ ਵਿਚ ਜੰਗਲਾਤ ਹੇਠਲਾ ਰਕਬਾ ਤੇਜ਼ੀ ਨਾਲ ਘੱਟ ਰਿਹਾ ਹੈ। ਉਨ੍ਹਾਂ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੂੰ ਲੋਕ ਸਭਾ ਚੋਣਾਂ ਦੌਰਾਨ ਵਾਤਾਵਰਨ ਦਾ ਏਜੰਡਾ ਸੌਂਪਿਆ। ਉਨ੍ਹਾਂ ਕਿਹਾ ਕਿ ਚੋਣ ਪ੍ਰਚਾਰ ਦੌਰਾਨ ਉਹ ਲੋਕਾਂ ਦੇ ਇਸ ਏਜੰਡੇ ਨੂੰ ਆਪਣੀ ਚੋਣ ਮੁਹਿੰਮ ਦਾ ਹਿੱਸਾ ਬਣਾਉਣ।

## ਪੰਜਾਬ ਦੀਆਂ 13 ਲੋਕ ਸਭਾ ਸੀਟਾਂ 'ਤੇ 15 ਖਰਚਾ ਨਿਗਰਾਨ ਨਿਯੁਕਤ

**ਚੰਡੀਗੜ੍ਹ:** ਭਾਰਤੀ ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਉਮੀਦਵਾਰਾਂ ਦੇ ਖਰਚੇ 'ਤੇ ਨਜ਼ਰ ਰੱਖਣ ਲਈ ਪੰਜਾਬ ਦੀਆਂ 13 ਲੋਕ ਸਭਾ ਸੀਟਾਂ 'ਤੇ 15 ਖਰਚਾ ਨਿਗਰਾਨ ਨਿਯੁਕਤ ਕਰ ਕੀਤੇ ਗਏ ਹਨ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਕਿਹਾ ਕਿ ਗੁਰਦਾਸਪੁਰ ਲਈ ਹਰਸ਼ਦ ਐਸ ਵੇਂਗੁਰਲੇਕਰ, ਅੰਮ੍ਰਿਤਸਰ ਲਈ ਗਣੇਸ਼ ਸੁਧਾਕਰ, ਖਡੂਰ ਸਾਹਿਬ ਲਈ ਅਨੁਰਾਗ ਤ੍ਰਿਪਾਠੀ, ਜਲੰਧਰ ਲਈ ਮਾਧਵ ਦੇਸ਼ਮੁਖ, ਹੁਸ਼ਿਆਰਪੁਰ ਲਈ ਪਵਨ ਕੁਮਾਰ ਖੇਤਾਨ, ਆਨੰਦਪੁਰ ਸਾਹਿਬ ਲਈ ਸ਼ਿਲਪੀ ਸਿਨਹਾ, ਲੁਧਿਆਣਾ ਲਈ ਪੰਕਜ ਕੁਮਾਰ, ਫਤਿਹਗੜ੍ਹ ਸਾਹਿਬ ਲਈ ਆਨੰਦ ਕੁਮਾਰ, ਫਰੀਦਕੋਟ ਲਈ ਮਨੀਸ਼ ਕੁਮਾਰ, ਫਿਰੋਜ਼ਪੁਰ ਲਈ ਨਗੇਂਦਰ ਯਾਦਵ, ਬਠਿੰਡਾ ਲਈ ਅਖਿਲੇਸ਼ ਕੁਮਾਰ ਯਾਦਵ ਅਤੇ ਨੰਦਿਨੀ ਆਰ ਨਾਇਰ, ਸੰਗਰੂਰ ਲਈ ਅਮਿਤ ਸੰਜੇ ਗੁਰਵ, ਪਟਿਆਲਾ ਲਈ ਮੀਤੂ ਅਗਰਵਾਲ ਨੂੰ ਨਿਯੁਕਤ ਕੀਤਾ ਗਿਆ ਹੈ।

# ਲੋਕ ਸਭਾ ਚੋਣਾਂ ਖੇਤਰੀ ਤੇ ਦਿੱਲੀ ਦੀਆਂ ਪਾਰਟੀਆਂ ਵਿਚਾਲੇ ਜੰਗ: ਸੁਖਬੀਰ

**ਕੁਰਾਲੀ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇੱਥੇ 'ਪੰਜਾਬ ਬਚਾਓ' ਯਾਤਰਾ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਅਕਾਲੀ ਦਲ ਹੀ ਅਜਿਹੀ ਖੇਤਰੀ ਪਾਰਟੀ ਹੈ ਜੋ ਪੰਜਾਬ ਲਈ ਢਾਲ ਬਣ ਕੇ ਖੜ੍ਹਦੀ ਰਹੀ ਹੈ ਜਦਕਿ ਦਿੱਲੀ ਤੋਂ ਚੱਲਣ ਵਾਲੀਆਂ ਪਾਰਟੀਆਂ ਲੁੱਟਣ ਲਈ ਇੱਥੇ ਆਉਂਦੀਆਂ ਹਨ।

ਲੋਕ ਸਭਾ ਚੋਣਾਂ ਅਸਲ ਵਿਚ ਪੰਜਾਬ ਦੀ ਆਪਣੀ ਖੇਤਰੀ ਪਾਰਟੀ ਅਕਾਲੀ ਦਲ ਅਤੇ ਦਿੱਲੀ ਦੀਆਂ 'ਹੰਕਾਰੀ' ਪਾਰਟੀਆਂ ਵਿਚਾਲੇ ਜੰਗ ਹੈ। ਹਲਕਾ ਇੰਚਾਰਜ ਰਣਜੀਤ ਸਿੰਘ ਗਿੱਲ ਦੀ ਅਗਵਾਈ ਹੇਠ ਕੁਰਾਲੀ ਤੋਂ 'ਪੰਜਾਬ ਬਚਾਓ ਯਾਤਰਾ' ਰਵਾਨਾ ਕਰਨ ਤੋਂ ਪਹਿਲਾਂ ਸੁਖਬੀਰ ਨੇ ਕਿਹਾ ਕਿ ਦਿੱਲੀ ਤੋਂ ਚੱਲਣ ਵਾਲੀਆਂ ਪਾਰਟੀਆਂ ਦਿਲ ਜਿੱਤਣ ਲਈ ਪੰਜਾਬ ਨਹੀਂ ਆਉਂਦੀਆਂ ਸਗੋਂ ਲੋਕਾਂ ਨਾਲ ਧੱਕਾ ਕਰਨ ਅਤੇ ਲੁੱਟ-ਖਸੁੱਟ ਕਰਨ ਲਈ ਆਉਂਦੀਆਂ ਹਨ।



## ਢੀਂਡਸਾ ਪਰਿਵਾਰ ਦੀ ਅਕਾਲੀ ਦਲ ਨਾਲ ਨਾਰਾਜ਼ਗੀ ਬਰਕਰਾਰ

**ਲਹਿਰਾਗਾਗਾ:** ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪਰਮਿੰਦਰ ਸਿੰਘ ਢੀਂਡਸਾ ਨੇ ਦੱਸਿਆ ਕਿ ਉਹ ਅਕਾਲੀ ਹਨ ਤੇ ਅਕਾਲੀ ਹੀ ਰਹਿਣਗੇ ਪਰ ਪਾਰਟੀ ਪ੍ਰਤੀ ਉਨ੍ਹਾਂ ਦੀ ਨਾਰਾਜ਼ਗੀ ਬਰਕਰਾਰ ਰਹੇਗੀ।

ਢੀਂਡਸਾ ਨੇ ਕਿਹਾ ਕਿ ਉਹ ਨਾ ਤਾਂ ਪਾਰਟੀ ਉਮੀਦਵਾਰ ਦੇ ਹੱਕ ਵਿਚ ਕੋਈ ਪ੍ਰਚਾਰ ਕਰਨਗੇ ਅਤੇ ਨਾ ਹੀ ਵਿਰੋਧ ਕਰਨਗੇ। ਉਨ੍ਹਾਂ ਦਾ ਕਹਿਣਾ ਹੈ ਕਿ ਪਾਰਟੀ ਨੇ ਢੀਂਡਸਾ ਪਰਿਵਾਰ ਦੀ ਕਦਰ ਨਹੀਂ ਪਾਈ। ਲੋਕ ਸਭਾ ਹਲਕਾ ਸੰਗਰੂਰ ਤੋਂ ਟਿਕਟ ਨਾ ਮਿਲਣਾ ਕੋਈ ਮੁੱਦਾ ਨਹੀਂ। ਉਹ ਕਈ ਹੋਰ ਮੁੱਦਿਆਂ ਕਰਕੇ ਪਾਰਟੀ ਤੋਂ ਨਾਰਾਜ਼ ਹਨ।


One stop shop for all your taxi needs

The Friendly Group Ltd.
Chelsea Taxi Brokers
Address: 287 10 AVE 2nd Floor, New York NY 10001
Ph: 212-947-9833, 212-695-0601
40 ਸਾਲਾਂ ਤੋਂ ਭਾਈਚਾਰੇ ਦੀ ਸੇਵਾ ਵਿਚ

*All types of insurance*
** Medallion transfers*
** Accident claims*
** Taxi Stand Facility available*




We are here at your service to sell and buy or insure medallions and we are in business to help our Punjabi Community since last 40 years.

*Ask us about Purchase or new buyer and financing.

ਟੈਕਸੀ ਮਡਾਲੀਅਨ ਖਰੀਦਣ, ਵੇਚਣ ਜਾਂ ਲੀਜ਼ 'ਤੇ ਲੈਣ ਜਾਂ ਦੇਣ ਲਈ ਸਾਡਾ ਸੂਝਵਾਨ ਤੇ ਸੁਹਿਰਦ ਸਟਾਫ਼ ਤੁਹਾਨੂੰ ਵਾਜਬ ਕੀਮਤਾਂ ਦਿਵਾਉਣ ਲਈ ਹਰ ਯਤਨ ਕਰੇਗਾ।

ਪੰਜਾਬ ਟਾਈਮਜ਼

ਸ਼ਨਿੱਚਰਵਾਰ, 11 ਮਈ, 2024

# ਬਦਲਦੇ ਚੋਣ ਰੰਗ

ਭਾਰਤ ਵਿਚ ਲੋਕ ਸਭਾ ਚੋਣਾਂ ਦੇ ਤਿੰਨ ਗੇੜ ਮੁਕੰਮਲ ਹੋ ਗਏ ਹਨ। ਹੁਣ ਬਾਕੀ ਰਹਿੰਦੇ ਚਾਰ ਪੜਾਵਾਂ ਲਈ ਵੋਟਾਂ 13 ਮਈ, 20 ਮਈ, 25 ਮਈ ਅਤੇ 1 ਜੂਨ ਨੂੰ ਪੈਣੀਆਂ ਹਨ। ਇਕ ਲਿਹਾਜ਼ ਨਾਲ ਵੋਟਾਂ ਪੈਣ ਦਾ ਅੱਧਾ ਕੰਮ ਸਮਾਪਤ ਹੋ ਗਿਆ ਹੈ। ਇਸ ਦੇ ਨਾਲ ਹੀ ਮੀਡੀਆ ਨੇ ਇਹ ਨੁਕਤਾ ਨੋਟ ਕੀਤਾ ਹੈ ਕਿ ਜਿਉਂ-ਜਿਉਂ ਵੋਟਾਂ ਦਾ ਸਿਲਸਿਲਾ ਅੱਗੇ ਵਧ ਰਿਹਾ ਹੈ, ਕੇਂਦਰ ਵਿਚ ਪਿਛਲੇ 10 ਸਾਲਾਂ ਤੋਂ ਸੱਤਾ 'ਤੇ ਕਾਬਜ਼ ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਦੀ ਫਿਕਰ ਵਧ ਰਹੀ ਹੈ। ਇਹ ਫਿਕਰ ਪਾਰਟੀ ਦੇ ਵੱਡੇ-ਵੱਡੇ ਲੀਡਰਾਂ ਦੇ ਬਿਆਨਾਂ ਅਤੇ ਭਾਸ਼ਣਾਂ ਤੋਂ ਵੀ ਜ਼ਾਹਿਰ ਹੋ ਰਹੀ ਹੈ। ਸਿਆਸੀ ਵਿਸ਼ੇਸ਼ਕ ਕਿਆਸਅਰਾਈਆਂ ਲਾ ਰਹੇ ਹਨ ਕਿ ਐਤਕੀਂ ਭਾਰਤੀ ਜਨਤਾ ਪਾਰਟੀ ਦੀ ਜਿੱਤ ਇੰਨੀ ਆਸਾਨ ਨਹੀਂ। ਇਕ ਕਿਆਸਅਰਾਈ ਇਹ ਵੀ ਹੈ ਕਿ ਭਾਰਤੀ ਜਨਤਾ ਪਾਰਟੀ ਨੂੰ ਓਨੀਆਂ ਸੀਟਾਂ 'ਤੇ ਜਿੱਤ ਹਾਸਲ ਨਹੀਂ ਹੋਣੀ ਜਿੰਨੀਆਂ ਉਤੇ ਜਿੱਤ ਦਾ ਇਹ ਪਹਿਲੇ ਦਿਨ ਤੋਂ ਹੀ ਦਾਅਵਾ ਕਰ ਰਹੀ ਹੈ। ਭਾਰਤੀ ਜਨਤਾ ਪਾਰਟੀ ਦਾ ਦਾਅਵਾ ਸੀ ਕਿ ਇਹ ਇਕੱਲੀ 370 ਸੀਟਾਂ ਹਾਸਲ ਕਰੇਗੀ ਅਤੇ ਐੱਨ.ਡੀ.ਏ. 400 ਤੋਂ ਉਪਰ ਸੀਟਾਂ 'ਤੇ ਪ੍ਰਾਪਤ ਕਰੇਗਾ ਪਰ ਤਿੰਨ ਪੜਾਅ ਪੂਰੇ ਹੋਣ ਤੋਂ ਬਾਅਦ ਜੋ ਖਬਰਾਂ ਸਾਹਮਣੇ ਆ ਰਹੀਆਂ ਹਨ, ਉਨ੍ਹਾਂ ਤੋਂ ਲੱਗਦਾ ਨਹੀਂ ਸੀ ਕਿ ਨਤੀਜੇ ਭਾਰਤੀ ਜਨਤਾ ਪਾਰਟੀ ਦੀ ਇੱਛਾ ਮੁਤਾਬਿਕ ਆਉਣਗੇ।

ਅਸਲ ਵਿਚ, ਭਾਰਤੀ ਜਨਤਾ ਪਾਰਟੀ ਨੂੰ ਆਸ ਸੀ ਕਿ ਰਾਮ ਮੰਦਰ ਦੇ ਇਕੋ-ਇਕ ਮੁੱਦੇ ਨੇ ਐਤਕੀਂ ਇਸ ਦਾ ਚੋਣ-ਬੇੜਾ ਪਾਰ ਲਾ ਦੇਣਾ ਹੈ। ਇਸੇ ਕਰ ਕੇ ਅਧੂਰੇ ਰਾਮ ਮੰਦਰ ਦਾ ਉਦਘਾਟਨ 22 ਜਨਵਰੀ ਨੂੰ ਬਹੁਤ ਵੱਡੇ ਪੱਧਰ 'ਤੇ ਕੀਤਾ ਗਿਆ ਪਰ ਇਹ ਮੁੱਦਾ ਓਨਾ ਚੱਲ ਨਹੀਂ ਸਕਿਆ ਅਤੇ ਭਾਰਤੀ ਜਨਤਾ ਪਾਰਟੀ ਤੇ ਆਰ.ਐੱਸ.ਐੱਸ. ਦੀਆਂ ਯੋਜਨਾਵਾਂ ਧਰੀਆਂ-ਧਰਾਈਆਂ ਰਹਿ ਗਈਆਂ। ਇਸ ਤੋਂ ਬਾਅਦ ਵਿਕਾਸ ਅਤੇ ਕੌਮਾਂਤਰੀ ਪੱਧਰ 'ਤੇ ਭਾਰਤ ਦੀ ਪੈਂਠ ਨੂੰ ਮੁੱਦਾ ਬਣਾਉਣ ਦਾ ਯਤਨ ਕੀਤਾ ਗਿਆ ਪਰ ਉਦੋਂ ਤੱਕ ਬੇਰਜ਼ਗਾਰੀ ਅਤੇ ਮਹਿੰਗਾਈ ਦਾ ਮੁੱਦਾ ਮੁਲਕ ਦੇ ਕੋਨੇ-ਕੋਨੇ ਵਿਚੋਂ ਉਭਰਨਾ ਆਰੰਭ ਹੋ ਗਿਆ ਸੀ। ਇਸੇ ਕਰ ਕੇ ਦੂਜੇ ਪੜਾਅ ਤੋਂ ਬਾਅਦ ਭਾਰਤੀ ਜਨਤਾ ਪਾਰਟੀ ਨੂੰ ਆਪਣੀ ਚੋਣ ਮੁਹਿੰਮ ਦਾ ਰੰਗ ਬਦਲਣ ਲਈ ਮਜਬੂਰ ਹੋਣਾ ਪਿਆ ਅਤੇ ਇਹ ਫਿਰਕੂ ਪ੍ਰਚਾਰ 'ਤੇ ਉਤਰ ਆਈ। ਹੋਰ ਤਾਂ ਹੋਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਪਣੇ ਭਾਸ਼ਣਾਂ ਵਿਚ ਮੁਸਲਮਾਨ ਅਤੇ ਮੰਗਲ ਸੂਤਰ ਵਰਗੀ ਸ਼ਬਦਾਵਲੀ ਲੈ ਆਂਦੀ। ਮੀਡੀਆ ਅੰਦਰ ਅਜਿਹੇ ਭਾਸ਼ਣਾਂ ਦੀ ਬਹੁਤ ਨੁਕਤਾਚੀਨੀ ਹੋਈ। ਹੁਣ ਤਾਂ ਪ੍ਰਧਾਨ ਮੰਤਰੀ ਮੋਦੀ ਇਸ ਤੋਂ ਵੀ ਅਗਾਂਹ ਨਿੱਕਲ ਗਏ ਹਨ। ਉਹ ਭਾਸ਼ਣ ਦੇ ਰਹੇ ਹਨ ਕਿ ਜੇ ਕਾਂਗਰਸ ਸੱਤਾ ਵਿਚ ਆ ਗਈ ਤਾਂ ਇਸ ਨੇ ਰਾਮ ਮੰਦਰ ਨੂੰ ਤਾਲਾ ਲਗਵਾ ਦੇਣਾ ਹੈ, ਧਾਰਾ 370 ਬਹਾਲ ਕਰ ਦੇਣੀ ਹੈ ਆਦਿ। ਅਜਿਹੇ ਭਾਸ਼ਣ ਸ਼ਾਇਦ ਇਸ ਕਰ ਕੇ ਆਉਣੇ ਸ਼ੁਰੂ ਹੋਏ ਕਿਉਂਕਿ ਲੋਕ ਮੋਦੀ ਵੱਲੋਂ ਸੰਵਿਧਾਨ ਰੱਦ ਅਤੇ ਲੋਕਤੰਤਰ ਖਤਮ ਕਰਨ ਦੀਆਂ ਗੱਲਾਂ ਵੱਲ ਧਿਆਨ ਦੇਣ ਲੱਗ ਪਏ ਹਨ। ਇਸ ਦਾ ਸਿੱਧਾ ਅਸਰ ਵੋਟ ਪੈਟਰਨ 'ਤੇ ਪੈ ਰਿਹਾ ਹੈ।

ਇਸ ਤੋਂ ਇਲਾਵਾ ਇਕ ਹੋਰ ਮਸਲੇ ਨੇ ਭਾਰਤੀ ਜਨਤਾ ਪਾਰਟੀ ਦੇ ਪੈਰਾਂ ਹੇਠੋਂ ਜ਼ਮੀਨ ਖਿਸਕਾਈ ਅਤੇ ਇਸ ਮਾਮਲੇ 'ਤੇ ਤਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੱਕ ਨੂੰ ਸਫਾਈ ਦੇਣੀ ਪੈ ਰਹੀ ਹੈ। ਇਹ ਮਾਮਲਾ ਸਾਬਕਾ ਪ੍ਰਧਾਨ ਮੰਤਰੀ ਐੱਚ.ਡੀ. ਦੇਵਗੌੜਾ ਦੇ ਪੋਤੇ ਅਤੇ ਜਨਤਾ ਦਲ (ਸੈਕੂਲਰ) ਦੇ ਸੰਸਦ ਮੈਂਬਰ ਪ੍ਰਜਵਲ ਰੇਵੰਨਾ 'ਤੇ ਲੱਗੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦਾ ਹੈ। ਕਰਨਾਟਕ ਵਿਚ ਉੱਠੇ ਇਸ ਮਾਮਲੇ ਨੇ ਚੋਣਾਂ ਵਿਚ ਸਿਆਸੀ ਤੂਫਾਨ ਖੜ੍ਹਾ ਕਰ ਦਿੱਤਾ ਹੈ। ਭਾਰਤੀ ਜਨਤਾ ਪਾਰਟੀ ਕਰਨਾਟਕ ਵਿਚ ਜਨਤਾ ਦਲ (ਸੈਕੂਲਰ) ਨਾਲ ਗੱਠਜੋੜ ਕਰ ਕੇ ਲੋਕ ਸਭਾ ਚੋਣ ਲੜ ਰਹੀ ਹੈ। ਇਸ ਮਾਮਲੇ ਕਾਰਨ ਪ੍ਰਜਵਲ ਰੇਵੰਨਾ ਮੁਲਕ ਛੱਡ ਕੇ ਦੌੜ ਗਿਆ ਹੈ। ਕਰਨਾਟਕ ਵਿਚ ਇਸ ਵਕਤ ਕਾਂਗਰਸ ਦੀ ਸਰਕਾਰ ਹੈ ਅਤੇ ਇਸ ਨੇ ਮਾਮਲੇ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਬਣਾ ਦਿੱਤੀ ਹੈ; ਨਾਲ ਹੀ ਪ੍ਰਧਾਨ ਮੰਤਰੀ ਨੂੰ ਖਤ ਲਿਖ ਕੇ ਪ੍ਰਜਵਲ ਰੇਵੰਨਾ ਨੂੰ ਮੁਲਕ ਵਾਪਸ ਲਿਆਉਣ ਲਈ ਚਾਰਾਜੋਈ ਕਰਨ ਲਈ ਕਿਹਾ ਹੈ।

ਇਸ ਮਾਮਲੇ ਵਿਚ ਸੋਸ਼ਲ ਮੀਡੀਆ 'ਤੇ ਜਿਨਸੀ ਸ਼ੋਸ਼ਣ ਦੀਆਂ ਬਹੁਤ ਸਾਰੀਆਂ ਵੀਡੀਓ ਕਲਿੱਪਾਂ ਘੁੰਮ ਰਹੀਆਂ ਹਨ। ਇਨ੍ਹਾਂ ਵਿਚ ਆਈਆਂ ਔਰਤਾਂ ਦੀ ਗਿਣਤੀ 3000 ਦੇ ਕਰੀਬ ਦੱਸੀ ਜਾ ਰਹੀ ਹੈ। ਰਿਪੋਰਟਾਂ ਮੁਤਾਬਿਕ, ਜਿਨਸੀ ਸ਼ੋਸ਼ਣ ਦਾ ਸ਼ਿਕਾਰ ਹੋਈਆਂ ਕਈ ਔਰਤਾਂ ਪਿਛਲੇ ਦੋ ਹਫਤਿਆਂ ਵਿਚ ਆਪਣੇ ਘਰ ਛੱਡ ਗਈਆਂ ਹਨ। ਇਸ ਮਾਮਲੇ ਵਿਚ ਸਭ ਤੋਂ ਵੱਡਾ ਸਵਾਲ ਭਾਰਤੀ ਜਨਤਾ ਪਾਰਟੀ ਲਈ ਬਣਿਆ ਹੈ ਜਿਸ ਦੀ ਕੇਂਦਰ ਵਿਚ ਸਰਕਾਰ ਹੈ। ਕੇਂਦਰ ਸਰਕਾਰ ਜਿਨਸੀ ਸ਼ੋਸ਼ਣ ਬਾਰੇ ਦਾਅਵੇ ਤਾਂ ਭਾਵੇਂ ਕਈ ਕਿਸਮ ਦੇ ਕਰਦੀ ਹੈ ਪਰ ਇਸ ਦਾ ਵਿਹਾਰ ਇਨ੍ਹਾਂ ਦਾਅਵਿਆਂ ਤੋਂ ਐਨ ਉਲਟ ਹੈ; ਇਹ ਭਾਵੇਂ ਮਨੀਪੁਰ ਵਿਚ ਔਰਤਾਂ ਨੂੰ ਨਿਰਵਸਤਰ ਕਰ ਕੇ ਘੁਮਾਉਣ ਦਾ ਮਾਮਲਾ ਹੋਵੇ ਜਾਂ ਭਲਵਾਨ ਕੁੜੀਆਂ ਨਾਲ ਹੋਈ ਵਧੀਕੀ ਦਾ ਮੁੱਦਾ ਹੋਵੇ, ਕੇਂਦਰ ਸਰਕਾਰ ਦਾ ਰਵੱਈਆ ਪੀੜਤਾਂ ਦੇ ਹੱਕ ਵਿਚ ਨਹੀਂ ਰਿਹਾ। ਪ੍ਰਧਾਨ ਮੰਤਰੀ ਮੋਦੀ ਮਨੀਪੁਰ ਦੀ ਸਾਰ ਲੈਣ ਅੱਜ ਤੱਕ ਨਹੀਂ ਗਏ ਹਨ ਅਤੇ ਭਲਵਾਨ ਕੁੜੀਆਂ ਨੇ ਭਾਰਤੀ ਜਨਤਾ ਪਾਰਟੀ ਦੇ ਜਿਸ ਆਗੂ ਉਤੇ ਜਿਨਸੀ ਸ਼ੋਸ਼ਣ ਦੇ ਦੋਸ਼ ਲਾਏ ਸਨ, ਉਸ ਦੇ ਪੁੱਤਰ ਨੂੰ ਟਿਕਟ ਨਾਲ ਨਵਾਜਿਆ ਗਿਆ ਹੈ। ਇਨ੍ਹਾਂ ਤੱਥਾਂ 'ਤੇ ਭਾਰਤੀ ਜਨਤਾ ਪਾਰਟੀ ਕਸੂਤੀ ਫਸੀ ਹੋਈ ਹੈ। ਇਸੇ ਕਰ ਕੇ ਇਸ ਦੇ ਲੀਡਰਾਂ ਨੂੰ ਆਪਣੇ ਭਾਸ਼ਣਾਂ ਦੀ ਸ਼ਬਦਾਵਲੀ ਬਦਲਣੀ ਪੈ ਰਹੀ ਹੈ ਅਤੇ ਉਹ ਫਿਰਕੂ ਆਧਾਰ 'ਤੇ ਜ਼ਹਿਰੀਲੇ ਪ੍ਰਚਾਰ ਦੇ ਰਾਹ ਪੈ ਗਏ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਰੁੱਤ ਅਨੋਖੀ ਆਈ !

ਮਿ.ਲੇ ਟਿਕਟ ਤਾਂ ਕਹਿਣ ਮਾਂ ਪਾਰਟੀ ਏ ਨਹੀਂ 'ਕੁੱਛੜ' ਵਿਚ ਕਿਸੇ ਦੇ ਹੋਰ ਹੁੰਦੇ।
ਸਿਰਫ ਗੱਦੀ ਦੇ ਨਾਲ ਹੀ ਪ੍ਰੀਤ ਸਮਝੋ ਕੁਰਸੀ 'ਚੰਦ' ਤੇ ਲੀਡਰ 'ਚਕੋਰ' ਹੁੰਦੇ
ਹਾਈਕਮਾਂਡਾਂ ਵੀ ਦੇਖ ਕੇ ਦੰਗ ਹੋਈਆਂ ਧੋਖਾ ਦੇਣ ਜਿਉਂ 'ਚੋਰਾਂ 'ਤੇ ਮੋਰ' ਹੁੰਦੇ।
ਇਧਰੋਂ ਓਧਰ ਨੂੰ ਜਾਣ ਬੇਸ਼ਰਮ ਹੋ ਕੇ ਖੁਲ੍ਹੇ ਇਨ੍ਹਾਂ ਲਈ ਦਲਾਂ ਦੇ 'ਡੋਰ' ਹੁੰਦੇ।
ਲੋਕੀਂ ਸੋਚਦੇ ਕਰੀਏ ਯਕੀਨ ਕਿਸ 'ਤੇ ਕੀ ਬੁੱਝੀਏ ਸਿਆਸਤਾਂ ਗੰਧ.ਲੀਆਂ ਦੀ।
ਗਰਮੀ ਸਿਆਲ ਬਰਸਾਤ ਤਾਂ ਦੇਖਦੇ ਹਾਂ ਰੁੱਤ ਆਈ ਏ ਯਾਰੋ ਦਲਬਦਲੀਆਂ ਦੀ !

# ਕੋਲੰਬੀਆ ਯੂਨੀਵਰਸਿਟੀ ਦੇ ਵਿਦਿਆਰਥੀ ਅਤੇ ਹਿੰਦ ਰਜਬ ਦਾ ਆਖਰੀ ਫੋਨ

**ਸਾਢੇ ਪੰਜ ਦਹਾਕਿਆਂ ਬਾਅਦ ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਵਿਚ ਇਤਿਹਾਸਕ ਵਰਤਾਰਾ ਦੁਹਰਾਇਆ ਜਾ ਰਿਹਾ ਹੈ।...**

ਸਾਢੇ ਪੰਜ ਦਹਾਕਿਆਂ ਬਾਅਦ ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਵਿਚ ਇਤਿਹਾਸਕ ਵਰਤਾਰਾ ਦੁਹਰਾਇਆ ਜਾ ਰਿਹਾ ਹੈ। 1968 ਵਿਚ ਜਦੋਂ ਅਮਰੀਕਾ ਵੀਅਤਨਾਮ ਨੂੰ ਨੇਸਤੋ-ਨਾਬੂਦ ਕਰਨ 'ਤੇ ਉਤਾਰੂ ਸੀ ਤਾਂ ਇਸ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਯੂਨੀਵਰਸਿਟੀ ਦੇ ਹੈਮਿਲਟਨ



ਹਾਲ 'ਤੇ ਕਬਜ਼ਾ ਕਰ ਕੇ ਤਮਾਮ ਦੁਨੀਆ ਨੂੰ ਵੀਅਤਨਾਮ ਵਿਚ ਹੋ ਰਹੀ ਕਤਲੋਗਾਰਤ ਬਾਰੇ ਦੱਸਣ, ਜੰਗ ਖਿਲਾਫ ਆਵਾਜ਼ ਬੁਲੰਦ ਕਰਨ ਦਾ ਇਰਾਦਾ ਧਾਰ ਲਿਆ ਅਤੇ


ਡਾ. ਕੁਲਦੀਪ ਕੌਰ
ਫੋਨ: +91-98554-04330

ਆਖ਼ਿਰਕਾਰ ਅਮਰੀਕੀ ਸਰਕਾਰ ਨੂੰ ਗੋਡੇ ਟੇਕਣੇ ਪਏ। ਹੁਣ ਉਹੀ ਆਵਾਜ਼ ਗਾਜ਼ਾ ਵਿਚ ਕੀਤੇ ਜਾ ਰਹੇ ਕਤਲੇਆਮ ਅਤੇ ਫ਼ਲਸਤੀਨੀਆਂ ਉਪਰ ਇਜ਼ਰਾਈਲ ਦੇ ਅਨੈਤਿਕ ਕਬਜ਼ੇ ਤੇ ਜਬਰ ਖਿਲਾਫ ਉੱਠੀ ਹੈ ਜਿਸ ਨੂੰ ਸੰਬੋਧਨ ਹੋਣਾ ਹੁਣ ਸਾਰੇ ਮੁਲਕਾਂ ਦੀ ਅਵਾਮ ਦੀ ਸਾਂਝੀ ਨੈਤਿਕ ਤੇ ਸਿਆਸੀ ਜ਼ਿੰਮੇਵਾਰੀ ਬਣ ਚੁੱਕੀ ਹੈ।

ਕੋਲੰਬੀਆ ਯੂਨੀਵਰਸਿਟੀ ਤੋਂ ਉੱਠੀ ਹੱਕ-ਸੱਚ ਦੀ ਇਹ ਆਵਾਜ਼ ਨਿਕਟ ਭਵਿੱਖ ਵਿਚ ਇਸ ਕੈਂਪਸ ਤੱਕ ਹੀ ਸੀਮਿਤ ਹੁੰਦੀ ਦਿਖਾਈ ਨਹੀਂ ਦੇ ਰਹੀ। ਇਸ ਜ਼ਰੂਰੀ ਅੰਦੋਲਨ ਦਾ ਰੰਜ਼ ਤੇ ਰੋਸ ਹਾਰਵਰਡ ਯੂਨੀਵਰਸਿਟੀ ਵਰਗੀ ਵੱਕਾਰੀ ਸੰਸਥਾ ਤੋਂ ਹੁੰਦਾ ਹੋਇਆ ਅਮਰੀਕਾ ਦੇ ਨਾਲ-ਨਾਲ ਇੰਗਲੈਂਡ, ਫਰਾਂਸ ਅਤੇ ਯੂਨਾਨ (ਗਰੀਸ) ਦੇ ਕਾਲਜਾਂ ਦੇ ਕਲਾਸ ਰੂਮਾਂ ਅਤੇ ਕੈਂਪਸਾਂ ਤੱਕ ਫੈਲਦਾ ਨਜ਼ਰ ਆ ਰਿਹਾ ਹੈ। ਇਸ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਆਪਣੇ ਸ਼ਾਨਦਾਰ ਇਤਿਹਾਸ 'ਤੇ ਮਾਣ ਹੈ। ਜਦੋਂ 1985 ਵਿਚ ਅਮਰੀਕੀ ਕੰਪਨੀਆਂ ਨੇ ਦੱਖਣੀ ਅਮਰੀਕਾ ਨਾਲ ਨਸਲੀ ਆਧਾਰ 'ਤੇ ਵਿਤਕਰੇ ਅਤੇ ਗ਼ੁਲਾਮ ਪ੍ਰਥਾ ਦੀ ਵਾਪਸੀ 'ਤੇ ਜ਼ੋਰ-ਸ਼ੋਰ ਨਾਲ ਕੰਮ ਕਰਨਾ ਸੁਰੂ ਕੀਤਾ ਤਾਂ ਇਨ੍ਹਾਂ ਵਿਦਿਆਰਥੀਆਂ ਨੇ ਇਸ ਦਾ ਇੰਨਾ ਜ਼ਬਰਦਸਤ ਵਿਰੋਧ ਕੀਤਾ ਕਿ ਕੰਪਨੀਆਂ ਨੂੰ ਆਪਣੀਆਂ ਕਾਰੋਬਾਰੀ ਨੀਤੀਆਂ (ਬਿਜ਼ਨਸ ਪਾਲਿਸੀਜ਼) ਫਿਰ ਤੋਂ ਬਣਾਉਣੀਆਂ ਪਈਆਂ। ਇਸੇ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੇ ਕੈਂਪਸ ਵਿਚ ਕਤਲ ਕੀਤੇ ਗਏ ਅਫਰੀਕੀ ਨੇਤਾ ਅਤੇ ਮਨੁੱਖੀ ਅਧਿਕਾਰਾਂ ਦੇ ਕਾਰਕੁਨ ਮੈਲਕਮ ਐਕਸ ਦੀ ਹੱਤਿਆ ਵਾਲੇ ਹਾਲ ਨੂੰ ਬਾਇਓ-ਮੈਡੀਕਲ ਰਿਸਰਚ ਸੈਂਟਰ ਵਿਚ ਤਬਦੀਲ ਕਰਨ ਦਾ ਵਿਰੋਧ ਕੀਤਾ ਸੀ ਅਤੇ ਕਾਮਯਾਬ ਰਹੇ ਸਨ। ਇਹ ਯੂਨੀਵਰਸਿਟੀ ਅੱਜ ਫਿਰ ਤੋਂ ਮਸਨੂਈ ਬੁੱਧੀ (ਆਰਟੀਫੀਸ਼ੀਅਲ ਇੰਟੈਲੀਜੈਂਸ) ਦੇ ਖਤਰਿਆਂ ਅਤੇ ਦਿਨੋ-ਦਿਨ ਜੰਗਾਲੀ ਜਾ ਰਹੀ ਬੌਧਿਕਤਾ ਦੇ ਦੌਰ ਵਿਚ ਮਨੁੱਖੀ ਸੰਵੇਦਨਾ ਅਤੇ ਰਹਿਮਦਿਲੀ ਦੀ ਮਿਸਾਲ ਬਣ ਕੇ ਕਿਤਾਬਾਂ ਤੇ ਵਿਚਾਰਾਂ ਦੀ ਹਥਿਆਰਾਂ, ਜੰਗਾਂ ਤੇ ਜਬਰ-ਦਾਬਿਆਂ ਖਿਲਾਫ ਲਗਾਤਾਰ ਚੱਲਦੇ ਯੁੱਧ ਦਾ ਪ੍ਰਤੀਕ ਬਣ ਕੇ ਉਭਰੀ ਹੈ।

ਅੱਜ ਇਸੇ ਯੂਨੀਵਰਸਿਟੀ ਦਾ ਪ੍ਰਸ਼ਾਸਨ ਅਤੇ ਅਮਰੀਕਾ ਦਾ ਮੁੱਖ ਧਾਰਾ ਮੀਡੀਆ ਵਿਦਿਆਰਥੀਆਂ ਦੀ ਸਿਆਸਤ 'ਤੇ ਵਿਅੰਗ ਕਰਦਿਆਂ ਆਖਦਾ ਹੈ ਕਿ ਵਿਦਿਆਰਥੀ ਗਾਜ਼ਾ ਬਾਰੇ ਗ਼ਲਤਫਹਿਮੀਆਂ ਦਾ ਸ਼ਿਕਾਰ ਹਨ। ਵ੍ਹਾਈਟ ਹਾਊਸ ਦੇ ਜਾਰੀ ਖਾਸ ਬਿਆਨ ਵਿਚ ਇਹ ਕਿਹਾ ਗਿਆ ਕਿ ਇਹ ਐਂਟੀ-ਸਮਿਟਿਕ ਵਿਰੋਧ ਦੀ ਹੀ ਇੱਕ ਕਿਸਮ ਹੈ। ਵ੍ਹਾਈਟ ਹਾਊਸ ਦੇ ਬੁਲਾਰੇ ਐਂਡਰਿਊ ਬੇਟਸ ਨੇ ਇਸ ਬਾਬਤ ਕਿਹਾ, "ਹਿੰਸਾ ਅਤੇ ਸਰੀਰਕ ਹਮਲਿਆਂ ਦੀ ਧਮਕੀ, ਯਹੂਦੀ ਵਿਦਿਆਰਥੀਆਂ ਤੇ ਯਹੂਦੀ ਭਾਈਚਾਰੇ ਬਾਰੇ ਟਿੱਪਣੀਆਂ ਯਹੂਦੀ ਵਿਰੋਧ ਦਾ ਹੀ ਇੱਕ ਰੂਪ ਹੈ ਜੋ ਐਂਟੀ-ਸਮਿਟਿਕ, ਗ਼ਲਤ ਅਤੇ ਖ਼ਤਰਨਾਕ ਹੈ।" ਧਰਨੇ 'ਤੇ ਬੈਠੇ ਵਿਦਿਆਰਥੀਆਂ ਵਿਰੁੱਧ ਗੁੰਡਾ ਅਨਸਰਾਂ ਦੇ ਹਮਲਿਆਂ ਦੀਆਂ ਖ਼ਬਰਾਂ ਦੇ ਨਾਲ-ਨਾਲ ਪੁਲਿਸ ਅਤੇ ਪ੍ਰਸ਼ਾਸਨ ਇਨ੍ਹਾਂ ਵਿਰੁੱਧ ਅਫ਼ਵਾਹਾਂ ਤੇ ਝੂਠ ਦਾ ਪ੍ਰਚਾਰ-ਪ੍ਰਸਾਰ ਵੀ ਖ਼ੂਬ ਕਰ ਰਿਹਾ ਹੈ ਜਿਸ ਦਾ ਵਿਦਿਆਰਥੀ ਢੁੱਕਵਾਂ ਜੁਆਬ ਦੇਣ ਦੀ ਕੋਸ਼ਿਸ ਕਰ ਰਹੇ ਹਨ। ਸੋਸ਼ਲ ਮੀਡੀਆ ਪਲੈਟਫਾਰਮ ਇਨ੍ਹਾਂ ਧਰਨਿਆਂ ਅਤੇ ਪੁਲਿਸ ਦੀ ਮਾਰ-ਕੁੱਟ ਦੇ ਵੀਡੀਉ ਨਾਲ ਭਰੇ ਪਏ ਹਨ।

ਅਮਰੀਕਾ ਦੇ ਪ੍ਰਮੁੱਖ ਅਖਬਾਰ 'ਦਿ ਨਿਊ ਯਾਰਕਰ ਟਾਈਮਜ਼' ਵਿਚ ਲੱਗੀ ਖ਼ਬਰ ਅਨੁਸਾਰ 18 ਅਪਰੈਲ (2024) ਨੂੰ ਅਮਰੀਕਾ ਦੀ ਦੰਗਾ ਰੋਕੂ ਪੁਲਿਸ ਨੇ ਕੋਲੰਬੀਆ ਯੂਨੀਵਰਸਿਟੀ ਕੈਂਪਸ ਵਿਚ ਦਾਖਿਲ ਹੋ ਕੇ 108 ਵਿਦਿਆਰਥੀ ਪ੍ਰਦਸ਼ਨਕਾਰੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ




**ਕੋਲੰਬੀਆ ਯੂਨੀਵਰਸਿਟੀ ਦੇ ਹੈਮਿਲਟਨ ਹਾਲ 'ਤੇ ਟੰਗਿਆ ਹਿੰਦ ਰਜਬ ਵਾਲਾ ਬੈਨਰ।**

ਵਿਦਿਆਰਥੀਆਂ ਦੇ ਟੈਂਟ ਉਖਾੜ ਦਿੱਤੇ। ਅਮਰੀਕਾ ਦੇ ਹੀ ਇੱਕ ਹੋਰ ਮੀਡੀਆ ਅਦਾਰੇ ਐੱਨਬੀਸੀ ਨਿਊਜ਼ ਦੀ ਖ਼ਬਰ ਅਨੁਸਾਰ ਯੂਨੀਵਰਸਿਟੀ ਦੀ ਪ੍ਰੈਜ਼ੀਡੈਂਟ ਨੇਮਤ ਮਿਨੋਚੇ ਸ਼ਫੀਕ ਨੇ ਯੂਨੀਵਰਸਿਟੀ ਕੈਂਪਸ ਵਿਚ ਪੁਲਿਸ ਬੁਲਾਉਣ ਦਾ ਫ਼ੈਸਲਾ ਵਿਦਿਆਰਥੀਆਂ ਨੂੰ ਕਈ ਵਾਰ ਸਮਝਾਉਣ ਤੋਂ ਬਾਅਦ ਕੀਤਾ; ਦੂਜੇ ਪਾਸੇ, ਪੁਲਿਸ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਦੀ ਕਾਰਵਾਈ ਖਿਲਾਫ ਵਿਦਿਆਰਥੀਆਂ ਦਾ ਕਹਿਣਾ ਸੀ, "ਸਾਡਾ ਵਿਰੋਧ ਪੂਰੀ ਤਰ੍ਹਾਂ ਨੈਤਿਕ ਅਤੇ ਜ਼ਰੂਰੀ ਹੈ।" ਇਨ੍ਹਾਂ ਅਖ਼ਬਾਰਾਂ ਸਮੇਤ ਬਹੁਤੇ ਅਖ਼ਬਾਰਾਂ ਦੇ ਮੁੱਖ ਪੰਨਿਆਂ 'ਤੇ ਵਿਦਿਆਰਥੀਆਂ ਨਾਲ ਟਕਰਾਉ ਤੋਂ ਬਾਅਦ ਖਿੜਕੀਆਂ-ਦਰਵਾਜ਼ਿਆਂ ਦੇ ਟੁੱਟੇ ਸ਼ੀਸ਼ਿਆਂ, ਟੁੱਟੀਆਂ ਕੁਰਸੀਆਂ-ਮੇਜ਼ਾਂ ਜਾਂ ਕੈਂਪਸ ਵਿਚ ਭੰਨਤੋੜ ਦੀਆਂ ਤਸਵੀਰਾਂ ਲਗਾਈਆਂ ਗਈਆਂ। ਦੂਜੇ ਪਾਸੇ, ਵਿਦਿਆਰਥੀਆਂ ਨੇ ਆਪਣਾ ਇਹ ਸੰਘਰਸ਼ ਫ਼ਲਸਤੀਨ ਵਿਚ ਮਾਰੀ ਗਈ ਛੇ ਸਾਲ ਬੱਚੀ ਹਿੰਦ ਰਜਬ ਦੇ ਨਾਮ ਕਰਦਿਆ ਕੈਂਪਸ ਦੇ ਮੁੱਖ ਹਾਲ ਹੈਮਲਿਟਨ ਨੂੰ ਉਸ ਨੂੰ ਸਮਰਪਿਤ ਕਰ ਦਿੱਤਾ। ਛੇ ਸਾਲਾਂ ਦੀ ਬੱਚੀ ਹਿੰਦ ਰਜਬ ਦੀ ਕਹਾਣੀ ਬੇਹੱਦ ਦਿਲ-ਕੰਬਾਊ ਹੈ। ਉਹ ਬੱਚੀ ਆਪਣੇ ਪਰਿਵਾਰਕ ਜੀਆਂ ਨਾਲ ਇਜ਼ਰਾਈਲੀ ਟੈਂਕਾਂ ਦੀ ਫਾਇਰਿੰਗ ਤੋਂ ਬਚਣ ਦੀ ਕੋਸ਼ਿਸ਼ ਕਰ ਰਹੀ ਸੀ ਜਦ ਇਜ਼ਰਾਇਲਿ ਫੌਜੀਆਂ ਨੇ ਉਨ੍ਹਾਂ ਦੀ ਕਾਰ 'ਤੇ ਅੰਧਾਧੁੰਦ ਫਾਇਰਿੰਗ ਕੀਤੀ। ਇਸ ਫਾਇਰਿੰਗ ਵਿਚ ਉਸ ਦੇ ਸਾਰੇ ਪਰਿਵਾਰਕ ਜੀਅ ਮਾਰੇ ਗਏ। ਇਸ ਤੋਂ ਬਾਅਦ ਉਹ ਲਗਾਤਾਰ ਤਿੰਨ ਘੰਟੇ ਮਦਦ ਲਈ ਕਦੇ ਐਮਰਜੈਂਸੀ ਨੰਬਰਾਂ, ਕਦੇ ਹਸਪਤਾਲਾਂ, ਕਦੇ ਐਂਬੂਲੈਂਸ ਨੂੰ ਫੋਨ ਕਰਦੀ ਰਹੀ ਪਰ ਕਿਸੇ ਪਾਸਿਉਂ ਮਦਦ ਨਾ ਬਹੁੜੀ। ਬੀਬੀਸੀ ਵਿਚ ਛਪੀ ਖਾਸ ਰਿਪੋਰਟ ਅਨੁਸਾਰ, ਇਸੇ ਦੌਰਾਨ ਉਹ ਫਿਰ ਤੋਂ ਇਜ਼ਰਾਇਲੀ ਗੋਲੀਆਂ ਦਾ ਸ਼ਿਕਾਰ ਹੋ ਗਈ। ਉਸ ਦਾ ਮ੍ਰਿਤਕ ਸਰੀਰ ਤਿੰਨ ਦਿਨਾਂ ਬਾਅਦ ਮਿਲਿਆ। ਫ਼ਲਸਤੀਨ ਵਿਚ ਕੰਮ ਕਰ ਰਹੀ ਮਨੁੱਖੀ ਅਧਿਕਾਰ ਸੰਸਥਾ 'ਫਲਸਤੀਨ ਰੈੱਡ ਕਰੈਸੈਂਟ ਸੁਸਾਇਟੀ' ਅਨੁਸਾਰ, ਉਸ ਦੀ ਮਦਦ ਲਈ ਗਏ ਦੋ ਸਿਹਤ ਕਾਮੇ ਵੀ ਉਸ ਬੱਚੀ ਦੇ ਨਾਲ ਹੀ ਕਤਲ ਕਰ ਦਿੱਤੇ ਗਏ; ਇਜ਼ਰਾਇਲੀ ਫੌਜ ਸਿਰਫ 'ਜੰਗ' ਨਹੀਂ ਲੜ ਰਹੀ, ਉਹ ਜਾਣ-ਬੁੱਝ ਕੇ ਸਿਹਤ ਕਰਮੀਆਂ, ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਫਲਸਤੀਨੀਆਂ ਦੀ ਸਹਾਇਤਾ ਕਰਨ ਵਾਲਿਆਂ ਨੂੰ ਗੋਲੀ ਮਾਰ ਰਹੇ ਹਨ। ਹਿੰਦ ਰਜਬ ਦੀ ਮਾਂ ਨੇ ਬੱਚੀ ਦੇ ਕਤਲ ਲਈ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਨੇਤਨਯਾਹੂ, ਅਮਰੀਕੀ ਰਾਸ਼ਟਰਪਤੀ ਬਾਇਡਨ ਅਤੇ ਹਰ ਉਸ ਇਨਸਾਨ ਨੂੰ ਜ਼ਿੰਮੇਵਾਰ ਕਰਾਰ ਦਿੱਤਾ ਜਿਹੜਾ ਸਭ ਕੁਝ ਜਾਣਦਿਆਂ ਵੀ ਗਾਜ਼ਾ ਦੇ ਕਤਲੇਆਮ ਬਾਰੇ ਅੱਖਾਂ, ਕੰਨ ਅਤੇ ਮੂੰਹ ਬੰਦ ਕਰੀ ਹੈ। ਕੋਲੰਬੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਨੁਸਾਰ, ਹਿੰਦ ਰਜਬ ਦਾ ਕਤਲ ਉਹ ਕੀਮਤ ਹੈ ਜਿਹੜੀ ਅਸੀਂ ਗਾਜ਼ਾ ਅਤੇ ਫਲਸਤੀਨ ਵਿਚ ਥੋਪੀ ਜੰਗ ਲਈ ਅਦਾ ਕਰ ਰਹੇ ਹਾਂ।

ਹਿੰਦ ਰਜਬ ਲਈ ਇਨਸਾਫ ਮੰਗਣ ਤੋਂ ਇਲਾਵਾ ਵਿਦਿਆਰਥੀਆਂ ਦੀਆਂ ਬਾਕੀ ਮੰਗਾਂ ਵੀ ਅੱਜ ਦੇ ਦੌਰ ਦੀ ਗਲੋਬਲੀ ਸਿਆਸਤ 'ਤੇ ਤਿੱਖੇ ਸਵਾਲ ਖੜ੍ਹੇ ਕਰਦੀਆਂ ਹਨ। ਵਿਦਿਆਰਥੀਆਂ ਦੀ ਸਭ ਤੋਂ ਅਹਿਮ ਮੰਗ ਯੂਨੀਵਰਸਿਟੀ ਵੱਲੋਂ ਉਨ੍ਹਾਂ ਕੰਪਨੀਆਂ ਨਾਲੋਂ ਨਾਤਾ ਤੋੜਨਾ ਹੈ ਜਿਹੜੀਆਂ ਕਿਸੇ ਵੀ ਪੱਧਰ 'ਤੇ ਇਜ਼ਰਾਈਲ ਨਾਲ ਸਿੱਧੇ ਜਾਂ ਅਸਿੱਧੇ ਕਾਰੋਬਾਰ ਵਿਚ ਸ਼ਾਮਿਲ ਹਨ। ਇਹ ਮਸਲਾ ਸਿੱਧੇ ਤੌਰ 'ਤੇ ਗੈਰ-ਜ਼ਰੂਰੀ ਅਤੇ ਮਾਨਵਤਾ ਵਿਰੋਧੀ ਜੰਗ ਤੋਂ ਲਾਹਾ ਖੱਟ ਰਹੀਆਂ ਬਹੁ-ਕੌਮੀ ਕੰਪਨੀਆਂ ਦੇ ਬਾਈਕਾਟ ਨਾਲ ਜਾ ਜੁੜਦਾ ਹੈ। ਦੂਜਾ ਮੁੱਦਾ ਫਲਸਤੀਨੀਆਂ ਦੇ ਸਮੂਹਿਕ ਘਾਣ ਦਾ ਹੈ ਜਿਸ ਕਾਰਨ ਸਮੁੱਚੀ ਮਨੁੱਖਤਾ ਦੇ ਮਨੁੱਖੀ ਅਧਿਕਾਰਾਂ 'ਤੇ ਵੱਡਾ ਸਵਾਲ ਖੜ੍ਹਾ ਹੋ ਚੁੱਕਿਆ ਹੈ। ਵਿਦਿਆਰਥੀਆਂ ਨੇ ਫਲਸਤੀਨੀਆਂ ਨਾਲ ਇੱਕਜੁਟਤਾ ਦਾ ਪ੍ਰਗਟਾਵਾ ਕਰਦਿਆ ਜੰਗ ਦੀ ਸਿਆਸਤ ਨੂੰ ਰੱਦ ਕਰਨ ਅਤੇ ਫਲਸਤੀਨ ਨੂੰ ਇਨਸਾਫ ਦਿੱਤੇ ਜਾਣ ਦਾ ਨਾਅਰਾ ਬੁਲੰਦ ਕੀਤਾ।

ਇਸ ਤੋਂ ਇਲਾਵਾ ਵਿਦਿਆਰਥੀ ਇਜ਼ਰਾਈਲ ਦਾ ਆਰਥਿਕ-ਸਿਆਸੀ ਬਾਈਕਾਟ ਕਰਨ, ਉਸ ਨਾਲ ਕਾਰੋਬਾਰ ਬੰਦ ਕਰਨ ਅਤੇ ਉਸ 'ਤੇ ਵਪਾਰਕ ਪਾਬੰਦੀਆਂ ਲਗਾਉਣ ਦੀ ਮੰਗ ਵੀ ਕਰ ਰਹੇ ਹਨ। ਇਸ ਨਾਲ ਇਜ਼ਰਾਈਲ ਦੀ ਨਾ ਸਿਰਫ ਜੰਗ ਨੂੰ ਜਾਰੀ ਰੱਖਣ ਦੀ ਜ਼ਿੱਦ 'ਤੇ ਸਿੱਧਾ ਅਸਰ ਪਵੇਗਾ ਬਲਿਕ ਉਹ ਗਲੋਬਲ ਪੱਧਰ 'ਤੇ ਵੀ ਅਲੱਗ-ਥਲੱਗ ਪੈ ਜਾਵੇਗਾ। ਇਨ੍ਹਾਂ ਸਾਰੀਆਂ ਮੰਗਾਂ ਤੋਂ ਉਪਰ ਸਭ ਤੋਂ ਅਹਿਮ ਮੰਗ ਫਲਸਤੀਨ ਨੂੰ ਮੁਲਕ ਵਜੋਂ ਬਣਦਾ ਹੱਕ ਦੇਣ ਦੀ ਹੈ, ਫਲਸਤੀਨੀਆਂ ਦੀ ਵੱਖਰੀ ਪਛਾਣ ਅਤੇ ਹੋਂਦ ਨੂੰ ਸਵੀਕਾਰ ਕੇ ਉਨ੍ਹਾਂ ਦੀ ਪ੍ਰਭੂਸੱਤਾ, ਇਤਿਹਾਸ ਅਤੇ ਆਜ਼ਾਦੀ ਨੂੰ ਪੱਕੇ ਪੈਰੀਂ ਕਰਨ ਦੀ ਹੈ। ਇਸ ਦੇ ਨਾਲ ਹੀ ਵਿਦਿਆਰਥੀ ਫਲਸਤੀਨੀ ਬਿਰਤਾਂਤ ਨੂੰ ਯੂਨੀਵਰਸਿਟੀ ਸਿਲੇਬਸਾਂ ਦਾ ਹਿੱਸਾ ਬਣਾਉਣ ਦੀ ਮੰਗ ਵੀ ਕਰ ਰਹੇ ਹਨ।

ਅੱਜ ਗਾਜ਼ਾ ਦੁਨੀਆ ਭਰ ਦੇ ਮੁਲਕਾਂ ਦੀਆਂ ਸਰਕਾਰਾਂ, ਮਨੁੱਖੀ ਅਧਿਕਾਰ ਸੰਸਥਾਵਾਂ, ਆਜ਼ਾਦੀ ਤੇ ਸੋਚਣ, ਸਮਝਣ, ਬਿਹਤਰ ਜ਼ਿੰਦਗੀ ਜੀਣ ਦੇ ਅੰਦੋਲਨਾਂ ਵਿਚ ਸ਼ਾਮਿਲ ਹੋਣ ਵਾਲਿਆਂ ਲਈ ਲਿਟਮਸ ਟੈਸਟ ਹੈ। ਤੁਸੀਂ ਕਿਸੇ ਵੀ ਪੱਧਰ 'ਤੇ ਜਮਹੂਰੀਅਤ, ਘੱਟ-ਗਿਣਤੀਆਂ ਦੀ ਵਿਲੱਖਣਤਾ, ਔਰਤਾਂ ਤੇ ਬੱਚਿਆਂ ਦੇ ਅਧਿਕਾਰਾਂ, ਪੱਛੜੇ ਤੇ ਸ਼ੋਸ਼ਿਤ ਵਰਗਾਂ ਦੀ ਲੜਾਈ ਲੜ ਰਹੇ ਹੋਵੋ, ਤੁਸੀਂ ਕਵੀ, ਸੰਗੀਤਕਾਰ, ਲੇਖਕ, ਅਧਿਆਪਕ, ਡਾਕਟਰ ਹੋਵੋ, ਕੋਲੰਬੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੇ ਕਹਿਣ ਵਾਂਗ ਤੁਸੀਂ 'ਨੈਤਿਕ' ਤੌਰ 'ਤੇ ਗਾਜ਼ਾ ਲਈ ਜਵਾਬਦੇਹ ਹੋ। ਦਰਅਸਲ ਹਿੰਦ ਰਜਬ ਦੀ ਉਹ ਆਖਰੀ ਫੋਨ ਕਾਲ ਤੁਹਾਡੇ ਲਈ ਵੀ ਸੀ/ਹੈ, ਹੁਣ ਫੈਸਲਾ ਤੁਸੀਂ ਕਰਨਾ ਹੈ।

# ਅਮਰੀਕੀ 'ਵਰਸਿਟੀਆਂ ਜੰਗ ਵਿਰੋਧੀ ਅਖਾੜੇ ਬਣੀਆਂ

**ਵਿਦਿਆਰਥੀ ਕਿਸੇ ਵੀ ਸਮਾਜ ਦਾ ਬੇਹੱਦ ਮਹੱਤਵਪੂਰਨ ਹਿੱਸਾ ਹੁੰਦੇ ਹਨ। ਵਿਦਿਆਰਥੀਆਂ ਦੀ ਚੇਤਨਾ, ਖ਼ਾਸ ਕਰ ਕੇ ਯੂਨੀਵਰਸਿਟੀ ਪੱਧਰ ਦੇ ਵਿਦਿਆਰਥੀਆਂ ਦੇ ਬਹਿਸ-ਮੁਬਾਹਸੇ ਪੂਰੇ ਸਮਾਜ ਅੰਦਰ ਹਕੂਮਤੀ ਨੀਤੀਆਂ ਉੱਪਰ ਬਹਿਸ ਅਤੇ ਸੋਚ-ਵਿਚਾਰ ਦੀ ਉਥਲ-ਪੁਥਲ ਪੈਦਾ ਕਰਨ ਦੀ ਸਮਰੱਥਾ ਰੱਖਦੇ ਹਨ। ਕੈਂਪਸਾਂ 'ਚ ਅਜਿਹੀ ਲਾਮਬੰਦੀ ਅਤੇ ਵਿਦਿਆਰਥੀਆਂ ਵੱਲੋਂ ਅਮਰੀਕਾ ਦੀ ਇਜ਼ਰਾਈਲ ਨੀਤੀ, ਖ਼ਾਸ ਕਰ ਕੇ ਗਾਜ਼ਾ ਕਤਲੇਆਮ ਵਿਚ ਮਿਲੀਭੁਗਤ ਉੱਪਰ ਉਠਾਏ ਜਾ ਰਹੇ ਗੰਭੀਰ ਸਵਾਲ ਇਸ ਨੀਤੀ ਵਿਰੁੱਧ ਲੋਕ ਰਾਇ ਬਣਾਉਣ 'ਚ ਵੱਡੀ ਭੂਮਿਕਾ ਨਿਭਾ ਸਕਦੇ ਹਨ।**

ਅਮਰੀਕਾ ਅਤੇ 'ਨਾਟੋ' ਦੀ ਸ਼ਹਿ ਅਤੇ ਬੇਥਾਹ ਮਦਦ ਨਾਲ ਇਜ਼ਰਾਈਲ ਬੇਖ਼ੌਫ਼ ਹੋ ਕੇ ਫ਼ਲਸਤੀਨੀਆਂ ਦੀ ਨਸਲਕੁਸ਼ੀ ਕਰ ਰਿਹਾ ਹੈ। ਜਿਵੇਂ ਗਾਜ਼ਾ ਅਤੇ ਹੋਰ ਫ਼ਲਸਤੀਨੀ ਇਲਾਕਿਆਂ ਵਿਚ ਸਭ ਹੱਦਾਂ ਟੱਪ ਕੇ ਕਤਲੇਆਮ ਅਤੇ ਤਬਾਹੀ ਕੀਤੀ ਜਾ ਰਹੀ ਹੈ, ਉਸ ਵਿਰੁੱਧ ਦੁਨੀਆ 'ਚ ਵਿਆਪਕ ਰੋਹ ਹੈ। ਅਮਰੀਕਾ ਨੇ 7 ਅਕਤੂਬਰ 2023 ਤੋਂ ਇਜ਼ਰਾਈਲ ਨੂੰ ਹਥਿਆਰਾਂ ਦੀਆਂ 100 ਤੋਂ ਵੱਧ ਖੇਪਾਂ ਭੇਜੀਆਂ ਅਤੇ ਅਰਬਾਂ ਡਾਲਰ ਮਾਲੀ ਮਦਦ ਦਿੱਤੀ ਗਈ ਹੈ। ਹੁਣ ਤੱਕ ਗਾਜ਼ਾ ਵਿਚ ਘੱਟੋ-ਘੱਟ 15000 ਬੱਚਿਆਂ ਸਮੇਤ 34000 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ; 77000 ਤੋਂ ਵੱਧ ਜ਼ਖ਼ਮੀ ਹੋਏ ਹਨ। ਇਸ ਨੇ ਅਮਰੀਕਾ ਦੇ ਦਹਿ-ਹਜ਼ਾਰਾਂ ਵਿਦਿਆਰਥੀਆਂ ਦੀ ਜ਼ਮੀਰ ਨੂੰ ਝੰਜੋੜਿਆ ਅਤੇ ਜਾਗਦੀ ਜ਼ਮੀਰ ਵਾਲੇ ਇਹ ਵਿਦਿਆਰਥੀ ਤੇ ਫੈਕਲਟੀ ਮੈਂਬਰ ਹਜ਼ਾਰਾਂ ਦੀ ਗਿਣਤੀ 'ਚ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ। ਅਮਰੀਕਾ ਦੀਆਂ 60 ਯੂਨੀਵਰਸਿਟੀਆਂ ਅਤੇ ਕਾਲਜਾਂ ਦੇ ਕੈਂਪਸਾਂ 'ਚ ਪੱਕੇ ਟੈਂਟ ਲਗਾ ਕੇ ਕਤਲੇਆਮ ਵਿਰੁੱਧ ਜ਼ੋਰਦਾਰ ਆਵਾਜ਼ ਉੱਠੀ ਹੈ। ਇਕ ਹੋਰ ਰਿਪੋਰਟ ਅਨੁਸਾਰ ਫ਼ਲਸਤੀਨੀਆਂ ਨਾਲ ਇਕਮੁੱਠਤਾ ਅੰਦੋਲਨ ਪਿਛਲੇ

**ਬੂਟਾ ਸਿੰਘ ਮਹਿਮੂਦਪੁਰ**
ਫੋਨ: +91-94634-74342

ਦੋ ਹਫ਼ਤਿਆਂ 'ਚ ਅਮਰੀਕਾ ਦੇ ਘੱਟੋ-ਘੱਟ 154 ਕਾਲਜ ਕੈਂਪਸਾਂ ਤੱਕ ਫੈਲ ਗਿਆ ਹੈ। ਇਸ ਦਾ ਪ੍ਰਭਾਵ ਹੋਰ ਮੁਲਕਾਂ 'ਚ ਵੀ ਦੇਖਿਆ ਜਾ ਰਿਹਾ ਹੈ।

17 ਅਪਰੈਲ ਨੂੰ ਜਦੋਂ ਨਿਊਯਾਰਕ 'ਚ ਕੋਲੰਬੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਫੈਕਲਟੀ ਨੇ ਫ਼ਲਸਤੀਨੀਆਂ ਨਾਲ ਇਕਜੁੱਟਤਾ ਦਿਖਾਉਂਦਿਆਂ ਕੈਂਪਸ ਦੇ ਵਿਚਕਾਰ ਪੱਕਾ ਕੈਂਪ ਲਗਾ ਦਿੱਤਾ ਤਾਂ ਯੂਨੀਵਰਸਿਟੀ ਪ੍ਰਸ਼ਾਸਨ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਅਗਲੇ ਦਿਨ ਯੂਨੀਵਰਸਿਟੀ ਪ੍ਰਸ਼ਾਸਨ ਅਤੇ ਸਥਾਨਕ ਸਟੇਟ ਅਥਾਰਟੀਜ਼ ਨੇ ਤਾਕਤ ਵਰਤ ਕੇ ਵਿਦਿਆਰਥੀਆਂ ਨੂੰ ਖਦੇੜਨਾ ਚਾਹਿਆ। ਪੁਲਿਸ ਨੇ ਹਾਲ ਅੰਦਰ ਰਾਈਫ਼ਲ ਨਾਲ ਗੋਲੀ ਵੀ ਚਲਾਈ। 100 ਤੋਂ ਵੱਧ ਵਿਦਿਆਰਥੀ ਗ੍ਰਿਫ਼ਤਾਰ ਕਰ ਲਏ ਪਰ ਵਿਦਿਆਰਥੀਆਂ ਨੇ ਖਿੰਡਣ ਦੀ ਬਜਾਇ ਨਵਾਂ ਕੈਂਪ ਸਥਾਪਤ ਕਰ ਲਿਆ। ਜਦੋਂ ਯੂਨੀਵਰਸਿਟੀ ਦੀ ਪ੍ਰਧਾਨ ਸ਼ਫ਼ੀਕ ਨੇ ਫ਼ਲਸਤੀਨ ਨਾਲ ਇਕਜੁੱਟਤਾ ਨੂੰ ਯਹੂਦੀ ਵਿਰੋਧੀ ਕਰਾਰ ਦੇ ਕੇ ਬਦਨਾਮ ਕਰਨ ਦੀ ਗੱਲ ਕੀਤੀ ਤਾਂ ਵਿਦਿਆਰਥੀਆਂ ਦਾ ਗੁੱਸਾ ਭੜਕ ਉੱਠਿਆ। ਲਾਮਬੰਦੀ ਤੋੜਨ ਲਈ ਪੁਲਿਸ ਤਾਕਤ ਦੀ ਵਰਤੋਂ ਅਤੇ ਅਜਿਹੀ ਚਿੱਕੜ ਉਛਾਲੀ ਐਸੀ ਚਿੰਗਾੜੀ ਬਣ ਗਈ ਜਿਸ ਨੇ ਅੰਦੋਲਨ ਦੀ ਅੱਗ ਪੂਰੇ ਅਮਰੀਕਾ 'ਚ ਫੈਲਾ ਦਿੱਤੀ। ਅਮਰੀਕਾ ਦੀ ਤੀਜੀ ਸਭ ਤੋਂ ਵੱਡੀ ਓਹਾਇਓ ਸਟੇਟ ਯੂਨੀਵਰਸਿਟੀ ਵਿਚ ਵੀ ਵਿਦਿਆਰਥੀਆਂ ਅਤੇ ਪ੍ਰੋਫੈਸਰਾਂ ਨੇ ਪੱਕੇ ਮੋਰਚੇ ਲਗਾ ਲਏ। ਯੇਲ ਕੈਂਪਸ ਤੋਂ ਸ਼ੁਰੂ ਹੋ ਕੇ ਕੈਂਪਸ-ਦਰ-ਕੈਂਪਸ ਵੱਡੀਆਂ-ਵੱਡੀਆਂ ਲਾਮਬੰਦੀਆਂ ਹੋ ਰਹੀਆਂ ਹਨ। ਪੋਰਟਲੈਂਡ 'ਚ ਯੂਨੀਵਰਸਿਟੀ ਆਫ ਸਾਊਦਰਨ ਮੇਨ, ਫਲੋਰਿਡਾ ਯੂਨੀਵਰਸਿਟੀ, ਐਰੀਜ਼ੋਨਾ ਯੂਨੀਵਰਸਿਟੀ ਟਕਸਨ 'ਚ ਵਿਦਿਆਰਥੀਆਂ ਨੇ ਕੈਂਪ ਲਗਾ ਗਏ।

ਇਸ ਤੋਂ ਉਤਸ਼ਾਹਤ ਹੋ ਕੇ ਹੋਰ ਮੁਲਕਾਂ 'ਚ ਵੀ ਇਸੇ ਤਰਜ਼ ਦਾ ਵਿਰੋਧ ਉੱਠਣਾ ਸ਼ੁਰੂ ਹੋ ਗਿਆ। ਫਰਾਂਸ, ਯੂਨਾਨ (ਗਰੀਸ), ਬਰਤਾਨੀਆ ਅਤੇ ਆਸਟਰੇਲੀਆ ਵਿਚ ਵੀ ਕੈਂਪਸਾਂ 'ਚ ਪੱਕੇ ਮੋਰਚੇ ਮੱਲਣ ਦੇ ਯਤਨ ਸ਼ੁਰੂ ਹੋ ਗਏ। ਬਾਇਡਨ ਸਰਕਾਰ ਅਤੇ ਉਸ ਦੇ ਨਾਟੋ ਜੋਟੀਦਾਰਾਂ ਨੂੰ ਡਰ ਸਤਾਉਣ ਲੱਗਾ ਕਿ ਇਹ ਮੁਜ਼ਾਹਰੇ ਕਿਤੇ 1960ਵਿਆਂ ਦੇ ਵੀਅਤਨਾਮ ਯੁੱਧ ਵਿਰੋਧੀ ਮੁਜ਼ਾਹਰਿਆਂ ਜਾਂ 1980ਵਿਆਂ ਦੇ ਦੱਖਣੀ ਅਫ਼ਰੀਕੀ ਨਸਲਵਾਦ ਵਿਰੁੱਧ ਵਿਸ਼ਾਲ ਮੁਜ਼ਾਹਰਿਆਂ ਵਰਗੀ ਵਿਸ਼ਾਲ ਲਹਿਰ ਨਾ ਬਣ ਜਾਣ। ਇਰਾਕ ਯੁੱਧ, 'ਆਕੂਪਾਈ ਵਾਲ ਸਟ੍ਰੀਟ' ਲਹਿਰ ਅਤੇ ਜਾਰਜ ਫਲੋਇਡ ਦੇ ਨਸਲਵਾਦੀ ਕਤਲ ਵਿਰੁੱਧ ਵੀ ਅਮਰੀਕਾ ਵਿਚ ਵਿਸ਼ਾਲ ਮੁਜ਼ਾਹਰੇ ਹੋਏ ਸਨ ਪਰ ਉਹ ਕੈਂਪਸਾਂ ਤੋਂ ਬਾਹਰ ਹੁੰਦੇ ਰਹੇ। ਅਮਰੀਕੀ ਵਿਦਿਆਰਥੀ ਲਹਿਰਾਂ ਦਾ ਅਧਿਐਨ ਕਰਨ ਵਾਲੇ ਪ੍ਰਮੁੱਖ ਅਮਰੀਕਨ ਵਿਦਵਾਨਾਂ ਦਾ ਮੰਨਣਾ ਹੈ ਕਿ ਕੈਂਪਸਾਂ ਵਿਚ ਇਹ 21ਵੀਂ ਸਦੀ ਦਾ 'ਹੁਣ ਤੱਕ ਦਾ ਸਭ ਤੋਂ ਵੱਡਾ ਵਿਦਿਆਰਥੀ ਅੰਦੋਲਨ' ਹੈ।

ਬਾਇਡਨ ਸਰਕਾਰ ਇਸ ਹਕੀਕਤ ਤੋਂ ਭਲੀਭਾਂਤ ਵਾਕਫ਼ ਹੈ। ਇਸੇ ਕਰ ਕੇ ਅੰਦੋਲਨਕਾਰੀਆਂ ਦੀ ਦ੍ਰਿੜਤਾ ਅਤੇ ਇਕਜੁੱਟਤਾ ਤੋਂ ਬੁਖਲਾਈ ਸਰਕਾਰ ਲਾਮਬੰਦੀ ਤੋੜਨ ਲਈ ਆਪਣੀ ਮੈਕਾਰਥੀਵਾਦ ਦੀ ਜਾਬਰ ਵਿਰਾਸਤ ਅਨੁਸਾਰ ਸ਼ਰੇਆਮ ਫਾਸ਼ੀਵਾਦੀ ਹਮਲੇ ਦੇ ਰਾਹ ਪੈ ਗਈ ਹੈ; ਝੂਠੇ ਬਿਰਤਾਂਤ ਰਾਹੀਂ ਹਮਲੇ ਨੂੰ ਜਾਇਜ਼ ਠਹਿਰਾਉਣ ਦੀ ਨਾਕਾਮ ਕੋਸ਼ਿਸ਼ ਕੀਤੀ ਜਾ ਰਹੀ ਹੈ। ਬਾਇਡਨ ਨੇ ਮੁਜ਼ਾਹਰਾਕਾਰੀਆਂ ਨੂੰ ਨਫ਼ਰਤੀ ਗਰੁੱਪ ਕਹਿ ਕੇ ਭਮਡਿਆ ਹੈ। ਹਾਊਸ




ਦੇ 22 ਡੈਮਕਰੇਟਿਕ ਮੈਂਬਰਾਂ ਨੇ ਮੁਜ਼ਾਹਰਾਕਾਰੀਆਂ ਨੂੰ ਕੋਲੰਬੀਆ ਕੈਂਪਸ ਤੋਂ ਖਦੇੜਨ ਦੀ ਮੰਗ ਕੀਤੀ। ਸੈਨੇਟ 'ਚ ਸੀਨੀਅਰ ਮੈਂਬਰ ਚਕ ਸ਼ੀਮਰ ਨੇ ਹਿੰਡ ਹਾਲ ਉੱਪਰ ਮੁਜ਼ਾਹਰਾਕਾਰੀਆਂ ਦੇ ਕਬਜ਼ੇ ਨੂੰ ਦਹਿਸ਼ਤਵਾਦੀ ਕਾਰਵਾਈ ਕਿਹਾ ਜਦਕਿ ਆਰਮਡ ਕਨਫਲਿਕਟ ਲੋਕੇਸ਼ਨ ਅਤੇ ਈਵੈਂਟ ਡੇਟਾ ਪ੍ਰੋਜੈਕਟ (ਏ.ਸੀ.ਐੱਲ.ਈ.ਡੀ.) ਰਿਪੋਰਟ ਕਹਿੰਦੀ ਹੈ ਕਿ ਕੈਂਪਸ ਵਿਚ 99% ਮੁਜ਼ਾਹਰਾਕਾਰੀ ਸ਼ਾਂਤਮਈ ਸਨ।

ਜਾਬਰ ਹਕੂਮਤਾਂ ਅਕਸਰ ਆਪਣੀਆਂ ਜਾਬਰ ਨੀਤੀਆਂ ਵਿਰੁੱਧ ਲੋਕ ਰਾਇ ਤੋੜਨ ਲਈ 'ਅਮਨ-ਕਾਨੂੰਨ ਬਣਾਈ ਰੱਖਣ' ਦੇ ਬਹਾਨੇ ਹਮਲੇ ਕਰਦੀਆਂ ਹਨ। ਹਰ ਜਾਬਰ ਵਾਂਗ ਬਾਇਡਨ ਸਰਕਾਰ ਨੂੰ ਵੀ ਭਰਮ ਸੀ ਕਿ ਉਹ ਬੇਕਿਰਕ ਤਾਕਤ ਵਰਤ ਕੇ ਸ਼ੁਰੂ 'ਚ ਹੀ ਵਿਦਿਆਰਥੀ ਉਭਾਰ ਨੂੰ ਦਬਾ ਦੇਣਗੇ। ਯੂਨੀਵਰਸਿਟੀਆਂ ਦੇ ਵਿਰੋਧ ਪ੍ਰਦਰਸ਼ਨ ਦਬਾਉਣ ਲਈ ਵਿੱਢੇ ਹਮਲੇ 'ਚ ਪੂਰੇ ਅਮਰੀਕਾ 'ਚ 1000 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ('ਅਪੀਲ' ਦੇ ਅੰਕੜਿਆਂ ਅਨੁਸਾਰ ਇਸ ਮਹੀਨੇ 72 ਕੈਂਪਸ ਵਿਰੋਧ ਪ੍ਰਦਰਸ਼ਨਾਂ ਤੋਂ 2000 ਦੇ ਕਰੀਬ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਬਹੁਤ ਸਾਰੇ ਵਿਦਿਆਰਥੀਆਂ ਉੱਪਰ 'ਕਾਨੂੰਨ ਲਾਗੂ ਕਰਨ ਵਾਲੀਆਂ ਸੰਸਥਾਵਾਂ ਵਿਰੁੱਧ ਹੇਟ ਕ੍ਰਾਈਮ' ਦੇ ਸੰਗੀਨ ਇਲਜ਼ਾਮ ਲਗਾਏ ਗਏ ਹਨ ਜੋ ਉਨ੍ਹਾਂ ਦਾ ਭਵਿੱਖ ਤਬਾਹ ਕਰ ਸਕਦੇ ਹਨ)। ਨਿਊਯਾਰਕ ਯੂਨੀਵਰਸਿਟੀ 'ਚ ਦਰਜਨਾਂ ਵਿਦਿਆਰਥੀ ਗ੍ਰਿਫ਼ਤਾਰ ਕਰ ਲਏ ਗਏ। ਜਦੋਂ ਫੈਕਲਟੀ ਨੇ ਆਪਣੇ ਵਿਦਿਆਰਥੀਆਂ ਨੂੰ ਪ੍ਰਸ਼ਾਸਨ ਦੀ ਹਿੰਸਾ ਤੋਂ ਬਚਾਉਣ ਦੀ ਕੋਸ਼ਿਸ਼ ਕੀਤੀ ਤਾਂ 20 ਫੈਕਲਟੀ ਮੈਂਬਰਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਯੇਲ ਯੂਨੀਵਰਸਿਟੀ 'ਚ ਵੀ 47 ਵਿਦਿਆਰਥੀਆਂ ਸਮੇਤ 60 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਯੂਨੀਵਰਸਿਟੀ ਆਫ ਸਾਊਦਰਨ ਕੈਲੀਫੋਰਨੀਆ, ਲਾਸ ਏਂਜਲਸ ਵਿਚ ਵਿਦਿਆਰਥੀਆਂ ਨੇ ਅਲੂਮਨੀ ਪਾਰਕ ਉੱਪਰ ਕਾਬਜ਼ ਹੋ ਕੇ ਇਜ਼ਰਾਈਲ ਵਿਚ ਯੂਨੀਵਰਸਿਟੀ ਦਾ ਨਿਵੇਸ਼ ਖ਼ਤਮ ਕਰਨ ਦੀ ਮੰਗ ਕੀਤੀ। ਪੁਲਿਸ ਨੇ ਹਮਲਾ ਕਰ ਕੇ 93 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਯੂਨੀਵਰਸਿਟੀ ਨੂੰ ਡਿਗਰੀਆਂ ਦੇਣ ਦਾ ਪ੍ਰੋਗਰਾਮ ਰੱਦ ਕਰਨਾ ਪੈ ਗਿਆ। ਕੈਂਪਸ ਪ੍ਰਸ਼ਾਸਨ ਅਤੇ ਪੁਲਿਸ ਦੇ ਜਬਰ ਦੇ ਬਾਵਜੂਦ ਵਿਰੋਧ ਜਾਰੀ ਹੈ।

ਆਸਟਿਨ ਵਿਖੇ ਯੂਨੀਵਰਸਿਟੀ ਆਫ ਟੈਕਸਸ ਵਿਚ ਵੀ ਕਲਾਸਾਂ ਛੱਡ ਕੇ ਵਿਰੋਧ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ ਉੱਪਰ ਜਬਰ ਕੀਤਾ ਗਿਆ ਅਤੇ 57 ਪ੍ਰਦਰਸ਼ਕਾਰੀ ਗ੍ਰਿਫ਼ਤਾਰ ਕਰ ਲਏ। ਇਮੋਰੀ ਯੂਨੀਵਰਸਿਟੀ ਵਿਚ 28 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਵਾਸ਼ਿੰਗਟਨ ਯੂਨੀਵਰਸਿਟੀ, ਇੰਡੀਆਨਾ ਯੂਨੀਵਰਸਿਟੀ ਆਦਿ ਵਿਚ ਵੀ 200 ਤੋਂ ਵੱਧ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਨੂੰ ਗ੍ਰਿਫ਼ਤਾਰ ਕਰਨ ਦੀਆਂ ਰਿਪੋਰਟਾਂ ਹਨ। ਮਿਸੌਰੀ ਵਿਚ ਵਾਸ਼ਿੰਗਟਨ ਯੂਨੀਵਰਸਿਟੀ ਦੇ ਛੇ ਫੈਕਲਟੀ ਮੈਂਬਰਾਂ ਜਿਨ੍ਹਾਂ ਵਿਚੋਂ ਚਾਰ ਨੂੰ ਵਿਰੋਧ ਪ੍ਰਦਰਸ਼ਨ ਵਿਚੋਂ ਗ੍ਰਿਫ਼ਤਾਰ ਕੀਤਾ ਗਿਆ ਸੀ, ਨੂੰ ਨਾ ਸਿਰਫ਼ ਕੈਂਪਸ ਵਿਚ ਆਉਣ 'ਤੇ ਪਾਬੰਦੀ ਲਾ ਦਿੱਤੀ ਗਈ ਹੈ ਸਗੋਂ ਕੈਂਪਸ ਦੇ ਬਾਹਰ ਵੀ ਯੂਨੀਵਰਸਿਟੀ ਸਟਾਫ਼ ਅਤੇ ਵਿਦਿਆਰਥੀਆਂ ਨਾਲ ਗੱਲ ਕਰਨ ਦੀ ਮਨਾਹੀ ਕਰ ਦਿੱਤੀ ਗਈ ਹੈ। ਸ਼ਾਂਤਮਈ ਅੰਦੋਲਨ ਦੇ ਰੂਪ 'ਚ ਵਿਰੋਧ ਕਰਨ ਦਾ ਜਮਹੂਰੀ ਹੱਕ ਵਰਤਣ ਵਾਲਿਆਂ ਵਿਰੁੱਧ ਪੁਲਿਸ ਅਤੇ ਬਕਤਰਬੰਦ ਫ਼ੌਜੀ ਦਸਤਿਆਂ ਵੱਲੋਂ ਲਾਠੀਆਂ, ਅੱਥਰੂ ਗੈਸ ਅਤੇ ਘੋੜ-ਸਵਾਰ ਪੁਲਿਸ ਦੀ ਦਹਿਸ਼ਤ ਦੀ ਵਰਤੋਂ ਕੀਤੀ ਗਈ ਹੈ। ਅੰਦੋਲਨਕਾਰੀਆਂ ਨੂੰ ਵਹਿਸ਼ੀਆਨਾ ਕੁੱਟਮਾਰ, ਬਦਤਮੀਜ਼ੀ ਅਤੇ ਗ੍ਰਿਫ਼ਤਾਰੀਆਂ ਦਾ ਸਾਹਮਣਾ ਕਰਨਾ ਪਿਆ ਹੈ। ਅਮਰੀਕਨ ਕਾਂਗਰਸ ਦੇ ਮਾਈਕ ਜੌਹਨਸਨ ਵਰਗੇ ਚੋਟੀ ਦੇ ਅਧਿਕਾਰੀ ਤਾਂ ਵਿਦਿਆਰਥੀਆਂ ਨੂੰ ਕੁਚਲਣ ਲਈ ਰਿਜ਼ਰਵ ਮਿਲਟਰੀ ਤਾਕਤ, ਨੈਸ਼ਨਲ ਗਾਰਡਾਂ ਦੀ ਮਦਦ ਲੈਣ ਦੀ ਵਕਾਲਤ ਕਰ ਰਹੇ ਹਨ।

ਜਬਰ ਸਿਰਫ਼ ਲਾਠੀਚਾਰਜ, ਅੱਥਰੂ ਗੈਸ ਦੇ ਗੋਲਿਆਂ ਅਤੇ ਗ੍ਰਿਫ਼ਤਾਰੀਆਂ ਤੱਕ ਸੀਮਤ ਨਹੀਂ; ਬਹੁਤ ਸਾਰੇ ਕੈਂਪਸਾਂ ਵਿਚ ਪੁਲਿਸ ਨਫ਼ਰੀ ਪੱਕੇ ਤੌਰ 'ਤੇ ਬੈਠੀ ਹੈ ਤਾਂ ਜੋ ਵਿਦਿਆਰਥੀ ਦੁਬਾਰਾ ਵਿਰੋਧ ਪ੍ਰਦਰਸ਼ਨ ਨਾ ਕਰ ਸਕਣ। ਇਹ 'ਕੈਂਪਸ ਦੀ ਜ਼ਿੰਦਗੀ 'ਚ ਖ਼ਲਲ ਪੈਣ ਤੋਂ ਰੋਕਣ' ਦੇ ਨਾਂ ਹੇਠ ਕੀਤਾ ਗਿਆ ਹੈ। ਸਰਗਰਮ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਉੱਪਰ ਨਜ਼ਰ ਰੱਖੀ ਜਾ ਰਹੀ ਹੈ। ਉਨ੍ਹਾਂ ਨੂੰ ਮੁਅੱਤਲੀਆਂ, ਬਰਤਰਫ਼ੀਆਂ ਅਤੇ ਨੌਕਰੀਆਂ ਤੋਂ ਜਵਾਬ ਦੇਣ ਵਰਗੇ ਬਾਂਹ ਮਰੋੜ ਹੱਥਕੰਡਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜਾਣ-ਬੁੱਝ ਕੇ ਇਹ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਇਹ ਅੰਦੋਲਨ ਯਹੂਦੀ ਵਿਰੋਧੀ ਹੈ। ਯਹੂਦੀ ਵਿਦਿਆਰਥੀਆਂ ਦੇ ਜਨੂਨੀ ਹਿੱਸਿਆਂ ਨੂੰ ਭੜਕਾ ਕੇ ਅੰਦੋਲਨਕਾਰੀਆਂ ਨਾਲ ਲੜਾਉਣ ਦੀ ਕੋਸ਼ਿਸ਼ ਵੀ ਕੀਤੀ ਜਾ ਰਹੀ ਹੈ। ਕੈਲੀਫੋਰਨੀਆ ਯੂਨੀਵਰਸਿਟੀ ਵਿਚ ਇਜ਼ਰਾਈਲ ਪੱਖੀ 200 ਹਿੰਸਕ ਵਿਦਿਆਰਥੀਆਂ ਨੇ ਕੈਂਪਸ ਉੱਪਰ ਹਮਲਾ ਕੀਤਾ ਅਤੇ ਪਟਾਕੇ ਚਲਾਏ। ਹੁਕਮਰਾਨ ਅਜਿਹੇ ਟਕਰਾਅ ਨੂੰ ਅੰਦੋਲਨ ਨੂੰ ਬਦਨਾਮ ਕਰਨ ਅਤੇ ਜਬਰ ਢਾਹੁਣ ਦੀ ਵਾਜਬੀਅਤ ਲਈ ਵਰਤਣ ਦੀ ਚਾਲ ਖੇਡ ਰਹੇ ਹਨ।

ਅਮਰੀਕਨ ਹੁਕਮਰਾਨ ਜਮਾਤ ਦੀ ਘਿਨਾਉਣੀ ਭੂਮਿਕਾ ਵਿਰੁੱਧ ਵਿਦਿਆਰਥੀਆਂ ਦੀ ਮੌਜੂਦਾ ਪੀੜ੍ਹੀ 'ਚ ਇਹ ਉੱਭਰ ਰਹੀ ਰਾਜਨੀਤਕ ਚੇਤਨਾ ਹਕੂਮਤ ਲਈ ਖ਼ਤਰੇ ਦੀ ਘੰਟੀ ਹੈ ਜੋ ਬਾਇਡਨ ਸਰਕਾਰ ਦੀ ਇਜ਼ਰਾਇਲੀ ਨਸਲਵਾਦੀ ਯੁੱਧ ਨੂੰ ਖੁੱਲ੍ਹੀ ਹਮਾਇਤ ਦਿੱਤੇ ਜਾਣ ਨੂੰ ਹੋਰ ਸਹਿਣ ਲਈ ਤਿਆਰ ਨਹੀਂ। ਅਮਰੀਕਨ ਵਿਦਿਆਰਥੀ ਗਾਜ਼ਾ 'ਚ ਨਸਲਕੁਸ਼ੀ ਨੂੰ ਰੋਕਣ ਲਈ ਕੁਝ ਵਧੇਰੇ ਠੋਸ ਕਰਨਾ ਚਾਹੁੰਦੇ ਹਨ ਕਿਉਂਕਿ ਦੁਨੀਆ ਭਰ 'ਚ ਲਗਾਤਾਰ ਹੋ ਰਹੇ ਵਿਰੋਧ ਦੇ ਬਾਵਜੂਦ ਬਾਇਡਨ ਸਰਕਾਰ ਇਜ਼ਰਾਈਲ ਵੱਲੋਂ ਥੋਪੇ ਨਸਲਵਾਦੀ ਯੁੱਧ 'ਚ ਫ਼ੌਜੀ ਅਤੇ ਹੋਰ ਭਾਈਵਾਲੀ ਤੋਂ ਬਾਜ ਨਹੀਂ ਆ ਰਹੀ। ਵਿਦਿਆਰਥੀਆਂ ਨੇ ਇਹ ਬਖ਼ੂਬੀ ਸਮਝ ਲਿਆ ਹੈ ਕਿ ਗਾਜ਼ਾ ਉੱਪਰ ਕਰੂਰ ਹਮਲੇ ਨੂੰ ਰੋਕਣ ਵਾਸਤੇ ਅਮਰੀਕਨ ਹਕੂਮਤ ਉੱਪਰ ਦਬਾਅ ਵਧਾਉਣ ਲਈ ਨੇਤਨਯਾਹੂ ਸਰਕਾਰ ਨੂੰ ਦਿੱਤੀ ਜਾ ਰਹੀ ਅਮਰੀਕਨ ਮਦਦ ਨੂੰ ਬੰਦ ਕਰਾਉਣਾ ਜ਼ਰੂਰੀ ਹੈ। ਇਸੇ ਲਈ ਉਹ ਮੰਗ ਕਰ ਰਹੇ ਹਨ ਕਿ ਅਮਰੀਕੀ ਯੂਨੀਵਰਸਿਟੀਆਂ ਇਜ਼ਰਾਈਲ ਨਾਲੋਂ ਅਕਾਦਮਿਕ ਤੇ ਵਿਤੀ ਸਬੰਧ ਖ਼ਤਮ ਕਰਨ ਅਤੇ ਉਨ੍ਹਾਂ ਕੰਪਨੀਆਂ ਨਾਲੋਂ ਨਾਤਾ ਤੋੜਨ ਜੋ ਗਾਜ਼ਾ ਯੁੱਧ ਤੋਂ ਮੁਨਾਫ਼ੇ ਕਮਾ ਰਹੀਆਂ ਹਨ। ਰਿਪੋਰਟਾਂ ਅਨੁਸਾਰ ਅਮਰੀਕੀ ਯੂਨੀਵਰਸਿਟੀਆਂ ਵੱਲੋਂ ਉਨ੍ਹਾਂ ਫੰਡਾਂ ਵਿਚ ਵੱਡੀ ਮਾਤਰਾ 'ਚ ਆਪਣੇ ਚੰਦੇ ਨਿਵੇਸ਼ ਕੀਤੇ ਹਨ ਜਿਨ੍ਹਾਂ ਦਾ ਸਬੰਧ ਹਥਿਆਰ ਸਨਅਤ ਅਤੇ ਇਜ਼ਰਾਈਲ ਨਾਲ ਹੈ। ਅੰਦੋਲਨਕਾਰੀ ਵਿਦਿਆਰਥੀਆਂ ਦੀ ਦੋ-ਟੁੱਕ ਮੰਗ ਹੈ ਕਿ 'ਇਜ਼ਰਾਈਲ ਦੀ ਜੰਗੀ ਮਸ਼ੀਨ ਨੂੰ ਇਕ ਵੀ ਪੈਸਾ ਅਤੇ ਇਕ ਵੀ ਗੋਲੀ ਨਾ ਦਿੱਤੀ ਜਾਵੇ'।

ਵਿਦਿਆਰਥੀ ਕਿਸੇ ਵੀ ਸਮਾਜ ਦਾ ਬੇਹੱਦ ਮਹੱਤਵਪੂਰਨ ਹਿੱਸਾ ਹੁੰਦੇ ਹਨ। ਵਿਦਿਆਰਥੀਆਂ ਦੀ ਚੇਤਨਾ, ਖ਼ਾਸ ਕਰ ਕੇ ਯੂਨੀਵਰਸਿਟੀ ਪੱਧਰ ਦੇ ਵਿਦਿਆਰਥੀਆਂ ਦੇ ਬਹਿਸ-ਮੁਬਾਹਸੇ ਪੂਰੇ ਸਮਾਜ ਅੰਦਰ ਹਕੂਮਤੀ ਨੀਤੀਆਂ ਉੱਪਰ ਬਹਿਸ ਅਤੇ ਸੋਚ-ਵਿਚਾਰ ਦੀ ਉਥਲ-ਪੁਥਲ ਪੈਦਾ ਕਰਨ ਦੀ ਸਮਰੱਥਾ ਰੱਖਦੇ ਹਨ। ਕੈਂਪਸ ਗਹਿਗੱਚ ਬਹਿਸਾਂ ਅਤੇ ਸੰਘਰਸ਼ਾਂ ਦੇ ਕੇਂਦਰ ਬਣ ਜਾਂਦੇ ਹਨ ਜਿਵੇਂ ਅਸੀਂ ਭਾਰਤ ਵਿਚ ਜੇ.ਐੱਨ.ਯੂ. ਅਤੇ ਕੇਂਦਰੀ ਯੂਨੀਵਰਸਿਟੀਆਂ 'ਚ ਦੇਖਿਆ ਹੈ। ਵਿਦਿਆਰਥੀ ਸੰਘਰਸ਼ ਦਹਿ-ਲੱਖਾਂ ਹੋਰ ਲੋਕਾਂ ਨੂੰ ਝੰਜੋੜ ਕੇ ਸੰਘਰਸ਼ਾਂ ਲਈ ਪ੍ਰੇਰਤ ਕਰਨ ਦੀ ਬੌਧਿਕ ਤਾਕਤ ਰੱਖਦੇ ਹਨ।

ਕੈਂਪਸਾਂ 'ਚ ਇਸ ਤਰ੍ਹਾਂ ਦੀ ਲਾਮਬੰਦੀ ਅਤੇ ਵਿਦਿਆਰਥੀਆਂ ਵੱਲੋਂ ਅਮਰੀਕਾ ਦੀ ਇਜ਼ਰਾਈਲ ਨੀਤੀ, ਖ਼ਾਸ ਕਰ ਕੇ ਗਾਜ਼ਾ ਕਤਲੇਆਮ ਵਿਚ ਮਿਲੀਭੁਗਤ ਉੱਪਰ ਉਠਾਏ ਜਾ ਰਹੇ ਗੰਭੀਰ ਸਵਾਲ ਇਸ ਨੀਤੀ ਵਿਰੁੱਧ ਲੋਕ ਰਾਇ ਬਣਾਉਣ 'ਚ ਵੱਡੀ ਭੂਮਿਕਾ ਨਿਭਾ ਸਕਦੇ ਹਨ। ਚੋਟੀ ਦੀਆਂ ਯੂਨੀਵਰਸਿਟੀਆਂ ਵਿਚ ਵੱਡੀ ਗਿਣਤੀ 'ਚ ਵਿਦਿਆਰਥੀਆਂ ਦਾ ਸਟੇਟ ਦੀਆਂ ਨੀਤੀਆਂ ਤੋਂ ਵਿਸ਼ਵਾਸ ਉੱਠਣਾ ਰਾਜਨੀਤਕ ਸੰਕਟ ਖੜ੍ਹਾ ਕਰਨ 'ਚ ਵੱਡਾ ਫੈਕਟਰ ਬਣ ਸਕਦਾ ਹੈ।

ਅਮਰੀਕੀ ਕਾਰਪੋਰੇਟ ਸਰਮਾਏ ਅਤੇ ਸਾਮਰਾਜਵਾਦ ਦੇ ਬੁਨਿਆਦੀ ਹਿਤ ਇਜ਼ਰਾਈਲ ਨਾਲ ਡੂੰਘੇ ਰੂਪ 'ਚ ਜੁੜੇ ਹੋਏ ਹਨ। ਅਮਰੀਕੀ ਸਾਮਰਾਜਵਾਦ ਦੀ ਦੁਨੀਆ ਭਰ 'ਚ ਆਪਣੇ ਪ੍ਰਭਾਵ ਖੇਤਰਾਂ ਉੱਪਰ ਕਬਜ਼ਾ ਬਣਾਈ ਰੱਖਣ ਅਤੇ ਆਪਣੇ ਹੱਥੋਂ ਖਿਸਕ ਕੇ ਸ਼ਰੀਕ ਤਾਕਤਾਂ ਦੇ ਪ੍ਰਭਾਵ ਖੇਤਰ ਬਣੇ ਖੇਤਰਾਂ ਨੂੰ ਮੁੜ ਹਾਸਲ ਕਰਨ ਦੀ ਨੀਤੀ 'ਚ ਇਜ਼ਰਾਈਲ ਦੀ ਰੱਖਿਆ ਪ੍ਰਮੁੱਖ ਤੱਤ ਹੈ। ਇਜ਼ਰਾਈਲ ਦੁਨੀਆ ਦੇ ਯੁੱਧਨੀਤਕ ਤੌਰ 'ਤੇ ਮਹੱਤਵਪੂਰਨ ਹਿੱਸੇ, ਮੱਧ ਪੂਰਬ, ਅੰਦਰ ਅਮਰੀਕੀ ਸਾਮਰਾਜਵਾਦ ਦੇ ਭਾਰੀ ਹਥਿਆਰਬੰਦ ਗੜ੍ਹ ਵਜੋਂ ਵਿਸ਼ੇਸ਼ ਭੂਮਿਕਾ ਨਿਭਾ ਰਿਹਾ ਹੈ। ਇਜ਼ਰਾਈਲ ਦੁਨੀਆ ਦੇ ਬਹੁਤ ਸਾਰੇ ਹੋਰ ਹਿੱਸਿਆਂ 'ਚ ਜ਼ੁਲਮ ਕਰਨ ਵਾਲੀ ਮਹੱਤਵਪੂਰਨ ਤਾਕਤ ਹੈ ਜੋ ਅਮਰੀਕਾ ਦੇ ਦਾਬੇ ਅਤੇ ਜਾਬਰ ਰਾਜ ਨੂੰ ਬਰਕਰਾਰ ਰੱਖਣ 'ਚ ਮਦਦ ਕਰਦੀ ਹੈ। ਬਲੈਕਰੌਕ ਤੋਂ ਲੈ ਕੇ ਗੂਗਲ, ਐਮਾਜ਼ੌਨ, ਲੌਕਹੀਡ ਮਾਰਟਿਨ ਅਤੇ ਬਹੁਤ ਸਾਰੀਆਂ ਹੋਰ ਵੱਡੀਆਂ ਕਾਰਪੋਰੇਸ਼ਨਾਂ ਦੇ ਇਜ਼ਰਾਈਲ ਨਾਲ ਡੂੰਘੇ ਕਾਰੋਬਾਰੀ ਹਿਤ ਜੁੜੇ ਹੋਏ ਹਨ ਜਿਨ੍ਹਾਂ ਨੇ ਉੱਥੇ ਅਰਬਾਂ ਡਾਲਰ ਨਿਵੇਸ਼ ਕੀਤੇ ਹੋਏ ਹਨ। ਇਜ਼ਰਾਈਲ ਨੂੰ ਹਥਿਆਰਾਂ ਦੀ ਸਪਲਾਈ ਅਤੇ ਅਮਰੀਕੀ ਹੁਕਰਮਾਨ ਜਮਾਤ ਦੇ ਭੂ-ਯੁੱਧਨੀਤਕ ਹਿਤ ਦੋਹਾਂ ਦੀ ਆਪਣੀ ਭੂਮਿਕਾ ਹੈ। ਅਮਰੀਕੀ ਫ਼ੌਜ, ਪੁਲਿਸ ਅਤੇ ਰਾਜਨੀਤਕ ਪ੍ਰਸ਼ਾਸਨ ਦਾ ਪੂਰਾ ਢਾਂਚਾ ਆਪਣੇ ਕਾਰਪੋਰੇਟਾਂ ਦੇ ਕਾਰੋਬਾਰੀ ਹਿਤਾਂ ਦੀ ਪਿੱਠ 'ਤੇ ਖੜ੍ਹਾ ਹੈ ਅਤੇ ਅਮਰੀਕਾ ਦੇ ਰਾਜਨੀਤਕ ਨੁਮਾਇੰਦੇ ਸ਼ਰੇਆਮ ਅਮਰੀਕਨ ਕਾਰਪੋਰੇਟ ਸਰਮਾਏਦਾਰੀ ਦੇ ਹਿਤਾਂ ਦੀ ਰੱਖਿਆ ਕਰ ਰਹੇ ਹਨ। ਕਾਰਪੋਰੇਟ ਸਰਮਾਏਦਾਰੀ ਦੇ ਹਿਤ ਇਜ਼ਰਾਈਲ ਨਾਲ ਆਰਥਿਕ ਰਿਸ਼ਤੇ ਜਾਰੀ ਰੱਖਣ 'ਚ ਹਨ ਅਤੇ ਜਾਗਰੂਕ ਵਿਦਿਆਰਥੀ ਇਜ਼ਰਾਈਲ ਨਾਲੋਂ ਸਬੰਧ ਤੋੜਨ ਦਾ ਸਵਾਲ ਉਠਾ ਕੇ ਇਨ੍ਹਾਂ ਹਿਤਾਂ ਲਈ ਖ਼ਤਰਾ ਬਣ ਰਹੇ ਹਨ।

ਵਿਦਿਆਰਥੀ ਵਰਗ ਅੰਦਰ ਚੇਤਨਾ ਪੈਦਾ ਹੋਣਾ, ਉਨ੍ਹਾਂ ਦਾ ਹਕੂਮਤ ਤੇ ਸਟੇਟ ਦੀਆਂ ਨੀਤੀਆਂ ਉੱਪਰ ਸਵਾਲ ਉਠਾਉਣਾ ਅਤੇ ਵੱਡੀ ਗਿਣਤੀ 'ਚ ਸੜਕਾਂ ਉੱਪਰ ਆ ਕੇ ਉਸ ਵਰਤਾਰੇ ਦਾ ਵਿਰੋਧ ਕਰਨਾ ਜਿਸ ਨੂੰ ਨਾਗਰਿਕ ਸਹਿਜ ਮੰਨ ਕੇ ਚੁੱਪ ਬੈਠੇ ਹੋਣ, ਇਹ ਹੁਕਮਰਾਨ ਜਮਾਤ ਨੂੰ ਕਿਵੇਂ ਗਵਾਰਾ ਹੋ ਸਕਦਾ ਹੈ। ਇਸੇ ਲਈ ਅਮਰੀਕਨ ਹਾਕਮ ਜਮਾਤ ਦੇ ਘੋਰ ਪਿਛਾਖੜੀ ਹਿੱਸੇ ਅਤੇ ਅਖੌਤੀ ਡੈਮੋਕਰੇਟ ਗਾਜ਼ਾ ਕਤਲੇਆਮ ਉੱਪਰ ਵਿਦਿਆਰਥੀ ਲਾਮਬੰਦੀ ਨੂੰ ਤੋੜਨ ਲਈ ਇਕਮੱਤ ਹਨ। ਹਾਂ, ਉਨ੍ਹਾਂ ਦੀ ਫਾਸ਼ੀਵਾਦੀ ਸੁਰ ਅਤੇ ਤੌਰ-ਤਰੀਕੇ ਵੱਖੋ-ਵੱਖਰੇ ਹਨ। ਡੈਮੋਕਰੇਟ ਚਾਹੇ ਉਦਾਰਤਾ ਦੇ ਜਿੰਨੀ ਮਰਜ਼ੀ ਮਖੌਟੇ ਪਾ ਲੈਣ, ਉਹ ਇਸ ਹਕੀਕਤ ਨੂੰ ਲੁਕੋ ਨਹੀਂ ਸਕਦੇ ਕਿ ਅਮਰੀਕੀ ਸਰਕਾਰ ਘਿਨਾਉਣੇ ਜੰਗੀ ਜੁਰਮਾਂ 'ਚ ਸਰਗਰਮੀ ਨਾਲ ਸ਼ਾਮਲ ਹੈ, ਇਹ ਇਨ੍ਹਾਂ ਜੁਰਮਾਂ ਦੀ ਸਿਰਫ਼ ਮਾਲੀ ਮਦਦ ਹੀ ਨਹੀਂ ਕਰ ਰਹੀ ਸਗੋਂ 'ਇਜ਼ਰਾਈਲ ਨੂੰ ਆਪਣੀ ਰੱਖਿਆ ਕਰਨ ਦਾ ਹੱਕ ਹੈ' ਦੀ ਵਜਾਹਤ ਕਰ ਕੇ ਇਨ੍ਹਾਂ ਜੁਰਮਾਂ ਨੂੰ ਨੈਤਿਕ ਵਾਜਬੀਅਤ ਵੀ ਬਖ਼ਸ਼ ਰਹੀ ਹੈ।

ਅਮਰੀਕਾ ਦੇ ਵਿਦਿਆਰਥੀਆਂ ਨੇ ਇਜ਼ਰਾਇਲੀ ਜੰਗੀ ਜੁਰਮਾਂ 'ਚ ਬਰਾਬਰ ਹਿੱਸੇਦਾਰ ਆਪਣੀ ਸਰਕਾਰ ਨੂੰ ਕਟਹਿਰੇ 'ਚ ਖੜ੍ਹੀ ਕਰ ਦਿੱਤਾ ਹੈ। ਜੇ ਵਿਦਿਆਰਥੀ ਅੰਦੋਲਨ ਦਾ ਵੇਗ ਬਰਕਰਾਰ ਰਹਿੰਦਾ ਹੈ ਤਾਂ ਅਮਰੀਕੀ ਹੁਕਮਰਾਨ ਨੂੰ ਇਸ ਵਿਰੋਧ ਦੀ ਭਾਰੀ ਕੀਮਤ ਚੁਕਾਉਣੀ ਪੈ ਸਕਦੀ ਹੈ।

## ਜੋਅ ਬਾਇਡਨ ਦੇ ਦੋਹਰੇ ਮਿਆਰ

ਜਾਰਜ ਫਲੋਇਡ ਦੇ ਕਤਲ ਵਿਰੁੱਧ ਵਿਰੋਧ ਪ੍ਰਦਰਸ਼ਨਾਂ ਸਮੇਂ ਅਮਰੀਕੀ ਰਾਸ਼ਟਰਪਤੀ ਬਾਇਡਨ ਨੇ ਕਿਹਾ ਸੀ: "ਅਸੀਂ ਕਿਸੇ ਵੀ ਰਾਸ਼ਟਰਪਤੀ ਨੂੰ ਆਪਣੀ ਆਵਾਜ਼ ਨੂੰ ਖ਼ਾਮੋਸ਼ ਕਰਨ ਦੀ ਇਜਾਜ਼ਤ ਨਹੀਂ ਦੇਵਾਂਗੇ। ਅਸੀਂ ਉਨ੍ਹਾਂ ਲੋਕਾਂ ਨੂੰ ਅਜਿਹਾ ਨਹੀਂ ਕਰਨ ਦਿਆਂਗੇ ਜੋ ਇਸ ਨੂੰ ਅਰਾਜਕਤਾ ਫੈਲਾਉਣ ਦੇ ਮੌਕੇ ਦੇ ਰੂਪ 'ਚ ਦੇਖਦੇ ਹਨ, ਕਿ ਉਹ ਇਨ੍ਹਾਂ ਵਿਰੋਧ ਪ੍ਰਦਰਸ਼ਨਾਂ ਦੇ ਕੇਂਦਰ 'ਚ ਮੌਜੂਦ ਹਕੀਕੀ ਅਤੇ ਜਾਇਜ਼ ਸ਼ਿਕਾਇਤਾਂ ਤੋਂ ਸਾਡਾ ਧਿਆਨ ਭਟਕਾਉਣ ਲਈ ਕੋਈ ਪਰਦਾ ਪਾਉਣ।" ਹੁਣ ਉਹੀ ਜੋਅ ਬਾਇਡਨ ਰਾਸ਼ਟਰਪਤੀ ਬਣ ਕੇ ਵਿਦਿਆਰਥੀ ਅੰਦੋਲਨ ਦੀਆਂ ਹਕੀਕੀ ਅਤੇ ਜਾਇਜ਼ ਸ਼ਿਕਾਇਤਾਂ/ਸਵਾਲਾਂ ਨੂੰ ਮੁਖ਼ਾਤਿਬ ਹੋਣ ਦੀ ਬਜਾਇ ਇਨ੍ਹਾਂ ਨੂੰ ਭੰਨਤੋੜ ਕਹਿ ਕੇ ਭੰਡ ਰਿਹਾ ਹੈ।

# ਵਾਰਤਕ ਲਿਖਣ ਦਾ ਸੰਪੂਰਨ ਉਤਸਵ

***ਨੋਬੇਲ ਪੁਰਸਕਾਰ ਵਿਜੇਤਾ ਜੌਹਨ ਸਟੇਨਬੈਕ ਨੇ 1942 ਵਿਚ ਲਿਖਿਆ ਸੀ, "ਬੰਦਾ ਜੇ ਥੋੜ੍ਹਾ-ਬਹੁਤ ਵੀ ਪੜ੍ਹਿਆ-ਲਿਖਿਆ ਹੈ ਤਾਂ ਉਸ ਨੂੰ ਆਪਣੇ ਦਿਮਾਗ਼ 'ਤੇ ਕਾਈ ਨਹੀਂ ਜੰਮਣ ਦੇਣੀ ਚਾਹੀਦੀ।" ਗੁਰਬਚਨ ਦਾ ਪੰਜ ਜਿਲਦਾਂ ਵਾਲਾ ਮਹਾਂ-ਗ੍ਰੰਥ ਦਿਮਾਗ਼ ਨੂੰ ਕਾਈ ਤੋਂ ਬਚਾਉਣ ਦਾ ਵੀ ਬਿਹਤਰੀਨ ਵਸੀਲਾ ਹੈ ਅਤੇ ਜੰਮੀ ਕਾਈ ਹਟਾਉਣ ਦਾ ਵੀ। ਉਸ ਦੀ ਵਾਰਤਕ ਸੱਚਮੁੱਚ ਨਿਵੇਕਲੀ ਹੈ। ਉਹ ਸ਼ਬਦਾਂ ਨੂੰ ਨਸ਼ਤਰ ਵਾਂਗ ਚਲਾਉਂਦਾ ਹੈ। ਤਾਰੀਫ ਦੇ ਨਾਲ ਹੀ ਚੋਭ ਅਚਾਨਕ ਆਣ ਬੂਹਾ ਖੜਕਾਉਂਦੀ ਹੈ।***


ਫਰਾਂਸੀਸੀ ਨਾਟਕਕਾਰ ਮੋਲੀਅਰ ਦੇ ਇੱਕ ਨਾਟਕ ਦਾ ਕਿਰਦਾਰ ਮੁਸੀਆਹ ਯੋਰਦਾਂ ਇੱਕ ਲੇਖਕ ਬਾਰੇ ਕਹਿੰਦਾ ਹੈ: "ਚੰਗਾ ਏ, ਉਹ ਕਵਿਤਾ ਨਹੀਂ ਵਾਰਤਕ ਲਿਖਦਾ ਏ। ਵਿਚਾਰਾਂ ਦਾ ਜਿੰਨਾ ਚੰਗਾ ਇਜ਼ਹਾਰ ਵਾਰਤਕ ਰਾਹੀਂ ਹੋ ਸਕਦਾ ਏ, ਹੋਰ ਕਿਸੇ ਮਾਧਿਅਮ ਰਾਹੀਂ ਨਹੀਂ।" ਇਹ ਕਥਨ ਗੁਰਬਚਨ ਉਪਰ ਪੂਰਾ ਢੁੱਕਦਾ ਹੈ। ਵਾਰਤਕ ਲਿਖਣ ਦਾ ਜੋ ਅਜ਼ੀਮ ਹੁਨਰ ਉਨ੍ਹਾਂ ਕੋਲ ਹੈ, ਉਹ ਕਿਸੇ ਹੋਰ ਸਮਕਾਲੀ ਪੰਜਾਬੀ ਅਦੀਬ ਦੇ ਹਿੱਸੇ ਨਹੀਂ ਆਇਆ। ਇਸ ਅਜ਼ਮਤ ਦਾ ਪ੍ਰਮਾਣ ਹੈ ਪੰਜ ਜਿਲਦਾਂ ਵਾਲਾ ਉਨ੍ਹਾਂ ਦਾ ਮਹਾਂ-ਸੰਗ੍ਰਹਿ 'ਸੰਪੂਰਨ ਵਾਰਤਕ'। ਉਨ੍ਹਾਂ ਦੀਆਂ ਸਾਰੀਆਂ ਕਿਤਾਬਾਂ ਤੇ ਲਿਖਤਾਂ ਇਸ ਸੰਗ੍ਰਹਿ ਵਿਚ ਸ਼ਾਮਲ ਹਨ। ਉਹ ਵੀ ਪੂਰੇ ਕਰੀਨੇ, ਤਰਤੀਬ ਤੇ ਸ਼ਾਇਸਤਗੀ ਦੇ ਨਾਲ। ਹਰ ਜਿਲਦ ਦੀ ਔਸਤ ਮੋਟਾਈ ਹੈ



**ਸੁਰਿੰਦਰ ਸਿੰਘ ਤੇਜ**
ਫੋਨ: +91-98555-01488

400 ਪੰਨੇ। ਕਮਾਲ ਦੀ ਗੱਲ ਇਹ ਹੈ ਕਿ ਪੰਜ ਜਿਲਦਾਂ ਅੰਦਰਲੀ ਹਰ ਰਚਨਾ ਪੜ੍ਹਨਯੋਗ ਹੈ; ਵਾਰਤਕ ਅੰਦਰਲੇ ਕਥਾ-ਰਸ ਤੇ ਲੈਅਕਾਰੀ ਦਾ ਨਮੂਨਾ ਹੋਣ ਸਦਕਾ। ਗੁਰਬਚਨ ਦੀ ਵਿਦਵਤਾ, ਵਿਚਾਰਕ ਮੌਲਿਕਤਾ ਤੇ ਸਿਰਜਣਸ਼ੀਲਤਾ ਉਨ੍ਹਾਂ ਦੇ ਨਿਯਮਿਤ ਪਾਠਕਾਂ ਤੇ ਪ੍ਰਸ਼ੰਸਕਾਂ ਨੂੰ ਸਦੈਵ ਪ੍ਰਭਾਵਿਤ ਕਰਦੀ ਆਈ ਹੈ। ਹੁਣ ਇਹ ਮਹਾਂ-ਸੰਗ੍ਰਹਿ ਉਨ੍ਹਾਂ ਦੀ ਸਮੁੱਚੀ ਰਚਨਾਵਲੀ ਨੂੰ ਇਕੱਠਿਆਂ ਪੜ੍ਹਨ ਦਾ ਲੁਤਫ਼ ਪ੍ਰਦਾਨ ਕਰਦਾ ਹੈ। ਇਹ ਵੀ ਅਜਬ ਕਰਤਾਰੀ ਵਰਤਾਰਾ ਹੈ ਕਿ ਅੱਧੀ ਸਦੀ ਲੰਬੇ ਲਿਖਣ-ਕਾਲ ਦੌਰਾਨ ਨਾ ਉਨ੍ਹਾਂ ਦੇ ਵਿਚਾਰਾਂ ਦੀ ਧਾਰ ਖੁੰਢੀ ਹੋਈ ਅਤੇ ਨਾ ਹੀ ਇਸ ਵਿਚ ਬੌਧਿਕ ਨੀਰਸਤਾ ਦਾਖ਼ਲ ਹੋਈ। ਅਰਨੈਸਟ ਹੈਮਿੰਗਵੇ ਨੇ 1960 ਵਿਚ ਲਿਖਿਆ ਸੀ, "ਚੰਗਾ ਵਾਰਤਕ ਲੇਖਕ ਉਹ ਹੁੰਦਾ ਹੈ ਜਿਸ ਦੇ ਹਰ ਫਿਕਰੇ ਵਿਚ ਰਿਦਮ ਹੋਵੇ।" ਗੁਰਬਚਨ ਇਸ ਪੱਖੋਂ ਵਰੋਸਾਏ ਹੋਏ ਹਨ; ਉਨ੍ਹਾਂ ਦੇ ਫਿਕਰਿਆਂ ਵਿਚ ਤਾਲ ਵੀ ਹੈ, ਲੈਅ ਵੀ ਤੇ ਰਾਗਦਾਰਾਂ ਵਾਲੀ ਪਕੜ ਵੀ। ਇਹੋ ਤੱਤ ਉਨ੍ਹਾਂ ਦੀ ਲਿਖਤ ਨੂੰ ਨਿਵੇਕਲੀ ਛਬ ਪ੍ਰਦਾਨ ਕਰਦੇ ਹਨ। ਇਹ ਕੋਈ ਅਤਿਕਥਨੀ ਨਹੀਂ ਕਿ 'ਸੰਪੂਰਨ ਵਾਰਤਕ' ਇਸੇ ਛਬ ਨੂੰ ਦ੍ਰਿਸ਼ਮਾਨ ਕਰਦੀ ਹੈ।

ਪਹਿਲੀ ਜਿਲਦ ਵਿਚ ਤਿੰਨ ਕਿਤਾਬਾਂ ਨੂੰ ਤਿੰਨ ਅਨੁਭਾਗਾਂ ਦੇ ਰੂਪ ਵਿਚ ਸੰਜੋਇਆ ਗਿਆ ਹੈ। 413 ਪੰਨੇ ਹਨ ਇਸ ਦੇ। ਅਨੁਭਾਗ ਹਨ: 'ਏਨ੍ਹਾਂ ਮੁੰਡਿਆਂ ਜਲਦੀ ਮਰ ਜਾਣਾ', 'ਕਿਸ ਕਿਸ ਤਰ੍ਹਾਂ ਦੇ ਪਰਵਾਸ' ਅਤੇ 'ਪੰਜਾਬ ਪਰਵਾਸ ਪੰਜਾਬ'। ਪਹਿਲੇ ਦੋ ਅਨੁਭਾਗ ਗਲਪ ਜਾਂ ਸ਼ਬਦ ਚਿੱਤਰਾਂ ਦੇ ਰੂਪ ਵਿਚ ਹਨ; ਤੀਜਾ ਅਨੁਭਾਗ ਪੰਜਾਬ ਤੇ ਪਰਵਾਸ ਨਾਲ ਜੁੜੀਆਂ ਵਿਸੰਗਤੀਆਂ ਤੇ ਉਨ੍ਹਾਂ ਦੇ ਪ੍ਰਸੰਗ ਵਿਚ ਪੰਜਾਬ ਦੀ ਦਸ਼ਾ ਤੇ ਦਿਸ਼ਾ ਅੰਦਰਲੇ ਅੰਤਰ-ਵਿਰੋਧਾਂ ਉਤੇ ਕੇਂਦਰਿਤ ਹੈ। 'ਏਨ੍ਹਾਂ ਮੁੰਡਿਆਂ ਜਲਦੀ ਮਰ ਜਾਣਾ' ਦੀ ਭੂਮਿਕਾ ਪਰਵਾਸ ਤੇ ਪਰਵਾਸੀਆਂ ਦੀ ਸਥਿਤੀ ਬਾਰੇ ਲਿਖਣ ਦੀ ਚਾਹਤ ਨੂੰ ਇੰਝ ਬਿਆਨ ਕਰਦੀ ਹੈ: "ਇਹ ਗਲਪ ਲੜੀ ਚੂਲੋਂ ਉੱਖੜ ਚੁੱਕੇ ਵਿਅਕਤੀਆਂ ਬਾਰੇ ਹੈ। ਉਹ ਚੂਲੋਂ ਕਿਉਂ ਉੱਖੜੇ ਹਨ, ਇਸ ਸਵਾਲ ਦਾ ਉੱਤਰ ਜੇ ਹੁੰਦਾ ਤਾਂ ਗਲਪ ਦੀ ਬਣਤ ਕਿਉਂ ਬਣਾਂਦਾ। ਇਹ ਮੇਰੀਆਂ ਘੁਮੱਕੜੀਆਂ ਦੀ ਉਪਜ ਹੈ (ਪਰ) ਇਸ ਬਿਰਤਾਂਤ ਨੂੰ ਤਿਆਰ ਕਰਨਾ ਘੁਮੱਕੜੀ ਦਾ ਮਕਸਦ ਨਹੀਂ ਸੀ।" ਚਾਰ ਵਾਰ ਦੀਆਂ ਵਿਦੇਸ਼ੀ ਫੇਰੀਆਂ ਤੋਂ ਜਨਮੇ-ਹੰਢਾਏ ਅਨੁਭਵਾਂ ਦੀ ਪੈਦਾਇਸ਼ ਹੈ ਇਹ ਅਨੁਭਾਗ। ਤਲਖ਼ ਹਕੀਕਤਾਂ ਬਿਆਨ ਕਰਨ ਵਾਲਾ, ਉਹ ਵੀ ਬਿਨਾਂ ਪੋਚਾ-ਪਾਚੀ ਦੇ, ਜਿਵੇਂ "ਘਰ ਅਨੂਠੀ ਸਪੇਸ ਹੈ। ਇਹ ਸਪੇਸ ਔਰਤ-ਮਰਦ ਦੀ ਸਾਂਝ 'ਤੇ ਕਾਇਮ ਰਹਿੰਦੀ ਹੈ। ਇੰਡੀਆ ਵਿਚ ਮਰਦ ਖਦੇੜਿਆ ਜਾਵੇ ਤਦ ਵੀ ਔਰਤ ਘਰ ਦੀ ਖ਼ਾਤਰ ਆਪਣਾ ਵਜੂਦ ਖ਼ਰਚ ਦੇਂਦੀ ਹੈ। ਘਰ ਵਿਚ ਬੰਦੇ ਦਾ ਅੱਜ ਹੀ ਨਹੀਂ ਵੱਸਦਾ, ਭਵਿੱਖ ਦੀ ਬਣਤ ਵੀ ਤਿਆਰ ਹੁੰਦੀ ਹੈ। ਬੰਦਾ ਘਰ ਤੋਂ ਦੂਰ ਜਾਂਦਾ ਹੈ ਤਾਂ ਘਰ ਉਹਨੂੰ ਉਡੀਕਦਾ।... ਬੰਦੇ ਨੂੰ ਪਤਾ ਹੋਵੇ ਘਰ 'ਚ ਕੋਈ ਉਡੀਕ ਕਰ ਰਿਹਾ ਹੈ ਤਾਂ ਤੰਤ ਊਰਜਤ ਹੋ ਉੱਠਦੇ ਨੇ। ... ਪੱਛਮੀ ਦੇਸ਼ਾਂ 'ਚ ਘਰ ਕਿਸੇ ਨੂੰ ਵੀ ਨਹੀਂ ਉਡੀਕਦਾ।... ਬੰਗਲਿਆਂ ਵਰਗੇ ਮਕਾਨ ਨੇ, ਬਾਹਰ ਲਿਸ਼ਕੋਰ ਮਾਰਦੀਆਂ ਕਾਰਾਂ। ਘਰ ਜਿੰਨਾ ਸਾਫ਼, ਉੱਨਾ ਉਦਾਸ। ਘਰਾਂ ਅੰਦਰ ਨਾ ਮਨੁੱਖੀ ਆਵਾਜ਼ ਸੁਣਦੀ ਹੈ, ਨਾ ਚੁੱਪ। ਤੀਵੀਂ-ਮਰਦ ਨਾਤਾਹੀਣਾਂ ਦੀ ਤਰ੍ਹਾਂ ਸੌਣ ਘਰ ਆਉਂਦੇ ਨੇ, ਅਗਲੀ ਸਵੇਰ ਕੰਮ 'ਤੇ ਲੱਗਣ ਲਈ।... ਘਰ




*ਪੁਸਤਕ ਦਾ ਮੁਖੜਾ।*

***ਸੰਸਾਰ ਪ੍ਰਸਿੱਧ ਅਰਨੈਸਟ ਹੈਮਿੰਗਵੇ ਨੇ 1960 ਵਿਚ ਲਿਖਿਆ ਸੀ, "ਚੰਗਾ ਵਾਰਤਕ ਲੇਖਕ ਉਹ ਹੁੰਦਾ ਹੈ ਜਿਸ ਦੇ ਹਰ ਫਿਕਰੇ ਵਿਚ ਰਿਦਮ ਹੋਵੇ।" ਗੁਰਬਚਨ ਇਸ ਪੱਖੋਂ ਵਰੋਸਾਏ ਹੋਏ ਹਨ; ਉਨ੍ਹਾਂ ਦੇ ਫਿਕਰਿਆਂ ਵਿਚ ਤਾਲ ਵੀ ਹੈ, ਲੈਅ ਵੀ ਤੇ ਰਾਗਦਾਰਾਂ ਵਾਲੀ ਪਕੜ ਵੀ। ਇਹੋ ਤੱਤ ਉਨ੍ਹਾਂ ਦੀ ਲਿਖਤ ਨੂੰ ਨਿਵੇਕਲੀ ਛਬ ਪ੍ਰਦਾਨ ਕਰਦੇ ਹਨ। ਇਹ ਕੋਈ ਅਤਿਕਥਨੀ ਨਹੀਂ ਕਿ ਪੰਜ ਜਿਲਦਾਂ ਵਾਲੀ 'ਸੰਪੂਰਨ ਵਾਰਤਕ' ਇਸੇ ਛਬ ਨੂੰ ਦ੍ਰਿਸ਼ਮਾਨ ਕਰਦੀ ਹੈ।***



*ਗੁਰਬਚਨ*

ਪ੍ਰਸੰਗਹੀਣ ਹੋ ਜਾਏ ਤਾਂ ਔਰਤ-ਮਰਦ ਨੂੰ ਜੋੜਨ ਲਈ ਇੱਕੋ ਗੱਲ ਕਹਿ ਜਾਂਦੀ ਹੈ: ਸੈਕਸ। ਬਿਨਾਂ ਭਾਵੁਕ ਸਾਂਝ ਦੇ ਸੈਕਸ, ਮੰਡੀ ਦੀ ਵਸਤ ਹੈ। ਸੇਕ ਮੱਠਾ ਪੈ ਜਾਵੇ ਤਾਂ ਦੇਹ ਕੂੜੇ ਦਾ ਹਿੱਸਾ ਬਣ ਜਾਂਦੀ ਹੈ।" (ਪੰਨਾ 10)।

ਦਸ ਰਚਨਾਵਾਂ ਵਾਲੀ ਇਹ ਗਲਪ ਲੜੀ ਘਰ ਤੇ ਵਤਨ ਤੋਂ ਉਖੜੇ ਜੀਵਨ ਦੀਆਂ ਵਿਭਿੰਨ ਪਰਤਾਂ ਦਾ ਬਿਰਤਾਂਤ ਹੈ: ਸੂਖ਼ਮ, ਸੰਜੀਦਾ, ਮਾਰਮਿਕ ਤੇ ਨਾਲ ਹੀ ਤਲਖ਼। ਹਰ ਥਾਂ ਪਰਵਾਸੀ ਮਨੋ-ਅਵਸਥਾ ਇੱਕੋ ਜਿਹੀ ਹੈ; ਨਿਊਯੌਰਕ, ਐਮਸਟਰਡੌਮ, ਫਰੈਂਕਫਰਟ, ਲਾਸ ਏਂਜਲਸ, ਕੈਲਗਰੀ, ਸਾਂ ਫਰਾਂਸਿਸਕੋ ਜਾਂ ਵੈਨਕੂਵਰ ਤਾਂ ਨਾਮ ਹੀ ਹਨ ਥਾਵਾਂ ਦੇ। ਵਤਨੋਂ ਉੱਖੜੇ ਬੰਦੇ ਲਈ ਜ਼ਿੰਦਗੀ ਹਰ ਥਾਈਂ ਨੀਰਸ ਹੈ; ਵਿਸਥਾਪਨ ਦੀ ਪੀੜਾ ਨੂੰ ਦੌਲਤ ਦੀ ਕ੍ਰੀੜਾ ਨਾਲ ਬੇਅਸਰ ਬਣਾਉਣ ਦੀਆਂ ਮਸ਼ਕਾਂ ਵਿਚ ਜੁਟੀ ਹੋਈ ਜ਼ਿੰਦਗੀ। ਕੀ ਇਸ ਨੂੰ ਸੁਹਾਵਣਾ ਦੱਸਿਆ ਤੇ ਮੰਨਿਆ ਜਾ ਸਕਦਾ ਹੈ?

ਇਸੇ ਜਿਲਦ ਦੇ ਦੂਜੇ ਅਨੁਭਾਗ 'ਕਿਸ ਕਿਸ ਤਰ੍ਹਾਂ ਦੇ ਪਰਵਾਸ' ਵਿਚ ਸ਼ਬਦ ਚਿੱਤਰ ਹਨ: ਬੇਗ਼ਾਨੇ ਮੁਲਕਾਂ 'ਚ ਹਾਸਿਲ ਕੀਤੀ ਬੁਲੰਦੀ ਦੀਆਂ ਕਥਾਵਾਂ ਵੀ ਬਿਆਨ ਕਰਨ ਵਾਲੇ ਤੇ ਨਾਕਾਮਯਾਬੀਆਂ ਤੋਂ ਉਪਜੀਆਂ ਕੁੰਠਾਵਾਂ ਤੇ ਵਿਅਥਾਵਾਂ ਨੂੰ ਵੀ ਰੇਖਾਂਕਿਤ ਕਰਨ ਵਾਲੇ। ਕਈ ਕੁਝ ਹੈ ਬੇਗ਼ਾਨੇ ਬੋਹੜ ਦੀ ਛਾਂ ਦਾ ਨਜ਼ਾਰਾ ਪੇਸ਼ ਕਰਨ ਵਾਲਾ ਅਤੇ ਬੜਾ ਕੁਝ ਹੈ ਇਸ ਛਾਂ ਤੋਂ ਵਿਹੂਣਿਆਂ ਦੇ ਮਰਮ ਦੇ ਦਰਸ ਦਿਖਾਉਣ ਵਾਲਾ। ਇਸ ਬਾਰੇ ਗੁਰਬਚਨ ਦਾ ਮੱਤ ਹੈ: "ਬੇਵਤਨੇ ਹੋਣਾ ਨਾਮੁਰਾਦ ਹਾਦਸਾ ਹੈ। ਇਸ ਹਾਦਸੇ ਪਿੱਛੇ ਸਿਆਸੀ/ਸਮਾਜਿਕ ਕਾਰਨ ਹਨ। ਕੋਈ ਸਥਿਤੀ ਹਵਾ 'ਚੋਂ ਪੈਦਾ ਨਹੀਂ ਹੁੰਦੀ। ਪੰਜਾਬੀ ਬੰਦਾ ਇੱਕ ਸਦੀ ਤੋਂ ਵੱਧ ਸਮੇਂ ਤੋਂ ਆਪਣੀ ਧਰਤੀ ਤੋਂ ਟੁੱਟ ਕੇ ਵਿਦੇਸ਼ਾਂ 'ਚ ਰੁਲਣ ਲਈ ਤਿਆਰ ਰਹਿੰਦਾ ਹੈ। ਇਹ ਆਪਣੇ ਆਪ ਵਿਚ ਗਹਿਰਾ ਸੰਕਟ ਹੈ। ਵਿਦੇਸ਼ਾਂ ਵਿਚ ਇਹ ਸਭਿਆਚਾਰਕ/ਬੌਧਿਕ ਪੱਧਰ 'ਤੇ ਸਾਹਸੱਤਹੀਣ ਵੀ ਹੁੰਦਾ ਜਾ ਰਿਹਾ ਹੈ।" (ਪੰਨਾ 220)। ਇਸੇ ਅਨੁਭਾਗ ਵਿਚ ਹਾਇਕੂਕਾਰ ਪਰਮਿੰਦਰ ਸੋਢੀ ਦਾ ਸ਼ਬਦ ਚਿੱਤਰ ਸਿਰਜਣਸ਼ੀਲਤਾ ਤੇ ਵਿਚਾਰਵਾਨਤਾ ਦੀ ਮਿਸਾਲ ਹੈ: "ਰਚਨਾਤਮਿਕ ਜੱਦੋਜਹਿਦ ਕਰਦਾ ਬੰਦਾ ਇਕੱਲਾ ਹੁੰਦਾ। ਇਕੱਲਤਾ, ਜੱਦੋਜਹਿਦ, ਕਵਿਤਾ- ਤਿੰਨੋਂ ਸਕੀਆਂ ਭੈਣਾਂ ਹਨ। ਚੁੱਪ ਤੇ ਕੁਦਰਤ ਇੱਕੋ ਬੀਜ ਤੋਂ ਉਪਜੀਆਂ ਹਨ। ਭੀੜ ਕਵਿਤਾ ਨੂੰ ਰੌਂਦਦੀ ਹੈ। ਸ਼ੋਰ 'ਚ ਪੰਛੀ ਤੜਪਦੇ ਹਨ ਤੇ ਜਾਨਵਰ ਭੈਭੀਤ ਹੁੰਦੇ ਹਨ। ਸ਼ੋਰ ਵਿਚ ਮਨੁੱਖ ਦੇ ਗੀਤ ਫੌਤ ਹੋ ਜਾਂਦੇ ਨੇ ਤੇ ਭਾਵਾਂ ਦੀ ਪਾਕੀਜ਼ਗੀ ਪਸਤ ਹੋ ਜਾਦੀ ਹੈ।... ਪੂੰਜੀ ਸ਼ੋਰ ਦਾ ਮਹਾਤਮ ਸਿਰਜਦੀ ਹੈ। ਪੂੰਜੀ ਦਾ ਦੂਜਾ ਨਾਂ ਵਸਤਾਂ ਦੀ ਖਪਤ ਨਾਲ ਪ੍ਰਣਾਅ ਕੇ ਬੰਦਾ ਆਪ ਖ਼ਤਮ ਹੋਣ ਲੱਗਦਾ।... ਸਮਾਂ ਬਦਲਦਾ ਤੇ ਸੋਢੀ ਇੱਕ ਤੋਂ ਬਾਅਦ ਇੱਕ- ਪੰਜ ਰੈਸਤੋਰਾਂ ਦਾ ਮਾਲਕ ਬਣ ਜਾਂਦਾ ਹੈ। ਦਿਨ ਭਰ ਦੀ ਇਕੱਠੀ ਕੀਤੀ ਪੂੰਜੀ ਸ਼ਾਮ ਨੂੰ ਬੈਂਕ 'ਚ ਪੁੱਜਦੀ ਹੈ ਤੇ ਇਹਦੀ ਚੁੱਪ ਨੂੰ ਨਿਗਲ ਜਾਂਦੀ ਹੈ। ਇਹਦਾ ਕਵਿਤਾ ਨਾਲ ਮੋਹ ਘਟਦਾ ਤੇ ਇੰਡੀਆ ਵਿਚ ਬਣੇ ਟਾਊਟਾਂ ਨਾਲ ਮੋਹ ਜਾਗਣ ਲੱਗਦਾ ਹੈ।" (ਪੰਨਾ 262)।

14 ਸ਼ਬਦ ਚਿੱਤਰ ਹਨ ਇਸ ਅਨੁਭਾਗ ਵਿਚ। ਸਾਰੇ ਹੀ ਇੱਕੋ ਜਿਹੇ ਥਿਰਕਵੇਂ। ਪਾਤਰਾਂ ਦੇ ਵਜੂਦ ਦਾ ਪੂਰੀ ਵਜਦ ਨਾਲ ਵਰਣਨ ਕਰਨ ਵਾਲੇ। ਕੁਝ ਪ੍ਰਮੁੱਖ ਨਾਮ ਹਨ: ਕਰਤਾਰ ਢਿੱਲੋਂ, ਸੁਰਜਨ ਜ਼ੀਰਵੀ, ਗੁਰਚਰਨ ਰਾਮਪੁਰੀ, ਤਰਸੇਮ ਨੀਲਗਿਰੀ, ਵੀਨਾ ਵਰਮਾ, ਡਾ. ਸਾਧੂ ਸਿੰਘ। ਸਾਰਿਆਂ ਦੀਆਂ ਖ਼ੂਬੀਆਂ-ਖ਼ਾਮੀਆਂ 'ਤੇ ਉਂਗਲ ਧਰਨ ਪੱਖੋਂ ਇੱਕੋ ਜਿਹੀ ਇਨਾਇਤ ਕੀਤੀ ਗਈ ਹੈ।

ਤੀਜਾ ਅਨੁਭਾਗ 'ਪੰਜਾਬ ਪਰਵਾਸ ਪੰਜਾਬ' ਵਿਅਕਤੀਆਂ ਦੀ ਥਾਂ ਵਰਤਾਰਿਆਂ ਉੱਤੇ ਕੇਂਦਰਿਤ ਹੈ। ਇਹ ਸਿਧਾਂਤਵਾਦੀ ਚਿੰਤਨ ਨਾਲ ਸਰਾਬੋਰ ਹੈ। ਯੂਨੀਵਰਸਿਟੀ ਅਧਿਆਪਕੀ ਸ਼ੈਲੀ ਵਾਲਾ ਉਲਝਾਉਵਾਦੀ ਚਿੰਤਨ ਨਹੀਂ ਇਹ, ਪਾਠਕ ਅੰਦਰ ਸੂਝ ਜਗਾਉਣ ਵਾਲਾ ਚਿੰਤਨ ਹੈ ਇਹ। ਮਿਸਾਲ: "ਪਰਵਾਸ ਦਾ ਵਰਤਾਰਾ ਪੰਜਾਬ ਵਿਚ ਉਤਪੰਨ ਹੋਣ ਵਾਲੀ ਸਮਾਜਿਕ/ਸਿਆਸੀ ਸਥਿਤੀ ਨਾਲ ਅੰਤਰ-ਨਾਤੇ ਵਿਚ ਬੱਝਾ ਹੋਇਆ ਹੈ। ਤਦ ਪੰਜਾਬ ਦੇ ਸਿਆਸੀ/ਆਰਥਿਕ ਪ੍ਰਸੰਗ ਅਗਰ-ਭੂਮੀ ਵਿਚ ਆ ਜਾਂਦੇ ਹਨ। ਸੱਤਾਵਾਨ ਸਿਆਸਤ ਦੀ ਅਲਗਰਜ਼ੀ ਪੰਜਾਬੀ ਬੰਦੇ ਨੂੰ ਲਾਚਾਰੀ-ਵੱਸ ਆਪਣੀ ਭੋਇੰ ਛੱਡਣ ਲਈ ਤਿਆਰ ਕਰਦੀ ਹੈ। ਇਸ ਬੰਦੇ ਕੋਲ ਉਹ ਤੰਤ ਨਹੀਂ ਰਹੇ ਜੋ ਇਹਦੀ ਲਾਚਾਰੀ ਨੂੰ ਸਿਆਸੀ ਪ੍ਰਤੀਰੋਧ ਵਿਚ ਤਬਦੀਲ ਕਰ ਸਕੇ। ਬਿਨਾਂ ਬੌਧਿਕ ਜੁਗਤਾਂ ਦੇ ਇਹਦਾ ਵਿਦਰੋਹ ਵਿਸਫੋਟੀ ਪੱਧਰ ਦਾ ਹੋ ਕੇ ਰਹਿ ਜਾਂਦਾ ਹੈ। ਇਹ ਬੌਧਿਕਤਾ ਨੂੰ ਵਰਤੇ ਜਾਣ ਵਾਲਾ ਹਥਿਆਰ ਨਹੀਂ ਸਮਝਦਾ।" (ਪੰਨਾ 324)। ਇੱਕ ਦਰਜਨ ਨਿਬੰਧ ਹਨ ਇਸ ਅਨੁਭਾਗ ਵਿਚ। ਸਾਰੇ ਮੌਲਿਕਤਾ ਦੀ ਚਾਸ਼ਨੀ ਵਿਚ ਗੜੁੱਚ।

***ਦਸ ਰਚਨਾਵਾਂ ਵਾਲੀ ਇਹ ਗਲਪ ਲੜੀ ਘਰ ਤੇ ਵਤਨ ਤੋਂ ਉਖੜੇ ਜੀਵਨ ਦੀਆਂ ਵਿਭਿੰਨ ਪਰਤਾਂ ਦਾ ਬਿਰਤਾਂਤ ਹੈ: ਸੂਖ਼ਮ, ਸੰਜੀਦਾ, ਮਾਰਮਿਕ ਤੇ ਨਾਲ ਹੀ ਤਲਖ਼। ਹਰ ਥਾਂ ਪਰਵਾਸੀ ਮਨੋ-ਅਵਸਥਾ ਇੱਕੋ ਜਿਹੀ ਹੈ; ਨਿਊਯੌਰਕ, ਐਮਸਟਰਡੌਮ, ਫਰੈਂਕਫਰਟ, ਲਾਸ ਏਂਜਲਸ, ਕੈਲਗਰੀ, ਸਾਂ ਫਰਾਂਸਿਸਕੋ ਜਾਂ ਵੈਨਕੂਵਰ ਤਾਂ ਨਾਮ ਹੀ ਹਨ ਥਾਵਾਂ ਦੇ। ਵਤਨੋਂ ਉੱਖੜੇ ਬੰਦੇ ਲਈ ਜ਼ਿੰਦਗੀ ਹਰ ਥਾਈਂ ਨੀਰਸ ਹੈ; ਵਿਸਥਾਪਨ ਦੀ ਪੀੜਾ ਨੂੰ ਦੌਲਤ ਦੀ ਕ੍ਰੀੜਾ ਨਾਲ ਬੇਅਸਰ ਬਣਾਉਣ ਦੀਆਂ ਮਸ਼ਕਾਂ ਵਿਚ ਜੁਟੀ ਹੋਈ ਜ਼ਿੰਦਗੀ।***

---

'ਸੰਪੂਰਨ ਵਾਰਤਕ' ਦੀ ਦੂਜੀ ਜਿਲਦ ਆਦਿ ਤੋਂ ਅੰਤ ਤੱਕ 2015 ਵਾਲੀ 'ਮਹਾਂਯਾਤਰਾ' ਹੈ। 360 ਪੰਨਿਆਂ ਵਿਚ ਫੈਲੀ ਹੋਈ। 30 ਵਰ੍ਹਿਆਂ ਦੀਆਂ ਵਿਦੇਸ਼ ਫੇਰੀਆਂ ਦਾ ਬਿਰਤਾਂਤ ਪਰ ਰਵਾਇਤੀ 'ਸਫ਼ਰਨਾਮਾ' ਤਰਜ਼ ਵਾਲਾ ਨਹੀਂ। ਰਵਾਇਤ ਗੁਰਬਚਨ ਦੇ ਸੁਭਾਅ 'ਚ ਨਹੀਂ ਰਚੀ ਹੋਈ। ਜਦੋਂ ਕਦੇ ਰਵਾਇਤ 'ਚ ਬੱਝੇ ਵੀ ਤਾਂ ਘੋਰ ਮਜਬੂਰੀਵੱਸ। ਯਾਤਰਾਵਾਂ (ਉਨ੍ਹਾਂ ਦੇ ਸ਼ਬਦਾਂ 'ਚ ਲਟੋਰੀਆਂ) ਦਾ ਧਰਾਤਲ ਬਹੁਤ ਵਿਆਪਕ ਹੈ: ਫਰਾਂਸ, ਸਕੌਟਲੈਂਡ, ਇੰਗਲੈਂਡ, ਇਟਲੀ, ਹੌਲੈਂਡ, ਜਰਮਨੀ, ਜਾਪਾਨ ਅਤੇ ਕੈਨੇਡਾ/ਅਮਰੀਕਾ। ਇਹ ਵਿਦੇਸ਼ਾਂ ਵਿਚ "ਪੰਜਾਬੀ ਬੰਦੇ ਦੀ ਹਯਾਤੀ ਦੇ ਰਾਹ-ਰਸਤੇ... ਉਸ ਦੀ ਜੱਦੋਜਹਿਦ" ਦਾ ਅੱਖੀਂ ਡਿੱਠਾ ਬਿਆਨ ਹੈ, ਪੂਰੀ ਬੌਧਿਕ ਲੈਅ ਤੇ ਸੁਰਬੰਦੀਆਂ ਵਾਲਾ। ਮਿਸਾਲ: "ਪੰਜਾਬੀ ਪਰਵਾਸ ਜ਼ਿਆਦਾਤਰ ਭੋਇੰਮੁਖੀ ਬੰਦੇ 'ਤੇ ਕੇਂਦਰਿਤ ਰਿਹਾ ਹੈ। ਪਿਛਾਂਹ ਪਿੰਡ ਦੀ ਥਿਰਤਾ ਤੋਂ ਪੱਛਮ ਦੀ ਗਤੀਮਾਨ ਆਧੁਨਿਕਤਾ ਵੱਲ ਦੇ ਸਫ਼ਰ ਨੇ ਪੇਚੀਦਗੀਆਂ ਪੈਦਾ ਕਰਨੀਆਂ ਹੀ ਸਨ।... ਇਸ ਬੰਦੇ ਲਈ ਪੱਛਮ ਦੀ ਵਿਰਾਟ ਸਮਾਜਿਕਤਾ/ਸਭਿਆਚਾਰਕਤਾ ਨਾਲ ਅੰਤਰ-ਨਾਤੇ ਵਿਚ ਬੱਝਣਾ ਲਗਪਗ ਅਸੰਭਵ ਹੈ।" (ਪੰਨਾ 11) ਇਹ ਮਹਾਂਯਾਤਰਾ 'ਪੈਰਿਸ ਵਿਚ ਇੱਕ ਦਿਨ' ਤੋਂ ਸ਼ੁਰੂ ਹੋ ਕੇ 'ਪੋਸਟ ਮਾਡਰਨ ਨਿਊਯੌਰਕ' ਤਕ ਫੈਲੀ ਹੋਈ ਹੈ। ਚੁਸਤ ਫਿਕਰਿਆਂ ਤੇ ਆਤਿਸ਼ੀ ਕਿਣਕਿਆਂ ਨਾਲ ਲੈਸ ਜਿਵੇਂ, "... ਜੌਹਲ ਦੀ ਉਮਰ ਸੱਤਰ ਸਾਲਾਂ ਤੋਂ ਕਿਤੇ ਜ਼ਿਆਦਾ ਹੈ। ਚਿਹਰਾ ਲਾਲ ਹੈ। ਗੱਲ ਕਰਨ ਦੇ ਸਟਾਈਲ ਤੋਂ ਲੱਗਦਾ ਹੈ ਜਿਵੇਂ ਮੁੱਛ ਉੱਚੀ ਤੇ ਮੱਤ ਨੀਵੀਂ ਹੋਵੇ।" (ਪੰਨਾ 136)।

---

ਤੀਜੀ ਜਿਲਦ 1995 ਵਿਚ ਪ੍ਰਕਾਸ਼ਿਤ 'ਸਾਹਿਤ ਦੇ ਸਿਕੰਦਰਾਂ' ਵਾਲੀ ਹੈ। ਸਿਕੰਦਰਾਂ ਦੀਆਂ ਸਫ਼ਾਂ ਵਿਚ ਗੁਰਬਖਸ਼ ਸਿੰਘ ਪ੍ਰੀਤਲੜੀ, ਸੰਤ ਸਿੰਘ ਸੇਖੋਂ, ਬਲਵੰਤ ਗਾਰਗੀ, ਹਰਿਭਜਨ ਸਿੰਘ, ਦੇਵਿੰਦਰ ਸਤਿਆਰਥੀ, ਮਹਿੰਦਰ ਸਿੰਘ ਸਰਨਾ, ਸੁਖਬੀਰ, ਦਲੀਪ ਕੌਰ ਟਿਵਾਣਾ, ਹਰਨਾਮ ਤੇ ਪਾਸ਼ ਆਉਂਦੇ ਹਨ। ਸੁਰਜੀਤ ਪਾਤਰ ਬਾਰੇ ਤਿੰਨ ਰਚਨਾਵਾਂ ਹਨ; ਪਾਸ਼ ਬਾਰੇ ਦੋ, ਹਰਿਭਜਨ ਸਿੰਘ ਬਾਰੇ ਡੇਢ ਤੇ ਲਾਲ ਸਿੰਘ ਗਿੱਲ ਬਾਰੇ ਦੋ। ਚੈਖਵ, ਸਤੀ ਕੁਮਾਰ ਤੇ ਸਆਦਤ ਹਸਨ ਮੰਟੋ ਵੀ ਸਿਕੰਦਰਾਂ ਵਿਚ ਸ਼ੁਮਾਰ ਹਨ। ਕਿਤਾਬ ਦਾ ਇੱਕ ਅਨੁਭਾਗ ਫਿਲਮੀ ਸਿਕੰਦਰਾਂ ਬਾਰੇ ਹੈ। ਇਸ ਵਿਚ ਦੇਵ ਆਨੰਦ, ਮਧੂ ਬਾਲਾ, ਗੀਤਾ ਬਾਲੀ, ਸੁਰੱਈਆ, ਖਵਾਜਾ ਅਹਿਮਦ ਅੱਬਾਸ ਤੋਂ ਇਲਾਵਾ ਥੀਏਟਰ ਨਾਲ ਜੁੜੀਆਂ ਹਸਤੀਆਂ- ਪ੍ਰਿਥਵੀ ਰਾਜ ਕਪੂਰ, ਹਬੀਬ ਤਨਵੀਰ ਤੇ ਉਤਪਲ ਦੱਤ ਮੌਜੂਦ ਹਨ। ਰਵਾਇਤੀ ਕਿਸਮ ਦੇ ਨਹੀਂ ਹਨ ਇਹ ਪੋਰਟਰੇਟ। ਤਾਰੀਫ਼ ਦੇ ਨਾਲੋ-ਨਾਲ ਡੰਗਾਂ-ਚੋਭਾਂ ਨਾਲ ਵੀ ਲਬਰੇਜ਼। ਗੁਰਬਖ਼ਸ਼ ਸਿੰਘ ਪ੍ਰਤੀਲੜੀ ਦੇ ਪੋਰਟਰੇਟ ਵਿਚੋਂ ਲਈ ਮਿਸਾਲ: "ਉਹਦਾ ਪੁੱਤਰ ਨਵਤੇਜ ਸਿੰਘ ਜ਼ਹੀਨ ਮਨੁੱਖ ਸੀ। ਉਹਦਾ ਰਹਿਣ-ਢੰਗ ਪਿਤਾ ਦੇ ਉਲਟ ਸੀ, ਜਿਵੇਂ ਉਹ ਆਪਣੀ ਦਿੱਖ, ਮੋਟੇ ਢਿੱਡ, ਢਿਲਕੀ ਪੈਂਟ ਤੇ ਬੇਤਰਤੀਬ ਪੱਗ ਅਤੇ ਮਲੰਗਾਂ ਵਰਗੀ ਚਾਲ-ਢਾਲ ਰਾਹੀਂ ਪਿਉ ਦੇ ਸਿਰਜੇ ਸੁਹਣੀ ਸੁਨੱਖੀ ਸ਼ਖ਼ਸੀਅਤ ਬਾਰੇ ਬਿੰਬ ਦੀ ਯਹੀ-ਤਹੀ ਫੇਰ ਰਿਹਾ ਹੋਵੇ। ਫਿਰ ਵੀ ਪਿਤਾ ਸ਼ਿਰੀ ਤੇ 'ਪ੍ਰੀਤ ਲੜੀ' ਰਾਹੀਂ ਜੋ ਭੁਲਾਵੀਂ ਦੁਨੀਆ ਸਿਰਜੀ ਜਾ ਚੁੱਕੀ ਸੀ, ਉਸ ਦੇ ਜਾਦੂ ਅਸਰ ਤੋਂ ਨਵਤੇਜ ਬਚ ਨਹੀਂ ਸਕਿਆ।... ਉਹ ਗੁਰਬਖਸ਼ ਸਿੰਘ ਦਾ ਪੁੱਤਰ ਐਲਾਨੇ ਜਾਣ ਦੀ ਸ਼ਾਨ ਬਗ਼ੈਰ ਰਹਿ ਵੀ ਨਹੀਂ ਸੀ ਸਕਦਾ। ਉਹ ਪਿਤਾ ਸ਼ਿਰੀ ਦਾ ਫਰਜ਼ੰਦ ਹੀ ਨਹੀਂ ਸੀ, 'ਪ੍ਰੀਤ ਲੜੀ' ਦਾ ਜਾਂਨਸ਼ੀਨ ਵੀ ਸੀ।" (ਪੰਨਾ 23)।

---

ਚੌਥੀ ਜਿਲਦ (408 ਪੰਨੇ) ਸਵੈ-ਜੀਵਨੀ 'ਉਨ੍ਹਾਂ ਦਿਨਾਂ ਵਿਚ'+ਨਿਬੰਧ ਸੰਗ੍ਰਹਿ 'ਤਬਸਰਾ' ਦਾ ਸੁਮੇਲ ਹੈ। ਸਵੈ-ਜੀਵਨੀ ਜਾਂ ਆਤਮ-ਕਥਾ ਵਰਗੇ ਸ਼ਬਦ ਗੁਰਬਚਨ ਦੀ ਸੋਚ-ਪਰਿਧੀ 'ਚੋਂ ਖਾਰਿਜ ਸ਼ਬਦ ਹਨ ਪਰ ਸਵੈ ਬਾਰੇ ਲਿਖਣ ਨੂੰ ਹੋਰ ਕੀ ਕਹੀਏ? ਇਹ ਸਮੀਖਿਅਕ ਇੱਥੇ ਕੁਝ ਮਿਸਾਲਾਂ ਦੇਣੀਆਂ ਚਾਹੁੰਦਾ ਸੀ ਪਰ ਅਖ਼ਬਾਰੀ ਲਿਖਤਾਂ ਦੀਆਂ ਆਪਣੀਆਂ ਸੀਮਾਵਾਂ ਹੁੰਦੀਆਂ ਹਨ। ਉਨ੍ਹਾਂ ਅੰਦਰ ਸਪੇਸ ਦੀ ਲੋੜੋਂ ਵੱਧ ਖਪਤ ਦਾ ਲਚੀਲਾਪਣ ਨਹੀਂ ਹੁੰਦਾ।


ਪੰਜਵੀਂ ਜਿਲਦ (424 ਪੰਨੇ) ਸੈਮੀਨਾਰੀ ਪਰਚਿਆਂ ਤੇ ਉਸੇ ਤਰਜ਼ ਦੇ ਮਜ਼ਮੂਨਾਂ ਦਾ ਸੰਗ੍ਰਹਿ ਹੈ। ਪਰਚੇ ਮਾਰਕਸੀ ਚਿੰਤਨ ਤੇ ਚਿੰਤਕਾਂ, ਸੰਰਚਨਾਵਾਦ ਤੇ ਚਿਹਨ ਵਿਗਿਆਨ, ਕਵਿਤਾ ਤੇ ਕਾਵਿ ਬਾਰੇ ਹਨ। 14 ਕਿਤਾਬਾਂ ਬਾਰੇ ਸਮਾਲੋਚਨਾਤਮਿਕ ਲੇਖ ਹਨ ਅਤੇ ਸਾਹਿਤ ਤੇ ਸਾਹਿਤਕਾਰਾਂ ਬਾਰੇ ਨਿੱਕ-ਸੁੱਕ ਹੈ। ਬਹੁਤੀਆਂ ਰਚਨਾਵਾਂ ਕੁਸੈਲੇ ਸੱਚ ਬਿਆਨਦੀਆਂ ਹਨ, ਜਿਵੇਂ: "ਸਮਝੌਤਾ ਬਿਰਤੀ ਨੂੰ ਲੁਪਤ ਰੱਖਣ ਵਿਚ 'ਸਫਲਤਾ' ਪ੍ਰਾਪਤ ਕਰਨ ਵਾਲਾ ਸਿਰਫ਼ ਸੁਰਜੀਤ ਪਾਤਰ ਹੀ ਨਹੀਂ ਹੈ, ਉਸ ਤੋਂ ਪਹਿਲਾਂ ਹਰਿਭਜਨ ਸਿੰਘ ਦੇ ਕਾਵਿ ਵਿਚ ਵੀ ਇਹ ਬਿਰਤੀ ਦਿਖਾਈ ਦੇਂਦੀ ਹੈ। ਪੰਜਾਬੀ ਦੇ ਬਹੁਤੇ ਪ੍ਰਤਿਭਾਸ਼ਾਲੀ ਕਵੀ ਦਵੰਦ-ਮੁਕਤ ਦ੍ਰਿਸ਼ਮੁਖਤਾ ਤੱਕ ਸੀਮਤ ਰਹਿੰਦੇ ਹਨ।... ਸਾਡੇ ਕਵੀਆਂ ਦਾ ਕਿਸੇ ਵੀ ਸੱਤਾਧਾਰੀ ਧਿਰ ਵੱਲੋਂ ਪੁਰਸਕ੍ਰਿਤ/ਆਭੂਸ਼ਿਤ ਹੋਣਾ ਜਾਂ ਇਹਦੀ ਖ਼ਾਤਰ ਯਤਨ ਕਰਨਾ ਇਸ ਬਿਰਤੀ ਦਾ ਵੱਡਾ ਪ੍ਰਮਾਣ ਹੈ।" (ਪੰਨਾ 249-50)

ਨੋਬੇਲ ਪੁਰਸਕਾਰ ਵਿਜੇਤਾ ਜੌਹਨ ਸਟੇਨਬੈਕ ਨੇ 1942 ਵਿਚ ਲਿਖਿਆ ਸੀ, "ਬੰਦਾ ਜੇ ਥੋੜ੍ਹਾ-ਬਹੁਤ ਵੀ ਪੜ੍ਹਿਆ-ਲਿਖਿਆ ਹੈ ਤਾਂ ਉਸ ਨੂੰ ਆਪਣੇ ਦਿਮਾਗ਼ 'ਤੇ ਕਾਈ ਨਹੀਂ ਜੰਮਣ ਦੇਣੀ ਚਾਹੀਦੀ।" ਗੁਰਬਚਨ ਦਾ ਪੰਜ ਜਿਲਦਾਂ ਵਾਲਾ ਮਹਾਂ-ਗ੍ਰੰਥ ਦਿਮਾਗ਼ ਨੂੰ ਕਾਈ ਤੋਂ ਬਚਾਉਣ ਦਾ ਵੀ ਬਿਹਤਰੀਨ ਵਸੀਲਾ ਹੈ ਅਤੇ ਜੰਮੀ ਕਾਈ ਹਟਾਉਣ ਦਾ ਵੀ।

## ਠੇਕਾ ਲੁੱਟਣ ਮਗਰੋਂ ਸੜਕ ਹਾਦਸੇ 'ਚ ਮਾਰੇ ਗਏ ਪੰਜਾਬੀ ਦੀ ਪਛਾਣ ਹੋਈ

**ਵੈਨਕੂਵਰ:** ਪੁਲਿਸ ਨੇ ਟੋਰਾਂਟੋ ਵਿਚ ਸ਼ਰਾਬ ਦਾ ਠੇਕਾ ਲੁੱਟ ਕੇ ਭੱਜਣ ਮਗਰੋਂ ਸੜਕ ਹਾਦਸੇ ਵਿਚ ਮਾਰੇ ਗਏ ਵਿਅਕਤੀ ਦੀ ਪਛਾਣ ਕਰ ਲਈ ਹੈ। ਇਹ ਵਿਅਕਤੀ ਠੇਕਾ ਲੁੱਟਣ ਮਗਰੋਂ ਚੋਰੀ ਦੀ ਵੈਨ ਲੈ ਕੇ ਭੱਜ ਗਿਆ ਸੀ। ਇਸ ਦੌਰਾਨ ਹਾਈਵੇਅ 401 'ਤੇ ਉਲਟ ਦਿਸ਼ਾ ਵਿਚ ਜਾਂਦਿਆਂ ਉਸ ਨੇ ਇਕ ਭਾਰਤੀ ਪਰਿਵਾਰ ਦੀ ਕਾਰ ਸਮੇਤ ਕਈ ਵਾਹਨਾਂ ਨੂੰ ਟੱਕਰ ਮਾਰ ਦਿੱਤੀ ਸੀ। ਇਸ ਕਾਰ ਵਿਚ ਸਵਾਰ ਭਾਰਤੀ ਪਰਿਵਾਰ ਦੇ ਤਿੰਨ ਮੈਂਬਰਾਂ ਦੀ ਮੌਤ ਹੋ ਗਈ ਸੀ। ਪੁਲਿਸ ਨੇ ਦੱਸਿਆ ਕਿ ਇਸ ਮਾਮਲੇ ਵਿਚ ਮੁਲਜ਼ਮ ਦੀ ਪਛਾਣ ਗਗਨਦੀਪ ਸਿੰਘ (21) ਵਜੋਂ ਕੀਤੀ ਹੈ। ਉਹ ਚਾਰ ਸਾਲ ਪਹਿਲਾਂ ਸਟੱਡੀ ਵੀਜ਼ੇ 'ਤੇ ਕੈਨੇਡਾ ਆਇਆ ਸੀ। ਗਗਨਦੀਪ ਖ਼ਿਲਾਫ਼ ਪਹਿਲਾਂ ਵੀ ਕਈ ਕੇਸ ਦਰਜ ਸਨ ਅਤੇ ਉਹ ਜ਼ਮਾਨਤ 'ਤੇ ਬਾਹਰ ਆਇਆ ਸੀ। ਉਸ ਖ਼ਿਲਾਫ਼ ਕਾਰਾਂ ਚੋਰੀ ਕਰਨ ਅਤੇ ਲੁੱਟ-ਖੋਹ ਦੇ ਮਾਮਲੇ ਦੀ ਸੁਣਵਾਈ ਮਿਲਟਨ ਦੀ ਅਦਾਲਤ ਵਿਚ ਅਗਲੇ ਹਫ਼ਤੇ ਸ਼ੁਰੂ ਹੋਣੀ ਸੀ ਪਰ ਇਸ ਤੋਂ ਪਹਿਲਾਂ ਉਸ ਦੀ ਮੌਤ ਹੋ ਗਈ। ਉਲਟ ਦਿਸ਼ਾ ਵਿਚ ਜਾਂਦੇ ਸਮੇਂ ਉਸ ਦੀ ਵੈਨ ਨਾਲ ਹੋਈ ਕਾਰ ਦੀ ਟੱਕਰ ਵਿਚ ਭਾਰਤੀ ਮੂਲ ਦੇ ਤਿੰਨ ਲੋਕ (ਬਜ਼ੁਰਗ ਜੋੜਾ ਤੇ ਉਨ੍ਹਾਂ ਦਾ ਪੋਤਾ) ਮਾਰੇ ਗਏ ਸਨ ਜਦੋਂਕਿ ਦੋ ਹੋਰ ਜ਼ਖ਼ਮੀ ਹੋ ਗਏ ਸਨ। ਇਸ ਘਟਨਾ ਕਾਰਨ ਉਨ੍ਹਾਂ ਲੋਕਾਂ ਦੀ ਦਲੀਲ ਨੂੰ ਬਲ ਮਿਲਿਆ ਹੈ ਜੋ ਅਪਰਾਧੀਆਂ ਨੂੰ ਜ਼ਮਾਨਤ ਨਾ ਦੇਣ ਲਈ ਸਰਕਾਰ ਤੋਂ ਕਾਨੂੰਨ ਵਿਚ ਸੋਧ ਕਰਨ ਦੀ ਮੰਗ ਕਰ ਰਹੇ ਹਨ। ਦੱਸਣਾ ਬਣਦਾ ਹੈ ਕਿ ਕੁਝ ਕੁ ਸੰਗੀਨ ਮਾਮਲਿਆਂ ਨੂੰ ਛੱਡ ਕੇ ਮੁਲਜ਼ਮਾਂ ਨੂੰ ਅਦਾਲਤ ਵਿਚ ਸੁਣਵਾਈ ਸ਼ੁਰੂ ਹੋਣ ਤੋਂ ਪਹਿਲਾਂ ਹੀ ਜ਼ਮਾਨਤ ਮਿਲ ਜਾਂਦੀ ਹੈ।





Personal Injury and Wrongful Death Attorneys
Case Results*
$10 MILLION
Motorcycle vs. Truck Collision
$8 MILLION
Wrongful Death
$5.25 MILLION
Traumatic Brain Injury
$1.1 MILLION
Burn Injury
$1.1 MILLION
Pedestrian vs. Motor Vehicle Collision
*Past Performance Not a Guarantee of Future Results

WILLIAM E. WEISS
Of Counsel
Offices in San Francisco and Union City
No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com



ਤੁਹਾਡੀ ਸੇਵਾ ਵਿਚ ਹਰ ਸਮੇਂ ਹਾਜ਼ਰ !
CALIFORNIA
IMMIGRATION SERVICES INC.
Registered & Bonded
* FAMILY IMMIGRATION
* GREEN CARD PETITION
* CITIZENSHIP
* BUSINESS/VISITOR VISA
* RELIGIOUS VISA
* VARIOUS IMMIGRATION SERVICES
* ਫੈਮਿਲੀ ਇੰਮੀਗਰੇਸ਼ਨ
* ਗਰੀਨ ਕਾਰਡ ਪਟੀਸ਼ਨ
* ਸਿਟੀਜ਼ਨਸ਼ਿਪ
* ਬਿਜ਼ਨਸ ਵੀਜ਼ਾ/ ਵਿਜ਼ਿਟਰ ਵੀਜ਼ਾ
* ਰਿਲੀਜੀਅਸ ਵੀਜ਼ਾ
* ਕਈ ਹੋਰ ਇੰਮੀਗਰੇਸ਼ਨ ਸੇਵਾਵਾਂ

ROSY (Kanwal) KAUR
Immigration Consultant
408-422-8585
510-573-3666
Address:
Fremont Office:
4127 Bay Street, Unit 5, Fremont CA, 94538
Tracy Office:
1660 W Linne Rd. Unit J24, Tracy CA, 95377
Website: www.caials.com e-mail: rosy@caials.com
ਤੁਸੀਂ ਸਾਡੇ ਨਾਲ ਪੰਜਾਬੀ ਵਿਚ ਵੀ ਗੱਲ ਕਰ ਸਕਦੇ ਹੋ।



Homeopathicvibes
Harminder Singh Gill
Homeopathic Consultant and Practitioner

D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
We sell and ship homeopathic remedies through out North America.



ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ
SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150
Grand Opening
Special Price for Truck Wash
ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205
Ph: 209.982.9996
FAX: 209.982.9997
www.globalmultiservices.com info@globalmultiservices.com
REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211
REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

ਨਿਰਵਿਘਨ ਪ੍ਰਕਾਸ਼ਨ ਦੇ 25ਵੇਂ ਸਾਲ 'ਚ (ਪਹਿਲੀ ਜਨਵਰੀ 2000-2024)

ਪੰਜਾਬ ਟਾਈਮਜ਼ ਦੇ ਬਾਨੀ ਸੰਪਾਦਕ ਸ. ਅਮੋਲਕ ਸਿੰਘ ਜੰਮੂ ਅਤੇ ਉਨ੍ਹਾਂ ਦੇ ਸਹਿਯੋਗੀ ਸਾਥੀਆਂ ਪ੍ਰੋ. ਜੋਗਿੰਦਰ ਸਿੰਘ ਰਮਦੇਵ, ਸਵਰਨਜੀਤ ਸਿੰਘ ਢਿੱਲੋਂ, ਗੁਰਿੰਦਰ ਗਿੱਲ ਅਤੇ ਅਯੋਧਿਆ ਸਲਵਾਨ ਨੂੰ ਸਮਰਪਿਤ ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ

# 'ਪੰਜਾਬ ਟਾਈਮਜ਼ ਨਾਈਟ'

## 18 ਮਈ 2024 ਸ਼ਨਿਚਰਵਾਰ ਸ਼ਾਮੀ 6:00 ਵਜੇ

**Atlantis Banquets**
1273 N. Rand Road,
Arlington Heights, IL 60004

### ਗੈਸਟ ਆਫ ਆਨਰ


ਮੇਜਰ ਗੁਰਚਰਨ ਸਿੰਘ ਝੱਜ


ਡਾ. ਵਿਕਰਮ ਸਿੰਘ ਗਿੱਲ


ਡਾ. ਦਲਬੀਰ ਸਿੰਘ ਪੰਨੂ

ਯਾਦ ਸਲਾਮਤ ਰਹੇ...


ਸ. ਅਮੋਲਕ ਸਿੰਘ ਜੰਮੂ

### ਗੈਸਟ ਆਫ ਆਨਰ


ਏ ਜੇ ਸੰਧੂ


ਹਰਮਨ ਬਿੰਦ


ਲਵ ਮਿਨਹਾਸ

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ


ਦਰਸ਼ਨ ਸਿੰਘ ਗਰੇਵਾਲ


ਡਾ. ਹਰਗੁਰਮੁਖਪਾਲ ਸਿੰਘ


ਹਰਦਿਆਲ ਸਿੰਘ ਦਿਓਲ


ਡਾ. ਗੁਰਦਿਆਲ ਸਿੰਘ ਬਸਰਾਨ


ਜੈਦੇਵ ਸਿੰਘ ਭੱਠਲ


ਜਗਦੀਸ਼ਰ ਸਿੰਘ ਕਲੇਰ


ਗੁਰਚਰਨ ਸਿੰਘ ਗਰੇਵਾਲ


ਹਰਜੀਤ ਸਿੰਘ ਸਾਹੀ


ਦਰਸ਼ਨ ਸਿੰਘ ਦਰੜ


ਮਨਦੀਪ ਸਿੰਘ ਭੂਰਾ


ਰਘਬੀਰ ਸਿੰਘ ਘੁੰਨ


ਪਰਮਿੰਦਰ ਸਿੰਘ ਵਾਲੀਆ


ਅਮਰੀਕ ਸਿੰਘ


ਜਸਕਰਨ ਸਿੰਘ ਧਾਲੀਵਾਲ


ਡਾ. ਤੇਜਿੰਦਰ ਸਿੰਘ ਮੰਡੇਰ


ਅਵਤਾਰ ਸਿੰਘ ਸਪਰਿੰਗਫੀਲਡ


ਗੁਲਜ਼ਾਰ ਸਿੰਘ ਮੁਲਤਾਨੀ


ਰਾਜਿੰਦਰ ਸਿੰਘ ਬੈਂਸ



ਗੁਰਵੀਰ ਸਿੰਘ ਗਿੱਲ


ਗੁਰਦੇਵ ਸਿੰਘ ਜੌੜਾ


ਜਸਵੀਰ ਕੌਰ ਢਿਲੋਂ


ਡਾ. ਇਨਕਲਾਬੀ ਥਾਂਦੀ


ਡਾ. ਨਵਦੀਪ ਕੌਰ ਸੰਧੂ



ਬਲਵਿੰਦਰ ਕੌਰ (ਨਿੱਕੀ) ਸੇਖੋਂ


ਅੰਮ੍ਰਿਤਪਾਲ ਸਿੰਘ ਸੰਘਾ


ਭੁਪਿੰਦਰ ਸਿੰਘ ਧਾਲੀਵਾਲ


ਹਰਵਿੰਦਰ ਪਾਲ ਸਿੰਘ ਲੈਲ


ਸਰਵਣ ਸਿੰਘ ਟਿਵਾਣਾ


ਅਮੋਲਕ ਸਿੰਘ ਗਾਖਲ


ਜੱਸੀ ਗਿੱਲ

# PUNJAB TIMES NIGHT 2024

## ਵਿਸ਼ੇਸ਼ ਮਹਿਮਾਨ


ਦਰਸ਼ਨ ਸਿੰਘ ਧਾਲੀਵਾਲ (ਚੀਫ਼ ਗੈਸਟ)


ਵਰਿਆਮ ਸਿੰਘ ਸੰਧੂ (ਮੁੱਖ ਬੁਲਾਰਾ)


ਸੁਰਿੰਦਰ ਸਿੰਘ ਸੁੰਨੜ (ਚੀਫ਼ ਗੈਸਟ)


ਸੁੱਖੀ ਬਾਠ (ਚੀਫ਼ ਗੈਸਟ)

## ਪਹੁੰਚ ਰਹੀਆਂ ਅਦਬੀ ਸ਼ਖਸੀਅਤਾਂ



ਡਾ. ਲਖਵਿੰਦਰ ਜੌਹਲ



ਡਾ. ਗੁਰਬਖਸ਼ ਸਿੰਘ ਭੰਡਾਲ


ਡਾ. ਆਤਮਜੀਤ ਸਿੰਘ


ਰਵਿੰਦਰ ਸਹਿਰਾਅ


ਭੁਪਿੰਦਰ ਦੁਲੇ


ਕੁਲਵਿੰਦਰ ਖਹਿਰਾ


ਸੁਰਿੰਦਰ ਸੋਹਲ


ਅਸ਼ੋਕ ਭੌਰਾ


ਅਜੇ ਤਨਵੀਰ


ਬੀਬੀ ਸੁਰਜੀਤ ਕੌਰ ਸੈਕਰਾਮੈਂਟੋ


ਦਵਿੰਦਰ ਕੌਰ ਗੁਰਾਇਆ


ਤਾਹਿਰਾ ਰਿਧਾ


ਪੂਜਾ ਧਾਲੀਵਾਲ



ਰਜਿੰਦਰ ਟਾਂਡਾ


ਜਸਵੰਤ ਸਿੰਘ ਸ਼ਾਦ


ਹਰਜਿੰਦਰ ਕੰਗ


ਇਕਬਾਲ ਜੱਬੋਵਾਲੀਆ


ਆਬਿਦ ਰਸ਼ੀਦ


ਗੁਲਾਮ ਮੁਸਤਫਾ ਅੰਜੁਮ

## ਵਿਸ਼ੇਸ਼ ਸਹਿਯੋਗੀ


ਜੈਰਾਮ ਸਿੰਘ ਕਾਹਲੋਂ


ਡਾ. ਹਰਜਿੰਦਰ ਸਿੰਘ ਖਹਿਰਾ


ਗੁਰਮੁਖ ਸਿੰਘ ਭੁੱਲਰ


ਸੁਰਿੰਦਰ ਸਿੰਘ ਭਾਟੀਆ


ਸੁਖਪਾਲ ਗਿੱਲ


ਜਿਗਰਦੀਪ ਸਿੰਘ ਢਿੱਲੋਂ


ਗੁਰਬਖਸ਼ ਸਿੰਘ ਰਾਹੀ


ਪਾਲ ਧਾਲੀਵਾਲ


ਗੁਰਿੰਦਰ ਕੌਰ ਕਲੇਰ


ਬਨਿੰਦਰ ਕੌਰ ਕਲੇਰ


ਇਮਾਨਪ੍ਰੀਤ ਕੌਰ ਗਿੱਲ

**ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ ਮੌਕੇ 18 ਮਈ ਨੂੰ ਕਰਵਾਈ ਜਾ ਰਹੀ 'ਪੰਜਾਬ ਟਾਈਮਜ਼ ਨਾਈਟ' ਵਿਚ ਸ਼ਾਇਰ, ਸਾਹਿਤਕਾਰ, ਗੀਤਕਾਰ ਅਤੇ ਗਾਇਕ ਤੁਹਾਡਾ ਮਨੋਰੰਜਨ ਕਰਨਗੇ।**

**ਸਹਿਯੋਗੀ ਸੰਸਥਾਵਾਂ:** ਪੰਜਾਬੀ ਕਲਚਰਲ ਸੁਸਾਇਟੀ (ਪੀ ਸੀ ਐਸ) ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ; ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ; ਸ਼ੇਰੇ ਪੰਜਾਬ ਸਪੋਰਟਸ ਕਲੱਬ-ਸ਼ਿਕਾਗੋ (ਮਿਡਵੈਸਟ); ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ ਐਚ ਓ) ਸ਼ਿਕਾਗੋ; ਪੰਜਾਬੀ ਅਮੈਰੀਕਨ ਆਰਗੇਨਾਈਜੇਸ਼ਨ ਸ਼ਿਕਾਗੋ (ਪਾਓ); ਫਾਈਵ ਰਿਵਰਜ਼ ਐਂਟਰਟੇਨਮੈਂਟ, ਪੰਜਾਬੀ ਕਲਚਰਲ ਆਰਗੇਨਾਈਜੇਸ਼ਨ-ਮਿਲਵਾਕੀ; ਗੁਰੂ ਲਾਧੋ ਰੇ ਸੇਵਾ ਸੁਸਾਇਟੀ, ਸੰਤ ਬਾਬਾ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ-ਇੰਡੀਆਨਾ; ਸੰਤ ਬਾਬਾ ਪ੍ਰੇਮ ਸਿੰਘ ਜੀ ਸਪੋਰਟਸ ਕਲੱਬ ਸਾਊਥਬੈਂਡ, ਇੰਡੀਆਨਾ; ਪੰਜਾਬੀ ਅਮੈਰੀਕਨ ਯੂਥ ਕਲੱਬ ਇੰਡੀਆਨਾ; ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਸਿਨਸਿਨੈਟੀ; ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ; ਪੰਜਾਬ ਸਪੋਰਟਸ ਕਲੱਬ ਕਲੀਵਲੈਂਡ (ਓਹਾਇਓ); ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਡੇਅਟਨ (ਓਹਾਇਓ); ਪੰਜਾਬ ਸਪੋਰਟਸ ਕਲੱਬ ਐਟਲਾਂਟਾ; ਯੂਨਾਈਟਡ ਸਪੋਰਟਸ ਕਲੱਬ ਕੈਲੀਫੋਰਨੀਆ; ਗਦਰ ਮੈਮੋਰੀਅਲ ਫਾਊਂਡੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਕਲਚਰਲ ਆਰਗੇਨਾਈਜੇਸ਼ਨ ਸੈਕਰਾਮੈਂਟੋ; ਇੰਡੋ ਅਮੈਰੀਕਨ ਹੈਰੀਟੇਜ ਫੋਰਮ ਫਰਿਜ਼ਨੋ; ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ ਫਰਿਜ਼ਨੋ, ਸਵੇਰਾ ਇੰਕ।

ਮੀਡੀਆ ਪਾਰਟਨਰ: ਰੇਡੀਓ ਚੰਨ ਪ੍ਰਦੇਸੀ, ਦੇਸੀ ਜੰਕਸ਼ਨ, ਢੋਲ ਰੇਡੀਓ, ਪੀ.ਟੀ.ਸੀ।

# ਸੰਕਟ 47 ਤੋਂ 84: 'ਖਾਜ' ਦੀਆਂ ਗਹਿਰੀਆਂ ਪਰਤਾਂ

**ਕਲਾ ਪਰਿਕਰਮਾ**


ਸੱਭਿਅਤਾ ਕੋਈ ਵੀ ਹੋਵੇ, ਇਹਨੂੰ ਬੀਤੇ ਨੇ ਕਿਸੇ ਨਾ ਕਿਸੇ ਕਿਸਮ ਦੀ ਖਾਜ ਲਾਈ ਹੁੰਦੀ ਹੈ। ਇਹ ਦਿਸਦੀ ਚਮੜੀ ਉੱਪਰ, ਪਰ ਇਹਦੀਆਂ ਜੜ੍ਹਾਂ ਅੰਦਰ ਵਗਦੇ ਖ਼ੂਨ ਨੂੰ ਛੋਂਹਦੀਆਂ ਨੇ। ਇਹਨੂੰ ਦੇਖਣਾ ਬੜਾ ਸੂਖਮ ਕੰਮ ਹੈ। ਇਹਨੂੰ ਜਾਨਣਾ ਤੇ ਜਾਣ ਕੇ ਇਹਦਾ ਕੋਈ ਬਦਲ ਦੇਣਾ ਸੂਖ਼ਮਤਾ ਨਾਲ਼ ਸਫ਼ਰ ਵਾਂਗ ਹੈ। ਇਹ ਕੋਈ ਨਵੀਂ ਬਿਮਾਰੀ ਨਹੀਂ; ਇਹ ਸਿੱਧੇ ਰੂਪ ਵਿਚ ਦਿਸਦੀ ਵੀ ਨਹੀਂ। ਇਹਦੇ ਜ਼ਿਆਦਾ ਲੱਛਣ ਤੰਦਰੁਸਤੀ ਨਾਲ਼ ਮਿਲਦੇ-ਜੁਲਦੇ ਦਿਸਦੇ ਨੇ ਪਰ ਇਹਦੇ ਸਿੱਟੇ ਬੜੇ ਭਿਆਨਕ ਹੁੰਦੇ ਨੇ।

**ਏ.ਆਰ. ਭੱਟ**
**ਅੰਗਰੇਜ਼ੀ ਤੋਂ ਅਨੁਵਾਦ: ਪੀ. ਲਾਲ**

ਖਾਜ ਜਿੰਨੀ ਦੇਰ ਦਿਸਦੀ ਨਹੀਂ, ਓਨੀ ਦੇਰ ਨਿੱਜੀ ਰੂਪ ਵਿਚ ਵਿਚਰਦੀ ਹੋ ਸਕਦੀ ਹੈ। ਇਹ ਨਿੱਜ ਤੋਂ ਸਮੂਹ ਵੱਲ ਸਫ਼ਰ ਕਰਦੀ ਹੈ। ਧਰਮ ਇਹਦਾ ਮਨ ਭਾਉਂਦਾ ਕਿਰਦਾਰ ਹੈ ਕਿਉਂਕਿ ਧਰਮ ਮਿਲਦਾ ਹੀ ਸਮੂਹਕ ਰੂਪ ਵਿਚ ਹੈ। ਧਾਰਮਿਕਤਾ ਇਹਦੇ ਲਈ ਤੰਦਰੁਸਤ ਚਮੜੀ ਹੈ। ਅਜਿਹੇ ਸ਼ਖਸਾਂ ਤੋਂ ਇਹ ਦੂਰ ਹੀ ਵਿਚਰਦੀ ਹੈ। ਇਸ ਗੰਭੀਰ ਤੇ ਅਤਿ ਸੂਖ਼ਮ ਵਿਸ਼ੇ ਦੁਆਲ਼ੇ ਘੁੰਮਦਾ ਜਸਬੀਰ ਮੰਡ ਦਾ ਨਾਵਲ 'ਖਾਜ' ਹੋਰ ਗਹਿਰੀਆਂ ਪਰਤਾਂ ਵੱਲ ਸਫ਼ਰ ਕਰਦਾ ਹੈ।

ਅਤਿਵਾਦ ਵਿਚ ਪਲ਼ੇ ਬੱਚਿਆਂ ਨੇ ਬੜਾ ਕੁਝ ਦੇਖਿਆ ਹੈ। ਉਹ ਦਹਿਸ਼ਤ ਤੇ ਵਹਿਸ਼ਤ ਉਨ੍ਹਾਂ ਮਾਸੂਮਾਂ ਦੇ ਕਾਲਜਿਆਂ 'ਤੇ ਡੂੰਘੀ ਸੱਟ ਸੀ। ਉਹ ਬੱਚੇ ਹੁਣ ਵੱਡੇ ਹੋ ਗਏ ਨੇ। ਇਸ ਨਾਵਲ ਦੀ ਨਵੀਂ ਪੀੜ੍ਹੀ ਉਨ੍ਹਾਂ ਕਿਰਦਾਰਾਂ ਦੀ ਹੈ ਜਿਨ੍ਹਾਂ ਨੇ ਬਚਪਨ ਵਿਚ ਉਹ ਸਭ ਕੁਝ ਦੇਖਿਆ। ਹਿੰਸਾ ਵਿਚ ਪਲ਼ੇ ਬਚਪਨ ਨੇ ਇਸ ਸਭ ਕਾਸੇ ਨੂੰ ਕਿਸ ਤਰ੍ਹਾਂ ਕਬੂਲਿਆ? ਅਜਿਹੇ ਗੰਭੀਰ ਚਿਤਰਨ ਦੀ ਲੋੜ ਸੀ ਤਾਂ ਜੋ ਭਵਿੱਖ ਵਿਚ ਅਸੀਂ ਆਪਣੇ ਸਮਾਜ ਦੀਆਂ ਜੋ ਅਜੀਬੋ-ਗ਼ਰੀਬ ਹਰਕਤਾਂ ਦੇਖਣੀਆਂ ਨੇ, ਉਹ ਸਮਝ ਆ ਸਕਣ। ਅਜਿਹਾ ਇਸ ਸੰਘਣੇ ਨਾਵਲ ਵਿਚ ਜਗ੍ਹਾ-ਜਗ੍ਹਾ ਮਹਿਸੂਸ ਕੀਤਾ ਜਾ ਸਕਦਾ ਹੈ। ਅਵਤਾਰ ਇਸ ਨਾਵਲ ਦਾ ਅਜਿਹਾ ਹੀ ਕਿਰਦਾਰ ਹੈ। ਉਹਦੇ ਆਲ਼ੇ-ਦੁਆਲ਼ੇ ਉਹੀ ਸਮਾਜ ਹੈ ਜੋ ਕਦੇ ਅਤਿਵਾਦ ਦੀ ਹਮਾਇਤ ਕਰਦਾ ਸੀ ਤੇ ਕਦੇ ਵਿਰੋਧ। ਫਿਰ ਜਦੋਂ ਉਹ ਇਹ ਮਿੱਥਾਂ ਤੋੜ ਕੇ ਵੱਡਾ ਸਾਹਸੀ ਕਦਮ ਚੁੱਕਦਾ ਹੈ ਤਾਂ ਇਹੀ ਲੋਕ ਕੁਰਲਾ ਉਠਦੇ ਨੇ। ਜਿਸ ਪੱਧਰ 'ਤੇ ਇਸ ਵਿਸ਼ੇ ਨੂੰ ਨਿਭਾਇਆ ਗਿਆ, ਅਜਿਹਾ ਸ਼ਾਇਦ ਪੰਜਾਬੀ ਨਾਵਲ ਵਿਚ ਪਹਿਲਾਂ ਕਦੇ ਨਹੀਂ ਦੇਖਿਆ ਗਿਆ। ਅਵਤਾਰ ਅਤਿਵਾਦ ਤੋਂ ਬਾਅਦ ਆਧੁਨਿਕ ਕਿਸਾਨੀ ਦੀ ਨਵੀਂ ਮਾਨਸਿਕਤਾ ਦਾ ਪ੍ਰਤੀਕ ਹੈ।

ਪੰਜਾਬ ਵਿਚ ਜਿਹੜੀਆਂ ਸਮੂਹਕ ਹਿੰਸਾਵਾਂ ਹੋਈਆਂ ਨੇ, ਉਨ੍ਹਾਂ ਅੰਦਰ ਸਾਡੀ ਅਸਲੀ ਮਾਨਸਿਕਤਾ ਛੁਪੀ ਬੈਠੀ ਹੈ। ਸਾਹਿਤ ਵਿਚ ਇਹਦੇ ਵੱਖ-ਵੱਖ ਪਹਿਲੂਆਂ ਦੀ ਛੋਹ ਆਉਣੀ ਬਹੁਤ ਜ਼ਰੂਰੀ ਹੈ। ਜਸਬੀਰ ਮੰਡ ਨੇ ਜਿਸ ਤਰ੍ਹਾਂ ਵੱਖ-ਵੱਖ ਕਲਾ ਜੁਗਤਾਂ ਨਾਲ਼ ਇਸ ਨੂੰ ਚਿਤਰਿਆ ਤੇ ਨਿਭਾਇਆ ਹੈ; ਉਹਦਾ ਅਸਰ ਸਾਹਿਤ ਜਗਤ ਵਿਚ ਜ਼ਰੂਰ ਕਬੂਲਿਆ ਜਾਵੇਗਾ। ਵਰਤਮਾਨ ਤੇ ਬੀਤੇ ਨੂੰ ਦੋ ਅਲੱਗ-ਅਲੱਗ ਪੀੜ੍ਹੀਆਂ ਕਿਸ ਤਰ੍ਹਾਂ ਸੁਣਦੀਆਂ ਨੇ; ਕਿਸ ਤਰ੍ਹਾਂ ਸੁਣਾਉਂਦੀਆਂ ਨੇ? ਪੰਜਾਬੀ ਸੱਭਿਆਚਾਰ ਵਿਚ ਫ਼ੈਲੇ ਹਿੰਸਾ ਦੇ ਡੂੰਘੇ ਜ਼ਖ਼ਮਾਂ ਨੂੰ ਸਮਝਣ ਦਾ ਵੱਖਰੀ ਕਿਸਮ ਦਾ ਅਹਿਸਾਸ ਹੁੰਦਾ ਹੈ। ਇਨ੍ਹਾਂ ਕਾਂਡਾਂ ਨੂੰ ਪੜ੍ਹ ਕੇ ਜਦੋਂ ਸਾਦੀਆ ਅੱਬਾ ਅਤੇ ਬਾਬੇ ਦੇ ਮੂੰਹੋਂ ਬੀਤਿਆ ਸੁਣਦੀ ਹੈ, ਮੇਰੇ ਚਾਲੀ ਦੇ ਅਨੁਭਵੀ ਇਤਿਹਾਸ ਵਿਚ ਵੱਡਾ ਝਟਕਾ ਸੀ। ਮੈਨੂੰ ਇਸ ਪੇਸ਼ਕਾਰੀ ਨੇ ਹਿਲਾ ਕੇ ਰੱਖ ਦਿੱਤਾ। ਜਿਨ੍ਹਾਂ ਗੱਲਾਂ ਨੂੰ ਸੱਭਿਆਚਾਰਕ ਵਡਿਆਈ ਵਰਗੀ ਹੋਛੀ ਭਾਸ਼ਾ ਦੇ ਭਾਰ ਥੱਲੇ ਅਸੀਂ ਅਕਸਰ ਲੰਘਾ ਦਿੰਦੇ ਹਾਂ, ਉਨ੍ਹਾਂ ਵਿਚ ਹਿੰਸਾ ਕਿੰਨੀ ਗਹਿਰੀ ਹੁੰਦੀ ਹੈ, ਇਹਦਾ ਅਹਿਸਾਸ ਇਸ ਨਾਵਲ ਵਿਚ ਵਾਰ-ਵਾਰ ਹੁੰਦਾ ਹੈ।




ਨਾਵਲ 'ਖਾਜ' ਦਾ ਮੁਖੜਾ।



ਨਾਵਲਕਾਰ ਜਸਬੀਰ ਮੰਡ

ਸੰਤਾਲ਼ੀ ਅਤੇ ਚੁਰਾਸੀ ਵਿਚ ਜੋ ਕੁਝ ਵਾਪਰਿਆ, ਉਹਨੂੰ ਯਾਦ ਕਰ ਕੇ ਅਸੀਂ ਇਸ ਲਈ ਚੌਂਕ ਜਾਂਦੇ ਹਾਂ ਕਿਉਂਕਿ ਸਮਾਜ ਅੰਦਰ ਗਹਿਰੇ ਰੂਪ ਵਿਚ ਘੁੰਮਦੀ ਹਿੰਸਾ ਵੱਲ ਪਹਿਲਾਂ ਅਸੀਂ ਕਦੇ ਧਿਆਨ ਨਹੀਂ ਦਿੱਤਾ ਹੁੰਦਾ ਪਰ ਭਵਿੱਖ ਵਿਚ ਇਹ ਨਾਵਲ ਅਜਿਹਾ ਅਹਿਸਾਸ ਵਾਰ-ਵਾਰ ਯਾਦ ਕਰਾਉਂਦਾ ਰਹੇਗਾ। ਅਵਤਾਰ ਵਰਗੇ ਪਾਤਰ ਹਮੇਸ਼ਾ ਸਾਡੀਆਂ ਨਜ਼ਰਾਂ ਸਾਹਮਣੇ ਰਹਿਣਗੇ।

ਆਧੁਨਿਕ ਕਿਸਾਨੀ ਦੀ ਪੇਸ਼ਕਾਰੀ ਵਿਚ ਮਾਹੌਲ ਦੇ ਸੂਖ਼ਮ ਇਸ਼ਾਰੇ ਇਸ ਨਾਵਲ ਦਾ ਇੱਕ ਹੋਰ ਪਹਿਲੂ ਹੈ। ਮੰਡ ਕੋਲ਼ ਨਵੀਂ ਕਿਸਾਨੀ ਦਾ ਬਹੁਤ ਡੂੰਘਾ ਤੇ ਨਿੱਜੀ ਅਨੁਭਵ ਹੈ। ਉਹ ਹੁਣ ਤੱਕ ਕਿਸਾਨੀ ਵਿਚ ਉਵੇਂ ਹੀ ਵਿਚਰ ਰਿਹਾ। ਕਿਸਾਨੀ ਦੇ ਬਦਲ ਰਹੇ ਰੂਪ ਤੇ ਉਨ੍ਹਾਂ ਪਿੱਛੇ ਨਵੀਂ ਹੋਛੀ ਮਾਨਸਿਕਤਾ ਤੇ ਹਮੇਸ਼ਾ ਲਈ ਗੁੰਮ ਹੋ ਰਹੇ ਪੰਜਾਬੀ ਸੱਭਿਆਚਾਰ ਦੇ ਨਰੋਏ ਪੱਖ ਇਸ ਸੰਘਣੇ ਨਾਵਲ ਵਿਚ ਦੇਖੇ ਜਾ ਸਕਦੇ ਨੇ। ਮੰਡ ਦੀ ਸਾਹਿਤਕ ਅਤੇ ਪਾਤਰਾਂ ਦੀ ਭਾਸ਼ਾ ਖ਼ੂਬਸੂਰਤ ਹੈ। ਉਹਨੇ ਪੁਆਧੀ ਭਾਸ਼ਾ ਨੂੰ ਸਿਰਫ਼ ਵਰਤਿਆ ਹੀ ਨਹੀਂ, ਉਸ ਦੇ ਨਵੇਂ ਬਿੰਬ ਵੀ ਸਿਰਜੇ ਹਨ। ਦ੍ਰਿਸ਼ ਚਿਤਰਨ ਦਾ ਉਹ ਗੁਰੂ ਹੈ। ਘਾੜ ਜਿੰਨਾ ਅਣਗੌਲਿਆ ਪਿਆ ਸੀ, ਓਨਾ ਹੀ ਜੀਵਤ ਹੋ ਉਠਿਆ ਹੈ। ਸਾਦੀਆ ਇਸ ਨਾਵਲ ਦੀ ਇੱਕ ਹੋਰ ਅਹਿਮ ਪਾਤਰ ਹੈ। ਸਾਦੀਆ ਬਾਰੇ ਸਿਰਫ਼ ਇੰਨਾ ਹੀ ਕਹਿ ਸਕਦਾਂ, "ਤੂੰ ਆਈਂ ਏ ਸਾਦੀਆ... ਆਉਂਦੀ ਰਵੀਂ... ਤੇਰੇ ਆਉਣ ਨਾਲ਼ ਮੁਰਝਾਏ ਫੁੱਲ ਖਿੜ ਸਕਦੇ ਨੇ... ਤੂੰ ਆਉਂਦੀ ਰਵੀਂ।"

ਉਦੋਂ ਮੈਂ ਅਮਰੀਕਾ ਤੋਂ ਨਵੀਂ-ਨਵੀਂ ਪੀਐੱਚ.ਡੀ. ਕਰ ਕੇ ਆਇਆ ਸੀ। ਉਦੋਂ ਹੀ ਆ ਕੇ 'ਔੜ ਦੇ ਬੀਜ' ਪੜ੍ਹ ਕੇ ਜਸਬੀਰ ਮੰਡ ਨੂੰ ਮਿਲਣ ਨੂੰ ਜੀਅ ਕੀਤਾ। ਇਹ ਸਾਰੇ ਪਿੰਡ ਮੇਰੇ ਲਈ ਓਪਰੇ ਨਹੀਂ ਸਨ। ਮੈਂ ਦਸਵੀਂ ਤੱਕ ਇਸ ਇਲਾਕੇ ਵਿਚ ਪੜ੍ਹਿਆ ਸਾਂ। ਜਦੋਂ ਵੀ ਇਸ ਇਲਾਕੇ ਬਾਰੇ ਗਹਿਰ ਗੰਭੀਰ ਮੰਡ ਦੇ ਨਾਵਲਾਂ ਵਿਚ ਪੜ੍ਹਿਆ, ਆਪਣਾ ਬਚਪਨ ਯਾਦ ਆ ਜਾਂਦਾ ਹੈ। ਮੈਂ ਕਿਸੇ ਅੱਧਖੜ ਉਮਰ ਦੇ ਬੰਦੇ ਨੂੰ ਮਿਲਣ ਬਾਰੇ ਸੋਚ ਕੇ ਘਰੋਂ ਨਿਕਲਿਆ ਸਾਂ ਪਰ ਅੱਗੇ ਮਸਾਂ ਵੀਹ ਕੁ ਸਾਲਾਂ ਦਾ ਮੁੰਡਾ ਖੜ੍ਹਾ ਸੀ। ਉਦੋਂ ਉਹ ਪਿੰਡੋਂ ਬਾਹਰ ਖੇਤਾਂ ਵਿਚ ਝੁੰਗੀ ਪਾ ਕੇ ਰਹਿ ਰਿਹਾ ਸੀ। ਉਹਦੀ ਝੌਂਪੜੀ ਦੇ ਬਾਹਰ ਖੇਤੀ ਦੇ ਸੰਦ ਅਤੇ ਅੰਦਰ ਕਿਤਾਬਾਂ ਸਨ। ਉਹ ਆਪਣੇ ਆਲ਼ੇ-ਦੁਆਲ਼ੇ ਨਾਲ਼ ਸਹਿਜ ਸੀ ਪਰ ਉਹਦੀਆਂ ਅੱਖਾਂ ਵੱਲ ਦੇਖਿਆ ਨਹੀਂ ਸੀ ਜਾਂਦਾ। ਜਦੋਂ ਵੀ ਕਿਸੇ ਵੱਡੇ ਪੰਜਾਬੀ ਲੇਖਕ ਬਾਰੇ ਪੁੱਛਿਆ ਤਾਂ ਇੱਕੋ ਉੱਤਰ ਸੀ, "ਮੈਂ ਕਿਸੇ ਨੂੰ ਨਹੀਂ ਜਾਣਦਾ... ਪੜ੍ਹਿਆ ਸਭ ਨੂੰ ਏ...।" ਫਿਰ ਜਦੋਂ ਜਪਾਨ ਵਿਚ ਮੁਲਾਕਾਤ ਹੋਈ, ਉਹ ਉਦਾਂ ਹੀ ਸੀ।







ਜਸਬੀਰ ਮੰਡ ਦੇ ਕੁਝ ਹੋਰ ਨਾਵਲਾਂ ਦੇ ਮੁਖੜੇ: 'ਔੜ ਦੇ ਬੀਜ', 'ਆਖਰੀ ਪਿੰਡ ਦੀ ਕਥਾ' ਅਤੇ 'ਬੋਲ ਮਰਦਾਨਿਆ'।

## ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 18 ਮਈ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-638



*ਦੁਨੀਆਂ ਦੇ ਵਿੱਚ ਉੱਤਮ ਰਿਸ਼ਤੇ ਦਾ ਨਾਂ ਹੈ ਮਾਂ,*
*ਜੀਵ ਪ੍ਰਾਣੀ ਸਭ ਧਰਤ ਦੇ ਪੈਦਾ ਕਰਦੀ ਹੈ ਤਾਂ।*
*ਪਾਲ਼ੇ-ਪੋਸੇ ਬੱਚਿਆਂ ਨੂੰ ਉਹ ਬੜੀ ਠੰਢੀ ਹੈ ਛਾਂ,*
*ਧੰਨ ਉਹਦੀ ਕੁਰਬਾਨੀ ਤੋਂ ਵਾਰੀ ਵਾਰੀ ਮੈਂ ਜਾਂ।*

### ਕੈਪਸ਼ਨ ਮੁਕਾਬਲਾ-636



ਬੋਰੀ ਉੱਪਰ ਬੋਰੀ ਚਿਣ ਕੇ
ਸਿਰ ਦੇ ਉੱਪਰ ਟਿਕਾਈ।
ਦਿਲ ਨੂੰ ਦਿਲ ਨਾਲ ਲਾ ਕੇ
ਕਰਦੀ ਜਾਵੇ ਡੰਗ ਟਪਾਈ।
ਵੋਟਾਂ ਵਾਲੇ ਬੱਸ ਵੋਟਾਂ ਭਾਲਣ
ਕੀ ਜਾਨਣ ਉਹ ਪੀੜ ਪਰਾਈ।
**-ਜਗਮੀਤ ਸਿੰਘ ਪੰਧੇਰ**

---

ਛੋਟੇ ਬੱਚਿਆਂ ਨੂੰ ਸੰਭਾਲ
ਮਾਪਿਆਂ ਫੜਿਆ ਰੁਜ਼ਗਾਰ ਦਾ ਰਾਹ
ਵੱਡੇ ਬੱਚੇ ਝੌਂਪੜੀ 'ਚ ਪੜ੍ਹਦੇ
ਛੋਟਿਆਂ ਵਲੋਂ ਹੋਏ ਲਾਪਰਵਾਹ।
ਚਿੱਕੜ 'ਚ ਖੇਡਦਿਆਂ ਨੂੰ
ਨੀਂਦ ਘੇਰਿਆ
ਸੌਂ ਗਏ ਆਲੇ ਦੁਆਲੇ ਤੋਂ ਬੇਪਰਵਾਹ।
ਕੁਦਰਤ ਦੀ ਗੋਦ 'ਚ ਘੂਕ ਸੁੱਤੇ,
ਆਪੇ ਕਰੇ ਬਚਾਅ।
**-ਅਮਰਜੀਤ ਸਿੰਘ ਤੂਰ**
**ਫੋਨ: 98784-69639**
**ਕੁਲਬੁਰਛਾਂ (ਪਟਿਆਲਾ)**

---

ਸਾਨੂੰ ਤੇਰੇ ਝੂਠੇ ਜਿਹੇ ਲਾਰਿਆਂ ਨੇ ਮਾਰਿਆ
ਮੀਂਹ ਵਿਚ ਚੋਂਦੇ ਕੱਚੇ ਢਾਰਿਆਂ ਨੇ ਮਾਰਿਆ
ਮੇਰੇ 'ਤੇ ਵੀ ਲੋਹੜਿਆਂ ਦਾ ਰੂਪ ਸੀ
ਜਵਾਨੀ ਪਹਿਰੇ
ਛੱਡ ਜੋ ਅੱਧ ਵਿਚਕਾਰ ਗਏ
ਮੈਨੂੰ ਉਨ੍ਹਾਂ ਸਹਾਰਿਆਂ ਨੇ ਮਾਰਿਆ।
**-ਚਰਨਜੀਤ ਕੌਰ**


---

ਕੁੱਛੜ ਬੱਚਾ ਸਿਰ 'ਤੇ ਗਠੜੀ
ਚੱਲ ਸੋ ਚੱਲ ਪਾਣੀ ਦੀਆਂ ਲਹਿਰਾਂ ਵਾਂਗ
ਮੁੱਢ ਕਦੀਮਾਂ ਤੋਂ ਚਲੀ ਆ ਰਹੀ
ਕਾਣੀ ਵੰਡ
ਲੁੱਟੀ ਜਾਂਦੀ ਕਿਰਤ ਸ਼ਕਤੀ
ਮਜ਼ਦੂਰ ਔਰਤ ਦੀ
ਹੁੰਦੀਆਂ ਹਨ ਜਦ
ਲਾਮਬੰਦ ਤੰਗ ਆ ਕੇ
ਸਰਕਾਰਾਂ ਦਿੰਦੀਆਂ ਫਤਵਾ
ਆਤੰਕੀ ਆਦਿਵਾਸੀ ਔਰਤਾਂ
ਹੋਰ ਕੀ ਕਰਨਾ ਹੁਣ
ਹੱਦ ਹੀ ਹੋ ਗਈ ਜਦ
ਅੰਦਰਲਾ ਜੁਆਲਾ ਜਾਗਦੀ ਰੂਹ
ਕੁਝ ਤਾਂ ਕੁਝ ਖ਼ੂਨ ਖੌਲ੍ਹੂਗਾ ਹੀ।
**-ਦਰਸ਼ਨ ਪਾਲ ਦੋਸਾਂਝ**

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਫੋਨ: 847-359-0746

# ਰਾਖਵਾਂਕਰਨ, ਆਰ.ਐੱਸ.ਐੱਸ. ਤੇ ਇਤਿਹਾਸਕ ਤੱਥ

***ਆਰ.ਐੱਸ.ਐੱਸ. ਦੇ ਰਾਜਨੀਤਕ ਵਿੰਗ- ਭਾਜਪਾ ਦੀ ਲੀਡਰਸ਼ਿਪ ਖਾਸ ਕਰ ਕੇ ਇਸ ਦੇ ਸਟਾਰ ਪ੍ਰਚਾਰਕ ਨਰਿੰਦਰ ਮੋਦੀ ਵੱਲੋਂ ਬਾਕੀ ਮੁੱਦਿਆਂ ਵਾਂਗ ਰਾਖਵੇਂਕਰਨ ਦੇ ਮੁੱਦੇ ਨੂੰ ਵੀ ਕਾਂਗਰਸ ਦਾ ਮੁਸਲਮਾਨਾਂ ਨੂੰ ਖੁਸ਼ ਕਰਨ ਦਾ ਮੁੱਦਾ ਬਣਾ ਕੇ ਨਫ਼ਰਤ ਭੜਕਾਈ ਜਾ ਰਹੀ ਹੈ। 23 ਅਪਰੈਲ ਨੂੰ ਰਾਜਸਥਾਨ ਦੇ ਟੋਂਕ ਅਤੇ ਹੋਰ ਚੋਣ ਰੈਲੀਆਂ ਵਿਚ ਮੋਦੀ ਨੇ ਦੋਸ਼ ਲਾਇਆ ਕਿ ਕਾਂਗਰਸ ਐੱਸ.ਸੀ. ਅਤੇ ਐੱਸ.ਟੀ. ਦੇ ਨਿਰਧਾਰਤ ਕੋਟੇ ਵਿਚੋਂ ਮੁਸਲਮਾਨਾਂ ਨੂੰ ਰਾਖਵਾਂਕਰਨ ਦੇਣਾ ਚਾਹੁੰਦੀ ਹੈ। ਦੂਜੇ ਪਾਸੇ, ਪਿਛਲੇ ਦਿਨੀਂ ਆਰ.ਐੱਸ.ਐੱਸ. ਦੇ ਸੁਪਰੀਮੋ ਮੋਹਨ ਭਾਗਵਤ ਨੇ ਦਾਅਵਾ ਕੀਤਾ ਹੈ ਕਿ ਆਰ.ਐੱਸ.ਐੱਸ. ਕਦੇ ਵੀ ਰਾਖਵੇਂਕਰਨ ਦੇ ਖਿਲਾਫ਼ ਨਹੀਂ ਰਿਹਾ। ਸਤੰਬਰ 2023 'ਚ ਵੀ ਮੋਹਨ ਭਾਗਵਤ ਨੇ ਆਪਣੇ 'ਵਿਜੇ ਦਸ਼ਮੀ' ਭਾਸ਼ਣ ਵਿਚ ਦਲਿਤਾਂ ਨੂੰ ਭਰਮਾਉਣ ਲਈ ਇਸੇ ਤਰ੍ਹਾਂ ਦਾ ਬਿਆਨ ਦਿੱਤਾ ਸੀ। ਦਿੱਲੀ ਯੂਨੀਵਰਸਿਟੀ ਦੇ ਸਾਬਕਾ ਪ੍ਰੋਫੈਸਰ ਅਤੇ ਉੱਘੇ ਵਿਦਵਾਨ ਡਾ. ਸ਼ਮਸੁੱਲ ਇਸਲਾਮ ਨੇ ਇਤਿਹਾਸਕ ਤੱਥਾਂ ਦੇ ਹਵਾਲੇ ਦੇ ਕੇ ਸੰਘ ਬ੍ਰਿਗੇਡ ਦਾ ਇਹ ਝੂਠ ਬੇਪਰਦ ਕੀਤਾ ਹੈ। ਮੁੱਦੇ ਦੇ ਮਹੱਤਵ ਦੇ ਮੱਦੇਨਜ਼ਰ ਇਸ ਖਾਸ ਟਿੱਪਣੀ ਦਾ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ।***



**ਡਾ. ਸ਼ਮਸੁਲ ਇਸਲਾਮ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਸੰਸਾਰ ਵਿਚ ਹਿੰਦੂਆਂ ਦੀ ਸਭ ਤੋਂ ਵੱਡੀ ਜਥੇਬੰਦੀ ਹੋਣ ਦਾ ਦਾਅਵਾ ਕਰਨ ਵਾਲਾ ਆਰ.ਐੱਸ.ਐੱਸ. ਦਰਅਸਲ ਅਜਿਹੀ ਨਿਆਰੀ ਸੰਸਥਾ ਹੈ ਜੋ ਆਪਣੇ ਕਾਡਰਾਂ ਨੂੰ ਨਿਰੋਲ ਗੋਇਬਲੀ (ਹਿਟਲਰ ਦਾ ਪ੍ਰਾਪੇਗੰਡਾ ਮੁਖੀ ਗੋਇਬਲਜ਼) ਪਰੰਪਰਾ ਅਨੁਸਾਰ ਝੂਠ ਘੜਨ ਅਤੇ ਫੈਲਾਉਣ ਦੀ ਸਿਖਲਾਈ ਦਿੰਦਾ ਹੈ। ਇਹ ਗੁਰੂਕੁਲ ਵਜੋਂ ਕੰਮ ਕਰਦਾ ਹੈ; ਹਿੰਦੂ ਉੱਚ ਜਾਤੀਆਂ ਲਈ ਉੱਚ ਜਾਤੀ ਸਿਖਲਾਈ ਸੰਸਥਾ ਜਿੱਥੇ ਵਿਦਿਆਰਥੀ ਉਸ ਅਭਿਆਸ 'ਚ ਗ੍ਰੈਜੂਏਟ ਬਣਦੇ ਹਨ ਜਿਸ ਨੂੰ ਜਾਰਜ ਔਰਵੈੱਲ ਨੇ ਦੋਗਲੀ ਜ਼ੁਬਾਨ ਕਿਹਾ ਸੀ। ਇਸ ਤਰ੍ਹਾਂ ਆਰ.ਐੱਸ.ਐੱਸ. ਨੂੰ 'ਰਾਜਨੀਤਕ ਦੋਗਲੀ ਜੀਭ ਸਹਾਰੇ ਵਧਣ-ਫੁੱਲਣ ਵਾਲੀ ਸੰਸਥਾ' ਵਜੋਂ ਬਿਲਕੁਲ ਸਹੀ ਦਰਸਾਇਆ ਗਿਆ ਹੈ (ਦਿ ਟਾਈਮਜ਼ ਆਫ ਇੰਡੀਆ, 26 ਅਗਸਤ 2002 ਦੀ ਰਿਪੋਰਟ ਅਨੁਸਾਰ ਇਸ ਨੂੰ ਸੰਪਾਦਨ ਕਰ ਕੇ 'ਸੰਘ ਦੀ ਤੀਹਰੀ ਜ਼ੁਬਾਨ' ਕਰ ਲੈਣਾ ਚਾਹੀਦਾ ਹੈ)। ਝੂਠਾਂ ਜ਼ਰੀਏ ਹੀ ਨੀਵੀਆਂ ਜਾਤੀਆਂ, ਘੱਟ-ਗਿਣਤੀਆਂ ਅਤੇ ਬਹੁ-ਸਭਿਆਚਾਰਵਾਦ ਦੇ ਹੱਕ 'ਚ ਖੜ੍ਹਨ ਵਾਲੇ ਸਾਰੇ ਲੋਕਾਂ ਵਿਰੁੱਧ ਜ਼ਹਿਰ ਫੈਲਾਇਆ ਜਾਂਦਾ ਹੈ।

ਭਾਰਤ ਦਾ ਆਰ.ਐੱਸ.ਐੱਸ. ਦੇ ਇਸ ਅੰਦਰੂਨੀ ਗੁਣ ਨਾਲ ਹੁਣੇ ਜਿਹੇ ਵਾਹ ਪਿਆ ਜਦੋਂ ਇਸ ਦੇ ਸੁਪਰੀਮੋ ਮੋਹਨ ਭਾਗਵਤ ਨੇ ਹੈਦਰਾਬਾਦ (28 ਅਪਰੈਲ, 2024) ਵਿਚ ਭਾਸ਼ਣ ਵਿਚ (ਜਿਸ ਵਿਚ ਆਰ.ਐੱਸ.ਐੱਸ. ਦੇ ਇਕ ਮਹਾਂ ਵਿਦਵਾਨ ਨੇ ਸੰਵਿਧਾਨਕ ਰਿਜ਼ਰਵੇਸ਼ਨ ਖਤਮ ਕਰਨ ਦਾ ਸੱਦਾ ਦਿੱਤਾ ਸੀ) ਕਿਹਾ: "ਯੇ ਗ਼ਲਤ ਬਾਤ ਹੈ, ਅਸੱਤਿਆ ਹੈ... ਸੰਘ ਸ਼ੁਰੂ ਤੋਂ ਹੀ ਸੰਵਿਧਾਨ ਅਨੁਸਾਰ ਹਰ ਤਰ੍ਹਾਂ ਦੇ ਰਾਖਵੇਂਕਰਨ ਦੀ ਹਮਾਇਤ ਕਰਦਾ ਰਿਹਾ ਹੈ; ਤੇ ਸੰਘ ਦਾ ਕਹਿਣਾ ਹੈ ਕਿ ਇਹ ਉਦੋਂ ਤੱਕ ਜਾਰੀ ਰਹਿਣਾ ਚਾਹੀਦਾ ਹੈ ਜਦੋਂ ਤੱਕ ਜਿਨ੍ਹਾਂ ਲਈ ਇਹ ਹੋਂਦ 'ਚ ਹੈ, ਮਹਿਸੂਸ ਕਰਦੇ ਹਨ ਕਿ ਇਹ ਜ਼ਰੂਰੀ ਹੈ... ਇਹ (ਰਾਖਵਾਂਕਰਨ ਨੀਤੀ) ਉਦੋਂ ਤੱਕ ਜਾਰੀ ਰਹਿਣਾ ਚਾਹੀਦਾ ਹੈ ਜਦੋਂ ਤੱਕ ਸਮਾਜ ਵਿਚ ਵਿਤਕਰਾ ਮੌਜੂਦ ਹੈ।"

ਜਦੋਂ ਆਜ਼ਾਦ ਭਾਰਤ ਦੇ ਸੰਵਿਧਾਨ ਦੇ ਸੰਸਥਾਪਕਾਂ ਨੇ ਅਨੁਸੂਚਿਤ ਕਬੀਲਿਆਂ ਅਤੇ ਅਨੁਸੂਚਿਤ ਜਾਤੀਆਂ ਲਈ ਰਾਖਵੇਂਕਰਨ ਦੀ ਵਿਵਸਥਾ ਕੀਤੀ ਸੀ ਤਾਂ ਆਰ.ਐੱਸ.ਐੱਸ. ਦੇ ਸਭ ਤੋਂ ਪ੍ਰਮੁੱਖ ਨੀਤੀਘਾੜੇ/ਸਿਧਾਂਤਕਾਰ ਅਤੇ ਸੰਗਠਨ ਦੇ ਦੂਜੇ ਸੁਪਰੀਮੋ, ਐੱਮ.ਐੱਸ. ਗੋਲਵਲਕਰ ਨੇ ਸਖਤ ਪ੍ਰਤੀਕਰਮ ਜ਼ਾਹਿਰ ਕਰਦੇ ਹੋਏ ਇਹ ਦੋਸ਼ ਲਗਾਇਆ ਸੀ ਕਿ ਹੁਕਮਰਾਨ "ਹਿੰਦੂ ਸਮਾਜਿਕ ਏਕਤਾ ਦੀਆਂ ਜੜ੍ਹਾਂ ਪੁੱਟ ਰਹੇ ਹਨ ਅਤੇ ਪਛਾਣ ਦੀ ਉਸ ਭਾਵਨਾ ਨੂੰ ਨਸ਼ਟ ਕਰ ਰਹੇ ਹਨ ਜਿਸ ਨੇ ਅਤੀਤ ਵਿਚ ਸਾਰੇ ਵੱਖ-ਵੱਖ ਸੰਪਰਦਾਵਾਂ ਨੂੰ ਇਕਸੁਰਤਾ ਵਿਚ ਬੰਨ੍ਹ ਕੇ ਰੱਖਿਆ ਸੀ।" (ਐੱਨ.ਐੱਲ. ਗੁਪਤਾ ਦੀ ਲਿਖਤ 'ਆਰ.ਐੱਸ.ਐੱਸ. ਅਤੇ ਲੋਕਤੰਤਰ' ਵਿਚ ਹਵਾਲਾ - ਦਿੱਲੀ: ਸੰਪਦਾਇਕਤਾ ਵਿਰੋਧੀ ਕਮੇਟੀ, ਪੰਨਾ 17)।



ਉਸ ਨੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਨੀਵੀਆਂ ਜਾਤਾਂ ਦੀ ਅਣਦੇਖੀ ਦੀ ਜੜ੍ਹ ਹਿੰਦੂ ਸਮਾਜਿਕ ਪ੍ਰਬੰਧ ਹੈ (ਐੱਮ.ਐੱਸ. ਗੋਲਵਲਕਰ, 'ਬੰਚ ਆਫ਼ ਥਾਟਸ- ਚੋਣਵੀਆਂ ਲਿਖਤਾਂ/ਭਾਸ਼ਣ/ਇੰਟਰਵਿਊ', ਸਾਹਿਤ ਸਿੰਧੂ ਪ੍ਰਕਾਸ਼ਨ ਬੰਗਲੌਰ, 1996, ਤੀਜਾ ਐਡੀਸ਼ਨ, ਪੰਨਾ 363)। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ: "ਸੰਵਿਧਾਨ ਵਿਚ ਹਰੀਜਨਾਂ ਨੂੰ ਦਿੱਤੀ ਸੁਰੱਖਿਆ ਅਤੇ ਇਸ ਤੋਂ ਬਾਅਦ ਕੀਤੇ ਵਿਸਤਾਰ ਬਾਰੇ ਕੀ ਕਹਿਣਾ ਹੈ?" ਉਸ ਦਾ ਜਵਾਬ ਸੀ: "ਡਾ. ਅੰਬੇਡਕਰ ਨੇ 1950 ਵਿਚ ਗਣਤੰਤਰ ਬਣਨ ਦੇ ਦਿਨ ਤੋਂ ਸਿਰਫ 10 ਸਾਲਾਂ ਲਈ 'ਅਨੁਸੂਚਿਤ ਜਾਤੀਆਂ' ਲਈ ਵਿਸ਼ੇਸ਼ ਅਧਿਕਾਰ ਦੀ ਕਲਪਨਾ ਕੀਤੀ ਸੀ ਪਰ ਇਹ ਜਾਰੀ ਹੈ, ਇਸ ਨੂੰ ਵਧਾਇਆ ਜਾ ਰਿਹਾ ਹੈ। ਸਿਰਫ ਜਾਤੀ ਦੇ ਆਧਾਰ 'ਤੇ ਵਿਸ਼ੇਸ਼ ਅਧਿਕਾਰਾਂ ਦੇ ਜਾਰੀ ਰਹਿਣ ਨਾਲ ਉਨ੍ਹਾਂ ਵਿਚ ਵੱਖਰੀ ਹਸਤੀ ਦੇ ਤੌਰ 'ਤੇ ਬਣੇ ਰਹਿਣ ਦਾ ਸਵਾਰਥ ਪੈਦਾ ਹੋਣਾ ਹੀ ਹੈ। ਇਸ ਨਾਲ ਬਾਕੀ ਸਮਾਜ (ਹਿੰਦੂ ਸਮਾਜ) ਨਾਲ ਉਨ੍ਹਾਂ ਦੇ ਇਕ ਹੋਣ ਨੂੰ ਨੁਕਸਾਨ ਹੋਵੇਗਾ।" (ਐੱਮ.ਐੱਸ. ਗੋਲਵਲਕਰ, 'ਸਪੌਟਲਾਈਟਸ, ਸਾਹਿਤ ਸਿੰਧੂ ਪ੍ਰਕਾਸ਼ਨ ਬੰਗਲੌਰ, 1974, ਪੰਨਾ 16)।

ਗੋਲਵਲਕਰ ਲਈ ਅਸਲ ਮੁੱਦਾ ਇਹ ਨਹੀਂ ਸੀ ਕਿ ਅਤੀਤ ਵਿਚ ਹਜ਼ਾਰਾਂ ਸਾਲਾਂ ਤੋਂ ਨੀਵੀਆਂ ਜਾਤਾਂ (ਸ਼ੂਦਰਾਂ/ਦਲਿਤਾਂ) ਨਾਲ ਹੋਏ ਅਨਿਆਂ ਨੂੰ ਕਿਵੇਂ ਦੂਰ ਕੀਤਾ ਜਾਵੇ ਸਗੋਂ ਉਸ ਦੀ ਅਸਲ ਚਿੰਤਾ ਇਹ ਸੀ ਕਿ "ਇਹ ਦੇਖਣ ਲਈ ਅਤਿਅੰਤ ਧਿਆਨ ਰੱਖੋ ਕਿ ਉਨ੍ਹਾਂ ਦੀ ਅਲਹਿਦਗੀ ਨੂੰ ਹੁਲਾਰਾ ਨਾ ਮਿਲੇ" (ਐੱਮ.ਐੱਸ. ਗੋਲਵਲਕਰ, 'ਸਪੌਟਲਾਈਟਸ', ਸਾਹਿਤ ਸਿੰਧੂ ਪ੍ਰਕਾਸ਼ਨ ਬੰਗਲੌਰ, 1974, ਪੰਨਾ 184)। ਉਸ ਨੇ ਇਸ ਤੱਥ ਨੂੰ ਕਦੇ ਵੀ ਸਵੀਕਾਰ ਨਹੀਂ ਕੀਤਾ ਕਿ ਭਾਰਤ ਵਿਚ ਨੀਵੀਆਂ ਜਾਤਾਂ ਨਾਲ ਦੁਰਵਿਹਾਰ ਕੀਤਾ ਜਾ ਰਿਹਾ ਹੈ। ਭਾਰਤ ਦੇ ਇਕ ਹਿੱਸੇ 'ਚ ਦਲਿਤਾਂ ਦੇ ਵੱਡੇ ਕਤਲੇਆਮ 'ਤੇ ਪ੍ਰਤੀਕਰਮ ਕਰਦੇ ਹੋਏ ਉਸ ਨੇ 14 ਅਕਤੂਬਰ 1972 ਨੂੰ ਲਿਖਿਆ: "ਅੱਜ ਕੱਲ੍ਹ ਆਮ ਘਟਨਾਵਾਂ ਨੂੰ ਵੀ ਹਰੀਜਨ ਗੈਰ-ਹਰੀਜਨ ਰੰਗਤ ਦੇਣ ਦਾ ਰੁਝਾਨ ਹੈ, ਸ਼ਾਇਦ ਰਾਜਨੀਤਕ ਪ੍ਰੇਰਨਾ ਨਾਲ ਅਤੇ ਲੋਕਾਂ ਦੀ ਏਕਤਾ ਤੇ ਇਕਜੁੱਟਤਾ ਵਿਚ ਦਰਾੜ ਪੈਦਾ ਕਰਨ ਲਈ। ਫੌਰੀ ਲਾਭਾਂ ਲਈ ਇੱਥੋਂ ਤੱਕ ਕਿ ਇਨ੍ਹਾਂ ਸ਼ੱਕੀਆਂ ਲਈ ਵੀ, ਸਮੁੱਚੇ ਤੌਰ 'ਤੇ ਲੋਕਾਂ ਦੇ ਸਦੀਵੀ ਭਲੇ ਦੀ ਬਲੀ ਦੇ ਦੇਣਾ ਅੱਜ ਕੱਲ੍ਹ ਪ੍ਰਚਲਤ ਰੁਝਾਨਾਂ ਦਾ ਮੰਦਭਾਗਾ ਪਹਿਲੂ ਹੈ। ਸਾਨੂੰ ਆਪਣੇ ਕੰਮ ਵਿਚ ਇਸ ਜ਼ਹਿਰੀਲੇ ਰੁਝਾਨ ਤੋਂ ਦੂਰ ਰਹਿਣਾ ਹੋਵੇਗਾ ਅਤੇ ਮਾਹੌਲ ਨੂੰ ਸਾਫ਼ ਕਰਨ ਦੀ ਪੂਰੀ ਕੋਸ਼ਿਸ਼ ਕਰਨੀ ਹੋਵੇਗੀ।" (ਐੱਮ.ਐੱਸ. ਗੋਲਵਲਕਰ, 'ਸ੍ਰੀ ਗੁਰੂਜੀ ਸਮਗਰ ਦਰਸ਼ਨ' - ਹਿੰਦੀ ਵਿਚ ਉਸ ਦੀਆਂ ਚੋਣਵੀਆਂ ਲਿਖਤਾਂ/ਭਾਸ਼ਣਾਂ ਦਾ ਸੰਗ੍ਰਹਿ, ਗ੍ਰੰਥ 7, ਭਾਰਤੀ ਵਿਚਾਰ ਸਾਧਨਾ, ਨਾਗਪੁਰ, 1974, ਪੰਨਾ 244)।

ਗੋਲਵਲਕਰ ਦੀ ਦਲਿਤਾਂ ਪ੍ਰਤੀ ਨਫ਼ਰਤ ਜਾਤੀਵਾਦ ਵਿਚ ਉਸ ਦੇ ਪੱਕੇ ਵਿਸ਼ਵਾਸ ਦਾ ਨਤੀਜਾ ਸੀ ਜਿਸ ਦੇ ਤਹਿਤ ਉਨ੍ਹਾਂ ਨੂੰ ਜੀਵਨ ਦਾ ਅਧਿਕਾਰ ਵੀ ਨਹੀਂ ਸੀ। ਉਸ ਲਈ ਜਾਤੀਵਾਦ ਹਿੰਦੂ ਰਾਸ਼ਟਰ ਦਾ ਸਮਾਨਾਰਥੀ ਸੀ। ਉਸ ਦੇ ਅਨੁਸਾਰ, ਹਿੰਦੂ ਲੋਕ ਕੋਈ ਹੋਰ ਨਹੀਂ ਸਗੋਂ "ਵਿਰਾਟ ਪੁਰਸ਼, ਸਰਵ ਸਕਤੀਮਾਨ ਖੁਦ ਨੂੰ ਪ੍ਰਗਟ ਕਰ ਰਿਹਾ ਹੈ... ਪੁਰਸ਼ ਸੂਕਤ ਅਨੁਸਾਰ ਸੂਰਜ ਅਤੇ ਚੰਦਰਮਾ ਉਸ ਦੀਆਂ ਅੱਖਾਂ ਹਨ, ਤਾਰੇ ਤੇ ਆਕਾਸ ਉਸ ਦੀ ਨਾਭੀ (ਧੁੰਨੀ) ਤੋਂ ਪੈਦਾ ਹੋਏ ਹਨ ਅਤੇ ਬ੍ਰਾਹਮਣ ਸਿਰ ਹੈ, ਖੱਤਰੀ ਹੱਥ ਹੈ, ਵੈਸ਼ ਪੱਟ ਹਨ ਅਤੇ ਸ਼ੂਦਰ ਪੈਰ ਹਨ। ਇਸ ਦਾ ਮਤਲਬ ਹੈ ਕਿ ਜਿਨ੍ਹਾਂ ਲੋਕਾਂ ਕੋਲ ਇਹ ਚਾਰ-ਪਰਤੀ ਵਿਵਸਥਾ ਹੈ, ਅਰਥਾਤ ਹਿੰਦੂ ਲੋਕ, ਸਾਡੇ ਭਗਵਾਨ ਹਨ (ਇੰਞ ਹੀ ਲਿਖਿਆ ਹੋਇਆ ਹੈ)। ਪਰਮਾਤਮਾ ਦਾ ਇਹ ਪਰਮ ਦ੍ਰਿਸ਼ਟੀ 'ਰਾਸ਼ਟਰ' ਦੇ ਸਾਡੇ ਸੰਕਲਪ ਦਾ ਮੁੱਖ ਮੂਲ ਹੈ ਅਤੇ ਇਸ ਨੇ ਸਾਡੀ ਸੋਚ ਵਿਚ ਪ੍ਰਵੇਸ਼ ਕਰ ਲਿਆ ਹੈ ਅਤੇ ਸਾਡੀ ਸੱਭਿਆਚਾਰਕ ਵਿਰਾਸਤ ਦੀਆਂ ਵੱਖ-ਵੱਖ ਵਿਲੱਖਣ ਧਾਰਨਾਵਾਂ ਨੂੰ ਜਨਮ ਦਿੱਤਾ ਹੈ।" (ਐਮ.ਐਸ. ਗੋਲਵਲਕਰ, 'ਬੰਚ ਆਫ ਥਾਟਸ', ਪੰਨਾ 36-37)।

ਇਹ ਮਨੂ ਦੇ ਅਣਮਨੁੱਖੀ ਸ਼ੂਦਰ ਵਿਰੋਧੀ ਕੋਡਾਂ ਦੇ ਦੁਹਰਾਓ ਤੋਂ ਸਿਵਾਇ ਹੋਰ ਕੁਝ ਨਹੀਂ ਸੀ। ਗੋਲਵਲਕਰ ਨੇ ਇਹ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਜਾਤੀਵਾਦ ਹਿੰਦੂ ਧਰਮ ਲਈ ਸਰਾਪ ਹੈ ਜਾਂ ਹਿੰਦੂਆਂ ਵਿਚ ਏਕਤਾ ਦੀ ਭਾਵਨਾ ਵਿਚ ਰੁਕਾਵਟ ਪਾਉਂਦਾ ਹੈ: "ਹਿੰਦੂਆਂ ਨੂੰ ਬਦਨਾਮ ਕਰਨ ਵਿਚ ਦਿਲਚਸਪੀ ਰੱਖਣ ਵਾਲੇ ਲੋਕ ਜਾਤੀ ਪ੍ਰਣਾਲੀ, 'ਅੰਧਵਿਸ਼ਵਾਸ', ਅੱਖਰ ਗਿਆਨ ਦੀ ਘਾਟ, ਸਮਾਜਿਕ ਢਾਂਚੇ ਵਿਚ ਔਰਤਾਂ ਦੀ ਸਥਿਤੀ ਅਤੇ ਹਿੰਦੂ ਸੱਭਿਆਚਾਰਕ ਜਥੇਬੰਦੀ ਵਿਚ ਹਰ ਤਰ੍ਹਾਂ ਦੀਆਂ ਸੱਚੀਆਂ ਜਾਂ ਝੂਠੀਆਂ ਖਾਮੀਆਂ ਬਾਰੇ ਗੱਲਾਂ ਕਰਦੇ ਹਨ ਅਤੇ ਦੱਸਦੇ ਹਨ ਕਿ ਹਿੰਦੂਆਂ ਦੀ ਕਮਜ਼ੋਰੀ ਸਿਰਫ਼ ਇਨ੍ਹਾਂ ਵਿਚ ਹੀ ਪਈ ਹੈ।" (ਐੱਮ.ਐੱਸ. ਗੋਲਵਲਕਰ, 'ਬੰਚ ਆਫ ਥਾਟਸ', ਪੰਨਾ 61-62)।

ਅੰਬੇਡਕਰ ਜਿਨ੍ਹਾਂ ਨੇ ਆਰ.ਐੱਸ.ਐੱਸ. ਨੂੰ ਵਧਦੇ-ਫੈਲਦੇ ਦੇਖਿਆ ਅਤੇ ਇਸ ਦੀਆਂ ਵਿਨਾਸ਼ਕਾਰੀ ਪ੍ਰਵਿਰਤੀਆਂ ਤੋਂ ਜਾਣੂ ਸਨ, ਦਾ ਦ੍ਰਿੜ ਵਿਚਾਰ ਸੀ ਕਿ ਆਰ.ਐੱਸ.ਐੱਸ. ਦੁਆਰਾ ਅਪਣਾਈ ਗਈ ਹਿੰਦੂਤਵ ਦੀ ਵਿਚਾਰਧਾਰਾ ਸਮਾਜ ਅਤੇ ਇਸ ਦੇ ਸਰੋਤਾਂ 'ਤੇ ਕੰਟਰੋਲ ਬਣਾਈ ਰੱਖਣ ਲਈ ਉੱਚ ਜਾਤੀ ਦੇ ਹਿੰਦੂਆਂ ਚਾਲ ਤੋਂ ਸਿਵਾਇ ਕੁਝ ਨਹੀਂ ਸੀ। ਉਨ੍ਹਾਂ ਨੇ ਲਿਖਿਆ: "ਉਨ੍ਹਾਂ ਕੋਲ ਚਰਿੱਤਰ ਦਾ ਗੁਣ ਹੈ ਜੋ ਅਕਸਰ ਹਿੰਦੂਆਂ ਨੂੰ ਤਬਾਹੀ ਵੱਲ ਲੈ ਜਾਂਦਾ ਹੈ। ਇਹ ਗੁਣ ਉਨ੍ਹਾਂ ਦੀ ਗ੍ਰਹਿਣਸੀਲ ਪ੍ਰਵਿਰਤੀ ਅਤੇ ਜੀਵਨ ਦੀਆਂ ਚੰਗੀਆਂ ਚੀਜ਼ਾਂ ਨੂੰ ਦੂਜਿਆਂ ਨਾਲ ਸਾਂਝਾ ਕਰਨ ਨੂੰ ਪਸੰਦ ਨਾ ਕਰਨ ਤੋਂ ਬਣਦਾ ਹੈ। ਸਿੱਖਿਆ ਅਤੇ ਧਨ-ਦੌਲਤ ਉੱਪਰ ਉਨ੍ਹਾਂ ਦੀ ਅਜਾਰੇਦਾਰੀ ਹੈ ਅਤੇ ਧਨ-ਦੌਲਤ ਤੇ ਸਿੱਖਿਆ ਨਾਲ ਉਨ੍ਹਾਂ ਨੇ ਰਾਜ-ਭਾਗ 'ਤੇ ਕਬਜ਼ਾ ਕਰ ਲਿਆ ਹੈ। ਇਸ ਅਜਾਰੇਦਾਰੀ ਨੂੰ ਆਪਣੇ ਕੋਲ ਹੀ ਰੱਖਣਾ ਉਨ੍ਹਾਂ ਦੇ ਜੀਵਨ ਦੀ ਅਭਿਲਾਸ਼ਾ ਅਤੇ ਟੀਚਾ ਰਿਹਾ ਹੈ। ਜਮਾਤੀ ਗਲਬੇ ਦੇ ਇਸ ਸੁਆਰਥੀ ਵਿਚਾਰ ਤੋਂ ਪ੍ਰੇਰਤ ਹੋ ਕੇ ਉਹ ਹਿੰਦੂਆਂ ਦੇ ਹੇਠਲੇ ਵਰਗਾਂ ਨੂੰ ਦੌਲਤ, ਸਿੱਖਿਆ ਅਤੇ ਸੱਤਾ ਤੋਂ ਬਾਹਰ ਕਰਨ ਲਈ ਹਰ ਕਦਮ ਚੁੱਕਦੇ ਹਨ... ਸਿੱਖਿਆ, ਦੌਲਤ ਅਤੇ ਤਾਕਤ ਨੂੰ ਆਪਣੇ ਹੀ ਕਬਜ਼ੇ 'ਚ ਰੱਖਣ ਅਤੇ ਇਸ ਨੂੰ ਸਾਂਝਾ ਕਰਨ ਤੋਂ ਇਨਕਾਰ ਕਰਨ ਦਾ ਇਹ ਰਵੱਈਆ ਜਿਸ ਨੂੰ ਉੱਚ ਜਾਤੀ ਦੇ ਹਿੰਦੂਆਂ ਨੇ ਹਿੰਦੂਆਂ ਦੇ ਹੇਠਲੇ ਵਰਗਾਂ ਨਾਲ ਆਪਣੇ ਸਬੰਧਾਂ ਵਿਚ ਵਿਕਸਤ ਕੀਤਾ ਹੈ, ਉਸ ਨੂੰ ਉਨ੍ਹਾਂ ਵੱਲੋਂ ਮੁਸਲਮਾਨਾਂ ਤੱਕ ਵਧਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹ ਮੁਸਲਮਾਨਾਂ ਨੂੰ ਸਥਾਨ ਅਤੇ ਸੱਤਾ ਤੋਂ ਬਾਹਰ ਕਰਨਾ ਚਾਹੁੰਦੇ ਹਨ, ਜਿਵੇਂ ਉਨ੍ਹਾਂ ਨੇ ਹੇਠਲੇ ਵਰਗ ਦੇ ਹਿੰਦੂਆਂ ਨਾਲ ਕੀਤਾ ਹੈ। ਉੱਚ ਜਾਤੀ ਦੇ ਹਿੰਦੂਆਂ ਦਾ ਇਹ ਖਾਸ ਗੁਣ ਉਨ੍ਹਾਂ ਦੀ ਰਾਜਨੀਤੀ ਨੂੰ ਸਮਝਣ ਦੀ ਕੁੰਜੀ ਹੈ।" (ਬੀ.ਆਰ. ਅੰਬੇਡਕਰ, 'ਪਾਕਿਸਤਾਨ ਜਾਂ ਭਾਰਤ ਦੀ ਵੰਡ', ਮਹਾਰਾਸ਼ਟਰ ਸਰਕਾਰ, ਬੰਬਈ, 1990 (1946 ਐਡੀਸ਼ਨ ਦੀ ਮੁੜ-ਛਾਪ), ਪੰਨਾ 123)।

ਆਰ.ਐੱਸ.ਐੱਸ. ਰਾਖਵੇਂਕਰਨ ਦਾ ਵਿਰੋਧ ਕਿਵੇਂ ਕਰ ਰਿਹਾ ਹੈ, ਇਹ 1981 ਵਿਚ ਸਪਸ਼ਟ ਹੋ ਗਿਆ ਸੀ ਜਦੋਂ ਮਾਧਵ ਸਿੰਘ ਸੋਲੰਕੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਦੁਆਰਾ ਗੁਜਰਾਤ ਵਿਚ ਸਮਾਜਿਕ ਅਤੇ ਆਰਥਿਕ ਤੌਰ 'ਤੇ ਪਛੜੀਆਂ ਜਾਤੀਆਂ ਲਈ ਜੋ ਰਾਖਵਾਂਕਰਨ ਸ਼ੁਰੂ ਕੀਤਾ ਗਿਆ ਸੀ, ਉਸ ਦਾ ਵਿਰੋਧ ਕਰਨ ਵਿਚ ਸਭ ਤੋਂ ਘਿਨਾਉਣੀ ਭੂਮਿਕਾ ਇਸ ਦੇ ਕਾਡਰਾਂ ਨੇ ਨਿਭਾਈ ਸੀ। ਉਦੋਂ ਹੋਈ ਹਿੰਸਾ ਵਿਚ ਦੋ ਪੁਲਿਸ ਅਧਿਕਾਰੀਆਂ ਸਮੇਤ 100 ਤੋਂ ਵੱਧ ਲੋਕ ਮਾਰੇ ਗਏ ਸਨ।

ਦਿਲਚਸਪ ਗੱਲ ਇਹ ਹੈ ਕਿ ਅੱਜ ਵਾਂਗ ਹੀ ਰਾਖਵੇਂਕਰਨ ਦੀ ਬਹਿਸ ਨੂੰ ਸਥਾਨਕ ਮੁਸਲਮਾਨਾਂ ਵਿਰੁੱਧ ਜ਼ਹਿਰ ਫੈਲਾਉਣ ਵਿਚ ਬਦਲ ਦਿੱਤਾ ਗਿਆ ਸੀ ਜਿਨ੍ਹਾਂ ਨੂੰ ਬੇਖੌਫ਼ ਹੋ ਕੇ ਬੇਕਿਰਕੀ ਨਾਲ ਮਾਰਿਆ ਗਿਆ।

---

# ਭਰੇ ਗੱਚ ਦਾ ਸਕੂਨ

**ਪਾਲੀ ਰਾਮ ਬਾਂਸਲ**
**ਫੋਨ: +91-81465-80919**

"ਆਹ ਕਰ ਕੋਈ ਹੀਲਾ ਇਹਦਾ। ਬਾਪ ਦੀ ਮੌਤ ਤੋਂ ਬਾਅਦ ਵਿਚਾਰੇ ਦੀ ਮਾਲੀ ਹਾਲਤ ਮਾੜੀ ਹੋ ਗਈ।" ਬੈਂਕ ਦੀ ਕਰਜ਼ੇ ਵਾਲੀ ਕਾਪੀ ਮੈਨੂੰ ਫੜਾਉਂਦਿਆਂ ਮੇਰੇ ਮਿੱਤਰ ਤੇ ਸਹਿਪਾਠੀ ਰਹੇ ਕਰਮਜੀਤ ਨੇ ਕਿਹਾ।

"ਇਹ ਤਾਂ ਪੁੰਨ ਵਾਲਾ ਕੰਮ ਹੀ ਐ। ਗਊ ਗਾਰ 'ਚੋਂ ਕੱਢਣ ਵਾਲਾ ਕੰਮ ਐ ਵੀਰੇ।" ਨਾਲ ਆਏ ਰਿਟਾਇਰਡ ਸੀਨੀਅਰ ਅਫਸਰ ਹਰਮਿੰਦਰ ਸਿੰਘ ਨੇ ਕਰਮਜੀਤ ਦੀ ਕਹੀ ਗੱਲ ਦੀ ਪ੍ਰੋੜਤਾ ਕੀਤੀ।

"ਕੋਈ ਗੱਲ ਨਹੀਂ, ਦੇਖਦਾਂ ਕੀ ਮਦਦ ਕਰ ਸਕਦਾਂ ਮੈਂ ਇਹਦੀ। ਵੈਸੇ ਰਿਟਾਇਰਮੈਂਟ ਤੋਂ ਬਾਅਦ ਕਿਸੇ ਦੀ ਆਪਣੇ ਮਹਿਕਮੇ 'ਚ ਉਹ ਗੱਲ ਤਾਂ ਨ੍ਹੀਂ ਰਹਿੰਦੀ ਜੋ ਨੌਕਰੀ ਦੌਰਾਨ ਹੁੰਦੀ ਐ ਪਰ ਮੈਂ ਕੋਸ਼ਿਸ਼ ਪੂਰੀ ਕਰਦਾਂ।" ਰਿਟਾਇਰਮੈਂਟ ਤੋਂ ਬਾਅਦ ਕਿਸੇ ਵੀ ਮਹਿਕਮੇ ਵਿੱਚ ਸੁਣਵਾਈ ਘਟ ਜਾਣ ਦੀ ਅਸਲੀਅਤ ਵੀ ਮੈਂ ਉਨ੍ਹਾਂ ਨੂੰ ਦੱਸ ਦਿੱਤੀ।

"ਗੁਰੂ ਜੀ, ਪੰਜੇ ਉਂਗਲਾਂ ਇੱਕ ਬਰਾਬਰ ਨਹੀਂ ਹੁੰਦੀਆਂ। ਸਾਰੀ ਸਰਵਿਸ ਦੌਰਾਨ ਤੁਸੀਂ ਮੁਲਾਜ਼ਮ ਹਿੱਤਾਂ ਲਈ ਲੜਦੇ ਰਹੇ ਓ। ਆਪਣੇ ਨੁਕਸਾਨ ਦੀ ਵੀ ਕਦੀ ਪ੍ਰਵਾਹ ਨ੍ਹੀਂ ਕੀਤੀ। ਮੈਨੂੰ ਤਾਂ ਲਗਦਾ ਨਹੀਂ ਕਿ ਅੱਜ ਵੀ ਤੁਹਾਨੂੰ ਕੋਈ ਕੰਮ ਨੂੰ ਜਵਾਬ ਦੇਵੇਗਾ।" ਹੁਣ ਬੋਲਣ ਦੀ ਵਾਰੀ ਕਰਮਜੀਤ ਹੁਰਾਂ ਨਾਲ ਆਏ ਗੁਰਮੀਤ ਗੀਤੀ ਦੀ ਸੀ।

"ਕੋਈ ਗੱਲ ਨਹੀਂ, ਮੈਂ ਹੁਣੇ ਕਰਦਾਂ ਗੱਲ। ਮੈਨੇਜਰ ਮੇਰਾ ਅਜ਼ੀਜ਼ ਈ ਐ। ਮੁੰਡਾ ਵੀ ਵਧੀਆ ਐ।" ਮੈਂ ਸਬੰਧਿਤ ਬਰਾਂਚ ਦੇ ਮੈਨੇਜਰ ਨੂੰ ਨੰਬਰ ਡਾਇਲ ਕਰਦੇ-ਕਰਦੇ ਕਿਹਾ। ਅੱਗਿਓਂ ਮੈਨੇਜਰ ਨੇ ਫੋਨ ਚੁੱਕਦਿਆਂ ਆਦਰ ਜ਼ਾਹਿਰ ਕੀਤਾ, "ਸਤਿ ਸ੍ਰੀ ਅਕਾਲ ਸਰ। ਹੋਰ ਸਭ ਠੀਕ-ਠਾਕ ਐ। ਕਦੇ ਗੇੜਾ ਹੀ ਨਹੀਂ ਮਾਰਿਆ ਬ੍ਰਾਂਚ 'ਚ। ਆਜੋ ਕਦੇ ਚਾਹ ਦਾ ਕੱਪ ਸਾਂਝਾ ਕਰਦੇ ਹਾਂ।"

"ਓਏ ਭਰਾ ਮੇਰੇ, ਅਸੀਂ ਹੋਏ ਹੁਣ ਵਿਹਲੇ ਬੰਦੇ। ਜੇ ਤੁਹਾਡੇ ਕੋਲ ਆ ਕੇ ਬੈਠਣ ਲੱਗ ਪਏ ਤਾਂ ਤੁਸੀਂ ਹੀ ਕਿਹਾ ਕਰਨੈ ਕਿ ਰਿਟਾਇਰਮੈਂਟ ਤੋਂ ਬਾਅਦ ਇਹ ਆਪ ਤਾਂ ਵਿਹਲੇ ਨੇ, ਸਾਡਾ ਟਾਈਮ ਖਰਾਬ ਕਰਨ ਆ ਜਾਂਦੇ ਨੇ।" ਮੈਂ ਮੈਨੇਜਰ ਨੂੰ ਮਿੱਠੀ ਜਿਹੀ ਟਕੋਰ ਮਾਰੀ।

"ਨਹੀਂ ਸਰ, ਤੁਸੀ ਤਾਂ ਗੁਰੂ ਹੋ ਸਾਡੇ। ਤੁਹਾਡੇ ਲਈ ਹਮੇਸ਼ਾ ਹੀ ਸਤਿਕਾਰ ਰਹੇਗਾ।" ਮੈਨੇਜਰ ਨੇ ਸਤਿਕਾਰ ਜਤਾਇਆ।

"ਅੱਛਾ! ਹੁਣ ਜਦੋਂ ਗੁਰੂ ਕਹਿ ਹੀ ਰਿਹੈਂ ਤਾਂ ਇੱਕ ਗੱਲ ਸੁਣ... ਆਹ ਖਾਤਾ ਨੰਬਰ ਨੋਟ ਕਰ ਤੇ ਦੱਸ ਕਿ ਬੈਂਕ ਦੀ ਸਕੀਮ ਮੁਤਾਬਕ ਕਿੰਨੇ ਪੈਸੇ ਭਰ ਕੇ ਖਾਤਾ ਬੰਦ ਹੁੰਦੈ।" ਮੈਂ ਝੱਟ ਅਸਲੀ ਮੁੱਦੇ ਦੀ ਗੱਲ ਕੀਤੀ।

"ਸਰ, ਇਨ੍ਹਾਂ ਨੂੰ ਕੁੱਲ 3 ਲੱਖ ਕਿਹਾ ਸੀ।" ਮੈਨੇਜਰ ਨੇ ਜਵਾਬ ਦਿੱਤਾ।

"ਛੋਟੇ ਵੀਰ, ਰਕਮ ਭਰਵਾ ਤਾਂ ਜਿੰਨੀ ਮਰਜ਼ੀ ਲੈ ਪਰ ਇਹ ਸਮਝ ਕੇ ਭਰਵਾਈਂ ਕਿ ਜੋ ਰਕਮ ਭਰਵਾਉਣੀ ਐ ਨਾ, ਉਹ ਮੇਰੀ ਜੇਬ ਚੋਂ ਹੀ ਜਾਣੀ ਐ। ਗੁਰੂ ਦਾ ਮਾਨ ਰੱਖਣਾ ਐ ਫਿਰ।" ਮੈਂ ਥੋੜ੍ਹਾ ਜਜ਼ਬਾਤੀ ਲਹਿਜ਼ੇ ਵਿੱਚ ਕਿਹਾ।

"ਸਰ, ਮੈਂ ਵਾਪਸ ਫੋਨ ਕਰਦਾਂ ਤੁਹਾਨੂੰ ਸਾਰਾ ਹਿਸਾਬ ਲਾ ਕੇ।" ਮੈਨੇਜਰ ਨੇ ਕਹਿ ਕੇ ਫੋਨ ਬੰਦ ਕਰ ਦਿੱਤਾ।

ਹਰਮਿੰਦਰ ਨੇ ਮੇਰੀ ਪਿੱਠ ਥਾਪੜੀ, "ਵੀਰ, ਕੰਮ ਹੋਵੇ ਜਾਂ ਨਾ ਹੋਵੇ ਪਰ ਠੋਸ ਗੱਲ ਤੇ ਦਿਲੋਂ ਸਿਫਾਰਸ਼ ਕਰ ਕੇ ਸਵਾਦ ਲਿਆ'ਤਾ।"

ਗੱਲਾਂ-ਬਾਤਾਂ ਕਰਦਿਆਂ ਨੂੰ ਮੈਨੇਜਰ ਦਾ ਫੋਨ ਆਇਆ, "ਸਰ, ਸਕੀਮ ਮੁਤਾਬਕ ਡੇਢ ਲੱਖ ਨਾਲ ਖਾਤਾ ਬੰਦ ਹੋਜੂ।"

"ਓਕੇ, ਥੈਂਕਸ।" ਕਹਿੰਦਿਆਂ ਮੈਂ ਫੋਨ ਕੱਟ ਦਿੱਤਾ ਤੇ ਆਏ ਸੱਜਣਾਂ ਨੂੰ ਕਿਹਾ ਕਿ ਕੱਲ੍ਹ ਡੇਢ ਲੱਖ ਭਰ ਕੇ ਜ਼ਮੀਨ ਦਾ ਫੱਕ ਸਰਟੀਫਿਕੇਟ ਲੈ ਲਿਓ ਬੈਂਕ 'ਚੋਂ।

ਦੂਜੇ ਦਿਨ ਮੇਰੇ ਫੋਨ ਦੀ ਘੰਟੀ ਖੜਕੀ, "ਸਤਿ ਸ੍ਰੀ ਅਕਾਲ ਅੰਕਲ ਜੀ, ਮੈਂ ਮਲਕੀਤ ਗੱਗੜਪੁਰ ਵਾਲੇ ਦਾ ਮੁੰਡਾ ਬੋਲਦਾਂ... ਕੰਮ ਹੋ ਗਿਆ ਬੈਂਕ ਵਾਲਾ ਤੇ ਫੱਕ ਸਰਟੀਫਿਕੇਟ ਵੀ ਮਿਲ ਗਿਆ। ਬਹੁਤ ਬਹੁਤ ਧੰਨਵਾਦ ਜੀ।" ਉਹਨੇ ਬੈਂਕ ਵਿੱਚ ਡੇਢ ਲੱਖ ਰੁਪਏ ਨਾਲ ਆਪਣੇ ਪਿਤਾ ਦਾ ਕਰਜ਼ੇ ਵਾਲਾ ਖਾਤਾ ਬੰਦ ਕਰਾਉਣ ਤੋਂ ਬਾਅਦ ਮੈਨੂੰ ਫੋਨ ਕੀਤਾ ਸੀ। ਮੈਂ ਨੋਟ ਕੀਤਾ, ਉਸ ਦਾ ਗੱਚ ਭਰਿਆ ਹੋਇਆ ਸੀ। ਲਗਦਾ ਸੀ, ਗੱਚ ਜਜ਼ਬਾਤ ਭਰਪੂਰ ਖੁਸ਼ੀ ਨਾਲ ਭਰਿਆ ਸੀ।

"ਕੋਈ ਗੱਲ ਨ੍ਹੀਂ ਪੁੱਤਰਾ। ਜੇ ਮੇਰੇ ਇੱਕ ਫੋਨ ਨਾਲ ਤੇਰਾ ਡੇਢ ਲੱਖ ਦਾ ਫਾਇਦਾ ਹੋ ਗਿਆ ਤਾਂ ਮੈਨੂੰ ਤਾਂ ਡਾਢੀ ਖੁਸ਼ੀ ਐ।" ਉਸ ਦੇ ਗੱਚ ਭਰੇ ਬੋਲ ਪਤਾ ਨਹੀਂ ਕਿੰਨੀ ਦੇਰ ਕੰਨਾਂ 'ਚ ਗੂੰਜਦੇ ਰਹੇ ਤੇ ਮੈਨੂੰ ਸਕੂਨ ਭਰਿਆ ਆਨੰਦ ਮਹਿਸੂਸ ਕਰਾਉਂਦੇ ਰਹੇ।

# ਅਮਰ ਸਿੰਘ ਚਮਕੀਲਾ: ਦੂਸਰਾ ਕਤਲ

ਚਮਕੀਲਾ ਇੱਕ ਗਾਇਕ ਸੀ ਤੇ ਉਹਦੀ ਅਵਾਜ਼ ਵਿਚ ਏਨੀ ਮਰਦਾਨਗੀ ਸੀ, ਜਿਹਦਾ ਅੱਜ ਤਕ ਕੋਈ ਮੁਕਾਬਲਾ ਨਹੀਂ। ਸ਼ਾਇਦ ਉਹ ਸਿਰਫ ਏਨਾ ਹੀ ਸਿਆਣਾ ਸੀ ਕਿ ਉਹਨੂੰ ਜਲਦੀ ਪਤਾ ਲੱਗ ਗਿਆ ਕਿ ਉਹਦੀ ਅਵਾਜ਼ ਨੂੰ ਕਿਹੋ ਜਿਹੀ ਗਾਇਕੀ, ਸ਼ਬਦਾਵਲੀ ਤੇ ਸ਼ੈਲੀ ਫਿੱਟ ਬੈਠਦੀ ਹੈ। ਉਹਨੂੰ ਇਹ ਵੀ ਪਤਾ ਲੱਗ ਗਿਆ ਕਿ ਪੰਜਾਬ ਦੇ ਆਵਾਮ ਦਾ ਮਾਨਸਿਕ ਤੰਤਰ (ਨਊਰੋਟਚਿਸਿਮ) ਕਿਹੋ ਜਿਹਾ ਹੈ ਤੇ ਉਨ੍ਹਾਂ ਨੂੰ ਕਿਹੋ ਜਹੀ ਸ਼ੈਲੀ, ਸ਼ਬਦਾਵਲੀ ਤੇ ਗਾਇਕੀ ਨਾਲ ਮੁਗਧ (ਹੇਪਨੋ-ਟਸਿਏ) ਕੀਤਾ ਜਾ ਸਕਦਾ ਹੈ। ਉਹਨੂੰ ਪਤਾ ਸੀ ਕਿ ਜਾਹਲ ਲੋਕਾਂ ਦੀ ਵਾਸ਼ਨਾ ਆਪਣੇ ਕਰੀਬੀ ਰਿਸ਼ਤਿਆਂ ਵਿਚ ਹੀ ਜਾਗ ਪੈਂਦੀ ਹੈ ਤੇ ਉਨ੍ਹਾਂ ਲਈ ਪਿਆਰ ਅਤੇ ਵਿਭਚਾਰ ਵਿਚ ਬਹੁਤਾ ਫਰਕ ਨਹੀਂ ਹੁੰਦਾ। ਅਜਿਹੇ ਲੋਕ ਚਮਕੀਲੇ ਨੂੰ ਸੁਣਦੇ, ਬੁਲਾਉਂਦੇ ਤੇ ਪੈਸੇ ਲੁਟਾਉਂਦੇ ਸਨ। ਇਸੇ ਕਰਕੇ ਚਮਕੀਲਾ ਸਾਲ ਦੇ ਤਿੰਨ ਸੌ ਪੈਂਹਟ ਦਿਨਾਂ ਵਿਚ ਤਿੰਨ ਸੌ ਛਿਆਹਠ ਦਿਨ ਬੁੱਕ ਰਹਿੰਦਾ ਸੀ।



**ਅਵਤਾਰ ਸਿੰਘ (ਪ੍ਰੋ.)**
**ਫੋਨ: +91-94175-18384**

ਚਮਕੀਲਾ ਬੜਾ ਹਾਜ਼ਰ ਜਵਾਬ ਸੀ। ਪਰ ਉਹ ਗੁਰਬਤ ਦਾ ਸ਼ਿਕਾਰ ਸੀ, ਜਿਸ ਕਰਕੇ ਉਹ ਅਜਿਹਾ ਕੰਮ ਕਰ ਰਿਹਾ ਸੀ, ਜਿਹਦੇ ਵਿਚ ਉਹਦਾ ਮਨ ਨਹੀਂ ਸੀ। ਜਿਸ ਕੰਮ ਵਿਚ ਉਹਦਾ ਮਨ ਸੀ, ਉਹਦਾ ਉਹਨੂੰ ਮੌਕਾ ਨਹੀਂ ਸੀ ਮਿਲ ਰਿਹਾ। ਅਖੀਰ ਉਹਦੇ ਉਸਤਾਦ ਦੀ ਲਾਪ੍ਰਵਾਹੀ ਨੇ ਉਹਨੂੰ ਸਟੇਜ 'ਤੇ ਚੜ੍ਹਨ ਦਾ ਮੌਕਾ ਬਖਸ਼ ਦਿਤਾ ਤੇ ਫਿਰ ਉਸਤਾਦ ਹੁਣੀ ਉਹਦੀ ਮਰਦਾਨਾ ਗਾਇਕੀ ਦੇ ਸਾਹਮਣੇ ਫਿੱਕੇ ਪੈ ਗਏ। ਦੇਖਦੇ ਹੀ ਦੇਖਦੇ ਉਹਦੇ ਉਸਤਾਦਾਂ ਦੇ ਉਸਤਾਦ ਵੀ ਸੋਚਾਂ ਵਿਚ ਪੈ ਗਏ ਤੇ ਉਨ੍ਹਾਂ ਦੇ ਸਜਿੰਦੇ ਸਦਮਿਆਂ ਦੇ ਸ਼ਿਕਾਰ ਹੋਣ ਲੱਗੇ।

ਉਨ੍ਹਾਂ ਦਿਨਾਂ ਵਿਚ ਪਿੰਡਾ ਦੇ ਮੁੱਛ-ਫੁੱਟ ਗੱਭਰੂ ਟੇਪ ਦੀ ਉਚੀ ਅਵਾਜ਼ ਵਿਚ ਚਮਕੀਲਾ ਛੱਡ ਕੇ ਇਸ ਤਰ੍ਹਾਂ ਸੁਣਦੇ ਸਨ, ਜਿਵੇਂ ਰੂਹਾਨੀ ਸਕੂਨ ਮਿਲ ਰਿਹਾ ਹੋਵੇ ਜਾਂ ਜਿਵੇਂ ਸੱਪ ਦੇ ਮੋਹਰੇ ਬੀਨ ਵੱਜਦੀ ਹੋਵੇ। ਇਹ ਚਮਕੀਲੇ ਦੀ ਕਰਾਮਾਤ ਸੀ ਕਿ ਨਿੱਕੇ ਨਿੱਕੇ ਨਿਆਣੇ ਵੀ ਪਿੰਡ ਦੀਆਂ ਤੰਗ ਗਲੀਆਂ ਵਿਚ ਸਾਈਕਲ ਦਾ ਟਾਇਰ ਚਲਾਉਂਦੇ ਹੋਏ 'ਪੱਟਣੀ, ਪੱਟਣੀ' ਕਰਦੇ ਹੋਏ ਦੇਖੇ ਜਾ ਸਕਦੇ ਸਨ।

ਚਮਕੀਲੇ ਦੀ ਮਾੜੀ ਕਿਸਮਤ ਕਿ ਉਹਦਾ ਪਿਛੋਕੜ ਅਜਿਹਾ ਸੀ, ਜਿਥੇ ਸਿਰਫ ਕੰਮ ਹੀ ਕੰਮ ਹੁੰਦਾ ਹੈ ਤੇ ਕੰਮ ਵੀ ਅਜਿਹਾ ਜਿਹਦੇ ਵਿਚ ਦੰਮ ਘੁਟਦਾ ਹੈ। ਜਿਥੇ ਨਾ ਵਿਹਲ ਹੁੰਦੀ ਹੈ, ਨਾ ਦੌਲਤ ਤੇ ਨਾ ਹੀ ਸ਼ੁਹਰਤ। ਪਰ ਚਮਕੀਲੇ ਨੂੰ ਦੌਲਤ ਵੀ ਮਿਲਣ ਲੱਗ ਪਈ ਤੇ ਸ਼ੁਹਰਤ ਵੀ। ਸ਼ੁਹਰਤ ਏਨੀ ਮਿਲੀ, ਸੁਣਿਆ ਹੈ, ਕਿ ਉਨ੍ਹਾਂ ਦਿਨਾਂ ਵਿਚ ਨੌਜਵਾਨ ਦਿਲਾਂ ਦੀ ਧੜਕਣ ਸ਼੍ਰੀਦੇਵੀ ਨੇ ਉਹਦੇ ਨਾਲ ਫਿਲਮ ਬਣਾਉਣ ਦੀ ਪੇਸ਼ਕਸ਼ ਕੀਤੀ। ਚਮਕੀਲੇ ਦੀ ਸਾਦਗੀ ਦੇਖੋ ਕਿ ਇਹ ਕਹਿ ਕੇ ਸ਼੍ਰੀਦੇਵੀ ਨੂੰ ਜਵਾਬ ਦੇ ਦਿਤਾ ਕਿ ਉਹਨੂੰ ਹਿੰਦੀ ਨਹੀਂ ਆਉਂਦੀ।

ਸਾਡੇ ਸਮਾਜ ਵਿਚ ਦੌਲਤ ਦੁਸ਼ਮਣਾਂ ਨੂੰ ਸੱਦਾ ਦੇਣ ਦਾ ਸਬੱਬ ਬਣਦੀ ਹੈ ਤੇ ਜੇ ਕਿਤੇ ਦੌਲਤ ਨਾਲ ਸ਼ੁਹਰਤ ਜੁੜ ਜਾਵੇ ਤਾਂ ਦੁਸ਼ਮਣ ਜੱਲਾਦ ਬਣ ਜਾਂਦੇ ਹਨ। ਚਮਕੀਲਾ ਸ਼ਾਇਦ ਏਨਾ ਚੁਸਤ ਚਲਾਕ ਨਹੀਂ ਸੀ, ਜਿੰਨਾ ਉਹਨੂੰ ਹੋਣਾ ਚਾਹੀਦਾ ਸੀ। ਉਹਨੂੰ ਦੁਸ਼ਮਣਾਂ ਦੀ ਖ਼ਬਰ ਸੀ, ਪਰ ਜੱਲਾਦਾਂ ਦਾ ਪਤਾ ਨਹੀਂ ਸੀ। ਦੌਲਤ ਦੇ ਦੁਸ਼ਮਣ ਤਾਂ ਈਰਖਾ ਕਰਦੇ ਹਨ, ਪਰ ਸ਼ੁਹਰਤ ਦੇ ਦੁਸ਼ਮਣ ਈਰਖਾ ਦੀ ਅੱਗ ਵਿਚ ਸੜਦੇ ਹਨ। ਫਿਰ ਉਹ ਕਿਸੇ ਦੀ ਸ਼ੁਹਰਤ ਦਾ ਦੀਵਾ ਗੁੱਲ ਕਰਨ ਲਈ ਕਤਲ ਤਕ ਕਰ ਦਿੰਦੇ ਹਨ। ਚਮਕੀਲੇ ਨਾਲ ਇਹੀ ਕੁਝ ਵਾਪਰਿਆ। ਉਹ ਆਪ ਤਾਂ ਨਾ ਰਿਹਾ, ਪਰ ਉਹਦੀ ਸ਼ੁਹਰਤ ਗੁੱਲ ਨਾ ਹੋ ਸਕੀ; ਬਲਕਿ ਹੋਰ ਮਚ ਗਈ। ਫਿਰ ਸਾਰੇ ਗਾਇਕ ਚਮਕੀਲੇ ਦੀਆਂ ਸੁਰਾਂ 'ਤੇ ਪਲਣ ਲੱਗ ਪਏ ਤੇ ਚੁੱਪ-ਚੁਪੀਤੇ, ਅਨਾਮ ਜਾਂ ਬੇਨਾਮ ਚਮਕੀਲੇ ਦਾ ਬੋਲਬਾਲਾ ਹੋ ਗਿਆ। ਚਮਕੀਲੇ ਦੀ ਸਮਾਧ ਬਣ ਗਈ, ਮੇਲੇ ਲੱਗਣ ਲੱਗ ਪਏ ਤੇ ਚਮਕੀਲੇ ਦੀਆਂ ਫਿਲਮਾਂ ਬਣਨ ਲਗ ਪਈਆਂ; ਲੜੀ ਹੀ ਸ਼ੁਰੂ ਹੋ ਗਈ; ਇੱਕ, ਦੋ, ਤਿੰਨ ...

ਕਈ ਲੋਕ ਦੱਬਵੀਂ ਜ਼ੁਬਾਨ ਵਿਚ ਦੱਸਦੇ ਹਨ ਕਿ ਅਮਰਜੋਤ ਤੇ ਚਮਕੀਲੇ ਦਾ ਕਤਲ ਸਿਖ ਖਾੜਕੂਆਂ ਨੇ ਕੀਤਾ ਸੀ। ਪਰ ਜਿਨ੍ਹਾਂ ਨੂੰ ਦਸਮੇ ਪਾਤਸ਼ਾਹ ਦੇ ਆਦੇਸ਼ ਦਾ ਪਤਾ ਹੈ, ਉਹ ਕਦੇ ਵੀ ਇਹ ਗੱਲ ਨਹੀਂ ਮੰਨ ਸਕਦੇ। ਕੋਈ ਸਿਖ ਜਿੱਡਾ ਵੱਡਾ ਮਰਜ਼ੀ ਖਾੜਕੂ ਹੋਵੇ, ਉਹ ਕਦੇ ਦਸਮੇਸ਼ ਦੇ ਆਦੇਸ਼ ਨਹੀਂ ਭੁੱਲ ਸਕਦਾ। ਪਾਤਸ਼ਾਹ ਦਾ ਆਦੇਸ਼ ਸੀ ਕਿ ਸਿਖ ਕਦੇ ਔਰਤ 'ਤੇ ਵਾਰ ਨਾ ਕਰੇ, ਨਿਹੱਥੇ 'ਤੇ ਵਾਰ ਨਾ ਕਰੇ ਤੇ ਡਿੱਗੇ ਹੋਏ 'ਤੇ ਵਾਰ ਨਾ ਕਰੇ। ਅਮਰਜੋਤ ਤੇ ਚਮਕੀਲੇ 'ਤੇ ਇਹ ਸਭ ਕੁਝ ਹੋਇਆ। ਔਰਤ 'ਤੇ ਵਾਰ ਵੀ ਹੋਇਆ, ਉਹ ਨਿਹੱਥੇ ਵੀ ਸਨ ਤੇ ਡਿਗਿਆਂ ਹੋਇਆਂ 'ਤੇ ਵੀ ਗੋਲੀਆਂ ਚਲਾਈਆਂ ਗਈਆਂ। ਇਥੋਂ ਤਕ ਕਿ ਉਨ੍ਹਾਂ ਦੀਆਂ ਮ੍ਰਿਤਕ ਦੇਹਾਂ 'ਤੇ ਨਾਚ ਵੀ ਕੀਤਾ ਗਿਆ। ਇਸ ਕਰਤੂਤ ਨੂੰ ਸਹੀ ਦੱਸਣ ਵਾਲਾ, ਹੋਰ ਜੋ ਮਰਜ਼ੀ ਹੋਵੇ, ਸਿਖ ਨਹੀਂ ਹੋ ਸਕਦਾ।

ਚਮਕੀਲਾ ਜੋਬਨ ਰੁੱਤੇ ਮਾਰਿਆ ਗਿਆ ਤੇ ਜੋਬਨ ਰੁੱਤ ਬਾਰੇ ਸ਼ਿਵ ਕੁਮਾਰ ਨੇ ਲਿਖਿਆ ਹੈ: ਜੋਬਨ ਰੁਤੇ ਜੋ ਵੀ ਮਰਦਾ ਫੁੱਲ ਬਣੇ ਜਾਂ ਤਾਰਾ। ਚਮਕੀਲੇ ਦੀ ਸ਼ੁਹਰਤ ਬੇਸ਼ਕ ਚਮਕ ਪਈ। ਪਰ ਉਹਦਾ ਨਿੱਜ ਨਾ ਫੁੱਲ ਬਣ ਸਕਿਆ, ਨਾ ਤਾਰਾ। ਬਣਿਆਂ ਤਾਂ ਉਹ ਪੰਜਾਬ ਦਾ ਨਾਸੂਰ ਬਣ ਗਿਆ, ਜਿਹਨੂੰ ਛੇੜਨਾ ਖ਼ਤਰੇ ਤੋਂ ਖਾਲੀ ਨਹੀਂ ਹੁੰਦਾ। ਅੱਜ ਵੀ ਚਮਕੀਲੇ ਬਾਰੇ ਬੋਲਣ ਲੱਗੇ ਲੋਕ ਆਲੇ ਦੁਆਲੇ ਦੇਖਣ ਲੱਗ ਪੈਂਦੇ ਹਨ।

ਫਿਲਮ ਨਿਰਦੇਸ਼ਕ ਇਮਤਿਆਜ਼ ਅਲੀ ਨੇ ਖ਼ਤਰੇ ਦੀ ਪ੍ਰਵਾਹ ਕੀਤੇ ਬਿਨਾ ਇਹ ਨਾਸੂਰ ਛੇੜ ਲਿਆ ਤੇ ਜਿਵੇਂ ਇਮਤਿਆਜ਼ ਨੂੰ ਪਤਾ ਹੋਵੇ ਕਿ ਇਸ ਨਾਸੂਰ ਦੀ ਫਿਲਮ ਕਿਸੇ ਨੇ ਸਿਨਮਿਆਂ ਵਿਚ ਨਹੀਂ ਚੱਲਣ ਦੇਣੀ, ਇਸ ਲਈ ਉਹਨੇ ਇਹ ਫਿਲਮ ਅਜਿਹੀ ਬਣਾਈ ਕਿ ਸਿਰਫ ਟੀ ਵੀ 'ਤੇ ਹੀ ਦੇਖੀ ਜਾ ਸਕੇ। ਫਿਲਮ ਰਿਲੀਜ਼ ਹੋਈ ਤਾਂ ਸਭ ਨੇ ਦੇਖੀ ਤੇ ਹਰ ਕੋਈ ਇਹਦੇ ਬਾਰੇ ਲਿਖਣ ਲੱਗਾ।

ਕੋਈ ਕਹਿੰਦਾ ਹੈ ਇਮਤਿਆਜ਼ ਨੇ ਪੰਜਾਬ ਦੇ ਵਾਤਾਵਰਣ ਵਿਚ ਜ਼ਹਿਰ ਘੋਲੀ ਹੈ। ਕੋਈ ਕਹਿੰਦਾ ਹੈ ਕਿ ਉਹਨੇ ਪੰਜਾਬ ਵਿਚ ਗੰਦ ਘੋਲਿਆ ਹੈ। ਕਈ ਅਜਿਹੇ ਵੀ ਹਨ, ਜਿਹੜੇ ਕਹਿੰਦੇ ਹਨ ਕਿ ਇਮਤਿਆਜ਼ ਨੇ ਅਮਰ ਸਿੰਘ ਚਮਕੀਲੇ ਨੂੰ ਅਮਰ ਕਰ ਦਿਤਾ ਹੈ। ਹਰ ਕੋਈ ਆਪੋ ਆਪਣੇ ਹਿਸਾਬ ਨਾਲ ਦਲੀਲਾਂ ਦੇ ਰਿਹਾ ਹੈ। ਮੈਨੂੰ ਲਗਦਾ ਹੈ ਜਿਵੇਂ ਸਾਰੇ ਹੀ ਕੁਝ ਨਾ ਕੁਝ ਠੀਕ ਹੋਣ ਤੇ ਕਿਤੋਂ ਨਾ ਕਿਤੋਂ ਗਲਤ ਵੀ।

ਮੈਂ ਵੀ ਇਹ ਫਿਲਮ ਦੇਖੀ ਹੈ ਤੇ ਇਹਨੂੰ ਦੇਖਦੇ ਹੋਏ ਮੇਰੇ ਅੰਦਰ 'ਭਾਗ ਮਿਲਖਾ ਭਾਗ' ਅਤੇ 'ਲਾਲ ਸਿੰਘ ਚੱਢਾ' ਜਹੀਆਂ ਫ਼ਿਲਮਾਂ ਵੀ ਚੱਲਦੀਆਂ ਰਹੀਆਂ ਤੇ ਨਾ ਚਾਹੁੰਦੇ ਹੋਏ ਵੀ ਮੇਰੇ ਮਨ ਵਿਚ, ਇਸ ਫਿਲਮ ਦੀ ਉਕਤ ਫਿਲਮਾਂ ਨਾਲ ਤੁਲਨਾ ਹੋਣ ਲੱਗ ਪਈ। ਇਸ ਤੁਲਨਾ ਨੂੰ ਰੋਕਣ ਲਈ ਮੈਂ ਕੋਸ਼ਿਸ਼ ਕੀਤੀ, ਪਰ ਮੈਂ ਕਾਮਯਾਬ ਨਾ ਹੋ ਸਕਿਆ। ਇਹ ਤੁਲਨਾ ਰੁਕਣ ਦੀ ਬਜਾਏ ਵਧਣ ਲੱਗ ਪਈ ਤੇ 'ਦੇਵਦਾਸ' ਤਕ ਪੁੱਜ ਗਈ। ਇਹਦਾ ਕਾਰਣ ਚਮਕੀਲਾ ਨਹੀਂ ਸੀ, ਬਲਕਿ ਇਮਤਿਆਜ਼ ਅਲੀ ਸੀ, ਜਿਸ ਤੋਂ ਅਸੀਂ ਏਨੀ ਉਮੀਦ ਕਰ ਸਕਦੇ ਹਾਂ ਕਿ ਉਹ ਆਪਣੇ ਕਿਰਦਾਰ ਨੂੰ ਇਸ ਕਦਰ ਤਰਾਸ਼ ਦੇਵੇ ਕਿ ਅਸਲ ਵੀ ਪਿੱਛੇ ਰਹਿ ਜਾਵੇ। ਪਰ ਇਮਤਿਆਜ਼ ਪਤਾ ਨਹੀਂ ਕਿਹੜੇ ਸ਼ਸ਼ੋਪੰਜ ਵਿਚ ਪੈ ਗਿਆ ਕਿ ਉਹ ਚਮਕੀਲੇ ਨੂੰ ਸਮਝਣੋਂ ਅਸਲੋਂ ਹੀ ਅਸਮਰਥ ਰਿਹਾ। ਮੇਰੇ ਹਿਸਾਬ ਨਾਲ ਚਮਕੀਲਾ ਅਮਰ ਨਹੀਂ ਹੋਇਆ, ਬਲਕਿ ਉਹਦਾ ਫਿਰ ਕਤਲ ਹੋ ਗਿਆ ਹੈ। ਪਹਿਲਾਂ ਚਮਕੀਲੇ ਦੀ ਦੇਹ ਦਾ ਕਤਲ ਹੋਇਆ ਸੀ ਤੇ ਹੁਣ ਉਹਦੀ ਆਤਮਾ ਦਾ ਕਤਲ ਹੋਇਆ ਹੈ।

ਅਸੀਂ ਇਸ ਫਿਲਮ ਵਿਚ ਚਮਕੀਲੇ ਦੀ ਦੇਹ ਦੀ ਬਜਾਏ, ਉਹਦੀ ਆਤਮਾ ਦੇਖਣੀ ਚਾਹੁੰਦੇ ਸਾਂ। ਉਹਦੀ ਆਤਮਾ ਤਾਂ ਕਿਤੇ ਰਹੀ, ਪਰ ਇਹ ਫਿਲਮ ਉਹਦੀ ਦੇਹ ਦੇ ਨੇੜੇ ਵੀ ਨਾ ਪੁੱਜ ਸਕੀ। ਅਸਲੀ ਚਮਕੀਲਾ ਏਨਾ ਸੁਨੱਖਾ ਸੀ ਕਿ ਉਹਦੇ ਚਿਹਰੇ 'ਤੇ ਜੁਆਨੀ ਦੀ ਚਮਕ ਨੱਚਦੀ ਸੀ। ਇਸੇ ਤਰਾਂ ਉਹਦੀ ਅਵਾਜ਼ ਵਿਚ ਮਰਦਾਨਗੀ ਠਾਠਾਂ ਮਾਰਦੀ ਸੀ। ਪਰ ਇਮਤਿਆਜ ਨੇ ਚਮਕੀਲੇ ਲਈ ਜਿਸ ਅਦਾਕਾਰ ਦੀ ਚੋਣ ਕੀਤੀ, ਉਹਦੇ ਚਿਹਰੇ 'ਤੇ ਚਮਕੀਲੇ ਦੀ ਚਮਕ ਨਾ ਲਿਆਂਦੀ ਜਾਂ ਸਕੀ ਤੇ ਨਾ ਹੀ ਉਹਦੀ ਅਵਾਜ਼ ਵਿਚ ਕੋਈ ਠਾਠ ਸੁਣਾਈ ਦੇ ਸਕੀ। ਬੇਸ਼ੱਕ ਲੱਤਾਂ ਬਾਹਾਂ ਮਾਰਨ ਤੇ ਉਲਾਰਨ ਵਿਚ ਉਹਨੇ ਕੋਈ ਕਸਰ ਨਾ ਛੱਡੀ, ਪਰ ਉਹਨੂੰ ਇਹ ਪਤਾ ਨਹੀਂ ਸੀ ਕਿ ਕਿੱਥੇ ਅਤੇ ਕਿੰਨੀ ਕੁ ਲੱਤ ਮਾਰਨੀ ਹੈ ਤੇ ਕਿੰਨੀ ਕੁ ਬਾਂਹ ਉਲਾਰਨੀ ਹੈ। ਉਹਨੂੰ ਦੇਖ ਕੇ ਇਸ ਤਰ੍ਹਾਂ ਲੱਗਿਆ ਜਿਵੇਂ ਕਿਸੇ ਨੇ ਆਤਮਾ ਰਹਿਤ ਰੋਬੋਟ ਸਟੇਜ 'ਤੇ ਛੱਡਿਆ ਹੋਵੇ ਤੇ ਜਿਹਨੂੰ ਪਤਾ ਹੀ ਨਾ ਹੋਵੇ ਕਿ ਗਾਣੇ ਦੇ ਬੋਲ ਕਿਹੜੀਆਂ ਹਰਕਤਾਂ ਦੀ ਮੰਗ ਕਰਦੇ ਹਨ ਤੇ ਉਹ ਕਰ ਕਿਹੜੀਆਂ ਰਿਹਾ ਹੈ।




ਕਹਿੰਦੇ ਹਨ ਕਿ ਇੱਕ ਵਾਰੀ ਦਲੀਪ ਕੁਮਾਰ ਨੇ ਟਾਂਗੇ ਵਾਲੇ ਦਾ ਕਿਰਦਾਰ ਨਿਭਾਉਣਾ ਸੀ ਤਾਂ ਉਹ ਕਈ ਦਿਨ ਟਾਂਗੇ ਵਾਲੇ ਅੱਡੇ 'ਤੇ ਰਿਹਾ ਕਿ ਉਹ ਟਾਂਗੇ ਵਾਲੇ ਦੀ ਆਤਮਾ ਵਿਚ ਉੱਤਰ ਸਕੇ। 'ਦੇਵਦਾਸ' ਦੀ ਸ਼ੂਟਿੰਗ ਕੁਝ ਦਿਨਾਂ ਲਈ ਮੁਲਤਵੀ ਹੋ ਗਈ ਤਾਂ ਦਲੀਪ ਕੁਮਾਰ ਕਹਿਣ ਲੱਗਾ ਕਿ ਉਹ ਹੁਣ ਓਨੇ ਦਿਨ ਉੱਥੇ ਹੀ ਰਹੇਗਾ। ਕਿਉਂਕਿ ਉਹਦੇ ਅੰਦਰ ਦੇਵਦਾਸ ਦੀ ਆਤਮਾ ਉੱਤਰੀ ਹੋਈ ਹੈ। ਮੁੜ ਕੇ ਸ਼ਾਇਦ ਉਹ ਦੇਵਦਾਸ ਨਾ ਬਣ ਸਕੇ। ਕਹਿੰਦੇ ਹਨ ਪੱਛਮੀ ਅਦਾਕਾਰ ਫਿਲਮ ਪੂਰੀ ਹੋਣ ਬਾਦ ਦੁਆਈਆਂ ਖਾਂਦੇ ਹਨ ਕਿ ਉਹ ਆਪਣੇ ਅੰਦਰੋਂ ਕਿਰਦਾਰ ਦੀ ਆਤਮਾ ਕੱਢ ਸਕਣ। ਪਰ ਇਹ ਅਦਾਕਾਰ ਚਮਕੀਲੇ ਦੀ ਆਤਮਾ ਵਿਚ ਉਤਰ ਨਾ ਸਕਿਆ ਤੇ ਉਹਨੇ ਆਪਣੀ ਆਤਮਾ ਹੀ ਚਮਕੀਲੇ ਵਿਚ ਵਾੜ ਦਿਤੀ। ਇਸ ਤਰ੍ਹਾਂ ਚਮਕੀਲੇ ਦੀ ਆਤਮਾ ਹੀ ਮਾਰ ਦਿਤੀ ਗਈ।

ਜੇ ਇਸ ਵਿਚ ਦੋਸ਼ ਲੱਭਣਾ ਹੋਵੇ ਤਾਂ ਮੈਂ ਸਮਝਦਾ ਹਾਂ ਕਿ ਚੋਣਕਾਰ ਦਾ ਹੀ ਅਸਲ ਦੋਸ਼ ਹੈ। ਕਿਉਂਕਿ ਉਹਨੂੰ ਪਤਾ ਹੋਣਾ ਚਾਹੀਦਾ ਸੀ ਕਿ ਅਦਾਕਾਰ ਤੇ ਕਲਾਕਾਰ ਵਿਚ ਜ਼ਮੀਨ ਅਸਮਾਨ ਦਾ ਫਰਕ ਹੁੰਦਾ ਹੈ। ਕਲਾਕਾਰ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕਰਨਾ ਹੁੰਦਾ ਹੈ ਤੇ ਅਦਾਕਾਰ ਨੇ ਕਿਸੇ ਹੋਰ ਦੀ ਕਲਾ ਦਾ ਪ੍ਰਦਰਸ਼ਨ ਕਰਨਾ ਹੁੰਦਾ ਹੈ। ਆਪਣੀ ਕਲਾ ਦੇ ਪ੍ਰਦਰਸ਼ਨ ਲਈ ਅਦਾਕਾਰੀ ਦੀ ਜ਼ਰੂਰਤ ਨਹੀਂ ਹੁੰਦੀ। ਜਦਕਿ ਕਿਸੇ ਦੀ ਕਲਾ ਦੇ ਪ੍ਰਦਰਸ਼ਨ ਲਈ ਅਦਾਕਾਰੀ ਦੀ ਜ਼ਰੂਰਤ ਹੁੰਦੀ ਹੈ। ਸਾਡੇ ਸਾਰੇ ਕਲਾਕਾਰ ਅਦਾਕਾਰ ਬਣਨ ਦੀ ਹੋੜ ਵਿਚ ਰਹਿੰਦੇ ਹਨ ਤੇ ਇਸ ਕੋਸ਼ਿਸ਼ ਵਿਚ ਉਹ ਆਪਣੀ ਕਲਾਕਾਰੀ ਵੀ ਗੁਆ ਬਹਿੰਦੇ ਹਨ। ਚਮਕੀਲਾ ਫਿਲਮ ਵਿਚ, ਚਮਕੀਲਾ ਬਣੇ ਕਿਰਦਾਰ ਦੀ, ਨਾ ਕਿਤੇ ਅਦਾਕਾਰੀ ਨਜ਼ਰ ਆਈ ਤੇ ਨਾ ਹੀ ਕਲਾਕਾਰੀ ਦੇ ਦਰਸ਼ਣ ਹੋਏ। ਬਸ ਉਹੀ ਸਟੇਜ 'ਤੇ ਛੱਡੇ ਰੋਬੋਟ ਦੇ ਸਟੰਟ ਜ਼ਰੂਰ ਦੇਖਣ ਨੂੰ ਮਿਲੇ। ਕੌਣ ਦੱਸੇ ਕਿ ਭਾਈ, ਚਮਕੀਲੇ ਦੀ ਫਿਲਮ ਵਿਚ ਕਲਾਕਾਰੀ ਦੇ ਸਟੰਟ ਦੀ ਬਜਾਏ ਅਦਾਕਾਰੀ ਦੀ ਕਲਾ ਚਾਹੀਦੀ ਸੀ।

ਜਦ ਚਮਕੀਲਾ ਜਥੇਦਾਰਾਂ ਸਾਹਮਣੇ ਪੇਸ਼ ਹੋਇਆ ਹੋਵੇਗਾ ਉਦੋਂ ਉਹਦੇ ਮਨ ਵਿਚ ਕੀ ਬੀਤ ਰਹੀ ਹੋਵੇਗੀ, ਉਹਨੂੰ ਪੇਸ਼ ਕਰਨ ਵਿਚ ਦਲਜੀਤ ਬਿਲਕੁਲ ਨਾਕਾਮ ਰਿਹਾ। ਫਿਲਮ ਵਿਚ ਉਹ ਜਥੇਦਾਰਾਂ ਸਾਹਮਣੇ ਇਸ ਤਰ੍ਹਾਂ ਬੈਠਾ ਸੀ, ਜਿਵੇਂ ਮਾਸਟਰਾਂ ਮੋਹਰੇ ਨਲਾਇਕ ਮੁੰਡਾ ਬੈਠਾ ਹੋਵੇ। ਜਥੇਦਾਰਾਂ ਦੇ ਦੰਮ ਖੰਮ ਦਾ ਨਾ ਇਮਤਿਆਜ਼ ਨੂੰ ਇਲਮ ਸੀ ਨਾ ਦਲਜੀਤ ਨੂੰ। ਉਹ ਤਾਂ ਚਮਕੀਲਾ ਹੀ ਜਾਣਦਾ ਹੋਵੇਗਾ, ਜਿਹਨੂੰ ਇਹ ਸਮਝ ਹੀ ਨਾ ਸਕੇ ਤੇ ਨਾ ਹੀ ਪੇਸ਼ ਕਰ ਸਕੇ।

ਜਦ ਪੁਲਿਸ ਵਾਲੇ ਨੇ ਚਮਕੀਲੇ ਨੂੰ ਧਾਰਮਿਕ ਗਾਣੇ ਨਾ ਗਾਉਣ ਲਈ ਕਿਹਾ ਹੋਵੇਗਾ, ਉਦੋਂ ਉਹਦੇ ਮਨ ਵਿਚ ਕਿਸ ਤਰ੍ਹਾਂ ਦੀ ਘੋਲ਼ਮਸੋਲ ਹੋਈ ਹੋਵੇਗੀ, ਕਿਸ ਤਰ੍ਹਾਂ ਜਰਿਆ ਹੋਵੇਗਾ, ਉਹਨੂੰ ਵੀ ਦਲਜੀਤ ਸਮਝ ਨਾ ਸਕਿਆ ਤੇ ਨਾ ਹੀ ਪੇਸ਼ ਕਰ ਸਕਿਆ। ਉੱਥੇ ਵੀ ਉਹ ਉਸੇ ਤਰ੍ਹਾਂ ਪੇਸ਼ ਆਇਆ, ਜਿਵੇਂ ਜਥੇਦਾਰਾਂ ਮੋਹਰੇ ਆਇਆ ਸੀ।

ਸੰਗੀਤ ਨਿਰਦੇਸ਼ਕ ਦਾ ਭੁੱਖਾ ਮਰਨ ਵਾਲਾ ਤਾਹਨਾ ਸੁਣ ਕੇ ਜਦ ਚਮਕੀਲੇ ਨੇ ਕਿਹਾ ਹੋਵੇਗਾ 'ਚਮਾਰ ਹੂੰ, ਪਰ ਭੁੱਖਾ ਨਹੀਂ ਮਰੂੰਗਾ ਮੈਂ" ਤਾਂ ਚਮਕੀਲੇ ਦੇ ਅੰਦਰ ਪਹਾੜ ਜਿੱਡਾ ਆਤਮ ਵਿਸ਼ਵਾਸ ਜਾਗਿਆ ਹੋਵੇਗਾ। ਅਜਿਹਾ ਵਿਸ਼ਵਾਸ, ਜੋ ਮਰਦੇ ਦਮ ਤਕ ਉਹਦੇ ਨਾਲ ਰਿਹਾ। ਪਰ ਇਸ ਫਿਲਮ ਵਿਚ ਦਲਜੀਤ ਨੇ ਇਹ ਵਾਕ ਬੋਲਿਆ ਤਾਂ ਇਵੇਂ ਲੱਗਿਆ, ਜਿਵੇਂ ਉਹਨੇ ਕਿਸੇ ਅਖਬਾਰ ਦੀ ਸੁਰਖ਼ੀ ਪੜ੍ਹੀ ਹੋਵੇ। ਦੱਸਦੇ ਹਨ ਕਿ ਚਮਕੀਲਾ ਆਪਣਾ ਖਾਣਾ ਹਮੇਸ਼ਾ ਨਾਲ ਲੈ ਕੇ ਆਉਂਦਾ ਸੀ ਤੇ ਮਰਨ ਤੋਂ ਪਹਿਲਾਂ ਉਹਨੇ ਖਾਣਾ ਹੀ ਖਾਧਾ ਸੀ। ਇਸ ਗੱਲ ਦਾ ਪਤਾ ਹੋਣ ਦੇ ਬਾਵਜੂਦ ਦਲਜੀਤ ਆਪਣੀ ਅਵਾਜ਼ ਵਿਚ ਭੁੱਖਾ ਨਾ ਮਰਨ ਦਾ ਵਿਸ਼ਵਾਸ ਨਾ ਲਿਆ ਸਕਿਆ।

ਮੈਂ ਆਪਣੇ ਮਨ ਹੀ ਮਨ ਵਿਚ ਇਹ ਵਾਕ ਪਹਿਲਾਂ ਨਸੀਰੂਦੀਨ ਦੇ ਮੂੰਹੋਂ ਸੁਣਿਆ, ਫਿਰ ਦਲੀਪ ਕੁਮਾਰ ਦੇ ਮੂੰਹੋਂ ਸੁਣਿਆ, ਫਿਰ ਨਵਾਜ਼ੁਦੀਨ ਤੇ ਅਰਫਾਨ ਦੇ ਮੂੰਹੋਂ ਵੀ ਸੁਣਿਆ। ਮੇਰੀ ਕਲਪਨਾ ਵਿਚ ਸਭ ਨੇ, ਆਪੋ ਆਪਣੇ ਅੰਦਾਜ਼ ਵਿਚ, ਕਮਾਲ ਕਰ ਦਿਤੀ। ਇਸ ਵਾਕ ਵਿਚ ਸਭ ਨੇ ਆਪੋ ਆਪਣੀ ਆਤਮਾ ਉਤਾਰ ਦਿਤੀ, ਜਿਵੇਂ ਚਮਕੀਲਾ ਜੀ ਪਿਆ ਹੋਵੇ ਤੇ ਉਹਨੇ ਆਪਣਾ ਸੀਨਾ ਚੀਰ ਕੇ ਭੁੱਖਾ ਨਾ ਮਰਨ ਦਾ ਆਤਮ-ਵਿਸ਼ਵਾਸ ਦਿਖਾ ਦਿਤਾ ਹੋਵੇ।

ਮੈਨੂੰ ਯਾਦ ਆਇਆ ਕਿ 'ਦੇਵਦਾਸ' ਵਿਚ ਰਾਤ ਨੂੰ ਉਸਲਵੱਟੇ ਲੈਂਦੇ ਹੋਏ ਦਲੀਪ ਕੁਮਾਰ ਨੂੰ ਚੁੰਨੀ ਲਾਲ ਏਨਾ ਹੀ ਪੁੱਛਦਾ ਹੈ, "ਦੇਵ ਦਾਸ, ਨੀਂਦ ਨਹੀਂ ਆਉਂਦੀ?" ਜੇ ਦਲਜੀਤ ਹੁੰਦਾ ਤਾਂ ਕਹਿ ਦਿੰਦਾ "ਹਾਂ"। ਪਰ ਉਹ ਦਲੀਪ ਕੁਮਾਰ ਸੀ ਤੇ ਉਹ ਵਾਕ ਰਾਜਿੰਦਰ ਸਿੰਘ ਬੇਦੀ ਦਾ ਲਿਖਿਆ ਹੋਇਆ ਸੀ। ਦੇਵਦਾਸ ਬਣੇ ਦਲੀਪ ਕੁਮਾਰ ਨੇ ਜਵਾਬ ਦਿਤਾ, "ਚੁੰਨੀ ਲਾਲ, ਨੀਂਦ ਰੋਜ਼ ਰੋਜ਼ ਥੋੜਾ ਆਤੀ ਹੈ"। ਦਲੀਪ ਕੁਮਾਰ ਨੇ ਬੇਦੀ ਸਾਹਿਬ ਦੇ ਲਿਖੇ ਵਾਕ ਵਿਚ ਦੇਵਦਾਸ ਦੀ ਮੁਹੱਬਤ ਦਾ ਸਾਰਾ ਦੁਖਾਂਤ ਉਤਾਰ ਦਿਤਾ। ਇਹ ਹੁੰਦਾ ਹੈ ਵਾਕ ਤੇ ਵਾਕ ਦਾ ਉਚਾਰਣ। 'ਭਾਗ ਮਿਲਖਾ ਭਾਗ' ਵਿਚ ਫਰਹਾਨ ਅਖ਼ਤਰ ਨੇ ਇਕ ਸ਼ਬਦ ਸਿਰਫ "ਆਹੋ" ਬੋਲ ਕੇ ਮਿਲਖਾ ਸਿੰਘ ਦੇ ਸਮੇਤ, ਸਾਰੇ ਪੰਜਾਬ ਦੀ ਆਤਮਾ ਸਾਕਾਰ ਕਰ ਦਿਤੀ ਸੀ। ਇਹ ਹੁੰਦੀ ਹੈ ਅਦਾਕਾਰੀ, ਜਿਸ ਵਿਚ ਕਿਸੇ ਹੋਰ ਕਿਰਦਾਰ ਦੀ ਆਤਮਾ ਜਗਾਉਣੀ ਹੁੰਦੀ ਹੈ ਤੇ ਉਹਨੂੰ ਅਮਰ ਕਰ ਦੇਣਾ ਹੁੰਦਾ ਹੈ।

ਪਤਾ ਨਹੀਂ ਮੈਨੂੰ ਕਿਉਂ ਲਗਦਾ ਹੈ ਪਈ ਕਲਾਕਾਰ ਅਦਾਕਾਰ ਨਹੀਂ ਹੋ ਸਕਦਾ। ਭਾਰਤ ਦੇ ਕਈ ਮਹਾਨ ਕਲਾਕਾਰਾਂ ਨੇ ਅਦਾਕਾਰ ਬਣਨ ਦੀ ਕੋਸ਼ਿਸ਼ ਕੀਤੀ। ਲਤਾ ਮੰਗੇਸ਼ਕਰ ਤੇ ਕਿਸ਼ੋਰ ਕੁਮਾਰ ਨੂੰ ਇਕ ਅੱਧੀ ਫਿਲਮ ਵਿਚ ਕੰਮ ਕਰਕੇ ਹੀ ਪਤਾ ਲੱਗ ਗਿਆ ਸੀ ਕਿ ਉਹ ਕਲਾਕਾਰ ਹਨ, ਅਦਾਕਾਰ ਨਹੀਂ। ਇੱਧਰ ਸਾਡੇ ਕਲਾਕਾਰ ਦੇਖੋ, ਜਿਨ੍ਹਾਂ ਨੂੰ ਬਾਰਾਂ ਬਾਰਾਂ ਫ਼ਿਲਮਾਂ ਦਾ ਸੱਤਿਆਨਾਸ ਮਾਰ ਕੇ ਵੀ ਪਤਾ ਨਹੀਂ ਲਗਦਾ ਕਿ ਉਹ ਅਦਾਕਾਰ ਨਹੀਂ, ਕਲਾਕਾਰ ਹਨ। ਕਲਾਕਾਰ ਤਾਂ ਕਿਤੇ ਰਹੇ ਸਾਡੇ ਤਾਂ ਅਦਾਕਾਰਾਂ ਨੂੰ ਹਾਲੇ ਅਦਾਕਾਰੀ ਨਹੀਂ ਆਈ।

ਇਸ ਫਿਲਮ ਦੀ ਜੇ ਤਾਰੀਫ ਕਰਨੀ ਹੋਵੇ ਤਾਂ ਉਹ ਇੱਕ ਐਕਸ਼ਨ ਹੈ ਚਮਕੀਲੇ ਦੇ ਬਾਪ ਬਣੇ ਅਦਾਕਾਰ ਦਾ। ਉਹਨੇ ਚਰਮ ਸੀਮਾ ਤਕ ਦਿਖਾ ਦਿਤਾ ਕਿ ਜਦ ਕਿਸੇ ਗਰੀਬ ਬਾਪ ਦਾ ਬੇਟਾ ਕਾਮਯਾਬ ਹੁੰਦਾ ਹੈ ਤਾਂ ਉਹ ਆਪਣੀ ਖੁਸ਼ੀ ਕਿਸ ਤਰ੍ਹਾਂ ਤੇ ਕਿੱਥੇ ਜਾ ਕੇ ਪ੍ਰਗਟ ਕਰਦਾ ਹੈ। ਉਹਨੂੰ ਪਤਾ ਹੈ ਕਿ ਉਹਦੀ ਗੁਰਬਤ ਦੇ ਕਾਰਣ ਕਿੱਥੇ ਹਨ। ਬਸ ਉਹਨੂੰ ਏਨਾ ਨਹੀਂ ਪਤਾ ਕਿ ਉਹ ਅੱਗਿਓਂ ਕਿਸ ਹੱਦ ਤਕ ਜਾ ਸਕਦੇ ਹਨ। ਏਨਾ ਗਿਆਨ ਤੇ ਅਗਿਆਨ ਚਮਕੀਲੇ ਦੇ ਬਾਪ ਬਣੇ ਅਦਾਕਾਰ ਨੇ ਆਪਣੇ ਇਕ ਐਕਸ਼ਨ ਵਿਚ ਪੇਸ਼ ਕਰ ਦਿਤਾ। ਇਹ ਹੁੰਦੀ ਹੈ ਅਦਾਕਾਰੀ। ਬੇਸ਼ਕ ਇਸ ਫਿਲਮ ਵਿਚ ਕਈ ਹੋਰ ਦ੍ਰਿਸ਼ ਅਤੇ ਵਾਰਤਾਲਾਪ ਵੀ ਤਰੀਫ ਦੇ ਕਾਬਲ ਹਨ। ਪਰ ਇਸ ਫਿਲਮ ਦਾ ਨਾਂ ਚਮਕੀਲਾ ਹੈ ਤੇ ਚਮਕੀਲੇ ਦੀ ਚੁੱਪ ਨੇ ਫਿਲਮ ਦੀ ਚਮਕ ਮਾਰ ਕੇ ਰੱਖ ਦਿਤੀ। ਫਿਲਮ ਦੇਖ ਕੇ ਤਾਂ ਇਸ ਤਰ੍ਹਾਂ ਲਗਦਾ ਹੈ, ਜਿਵੇਂ ਚਮਕੀਲੇ ਨੂੰ ਪਹਿਲਾਂ ਹੀ ਪਤਾ ਹੋਵੇ ਕਿ ਉਹਦਾ ਕਤਲ ਹੋ ਜਾਣਾ ਹੈ, ਜਿਸ ਕਰਕੇ ਉਹ ਏਨਾ ਸਹਿਮ ਗਿਆ ਹੋਵੇ ਕਿ ਉਹਨੇ ਕਿਸੇ ਵੀ ਗੱਲ 'ਤੇ ਰਿਐਕਟ ਕਰਨਾ ਛੱਡ ਦਿਤਾ ਹੋਵੇ; ਜਿਵੇਂ ਹਰ ਸਮੇਂ ਉਹਨੂੰ ਆਪਣੀ ਚਿਤਾ ਬਲਦੀ ਦਿਖਦੀ ਹੋਵੇ। ਜੇ ਇਸਤਰ੍ਹਾਂ ਹੁੰਦਾ ਤਾਂ ਇਹ ਕਮਾਲ ਦੀ ਅਦਾਕਾਰੀ ਹੋਣੀ ਸੀ। ਪਰ ਇਹ ਇਸ ਤਰ੍ਹਾਂ ਨਹੀਂ ਸੀ। ਜੇ ਚਮਕੀਲਾ ਏਨਾ ਹੀ ਡੱਲ ਸੀ, ਜਿੰਨਾ ਦਿਖਾਇਆ ਗਿਆ ਹੈ ਤਾਂ ਵੀ ਇਹ ਅਦਾਕਾਰੀ ਸਿਰਾ ਹੀ ਹੋਣੀ ਸੀ। ਪਰ ਇਹ ਇਸ ਤਰ੍ਹਾਂ ਵੀ ਨਹੀਂ ਸੀ।

ਚਮਕੀਲੇ ਦੀ ਗਾਇਕੀ ਮੈਨੂੰ ਰੱਤੀ ਭਰ ਪਸੰਦ ਨਹੀਂ ਸੀ ਤੇ ਨਾ ਹੀ ਮੂਸੇਵਾਲੇ ਨੂੰ ਸੁਣਨਾ ਕਦੇ ਚੰਗਾ ਲੱਗਿਆ। ਫਿਰ ਵੀ ਮੇਰਾ ਮੰਨਣਾ ਹੈ ਕਿ ਨਾਪਸੰਦ ਬੰਦੇ ਦੀ ਜਾਨ ਲੈਣ ਦਾ ਕਿਸੇ ਨੂੰ ਕੋਈ ਹੱਕ ਨਹੀਂ। ਕਤਲ ਕਿਸੇ ਦਾ ਵੀ ਹੋਵੇ, ਨਿੰਦਣਯੋਗ ਹੈ। ਕਤਲ ਅਣਮਨੁਖੀ ਹੈ। ਅੱਜ ਗਿਆਨ ਦਾ ਯੁੱਗ ਹੈ ਤੇ ਗਿਆਨ ਦੇ ਯੁੱਗ ਵਿਚ ਹਰ ਸਮੱਸਿਆ ਦਾ ਹੱਲ ਗਿਆਨ ਨਾਲ ਹੋਣਾ ਚਾਹੀਦਾ ਹੈ। ਅੱਜ ਦੇ ਯੁੱਗ ਵਿਚ ਕਤਲ ਨਿਰਦਈ ਅਗਿਆਨ ਅਤੇ ਸਿਰੇ ਦੀ ਜਹਾਲਤ ਹੈ। ਦਇਆ ਗਿਆਨ ਦੀ ਧੀ ਹੈ। ਜਿਥੇ ਦਇਆ ਨਹੀਂ, ਉੱਥੇ ਗਿਆਨ ਨਹੀਂ ਤੇ ਜਿਥੇ ਗਿਆਨ ਨਹੀਂ, ਉੱਥੇ ਕੁਝ ਵੀ ਨਹੀਂ। ਕਬੀਰ ਨੇ ਕਿਹਾ ਸੀ: ਚੂਕੀਅਲੇ ਮੋਹ ਮਇਆਸਾ॥ ਸਸਿ ਕੀਨੋ ਸੂਰ ਗਿਰਾਸਾ॥ ਕਿ ਹੁਣ ਮੈਂ ਮੋਹ ਮਾਇਆ ਦੇ ਜੰਜਾਲ ਤੋਂ ਮੁਕਤ ਹੋ ਗਿਆ ਹਾਂ। ਮੇਰੇ ਚੰਦ ਰੂਪ ਮਨ ਨੇ ਸੂਰਜ ਰੂਪ ਸਾਰਾ ਗਿਆਨ ਖਾ ਲਿਆ ਹੈ।

ਮੇਰਾ ਮੰਨਣਾ ਹੈ ਕਿ ਮੂਸੇਵਾਲੇ ਤੇ ਚਮਕੀਲੇ ਵਿਚ ਕੁਝ ਸਾਂਝਾਂ ਸਨ ਤੇ ਕੁਝ ਵਖਰੇਵੇਂ ਵੀ ਸਨ। ਚਮਕੀਲਾ ਬੇਜ਼ਮੀਨਾ ਸੀ ਤੇ ਮੂਸੇਵਾਲਾ ਜ਼ਿਮੀਂਦਾਰ ਸੀ। ਚਮਕੀਲਾ ਲੱਚਰਤਾ ਗਾਉਂਦਾ ਸੀ ਤੇ ਮੂਸੇਵਾਲਾ ਹਿੰਸਾ ਦੇ ਤੜਕੇ ਲਾਉਂਦਾ ਸੀ। ਚਮਕੀਲੇ ਕੋਲ ਗੁਜ਼ਾਰੇ ਜੋਗੀ ਰਾਗ ਵਿੱਦਿਆ ਵੀ ਸੀ ਤੇ ਮੂਸੇਵਾਲਾ ਰਾਗ ਵਿੱਦਿਆ ਖੁਣੋ ਕੋਰਾ ਸੀ। ਜਿਹੋ ਜਹੇ ਲੋਕ ਲੱਚਰਤਾ ਪਸੰਦ ਕਰਦੇ ਹਨ, ਉਹੋ ਜਹੇ ਲੋਕ ਹੀ ਹਿੰਸਾ ਉੱਤੇ ਹਿੜ ਹਿੜ ਕਰਦੇ ਹਨ। ਚਮਕੀਲੇ ਤੇ ਮੂਸੇਵਾਲੇ ਨੂੰ ਸੱਦਣ ਵਾਲੇ, ਸੁਣਨ ਵਾਲੇ ਤੇ ਨੋਟ ਵਾਰਨ ਵਾਲੇ ਲੋਕ ਇਹੀ ਸਨ। ਬੜੀ ਹੈਰਾਨੀ ਦੀ ਗੱਲ ਹੈ ਕਿ ਉਹ ਲੋਕ ਕੌਣ ਹੋਣਗੇ, ਜਿਹੜੇ ਮੂਸੇਵਾਲੇ ਦੇ ਕਤਲ 'ਤੇ ਹਾਲਪਾਰ੍ਹਿਆ ਮਚਾ ਰਹੇ ਹਨ ਤੇ ਚਮਕੀਲੇ ਦੇ ਕਤਲ ਦੇ ਅੱਜ ਵੀ ਹੱਕ ਵਿਚ ਹਨ। ਅਸਲ ਵਿਚ ਇਸ ਸਵਾਲ ਤੇ ਇਸਦੇ ਜਵਾਬ ਵਿਚ ਹੀ ਪੰਜਾਬ ਦੀ ਅਧੋਗਤੀ ਤੇ ਗਿਰਾਵਟ ਦੇ ਨਿਸ਼ਾਨ ਦੇਖੇ ਜਾ ਸਕਦੇ ਹਨ। ਇਹ ਸਵਾਲ ਜਵਾਬ ਮੰਗਦੇ ਹਨ।

# ਜੀਅ ਬਧਹੁ ਸੁ ਧਰਮੁ ਕਰਿ ਥਾਪਹੁ

***ਫਿਲਮ 'ਅਮਰ ਸਿੰਘ ਚਮਕੀਲਾ' ਰਿਲੀਜ਼ ਹੋਣ ਨਾਲ ਪੰਜਾਬ ਵਿਚ ਉਸ ਦੌਰ ਵਿਚ ਹੋਏ ਕਤਲਾਂ ਅਤੇ ਘਟਨਾਵਾਂ ਬਾਰੇ ਵੱਖਰੀ ਤਰ੍ਹਾਂ ਦੀ ਬਹਿਸ ਛਿੜ ਗਈ ਹੈ। ਹਰ ਕੋਈ ਆਪੋ-ਆਪਣੀ ਧਿਰ ਦਾ ਪੱਖ ਰੱਖ ਰਿਹਾ ਹੈ ਜਦਕਿ ਹਕੀਕਤਾਂ ਕੁਝ ਹੋਰ ਵੀ ਹਨ ਜਿਨ੍ਹਾਂ ਬਾਰੇ ਅਕਸਰ ਚਰਚਾ ਨਹੀਂ ਹੁੰਦੀ। ਅਮਰਦੀਪ ਸਿੰਘ ਹਾਂਸ ਨੇ ਆਪਣੇ ਇਸ ਲੇਖ ਵਿਚ ਕੁਝ ਅਜਿਹੇ ਸਵਾਲ ਉਠਾਏ ਹਨ ਜਿਨ੍ਹਾਂ ਦੇ ਜਵਾਬ ਦੇਣ ਤੋਂ ਕੁਝ ਧਿਰਾਂ ਹਰ ਵਾਰ ਪਿਛਾਂਹ ਹਟ ਜਾਂਦੀਆਂ ਰਹੀਆਂ ਹਨ।***

**ਅਮਰਦੀਪ ਸਿੰਘ ਹਾਂਸ**

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗ ਮਾਰੂ ਵਿਚ ਬਾਬਾ ਕਬੀਰ ਦਾ ਫਰਮਾਨ ਹੈ:

ਜੀਅ ਬਧਹੁ ਸੁ ਧਰਮੁ ਕਰਿ ਥਾਪਹੁ ਅਧਰਮੁ ਕਹਹੁ ਕਤ ਭਾਈ॥

ਆਪਸ ਕਉ ਮੁਨਿਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ॥ (ਪੰਨਾ 1103)

ਭਾਵ, ਹੇ ਭਾਈ! ਤੂੰ ਜੀਵਾਂ ਨੂੰ ਮਾਰਦਾ ਹੈਂ ਤੇ ਇਸ ਨੂੰ ਧਰਮ ਕਹਿੰਦਾ ਹੈਂ ਤਾਂ ਫਿਰ ਅਧਰਮ ਕੀ ਹੋਇਆ? ਲੋਕਾਂ ਦੀ ਜਾਨ ਲੈਂਦਾ ਹੈਂ ਤੇ ਆਪਣੇ ਆਪ ਨੂੰ ਮੁਨੀਵਰ (ਸਾਧੂ ਸੰਤ) ਸਦਵਾਉਂਦਾ ਹੈਂ ਤਾਂ ਫਿਰ ਕਸਾਈ ਕੌਣ ਹੋਵੇਗਾ?

ਕਈ ਲੋਕ ਉਪਰੋਕਤ ਤੁਕਾਂ ਨੂੰ ਮਾਸ ਖਾਣ ਨਾਲ ਜੋੜ ਕੇ ਅਰਥ ਕਰਦੇ ਹਨ ਪਰ ਮੇਰੀ ਤੁਛ ਬੁੱਧੀ ਮੁਤਾਬਕ, ਇਸ ਦੇ ਅਰਥ ਧਰਮ ਕਰਮ ਦਾ ਦਿਖਾਵਾ ਕਰ ਕੇ ਲੋਕਾਂ ਨੂੰ ਬੇਵਕੂਫ ਬਣਾ ਕੇ ਆਪਣਾ ਹਲਵਾ-ਮੰਡਾ ਚਲਾਉਣ ਤੋਂ ਹੈ ਕਿਉਂਕਿ 'ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥' ਵਾਂਗ ਹੈ। ਬ੍ਰਾਹਮਣ ਅਤੇ ਮੁਨੀ ਲੋਕ ਜੋ ਭਗਤ ਕਬੀਰ ਸਮੇਂ ਧਰਮ ਦੇ ਪ੍ਰਤੀਨਿਧ ਅਖਵਾਉਂਦੇ ਸਨ, ਉਹ ਮਾਸ ਨਹੀਂ ਖਾਂਦੇ ਸਨ।

ਚਲੋ ਖੈਰ! ਇਸ ਲੇਖ ਦਾ ਵਿਸ਼ਾ ਖਾਣਾ-ਪੀਣਾ ਨਹੀਂ। ਪਿਛਲੇ ਕਈ ਦਿਨਾਂ ਤੋਂ ਜਦੋਂ ਦੀ ਇਮਤਿਆਜ਼ ਅਲੀ ਅਤੇ ਦਿਲਜੀਤ ਦੁਸਾਂਝ ਦੀ ਫਿਲਮ 'ਅਮਰ ਸਿੰਘ ਚਮਕੀਲਾ' ਆਈ ਹੈ, ਇਹ ਬਹਿਸ ਪੰਜਾਬੀ ਅਤੇ ਪੰਥਕ ਸਫਾਂ ਵਿਚ ਸ਼ੁਰੂ ਹੋ ਗਈ ਹੈ ਕਿ ਚਮਕੀਲੇ ਦਾ ਕਤਲ ਠੀਕ ਸੀ ਕਿ ਗਲਤ? ਇਸ ਬਹਿਸ ਵਿਚ ਹਰ ਕੋਈ ਆਪੋ-ਆਪਣੀ ਧਿਰ ਨੂੰ ਸਹੀ ਸਿੱਧ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਗਾ ਰਿਹਾ ਹੈ। ਇਕ ਧਿਰ ਚਮਕੀਲੇ ਦੇ ਕਤਲ ਨੂੰ ਨਾਜਾਇਜ਼ ਕਰਾਰ ਦਿੰਦਿਆਂ ਕਹਿ ਰਹੀ ਹੈ ਕਿ ਖਾੜਕੂਆਂ ਨੇ ਗਰੀਬ ਮਾਰ ਕੀਤੀ; ਦੂਜੀ ਧਿਰ ਖਾੜਕੂਆਂ ਨੂੰ ਬਰੀ ਕਰਦਿਆਂ ਦਲੀਲ ਦੇ ਰਹੀ ਹੈ ਕਿ ਚਮਕੀਲਾ ਅਸ਼ਲੀਲ ਗੀਤ ਗਾਉਣ ਕਰ ਕੇ ਸਜ਼ਾ ਦਾ ਹੱਕਦਾਰ ਸੀ। ਸਾਡੇ ਲੇਖ ਦਾ ਵਿਸ਼ਾ ਚਮਕੀਲੇ ਦਾ ਕਤਲ ਜਾਇਜ਼ ਸੀ ਜਾਂ ਨਜਾਇਜ਼, ਇਹ ਵੀ ਨਹੀਂ ਹੈ।

ਉਂਝ, ਜੇ ਇਸ ਬਹਿਸ ਵਿਚ ਸਿਰਫ ਆਮ ਲੋਕ ਸ਼ਾਮਲ ਹੁੰਦੇ ਤਾਂ ਸ਼ਾਇਦ ਬਹੁਤੀ ਹੈਰਾਨੀ ਨਾ ਹੁੰਦੀ ਪਰ ਮੇਰੀ ਹੈਰਾਨੀ ਦਾ ਵਾਇਸ ਇਹ ਗੱਲ ਬਣੀ ਹੈ ਕਿ ਇਸ ਬਹਿਸ ਵਿਚ ਸੰਘਰਸ਼ਸ਼ੀਲ ਅਖਵਾਉਂਦੇ ਸਿੱਖ ਵਿਦਵਾਨ ਵੀ ਪੂਰੇ ਜੋਸ਼-ਓ-ਖਰੋਸ਼ ਨਾਲ ਹਿੱਸਾ ਪਾਉਂਦੇ ਹੋਏ ਕੁਫਰ ਤੋਲ ਰਹੇ ਹਨ। ਖਾਲਿਸਤਾਨੀ ਧਿਰਾਂ ਦੇ ਵਿਦਵਾਨ ਇਸ ਬਹਿਸ-ਮੁਬਾਹਿਸੇ ਵਿਚ ਇਕ ਗੱਲ ਜਾਣੇ-ਅਣਜਾਣੇ ਕਬੂਲ ਕਰ ਗਏ ਕਿ ਖਾੜਕੂਆਂ ਨੇ ਚਮਕੀਲੇ ਦੇ ਕਤਲ ਵਰਗੇ ਕਤਲ ਕੀਤੇ ਹਨ; ਪਹਿਲਾਂ ਇਹੋ ਵਿਦਵਾਨ ਪੰਜਾਬ ਵਿਚ ਹੋਏ ਇਨ੍ਹਾਂ ਕਤਲਾਂ ਲਈ ਖਾੜਕੂ ਧਿਰਾਂ ਨੂੰ ਕਸੂਰਵਾਰ ਠਹਿਰਾਉਣ ਦੀ ਬਜਾਇ ਅਜਿਹੇ ਕਾਰਨਾਮਿਆਂ ਦਾ ਦੋਸ਼ ਸਰਕਾਰੀ ਏਜੰਸੀਆਂ ਜਾਂ ਲੁਟੇਰੇ ਗਰੁੱਪਾਂ ਉਤੇ ਆਇਦ ਕਰ ਦਿੰਦੇ ਸਨ, ਹਾਲਾਂਕਿ ਸਾਰੀਆਂ ਸਬੰਧਿਤ ਧਿਰਾਂ ਚੰਗੀ ਤਰ੍ਹਾਂ ਜਾਣਦੀਆਂ ਹਨ ਕਿ ਖਾਲਿਸਤਾਨੀ ਖਾੜਕੂ ਸਿੰਘਾਂ ਨੇ ਅੰਨ੍ਹੇ ਜੋਸ਼ ਵਿਚ ਅਜਿਹੇ ਕਾਰਨਾਮੇ ਅੰਜਾਮ ਕੀਤੇ ਸਨ। ਨਕਸਲੀ ਧਿਰਾਂ ਵਿਚੋਂ ਨਿੱਕਲ ਕੇ ਸਿੱਖ ਵਿਦਵਾਨ ਬਣੇ ਇਕ ਸੱਜਣ ਨੇ ਆਪਣੀ ਵੀਡੀਓ ਵਿਚ ਫਤਵਾ ਦਿੱਤਾ: ਚਮਕੀਲੇ ਨੂੰ ਸੁਣ ਕੇ ਮਨੋਰੰਜਨ ਕਰਨ ਵਾਲੇ ਲੋਕ ਮਨੋਰੋਗੀ ਹਨ। ਮੇਰੀ ਮੱਤ ਮੁਤਾਬਕ, ਅਜਿਹੇ ਸਿਆਣਿਆਂ ਨਾਲੋਂ ਮਨੋਰੋਗੀ ਵਾਹ ਭਲੇ, ਜੋ ਕਿਸੇ ਨਿਰਦੋਸ਼ ਦੀ ਜਾਨ ਨਾ ਲੈਂਦੇ ਹੋਣ! ਅਸ਼ਲੀਲ ਗੀਤ ਗਾਉਣ ਕਰਕੇ ਚਮਕੀਲੇ ਨੂੰ ਮੌਤ ਦੀ ਸਜ਼ਾ ਦੇਣ ਵਾਲੇ ਇਸ ਗੱਲੋਂ ਅਣਜਾਣ ਹੀ ਹੋਣਗੇ ਕਿ ਦੁਨੀਆ ਭਰ ਦੇ ਲੋਕ ਗੀਤਾਂ ਵਿਚੋਂ ਬਹੁਤੇ ਗੀਤ ਸੁਸ਼ੀਲਤਾ ਦੇ ਪੈਮਾਨੇ 'ਤੇ ਫਿੱਟ ਨਹੀਂ ਬੈਠਦੇ। ਉਦਾਹਰਨ ਲਈ ਪੰਜਾਬੀ ਫੋਕ (ਲੋਕ ਧਾਰਾ) ਵਿਚ ਪਸ਼ੂਆਂ ਦੇ ਪਾਲੀਆਂ ਦੇ ਗੀਤਾਂ ਅਤੇ ਪੁਰਾਣੇ ਸਮੇਂ ਵਿਚ ਗਿੱਧੇ ਵਿਚ ਪਾਈਆਂ ਜਾਣ ਵਾਲੀਆਂ ਬੋਲੀਆਂ ਦਾ ਜ਼ਿਕਰ ਕੀਤਾ ਜਾ ਸਕਦਾ ਹੈ। ਇਸ ਤੋਂ ਬਿਨਾਂ ਹੋਰ ਭਾਸ਼ਾਵਾਂ ਦੇ ਲੋਕ ਗੀਤਾਂ ਜਿਵੇਂ ਭੋਜਪੁਰੀ, ਅਵਧੀ, ਗੁਜਰਾਤੀ ਅਤੇ ਯੂਰਪ ਤੇ ਰੂਸ ਦੇ ਜਿਪਸੀਆਂ ਦੇ ਗੀਤਾਂ ਅਤੇ ਲੋਕ ਨਾਚਾਂ ਦਾ ਹਵਾਲਾ ਵੀ ਦਿੱਤਾ ਜਾ ਸਕਦਾ ਹੈ।

ਮੈਂ ਕਿਸੇ ਅਸ਼ਲੀਲਤਾ ਜਾਂ ਲੱਚਰਤਾ ਦੀ ਹਮਾਇਤ ਨਹੀਂ ਕਰ ਰਿਹਾ ਸਗੋਂ ਇਹ ਕਹਿਣਾ ਚਾਹੁੰਦਾ ਹਾਂ ਕਿ ਆਦਿ ਕਾਲ ਤੋਂ ਹੀ ਸਾਰੀਆਂ ਸੱਭਿਆਤਾਵਾਂ ਵਿਚ ਅਜਿਹੇ ਵਰਤਾਰੇ ਪੜ੍ਹਨ-ਸੁਣਨ ਤੇ ਦੇਖਣ ਨੂੰ ਮਿਲਦੇ ਰਹੇ ਹਨ ਪਰ ਜੇ ਇਸ ਦੀ ਸਜ਼ਾ ਮੌਤ ਹੀ ਤੈਅ ਕਰਨੀ ਪਵੇ ਤਾਂ ਦੁਨੀਆ ਦੀ ਅੱਧੀ ਆਬਾਦੀ ਖਤਮ ਹੋ ਜਾਵੇਗੀ। ਇਹ ਵਿਦਵਾਨ ਸੱਜਣ ਵੀ ਇਸ ਸਭ ਕਾਲੇ ਨੂੰ ਭਲੀ-ਭਾਂਤ ਜਾਣਦੇ ਹਨ, ਫਿਰ ਵੀ ਜਾਣ-ਬੁੱਝ ਕੇ ਖਾੜਕੂਆਂ ਦੇ ਮੂਰਖਾਨਾ ਫੈਸਲਿਆਂ ਨੂੰ ਸਹੀ ਠਹਿਰਾਅ ਰਹੇ ਹਨ। ਯਾਦ ਰਹੇ ਕਿ ਅਜਿਹੇ ਮੁੜ੍ਹ-ਮੌਤ ਵਾਲੇ ਕਾਰਨਾਮਿਆਂ ਕਰ ਕੇ ਹੀ ਸਿੱਖ ਖਾੜਕੂ ਲਹਿਰ ਪੰਜਾਬ ਦੇ ਲੋਕਾਂ ਵਿਚੋਂ ਆਪਣਾ ਆਧਾਰ ਗੁਆ ਬੈਠੀ ਸੀ। ਸਿੱਖ ਸੰਘਰਸ਼ ਨੂੰ ਇਸ ਦਾ ਨੁਕਸਾਨ ਹੀ ਝੱਲਣਾ ਪਿਆ।

ਦੁਨੀਆ ਭਰ ਦੀਆਂ ਗੁਰੀਲਾ ਲਹਿਰਾਂ ਨਾਲ ਮਾੜਾ-ਮੋਟਾ ਵਾਹ-ਵਾਸਤਾ ਰੱਖਣ ਵਾਲੇ ਸੱਜਣ ਵੀ ਇਹ ਗੱਲ ਸਮਝਦੇ ਹਨ ਕਿ ਕਿਸੇ ਵੀ ਗੁਰੀਲਾ ਲਹਿਰ ਦੇ ਕਾਮਯਾਬ ਹੋਣ ਲਈ ਉਸ ਨੂੰ ਉਸ ਖਿੱਤੇ ਦੇ ਲੋਕਾਂ ਦੀ ਹਮਦਰਦੀ ਦੀ ਜ਼ਰੂਰਤ ਹੁੰਦੀ ਹੈ ਜਿੱਥੇ ਉਹ ਲੜ ਰਹੇ ਹੁੰਦੇ ਹਨ। ਆਪਣੀ ਚੜ੍ਹਾਈ ਦੇ ਦਿਨਾਂ ਵਿਚ ਸਿੱਖ ਖਾੜਕੂ ਲਹਿਰ ਨੇ ਇਸ ਤੱਥ ਨੂੰ ਜਾਣੇ-ਅਣਜਾਣੇ ਅਣਗੌਲਿਆਂ ਕਰ ਛੱਡਿਆ ਅਤੇ ਅੱਜ ਜਦੋਂ ਲਹਿਰ ਦੇ ਪੁਨਰ-ਮੁਲੰਕਣ ਦੀ ਲੋੜ ਹੈ ਤਾਂ ਇਹ ਆਪੂੰ ਬਣੇ ਵਿਦਵਾਨ ਸੱਜਣ ਫੋਕੀ ਵਾਹ-ਵਾਹ ਅਤੇ ਸ਼ੋਹਰਤ ਖਾਤਰ ਸੱਚ 'ਤੇ ਪਰਦਾ ਪਾ ਰਹੇ ਹਨ।

ਚਮਕੀਲਾ ਅਸ਼ਲੀਲ ਗਾਉਂਦਾ ਸੀ, ਮਾਰ ਦਿੱਤਾ ਗਿਆ ਪਰ ਕਤਲਾਂ ਅਤੇ ਵਾਕਿਆਂ ਦੀ ਲਿਸਟ ਤਾਂ ਬਹੁਤ ਲੰਮੀ ਹੈ। ਇਹ ਵੀ ਸੱਚ ਹੈ ਕਿ ਉਸ ਸਮੇਂ ਸਰਕਾਰੀ ਧਿਰ ਨੇ ਵੀ ਚੰਮ ਦੀਆਂ ਚਲਾਈਆਂ, ਝੂਠੇ ਪੁਲਿਸ ਮੁਕਾਬਲੇ ਬਣਾਏ। ਚੰਗੇ ਖਾਂਦੇ-ਪੀਂਦੇ ਘਰਾਂ ਦੇ ਨੌਜਵਾਨ ਚੁੱਕ ਕੇ ਥਾਣਿਆਂ ਅਤੇ ਤਸੀਹਾ ਕੇਂਦਰਾਂ ਵਿਚ ਮੱਛੀਓਂ ਮਾਸ ਕੀਤਾ ਗਿਆ। ਜਿਨ੍ਹਾਂ ਨੇ ਪੈਸੇ ਦੇ



ਕੇ ਛੁਡਵਾ ਲਏ, ਉਹ ਤਾਂ ਛੁੱਟ ਗਏ; ਬਾਕੀ ਨਹਿਰਾਂ ਦਰਿਆਵਾਂ ਦੀਆਂ ਮੱਛੀਆਂ ਦਾ ਖਾਣਾ ਬਣਾ ਦਿੱਤੇ ਗਏ। ਉਸ ਸਮੇਂ ਸਰਕਾਰੀ ਅਤੇ ਗੈਰ-ਸਰਕਾਰੀ, ਦੋਹਾਂ ਤਰ੍ਹਾਂ ਦੇ ਅਤਿਵਾਦ ਦਾ ਸੇਕ ਪੰਜਾਬ ਦੇ ਆਮ ਜਨ-ਮਾਨਸ ਨੂੰ ਝੱਲਣਾ ਪਿਆ।

ਪੰਜਾਬ ਪੁਲਿਸ ਦਾ ਉਸ ਸਮੇਂ ਦਾ ਮੁਖੀ ਜੇ.ਐਫ. ਰਿਬੈਰੋ ਆਪਣੀ ਪੁਸਤਕ 'ਬੁਲਟ ਫਾਰ ਬੁਲਟ' ਵਿਚ ਇਹ ਇਨਸਾਫ ਕਰਦਾ ਹੈ ਕਿ ਖਾੜਕੂਆਂ ਨੂੰ ਆਮ ਲੋਕਾਂ ਨਾਲੋਂ ਦੂਰ ਕਰਨ ਵਾਸਤੇ ਸਮਾਜ ਸੁਧਾਰ ਲਹਿਰ ਦਾ ਵਿਚਾਰ ਸਰਕਾਰੀ ਏਜੰਸੀਆਂ ਨੇ ਖਾੜਕੂ ਧਿਰਾਂ ਅੰਦਰ ਸੁੱਟਿਆ ਤੇ ਹੈਰਾਨੀ ਵਾਲੀ ਗੱਲ ਸੀ ਕਿ ਇਕ ਅੱਧ ਜਥੇਬੰਦੀ ਨੂੰ ਛੱਡ ਕੇ ਬਾਕੀਆਂ ਨੇ ਇਸ ਏਜੰਡੇ ਨੂੰ ਨਾ ਸਿਰਫ ਅਪਨਾਇਆ ਸਗੋਂ ਬਿਨਾ ਸੋਚੇ ਸਮਝੇ ਸਖਤੀ ਨਾਲ ਲੋਕਾਂ 'ਤੇ ਲਾਗੂ ਕਰਵਾਉਣਾ ਸ਼ੁਰੂ ਕਰ ਦਿੱਤਾ; ਸਿੱਟੇ ਵਜੋਂ ਆਪ-ਮੁਹਾਰੇ ਕਤਲਾਂ ਦੀ ਲੜੀ ਲੱਗ ਗਈ। ਇਨ੍ਹਾਂ ਵਿਚ ਪਾਸ਼, ਫਿਲਮੀ ਅਦਾਕਾਰ ਵਰਿੰਦਰ, ਜੈਮਲ ਪੱਡਾ, ਰਵਿੰਦਰ ਰਵੀ, ਐਨ.ਕੇ. ਤਿਵਾੜੀ ਅਤੇ ਹੋਰ ਵੀ ਬਹੁਤ ਨਾਮ ਜ਼ਿਕਰਯੋਗ ਹਨ। ਰਵਿੰਦਰ ਰਵੀ ਦੇ ਕਤਲ ਤੋਂ ਬਾਅਦ ਖਾੜਕੂ ਲਹਿਰ ਨਾਲ ਹਮਦਰਦੀ ਰੱਖਣ ਵਾਲੇ ਉਘੇ ਲੇਖਕ ਜਸਵੰਤ ਸਿੰਘ ਕੰਵਲ ਵਰਗੇ ਦਾਨਿਸ਼ਵਰਾਂ ਨੂੰ ਵੀ ਕਹਿਣਾ ਪਿਆ, "ਓ ਮੁੰਡਿਓ! ਤੁਸੀਂ ਸਾਹਿਤਕਾਰਾਂ ਕਵੀਆਂ ਨੂੰ ਮਾਰ ਕੇ ਪੰਜਾਬ ਦੇ ਸਿਰ ਵੱਢੀ ਜਾ ਰਹੇ ਹੋ।"

ਕਿਸੇ ਖਾਂਦੇ-ਪੀਂਦੇ ਜੱਟ ਪਰਿਵਾਰ ਨੂੰ ਧਮਕੀ ਭਰੇ ਪੱਤਰ ਲਿਖ ਕੇ ਪੈਸੇ ਮੰਗਣਾ ਆਮ ਜਿਹੀ ਗੱਲ ਸੀ। ਬੱਸਾਂ ਅਤੇ ਟਰੇਨਾਂ ਵਿਚੋਂ ਕੱਢ ਕੇ ਗੈਰ-ਸਿੱਖ ਲੋਕਾਂ ਨੂੰ ਮਾਰਨ ਦੀਆਂ ਵੱਡੀਆਂ ਘਟਨਾਵਾਂ ਹੋਈਆਂ। ਕਿਸੇ ਵੀ ਵਿਰੋਧੀ ਨੂੰ ਪੁਲਿਸ ਟਾਊਟ ਦਾ ਲੇਬਲ ਲਗਾ ਕੇ ਗੋਲੀ ਮਾਰ ਦੇਣ ਤਾਂ ਰਿਵਾਜ ਹੀ ਬਣ ਗਿਆ ਸੀ ਜਿਸ ਦਾ ਸ਼ਿਕਾਰ ਅਮਰ ਸਿੰਘ ਅੱਚਰਵਾਲ ਅਤੇ ਪਰਮਿੰਦਰ ਸਿੰਘ ਹਾਂਸ ਵਰਗੇ ਸੁਹਿਰਦ ਇਨਸਾਨ ਵੀ ਬਣੇ।

ਜਗਰਾਉਂ ਇਲਾਕੇ ਵਿਚ ਹੋਏ ਪਰਮਿੰਦਰ ਸਿੰਘ ਹਾਂਸ ਦੇ ਕਤਲ ਦਾ ਜ਼ਿਕਰ ਜ਼ਰੂਰੀ ਹੈ। ਜੇ ਤੁਸੀਂ ਭਾਈ ਰਣਧੀਰ ਸਿੰਘ ਨਾਰੰਗਵਾਲ ਜੋ ਗਦਰੀ ਹੋਏ ਹਨ ਅਤੇ ਜਿਨ੍ਹਾਂ ਨੂੰ ਸਿੱਖ ਖਾੜਕੂ ਜਥੇਬੰਦੀ ਬੱਬਰ ਖਾਲਸਾ ਆਪਣਾ ਆਦਰਸ਼ ਮੰਨਦੀ ਹੈ, ਦੀ ਕਿਤਾਬ 'ਜੇਲ੍ਹ ਚਿੱਠੀਆਂ' ਪੜ੍ਹੀ ਹੋਵੇ ਤਾਂ ਉਸ ਵਿਚ ਭਾਈ ਸਾਹਿਬ ਆਪਣੇ ਬਹੁਤ ਨਜ਼ਦੀਕੀ ਸਾਥੀ ਅਰਜਨ ਸਿੰਘ ਜਗਰਾਉਂ ਦਾ ਜ਼ਿਕਰ ਵਾਰ-ਵਾਰ ਕਰਦੇ ਹਨ। ਇਹ ਬਾਬਾ ਅਰਜਨ ਸਿੰਘ ਜਗਰਾਉਂ ਭਾਈ ਸਾਹਿਬ ਦੇ ਸਾਥੀਆਂ ਵਿਚੋਂ ਸਨ ਜਿਨ੍ਹਾਂ ਨੇ ਉਨ੍ਹਾਂ ਨਾਲ ਲੰਮਾ ਸਮਾਂ ਜੇਲ੍ਹ ਕੱਟੀ। ਇਨ੍ਹਾਂ ਦਾ ਪਰਿਵਾਰ ਜਗਰਾਉਂ ਦੇ ਅਗਵਾੜ ਲੋਪੋ ਵਿਚ ਰਹਿੰਦਾ ਸੀ। ਇਨ੍ਹਾਂ ਦੇ ਲੜਕੇ ਕਾਬਲ ਸਿੰਘ ਕੋਲੋਂ ਖਾਲਿਸਤਾਨ ਲਿਬਰੇਸ਼ਨ ਫੋਰਸ ਦੇ ਕੀਪਾ ਸ਼ੇਖੂਪੁਰੀਆ ਗਰੁੱਪ ਨੇ ਫਿਰੌਤੀ ਮੰਗੀ। ਕਾਬਲ ਸਿੰਘ ਖੁਦ ਵੀ ਖਾੜਕੂ ਸੁਭਾਅ ਵਾਲਾ ਬੰਦਾ ਸੀ ਅਤੇ ਉਸ ਨੂੰ ਇਸ ਗੱਲ ਦਾ ਵੀ ਯਕੀਨ ਸੀ ਕਿ ਉਹ ਗਦਰੀ ਬਾਬੇ ਅਰਜਨ ਸਿੰਘ ਦਾ ਪੁੱਤਰ ਹੈ; ਸੋ, ਖਾੜਕੂ ਉਸ ਦੇ ਪਿਤਾ ਦੇ ਸਤਿਕਾਰ ਵਜੋਂ ਪਰਿਵਾਰ ਦਾ ਕੋਈ ਜਾਨੀ ਮਾਲੀ ਨੁਕਸਾਨ ਕਰਨ ਤੋਂ ਗੁਰੇਜ਼ ਕਰਨਗੇ ਪਰ ਅਜਿਹਾ ਨਹੀਂ ਹੋਇਆ। ਇਕ ਰਾਤ ਕੀਪੇ ਦੇ ਗਰੁੱਪ ਨੇ ਕਾਬਲ ਸਿੰਘ ਦੇ ਘਰ 'ਤੇ ਹਮਲਾ ਕਰ ਦਿੱਤਾ। ਕਾਬਲ ਸਿੰਘ ਨੇ ਆਪਣੇ ਲਾਇਸੰਸੀ ਹਥਿਆਰਾਂ ਨਾਲ ਜਵਾਬ ਦਿੱਤਾ। ਕੀਪੇ ਸ਼ੇਖੂਪੁਰੀਏ ਦੇ ਗਰੁੱਪ ਦਾ ਇਕ ਖਾੜਕੂ ਸੁਖਵਿੰਦਰ ਸਿੰਘ ਦੋਧੀ ਕੰਧ ਟੱਪਣ ਲੱਗਿਆ ਕਾਬਲ ਸਿੰਘ ਦੀ ਗੋਲੀ ਨਾਲ ਮਾਰਿਆ ਗਿਆ। ਹਮਲਾ ਕਰਨ ਵਾਲਾ ਬਾਕੀ ਟੋਲਾ ਭੱਜ ਗਿਆ।

ਕਾਬਲ ਸਿੰਘ ਦੀ ਭੈਣ (ਬਾਬਾ ਅਰਜਨ ਸਿੰਘ ਦੀ ਲੜਕੀ) ਪਿੰਡ ਹਾਂਸ ਕਲਾਂ ਵਿਚ ਪਰਮਿੰਦਰ ਸਿੰਘ ਹਾਂਸ ਨੂੰ ਵਿਆਹੀ ਹੋਈ ਸੀ। ਪਰਮਿੰਦਰ ਸਿੰਘ ਹਾਂਸ ਪੰਜਾਬ ਮੰਡੀ ਬੋਰਡ ਵਿਚ ਬਤੌਰ ਇੰਸਪੈਕਟਰ ਨੌਕਰੀ ਕਰਨ ਵਾਲਾ ਬਹੁਤ ਹੀ ਸਾਊ ਸੁਭਾਅ ਦਾ ਬੰਦਾ ਸੀ ਜੋ ਕਿਸੇ ਸਮੇਂ ਪੰਜਾਬ ਸਟੂਡੈਂਟਸ ਯੂਨੀਅਨ ਦਾ ਲੀਡਰ ਰਿਹਾ ਸੀ। ਕੀਪੇ ਸ਼ੇਖੂਪੁਰੀਏ ਦੇ ਗਰੁੱਪ ਨੇ ਪਰਮਿੰਦਰ ਸਿੰਘ ਹਾਂਸ ਨੂੰ ਮਾਰਨ ਦਾ ਫੈਸਲਾ ਕਰ ਲਿਆ ਕਿਉਂਕਿ ਕਾਬਲ ਸਿੰਘ ਤੱਕ ਉਨ੍ਹਾਂ ਦਾ ਹੱਥ ਨਹੀਂ ਪੈਂਦਾ ਸੀ। ਕਾਬਲ ਸਿੰਘ ਹਰ ਦਮ ਹਥਿਆਰਬੰਦ ਰਹਿੰਦਾ ਸੀ। ਉਧਰ, ਪਰਮਿੰਦਰ ਸਿੰਘ ਨਿਹੱਥਾ ਹੋਣ ਕਰ ਕੇ ਅਸਾਨ ਨਿਸ਼ਾਨਾ ਬਣਾਇਆ ਜਾ ਸਕਦਾ ਸੀ।

ਪਿੰਡ ਹਾਂਸ ਕਲਾਂ ਦੇ ਹੀ ਕੁਝ ਮੁੰਡੇ ਲਿਬਰੇਸ਼ਨ ਫੋਰਸ ਦੇ ਸੰਪਰਕ ਵਿਚ ਸਨ। ਉਨ੍ਹਾਂ ਰਾਹੀਂ ਇਹ ਭਿਣਕ ਪਰਮਿੰਦਰ ਸਿੰਘ ਨੂੰ ਵੀ ਲੱਗ ਗਈ। ਉਸ ਨੇ ਕੁਝ ਜਾਣੂ ਬੰਦੇ ਵਿਚ ਪਾ ਕੇ ਕੀਪੇ ਸ਼ੇਖੂਪੁਰੀਏ ਤੱਕ ਪਹੁੰਚ ਕੀਤੀ ਅਤੇ ਆਪਣਾ ਪੱਖ ਦੱਸਿਆ ਕਿ ਇਹ ਗੱਲ ਠੀਕ ਹੈ, ਕਾਬਲ ਸਿੰਘ ਉਹਦਾ ਰਿਸ਼ਤੇਦਾਰ ਹੈ ਪਰ ਸੁਖਵਿੰਦਰ ਸਿੰਘ ਦੋਧੀ ਦੇ ਕਤਲ ਅਤੇ ਕਾਬਲ ਸਿੰਘ ਦੀਆਂ ਸਿਆਸੀ ਗਤੀਵਿਧੀਆਂ ਨਾਲ ਉਹਦਾ ਕੋਈ ਵਾਹ ਵਾਸਤਾ ਨਹੀਂ।

ਖੈਰ! ਕੀਪੇ ਨੇ ਪਰਮਿੰਦਰ ਸਿੰਘ ਨਾਲ ਹੱਥ ਮਿਲਾਇਆ ਅਤੇ ਯਕੀਨ ਦਿਵਾਇਆ ਕਿ ਉਸ ਦਾ ਕੋਈ ਨੁਕਸਾਨ ਨਹੀਂ ਕੀਤਾ ਜਾਵੇਗਾ ਪਰ ਵਾਅਦਾ ਵਫ਼ਾ ਨਾਲ ਹੋਇਆ। ਕੁਝ ਦਿਨਾਂ ਮਗਰੋਂ ਪਿੰਡ ਹਾਂਸ ਕਲਾਂ ਦੀ ਦਾਣਾ ਮੰਡੀ ਵਿਚ ਪਰਮਿੰਦਰ ਸਿੰਘ ਨੂੰ ਕੀਪੇ ਦੇ ਗਰੁੱਪ ਨੇ ਅੰਨ੍ਹੇਵਾਹ ਗੋਲੀਆਂ ਚਲਾ ਕੇ ਕਤਲ ਕਰ ਦਿੱਤਾ। ਕੀਪੇ ਸ਼ੇਖੂਪੁਰੀਏ ਦੇ ਗਰੁੱਪ ਨੇ ਇਸ ਕਤਲ ਦੀ ਜ਼ਿੰਮੇਵਾਰੀ ਵੀ ਲਈ। ਕਾਬਲ ਸਿੰਘ ਅਤੇ ਖਾੜਕੂਆਂ ਦੀ ਦੁਸ਼ਮਣੀ ਵਿਚ ਨਿਰਦੋਸ਼ ਪਰਮਿੰਦਰ ਸਿੰਘ ਹਾਂਸ ਦੀ ਬਲੀ ਦੇ ਦਿੱਤੀ ਗਈ!

ਇਹ ਘਟਨਾ ਸਿਰਫ ਉਦਾਹਰਨ ਮਾਤਰ ਹੈ। ਅਜਿਹੀਆਂ ਅਣਗਿਣਤ ਹੋਰ ਉਦਾਹਰਨਾਂ ਸਮੇਂ ਦੀ ਗਰਦ ਅੰਦਰ ਲੁਕੀਆਂ ਪਈਆਂ ਹਨ, ਜੇ ਇਹ ਗਰਦ ਝਾੜੀ ਜਾਵੇ ਤਾਂ ਸਿੱਖ ਖਾੜਕੂ ਲਹਿਰ ਵਿਚਲੇ ਆਪ-ਹੁਦਰੇ ਤੱਤਾਂ ਦੇ ਕਾਰਨਾਮੇ ਜੱਗ-ਜ਼ਾਹਿਰ ਹੋਣੇ ਸੁਭਾਵਿਕ ਹਨ। ਸਮਾਜ ਸੁਧਾਰ ਦੀ ਆੜ ਹੇਠ ਕੀ ਕੁਝ ਕੀਤਾ ਗਿਆ, ਇਸ ਦੀ ਬੜੀ ਲੰਮੀ ਲਿਸਟ ਹੈ। ਇਸ ਦਾ ਜਵਾਬ ਨਕਸਲੀਆਂ ਤੋਂ ਸਿੱਖ ਵਿਦਵਾਨ ਬਣੇ ਬੁੱਧੀਜੀਵੀਆਂ ਕੋਲੋਂ ਨਹੀਂ ਦੇ ਹੋਣਾ। ਬੱਸਾਂ ਟਰੇਨਾਂ ਵਿਚੋਂ ਕੱਢ ਕੇ ਹਿੰਦੂਆਂ ਦੇ ਕਤਲ, ਪੰਜਾਬ ਪੁਲਿਸ ਦੇ ਪਰਿਵਾਰਾਂ ਦੇ ਕਤਲ, ਸ਼ਰਾਬ ਦੇ ਠੇਕੇ ਦੇ ਕਰਿੰਦਿਆਂ ਦੇ ਕਤਲ, ਵਿਰੋਧੀ ਸੁਰ ਰੱਖਣ ਵਾਲੇ ਕਾਮਰੇਡ ਵਿਦਵਾਨਾਂ ਦੇ ਕਤਲ, ਕੇਸ ਕੱਟਣ ਵਾਲੇ ਨਾਈਆਂ ਤੇ ਬੱਕਰੇ ਵੱਢਣ ਵਾਲੇ ਕਸਾਈਆਂ ਦੇ ਕਤਲ, ਨਕਲ ਕਰਵਾਉਣ ਵਾਲੇ ਮਾਸਟਰਾਂ ਦੇ ਕਤਲ, ਪੋਲਟਰੀ ਫਾਰਮਾਂ ਵਾਲੇ ਕਿਸਾਨਾਂ ਦੇ ਕਤਲ; ਗੱਲ ਕੀ ਸਮਾਜ ਦੇ ਹਰ ਵਰਗ ਉਤੇ ਆਪਣੇ ਬਣਾਏ ਅਸੂਲ ਸਖਤੀ ਨਾਲ ਲਾਗੂ ਕਰਵਾਉਣਾ ਉਸ ਸਮੇਂ ਏ.ਕੇ. ਸੰਤਾਲੀਆਂ ਗਲਾਂ ਵਿਚ ਪਾਈ ਫਿਰਦੇ ਯੋਧਿਆਂ ਦਾ ਸ਼ੁਗਲ ਸੀ। ਇਨ੍ਹਾਂ ਵਿਚੋਂ ਬਹੁਤਿਆਂ ਨੂੰ ਸਿੱਖੀ, ਖਾਲਿਸਤਾਨ, ਪੰਜਾਬ ਸਮੱਸਿਆ, ਧਰਮ ਅਤੇ ਸਿਆਸਤ ਦਾ ਉੜਾ ਐੜਾ ਵੀ ਨਹੀਂ ਪਤਾ ਸੀ।

ਅੰਤ ਵਿਚ ਇਹੀ ਕਹਿਣਾ ਚਾਹਾਂਗਾ ਕਿ ਚਮਕੀਲੇ ਦੇ ਕਤਲਾਂ ਵਰਗੇ ਅਨੇਕ ਹੋਰ ਅੰਨ੍ਹੇਵਾਹ ਕੀਤੇ ਕਤਲਾਂ ਕਰ ਕੇ ਹੀ ਖਾਲਿਸਤਾਨੀ ਲਹਿਰ ਆਪਣੇ ਪਤਨ ਵੱਲ ਵਧੀ। ਅਜਿਹੀ ਕਤਲੋਗਾਰਤ ਦੀ ਅੰਨ੍ਹੀ ਹਮਾਇਤ ਕਰਨ ਵਾਲੇ ਅਖੌਤੀ ਸਿੱਖ ਵਿਦਵਾਨਾਂ ਕੋਲੋਂ ਸਿੱਖ ਕੌਮ ਦੀ ਨੌਜਵਾਨੀ ਨੂੰ ਚੌਕਸ ਰਹਿਣ ਦੀ ਲੋੜ ਹੈ; ਨਹੀਂ ਤਾਂ ਦੇਰ ਸਵੇਰ ਇਹ ਲੋਕ ਫਿਰ ਆਪਣੇ ਸ਼ਬਦ ਜਾਲ ਵਿਚ ਫਸਾ ਕੇ ਪੰਜਾਬ, ਪੰਥ ਅਤੇ ਨੌਜਵਾਨੀ ਨੂੰ ਅੰਨ੍ਹੇ ਖੂਹ ਵਿਚ ਸੁੱਟਣ ਤੋਂ ਗੁਰੇਜ਼ ਨਹੀਂ ਕਰਨਗੇ।

# ਦਾਸਤਾਂ-ਏ-ਕਿੰਨਰ

**ਕੁਲਵਿੰਦਰ ਸਿੰਘ ਮਲੋਟ**
**ਫੋਨ: 98760-64576**

ਇਕ ਪਿੰਡ ਵਿਚ ਕਿਸੇ ਘਰੇ ਇੱਟਾਂ-ਰੋੜੇ ਡਿੱਗਣ ਦਾ ਸਿਲਸਿਲਾ ਲਗਾਤਾਰ ਜਾਰੀ ਸੀ। ਸਿਆਣੇ ਸੰਤਾਂ ਦੀਆਂ ਸਲਾਹਾਂ 'ਤੇ ਯੰਤਰ-ਮੰਤਰ ਕਰਵਾ ਕੇ ਘਰ ਦੇ ਅੱਕ ਚੁੱਕੇ ਸਨ। ਗਰੀਬ ਪਰਿਵਾਰ ਕਿੰਨੀ ਕੁ ਦੇਰ ਅਜਿਹੇ ਚੱਕਰਾਂ ਵਿਚ ਪੈ ਕੇ ਲੁੱਟ ਕਰਵਾ ਸਕਦਾ ਸੀ। ਅਖੀਰ ਉਨ੍ਹਾਂ ਦੀ ਗੱਲ ਜਦੋਂ ਪਿੰਡ ਦੇ ਅਗਾਂਹਵਧੂ ਮੁੰਡਿਆਂ ਕੋਲ ਪੁੱਜੀ ਤਾਂ ਉਨ੍ਹਾਂ ਨੇ ਤਰਕਸ਼ੀਲਾਂ ਦੀ ਮੱਦਦ ਲੈਣ ਦਾ ਸੁਝਾਅ ਦਿੱਤਾ, ਜਿਸ ਨੂੰ ਪਰਿਵਾਰ ਨੇ ਮੰਨ ਲਿਆ। ਸਾਡੇ ਨਾਲ ਸੰਪਰਕ ਹੋਣ 'ਤੇ ਇਕ ਪੱਤਰਕਾਰ ਵੀਰ ਵੀ ਉਤਸੁਕਤਾ ਵੱਸ ਸਾਡੇ ਨਾਲ ਚੱਲ ਪਿਆ। ਤਰਕਸ਼ੀਲ ਲਹਿਰ ਦੇ ਕੰਮ-ਕਾਜ ਵਿਚ ਉਸਨੂੰ ਬਹੁਤ ਦਿਲਚਸਪੀ ਸੀ। ਭਾਵੇਂ ਉਹ ਤਰਕਸ਼ੀਲ ਇਕਾਈ ਦਾ ਮੈਂਬਰ ਤਾਂ ਨਹੀਂ ਸੀ ਬਣਿਆ, ਕਿਉਂਕਿ ਉਹ ਸਮਝਦਾ ਸੀ ਕਿ 'ਗੋਇਲ' ਨਾਲ ਉਸ ਦੀ ਪਛਾਣ ਬਣ ਚੁੱਕੀ ਹੈ, ਤੇ ਇਸ ਪਛਾਣ ਨੂੰ ਲੈ ਕੇ ਮੈਂਬਰ ਬਣਨ ਨਾਲ ਉਹ ਸਿਧਾਂਤਕ ਤੌਰ 'ਤੇ ਗਲਤ ਹੁੰਦਾ ਸੀ। ਪਰ ਉਸ ਦੀ ਸੋਚਣੀ ਤੇ ਅਗਵਾਈ ਤਰਕਸ਼ੀਲਾਂ ਦੇ ਬੜੀ ਕੰਮ ਆਉਂਦੀ ਸੀ। ਲਓ ਜੀ, ਅਸੀਂ ਸੰਬੰਧਿਤ ਘਰ ਪਹੁੰਚ ਕੇ ਪੂਰੀ ਤਰ੍ਹਾਂ ਇਕ ਇਕ ਗੱਲ ਦੀ ਛਾਣ-ਬੀਣ ਕੀਤੀ। ਕੋਈ ਦੋ-ਤਿੰਨ ਘੰਟੇ ਪੁੱਛ ਪੜਤਾਲ ਤੇ ਇੱਟਾਂ-ਰੋੜੇ ਪਰਖਣ 'ਤੇ ਲਾਏ ਗਏ ਤੇ ਸੂਈ ਜਾ ਟਿਕੀ ਡੇਰੇ ਉੱਪਰ। ਡੇਰੇ ਦਾ ਮੁਖੀ ਮਹੰਤ ਸੀ ਤੇ ਦਸ-ਪੰਦਰਾਂ ਖੁਸਰੇ ਉਥੇ ਹੀ ਉਸ ਨਾਲ ਰਹਿੰਦੇ ਸਨ। ਤਰਕਸ਼ੀਲ ਲਹਿਰ ਦੇ ਸ੍ਰੀ ਕ੍ਰਿਸ਼ਨ ਬਰਗਾੜੀ ਤੋਂ ਜਾਣ ਲਿਆ ਸੀ ਕਿ ਜਦੋਂ ਪੂਰੀ ਤਸੱਲੀ ਹੋ ਜਾਵੇ, ਦੋਸ਼ੀ ਸਾਫ ਦਿਸਣ ਲੱਗ ਜਾਵੇ ਤਾਂ ਬੜੀ ਫੁਰਤੀ ਨਾਲ ਦੋਸ਼ੀ ਪ੍ਰਤੀ ਵਤੀਰਾ ਬੇ ਲਿਹਾਜ਼ ਰੱਖਦੇ ਹੋਏ ਨਿਰਣਈ ਨਤੀਜੇ 'ਤੇ ਪਹੁੰਚਣ ਵਿਚ ਦੇਰ ਨਹੀਂ ਕਰਨੀ ਚਾਹੀਦੀ। ਪਰ ਪੱਤਰਕਾਰ ਵੀਰ ਦੀ ਗੱਲ ਨੇ ਸਾਨੂੰ ਸੋਚਣ ਲਾ ਦਿੱਤਾ। ਕਹਿੰਦਾ, 'ਬਈ, ਗੱਲ ਇਉਂ ਏ, ਮੈਂ ਤਾਂ ਇਸ ਕੌਮ ਨਾਲ ਨਹੀਂ ਲੈਂਦਾ ਪੰਗਾ, ਇਹ ਤਾਂ ਕੱਲ ਨੂੰ 'ਕੱਠੇ ਹੋ ਕੇ ਦੁਕਾਨ ਦੇ ਅੱਗੇ 'ਤਾੜੀ' ਮਾਰਨ ਲੱਗੇ ਤਾਂ, ਮੈਨੂੰ ਤਾਂ ਆ ਪਊ ਨਾ ਮੁਸੀਬਤ। ਬਾਕੀ ਤੁਸੀਂ ਸੋਚ ਲਓ, ਜਿਵੇਂ ਠੀਕ ਲੱਗੇ, ਕਰੋ।'

ਪਿਛਲੇ ਸਮੇਂ ਦੀ ਰੀਲ ਅੱਖਾਂ ਅੱਗੇ ਚੱਲਣ ਲੱਗੀ। ਪਿੰਡ ਗੁਆਂਢੀਆਂ ਦੇ ਵਿਆਹ ਵੇਲੇ ਵਧਾਈਆਂ ਲੈ ਰਹੇ ਖੁਸਰੇ। ਚੰਗਾ ਸਰਦਾ-ਪੁਜਦਾ ਘਰ। ਹੀਜੜਿਆਂ ਦੀ ਤਮੰਨਾ ਨੂੰ ਪੂਰੀ ਕਰਨ ਲਈ ਉਸਨੇ ਸਾਰਾ ਕੁੱਝ ਕਰ ਦਿੱਤਾ ਸੀ ਪਰ ਅਜੇ ਉਹ ਸੋਨੇ ਦੀ ਮੁੰਦਰੀ ਨਹੀਂ ਸੀ ਦੇ ਰਿਹਾ, ਜਿਸ ਨੂੰ ਉਨ੍ਹਾਂ ਦੀ ਉਮੀਦ ਮੁਤਾਬਕ ਉਹ ਦੇ ਸਕਦਾ ਸੀ। ਆਪਣੀ ਪੂਰੀ ਵਾਹ ਲਾਉਣ ਤੋਂ ਬਾਦ ਫਿਰ ਉਹ ਕੁੱਝ ਅਜੀਬ ਕਿਸਮ ਦੇ ਮੁਹਾਵਰੇ 'ਤੇ ਉਤਰ ਆਏ ਸਨ। ਉਨ੍ਹਾਂ ਦੀ ਹਰਕਤਾਂ ਤੇ ਬੋਲਾਂ ਨੂੰ ਜ਼ਿਆਦਾ ਦੇਰ ਸਹਿਣ ਨਹੀਂ ਸੀ ਕੀਤਾ ਜਾ ਸਕਦਾ। ਖੁਸ਼ੀ ਦੇ ਮਾਹੌਲ ਵਿਚ ਉਨ੍ਹਾਂ ਨੂੰ ਕੁੱਝ ਕਹਿਣਾ ਵੀ ਘਰਦਿਆਂ ਨੂੰ ਮੁਨਾਸਬ ਨਹੀਂ ਸੀ ਲਗਦਾ। ਸ਼ਰਮਸਾਰੀ ਦੇ ਮਾਹੌਲ ਨਾਲੋਂ ਉਨ੍ਹਾਂ ਨੇ ਛੇਤੀ ਦੇਣੇ ਉਨ੍ਹਾਂ ਦੀ ਮੰਗ ਪੂਰੀ ਕਰ ਦਿੱਤੀ ਸੀ। ਇਹ ਵੀ ਪਤਾ ਲੱਗਾ ਕਿ ਉਹ ਹਰ ਬੱਚੇ ਨੂੰ ਚੁੱਕ ਕੇ ਦੇਖਦੇ ਹਨ ਜੇ ਕੋਈ ਹੀਜੜਾ ਹੋਵੇ ਤਾਂ ਉਹ ਉਸੇ ਵੇਲੇ ਆਪਣੇ ਨਾਲ ਚੱਕ ਕੇ ਲੈ ਜਾਂਦੇ ਹਨ। ਇਉਂ ਇਕ ਡਰ ਜਿਹਾ ਕਿਸੇ ਨੁੱਕਰੇ ਮੇਰੇ ਵੀ ਸੀ। ਮੈਂ ਵੀ ਪੱਤਰਕਾਰ ਵੀਰ ਦੀ ਪ੍ਰੋੜਤਾ ਕਰ ਦਿੱਤੀ। ਪਰ ਅਸੀਂ ਸੰਕੇਤ ਦੇ ਆਏ ਸਾਂ ਕਿ ਇੱਟਾਂ-ਰੋੜਿਆਂ ਦਾ ਸਿਲਸਿਲਾ ਉਨ੍ਹਾਂ ਵੱਲੋਂ ਚੱਲਦਾ ਹੈ ਜੋ ਬਾਅਦ ਵਿਚ ਬੰਦ ਵੀ ਹੋ ਗਿਆ। ਉਨ੍ਹਾਂ ਦੇ ਅਜੀਬੋ-ਗਰੀਬ ਵਿਵਹਾਰ ਦੇ ਕਾਰਨਾਂ ਨੂੰ ਖੋਜਣ ਦੀ ਉਤਸੁਕਤਾ ਸਮੇਂ ਸਮੇਂ 'ਤੇ ਦਿਮਾਗ ਉੱਪਰ ਤਾਰੀ ਹੁੰਦੀ ਰਹੀ, ਜਦੋਂ ਕਦੇ ਰੇਲ ਦਾ ਸਫਰ ਕਰਦਿਆਂ ਜਾਂ ਉਨ੍ਹਾਂ ਵੱਲੋਂ ਵਧਾਈ ਲੈਂਦਿਆਂ ਉਨ੍ਹਾਂ ਨਾਲ ਵਾਹ ਪੈਂਦਾ। ਉਨ੍ਹਾਂ ਦੀ ਆਪਣੇ ਅੰਦਾਜ਼ ਵਿਚ ਲਈ ਤਾੜੀ ਖੁਸ਼ੀ ਦੀ ਥਾਂ ਮਨ ਵਿਚ ਸਹਿਮ ਜਿਹਾ ਪੈਦਾ ਕਰ ਦਿੰਦੀ। ਉਨ੍ਹਾਂ ਨੂੰ ਕਦੇ ਹੱਡ-ਮਾਸ ਦੇ ਬਣੇ ਜੀਂਦੇ ਤੇ ਥੀਂਦੇ ਜੀਵ ਦੇ ਤੌਰ 'ਤੇ ਨਹੀਂ ਸੀ ਚਿਤਵਿਆ। ਮਨ ਸੋਚਦਾ ਰਹਿੰਦਾ ਕਿ ਕੀ ਉਨ੍ਹਾਂ ਅੰਦਰ ਵੀ ਉਵੇਂ ਪਿਆਰ ਦੀ ਚਿਣਗ ਜਾਗਦੀ ਹੋਵੇਗੀ ਜਿਵੇਂ ਸਾਡੇ? ਉਨ੍ਹਾਂ ਦਾ ਵਿਵਹਾਰ ਆਮ ਤੌਰ 'ਤੇ ਅੱਖੜ ਜਿਹਾ ਕਿਉਂ ਹੁੰਦਾ ਹੈ? ਇਸ ਸਾਲ ਮੈਂ ਇਹੋ ਜਿਹੇ ਸੁਆਲਾਂ ਨੂੰ ਲੈ ਕੇ ਜੈਪੁਰ ਦੇ ਸਾਹਿਤਕ ਮੇਲੇ ਵਿਚ ਪਹੁੰਚ ਗਿਆ, ਜਿਥੋਂ ਮੈਨੂੰ ਕੁੱਝ ਜਵਾਬ ਮਿਲਣ ਦੀ ਆਸ ਸੀ।

ਮੇਲੇ ਵਿਚ ਹੀਜੜਾ ਲੇਖਿਕਾ ਲਕਸ਼ਮੀ ਤੇ ਉਨ੍ਹਾਂ ਦੇ ਲਿਖੀ ਕਿਤਾਬ ਦਾ ਉਲੱਥਾ ਕਰਨ ਵਾਲੇ ਲੇਖਕ ਰਾਜਾ ਰਾਓ ਤੇ ਜ਼ੈਰੀ ਪਿੰਟੂ ਵਿਚਾਲੇ ਗੁਫਤਗੂ ਨੇ ਹੀਜੜਿਆਂ ਨੂੰ ਮਿਲਣ ਵਾਲੇ ਹੱਕ-ਹਕੂਕ ਬਾਰੇ ਕਾਨੂੰਨੀ ਚਾਰਜੋਈਆਂ 'ਤੇ ਚਰਚਾ ਕੀਤੀ। ਬਹੁਤੇ ਖੁਲਾਸੇ ਲਕਸ਼ਮੀ ਨੇ ਹੀ ਕੀਤੇ ਜੋ ਉਸ ਦੁਆਰਾ ਹੀ ਕੀਤੇ ਜਾਣੇ ਬਣਦੇ ਸਨ। ਉਸ ਵਲੋਂ ਕੀਤੀਆਂ ਗੱਲਾਂ ਭਾਵੁਕ ਕਰਦੀਆਂ ਹੋਈਆਂ ਸਮਾਜ ਦੇ ਉਨ੍ਹਾਂ ਪ੍ਰਤੀ ਵਿਵਹਾਰ ਨੂੰ ਅਣਉਚਿਤ ਬਣਾਉਂਦੀਆਂ ਜਾ ਰਹੀਆਂ ਸਨ। ਪਰ ਲਕਸ਼ਮੀ ਦੀ ਗੱਲਬਾਤ ਵਿਚੋਂ ਸਮਾਜ ਪ੍ਰਤੀ ਗਿਲਾ ਫਿਰ ਵੀ ਪ੍ਰਗਟ ਨਹੀਂ ਸੀ ਹੋ ਰਿਹਾ। ਸਗੋਂ ਅਗਿਆਨਤਾ ਵੱਸ ਉਨ੍ਹਾਂ ਪ੍ਰਤੀ ਅਜਿਹਾ ਹੋਣਾ ਪ੍ਰਤੀਤ ਹੋ ਰਿਹਾ ਸੀ। ਉਸ ਦੀ ਦਾਸਤਾਂ ਵਿਚੋਂ ਕੁੱਝ ਅੰਸ਼ ਉਸਦੇ ਜੋ ਇਸ ਤਰ੍ਹਾਂ ਸਨ-'ਮੈਂ ਦੂਜੇ ਲੋਕਾਂ ਵਾਂਗ ਹੀ ਹਾਂ ਪਰ ਦੂਜੇ ਲੋਕ ਮੇਰੇ ਵਰਗੇ ਨਹੀਂ...ਮੈਂ ਜ਼ਿੰਦਗੀ ਨੂੰ ਮਾਣਦੀ ਹਾਂ...ਛੇ ਫੁੱਟ ਦਾ ਹੀਜੜਾ 'ਵਿਚਾਰਾ' ਕਿਵੇਂ ਹੋ ਸਕਦਾ ਹੈ...ਜਦੋਂ ਹੀਜੜਿਆਂ ਨੂੰ ਲੋਕ ਆਪਣੇ ਨਾਲੋਂ ਤੋੜ ਦਿੰਦੇ ਹਨ ਤਾਂ ਉਨ੍ਹਾਂ ਦਾ ਵਿਵਹਾਰ ਲੋਕਾਂ ਪ੍ਰਤੀ ਰੁਖਾ ਨਾ ਬਣੇ ਤਾਂ ਕੀ ਹੋਵੇ...ਨੇਪਾਲ ਵਿਚ ਤਾਂ ਹੀਜੜਾ ਮਰਦ ਕੇ ਸਾਥ ਸ਼ਾਦੀ ਭੀ ਕਰ ਸਕਤਾ ਹੈ...ਵਾਲ ਮੇਰੇ ਹੋਠੋਂ ਪੇ ਚਿੱਪਕ ਗਿਆ ਹੈ ਇਹ ਬੜਾ ਬਦਤਮੀਜ਼ ਹੈ...ਮੇਰਾ ਪਿਆਰ ਸ਼ਰਤਾਂ ਦੇ ਬੰਧਨ ਤੋਂ ਮੁਕਤ ਹੈ...।' ਉਸਦੀ ਗੱਲਬਾਤ ਨੇ ਦੋ ਤਿੰਨ ਵਾਰ ਅਤੀ ਭਾਵੁਕ ਕਰ ਦਿੱਤਾ ਸੀ। ਅੱਖਾਂ ਨਮ ਹੋ ਗਈਆਂ ਸਨ। ਅੰਗਰੇਜ਼ੀ ਹਿੰਦੀ ਵਿਚ ਉਹ ਬੜੀ ਫੁਰਤੀ ਨਾਲ ਆਪਣੀ ਗੱਲ ਨੂੰ ਅੱਗੇ ਤੋਰ ਰਹੀ ਸੀ। ਵਿਚ-ਵਿਚ ਉਹ ਆਪਣੇ ਹੀਜੜਾਈ ਅੰਦਾਜ਼ ਨਾਲ ਪਿੰਟੂ ਦੀ ਬਾਂਹ ਨੂੰ ਛੋਹਦੀ 'ਵਾਹ ਰੇ' ਬੋਲਦੀ ਤਾਂ ਦਰਸ਼ਕਾਂ 'ਚ ਮੁਸਕਰਾਹਟ ਦੀ ਲਹਿਰ ਖਿਲਰ ਜਾਂਦੀ। ਸੈਸ਼ਨ ਦੇ ਅੰਤ ਵਿਚ ਉਨ੍ਹਾਂ ਦੀ ਜ਼ਿੰਦਗੀ ਨੂੰ ਜਾਨਣ ਲਈ ਲੋਕ ਸੁਆਲ ਕਰਨ ਲਈ ਉਤਾਵਲੇ ਸਨ। ਪ੍ਰੋਗਰਾਮ ਦੀ ਸਮਾਪਤੀ 'ਤੇ ਮਨ ਨੂੰ ਤਸੱਲੀ ਸੀ ਕਿ ਉਨ੍ਹਾਂ ਨੂੰ ਤੀਜੇ ਲਿੰਗ ਵਜੋਂ ਮਾਨਤਾ ਦੇਣੀ ਸ਼ੁਰੂ ਹੋ ਗਈ ਹੈ। ਉਨ੍ਹਾਂ ਦੀ ਸਹੂਲਤ ਲਈ ਜਨਤਕ ਥਾਵਾਂ ਉਪਰ ਉਚੇਚੇ ਪ੍ਰਬੰਧ ਕੀਤੇ ਜਾ ਰਹੇ ਹਨ। ਮੇਲੇ ਦੀ ਭੀੜ ਵਿਚ ਗੁਆਚ ਰਹੀ ਹੀਜੜਾ ਲੇਖਿਕਾ ਨੂੰ ਮੈਂ 'ਲਕਸ਼ਮੀ ਜੀ' ਕਹਿ ਕੇ ਸੰਬੋਧਿਤ ਹੋਇਆ ਤਾਂ ਉਸਨੇ ਪਿੱਛੇ ਮੁੜ ਕੇ ਦੇਖਿਆ। 'ਪਹਿਲੀ ਵਾਰੀ ਤੁਹਾਡੀ ਗੁਫਤਗੂ ਤੇ ਪੀੜਾ ਨੂੰ ਸੁਣ ਕੇ ਤੁਹਾਡੇ ਪ੍ਰਤੀ ਸਨੇਹ ਪੈਦਾ ਹੋਇਆ ਹੈ'। ਜਿਉਂ ਹੀ ਮੈਂ ਉਸਨੂੰ ਆਖਿਆ ਤਾਂ ਉਸਨੇ ਬੁੱਕਲ ਵਿਚ ਲੈਂਦਿਆਂ ਆਪਣੀ ਖੁਸ਼ੀ ਸਾਂਝੀ ਕੀਤੀ, "ਰੱਬ ਤੈਨੂੰ ਖੁਸ਼ ਰੱਖੇ"। ਜਾਨਣ ਦੇ ਬਾਵਜੂਦ ਵੀ ਬਚਪਨ ਤੋਂ ਮਨ ਵਿਚ ਬੈਠੀ ਹੋਈ ਡਰ ਦੀ ਤਰੰਗ ਉਸਦੇ ਸਪਰਸ਼ ਨਾਲ ਫਿਰ ਉੱਠੀ।

# ਚੋਣਾਂ ਅਤੇ ਭਾਰਤ ਦੇ ਲੋਕਤੰਤਰ ਦੀ ਅਵਸਥਾ

ਭਾਰਤ ਵਿਚ ਲੋਕ ਸਭਾ ਚੋਣਾਂ ਦੀ ਪ੍ਰਕਿਰਿਆ ਭਰ ਜੋਬਨ 'ਤੇ ਹੈ। ਲਗਭਗ ਇੱਕ ਤਿਹਾਈ ਸੀਟਾਂ 'ਤੇ ਵੋਟਿੰਗ ਹੋ ਚੁੱਕੀ ਹੈ ਅਤੇ ਬਾਕੀਆਂ ਲਈ ਚੋਣ ਪ੍ਰਚਾਰ ਤੇਜ਼ੀ ਨਾਲ ਹੋ ਰਿਹਾ ਹੈ। ਪੰਜਾਬ ਵਿਚ ਭਾਵੇਂ ਵੋਟਾਂ ਇਕ ਜੂਨ ਨੂੰ ਪੈਣੀਆਂ ਹਨ ਅਤੇ ਇਹ ਸਤਰਾਂ ਲਿਖਣ ਤੱਕ ਭਾਜਪਾ ਤੋਂ ਬਿਨਾਂ ਲਗਭਗ ਸਾਰੀਆਂ ਪਾਰਟੀਆਂ ਨੇ ਸਾਰੀਆਂ ਸੀਟਾਂ 'ਤੇ ਆਪਣੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਪੰਜਾਬ ਵਿਚ ਚੋਣ ਭਾਵੇਂ ਇਕ ਮਹੀਨਾ ਦੂਰ ਹੈ, ਫਿਰ ਵੀ ਚੋਣ ਸਰਗਰਮੀਆਂ ਜ਼ੋਰਾਂ 'ਤੇ ਹਨ। ਵੇਖਣ ਵਿਚ ਆਇਆ ਹੈ ਕਿ ਐਤਕੀਂ ਚੋਣ ਮੁਹਿੰਮ ਵਿਚ ਕਈ ਉਮੀਦਵਾਰਾਂ ਵਲੋਂ ਇੱਕ-ਦੂਜੇ ਉਤੇ ਬੜੀ ਨੀਵੇਂ ਪੱਧਰ ਦੀ

**ਨਰਿੰਦਰ ਸਿੰਘ ਢਿੱਲੋਂ**
**1+825 925 4032**

ਦੂਸ਼ਣਬਾਜ਼ੀ ਕੀਤੀ ਜਾ ਰਹੀ ਹੈ ਜਿਸ ਨਾਲ ਰਾਜਨੀਤੀ ਦੀਆਂ ਸੁਚੱਜੀਆਂ ਕਦਰਾਂ-ਕੀਮਤਾਂ ਦਾ ਘਾਣ ਹੋ ਰਿਹਾ ਹੈ। ਇਥੋਂ ਤੱਕ ਕਿ ਦੇਸ਼ ਦੇ ਪ੍ਰਧਾਨ ਮੰਤਰੀ ਜਿਨ੍ਹਾਂ ਦੀ ਮੁੱਖ ਜ਼ਿੰਮੇਵਾਰੀ ਲੋਕਤੰਤਰ ਦੀ ਰਾਖੀ ਕਰਨ ਅਤੇ ਦੇਸ਼ ਦੀ ਅਗਵਾਈ ਕਰਨ ਦੀ ਹੈ, ਉਹ ਵੀ ਪਿਛਲੇ ਪੰਜ ਸਾਲਾਂ ਵਿਚ ਉਨ੍ਹਾਂ ਦੀ ਸਰਕਾਰ ਵੱਲੋਂ ਕੀਤੇ ਕੰਮਾਂ ਨੂੰ ਲੋਕਾਂ ਸਾਹਮਣੇ ਰੱਖਣ ਦੀ ਥਾਂ ਭਾਸ਼ਣ ਕਰਦਿਆਂ ਫਿਰਕੂ ਭੜਕਾਹਟ ਪੈਦਾ ਕਰਨ ਵਰਗੀਆਂ ਟਿੱਪਣੀਆਂ ਕਰ ਰਹੇ ਹਨ। ਭਾਸ਼ਣ ਕਰਦਿਆਂ ਦੇਸ਼ ਵਿਚ ਇੱਕ ਘੱਟ ਗਿਣਤੀ ਧਾਰਮਿਕ ਵਰਗ 'ਤੇ ਹਮਲੇ ਕਰਨ ਦਾ ਪ੍ਰਭਾਵ ਦੇਸ਼ ਦੀ ਏਕਤਾ ਅਤੇ ਅਖੰਡਤਾ 'ਤੇ ਪੈਣ ਦਾ ਡਰ ਹੈ। ਭਾਜਪਾ ਦੇ ਹੋਰ ਵੀ ਕਈ ਚੋਟੀ ਦੇ ਨੇਤਾ ਬੋਲਣ ਲੱਗਿਆਂ ਬਹੁਤ ਇਤਰਾਜ਼ਯੋਗ ਟਿੱਪਣੀਆਂ ਕਰਦੇ ਮੀਡੀਆ ਦੀਆਂ ਸੁਰਖੀਆਂ ਬਣ ਰਹੇ ਹਨ। ਚੋਣ ਪ੍ਰਚਾਰ ਵਿਚ ਜਨੇਊ ਨੂੰ ਖਤਰੇ ਦਾ ਜ਼ਿਕਰ ਕਰਕੇ ਭਾਰਤ ਵਿਚ ਵਸਦੇ ਹਿੰਦੂ ਭਾਈਚਾਰੇ ਦੀਆਂ ਵੋਟਾਂ ਬਟੋਰਨ ਦਾ ਇੱਕ ਕੋਝਾ ਯਤਨ ਕੀਤਾ ਜਾ ਰਿਹਾ ਹੈ ਅਤੇ ਵੱਧ ਬੱਚਿਆਂ ਵਾਲੇ ਲੋਕਾਂ ਦਾ ਜ਼ਿਕਰ ਕਰਕੇ ਟੇਢੇ ਢੰਗ ਨਾਲ ਮੁਸਲਮਾਨ ਭਾਈਚਾਰੇ ਵਿਰੁੱਧ ਨਫਰਤ ਅਤੇ ਅਸਹਿਣਸ਼ੀਲਤਾ ਪੈਦਾ ਕੀਤੀ ਜਾ ਰਹੀ ਹੈ।

ਰਾਜਨੀਤੀ ਵਿਚ ਵੱਖ ਵੱਖ ਪਾਰਟੀਆਂ ਦੀ ਆਪਣੀ-ਆਪਣੀ ਵਿਚਾਰਧਾਰਾ, ਨੀਤੀਆਂ ਅਤੇ ਪਾਰਟੀ ਪ੍ਰਬੰਧ ਹੁੰਦਾ ਹੈ। ਦੇਸ਼ ਦੇ ਸੰਵਿਧਾਨ ਦੇ ਦਾਇਰੇ ਅੰਦਰ ਰਹਿੰਦਿਆਂ ਪਾਰਟੀ ਨੂੰ ਚਲਾਉਣਾ, ਪਾਰਟੀ ਨੂੰ ਤਕੜੇ ਕਰਨ ਲਈ ਦੇਸ਼ ਦੀ ਸਮੱਸਿਆਵਾਂ ਬਾਰੇ ਪ੍ਰਚਾਰ ਕਰਕੇ ਲੋਕਾਂ ਨੂੰ ਆਪਣੇ ਨਾਲ ਜੋੜਨ ਅਤੇ ਦੇਸ਼ ਦੇ ਵੱਖ-ਵੱਖ ਧਰਮਾਂ, ਜਾਤਾਂ, ਬੋਲੀਆਂ ਅਤੇ ਇਲਾਕਿਆਂ ਦੇ ਲੋਕਾਂ ਨੂੰ ਇੱਕਜੁੱਟ ਰੱਖਦਿਆਂ ਹੋਇਆਂ ਵੋਟਾਂ ਲੈਣ ਦਾ ਪ੍ਰਚਾਰ ਕਰਨਾ ਹੁੰਦਾ ਹੈ। ਜੇਕਰ ਰਾਜਸੀ ਸਰਗਰਮੀਆਂ ਵਿਚ ਲੋਕਾਂ ਵਿਚ ਉਪਰੋਕਤ ਗੱਲਾਂ ਦੇ ਆਧਾਰ 'ਤੇ ਦੁਫੇੜ ਪਾਈ ਜਾਵੇ ਤਾਂ ਇਹ ਗੈਰ ਸੰਵਿਧਾਨਿਕ ਤਾਂ ਹੈ ਹੀ, ਲੋਕਤੰਤਰ ਦੀ ਮੂਲ ਭਾਵਨਾ ਦੇ ਵੀ ਵਿਰੁਧ ਹੈ। ਲੋਕਾਂ ਉੱਤੇ ਰਾਜ ਕਰਨ ਲਈ ਸਰਕਾਰ ਅਸਲ ਵਿਚ ਸਿਆਸੀ ਪ੍ਰਬੰਧ ਹੀ ਹੁੰਦਾ ਹੈ ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਰਾਜਨੀਤੀ ਨੂੰ ਇੰਨੇ ਨੀਵੇਂ ਪੱਧਰ 'ਤੇ ਨਾ ਲਿਜਾਇਆ ਜਾਵੇ ਜਿਸ ਨਾਲ ਲੋਕਾਂ ਵਿਚ ਧਰਮ, ਜਾਤ, ਬੋਲੀ ਜਾਂ ਇਲਾਕੇ ਦੇ ਨਾਂ 'ਤੇ ਭੜਕਾਹਟ ਪੈਦਾ ਹੋ ਜਾਵੇ। ਇਹ ਫੁੱਟ ਪਾਊ ਰੁਝਾਨ ਰਾਜਨੀਤੀ ਦਾ ਹਿੱਸਾ ਨਹੀਂ ਹੋਣਾ ਚਾਹੀਦਾ।

ਰਾਜਨੀਤੀ ਦੇਸ਼ ਨੂੰ ਚਲਾਉਣ (ਰਾਜ ਕਰਨ) ਅਤੇ ਦੇਸ਼ ਦੇ ਲੋਕਾਂ ਦੇ ਹਿੱਤ ਵਿਚ ਕਾਨੂੰਨ ਬਣਾਉਣ ਅਤੇ ਉਨ੍ਹਾਂ ਕਾਨੂੰਨਾਂ ਨੂੰ ਕਾਰਜ ਪਾਲਿਕਾ ਰਾਹੀਂ ਲਾਗੂ ਕਰਨ ਦਾ ਕੰਮ ਕਰਦੀ ਹੈ। ਅੱਜ ਦੇ ਦੌਰ ਵਿਚ ਬਹੁਤੀਆਂ ਰਾਜਨੀਤਿਕ ਪਾਰਟੀਆਂ ਸਰਕਾਰ 'ਤੇ ਕਬਜ਼ਾ ਕਰਕੇ ਅਤੇ ਆਪਣੀ ਮਨ ਮਰਜ਼ੀ ਕਰਦਿਆਂ ਦੌਲਤ ਇਕੱਠੀ ਕਰਨ ਤੱਕ ਹੀ ਸੀਮਤ ਹੋ ਗਈਆਂ ਹਨ। ਸਰਕਾਰ 'ਤੇ ਕਬਜ਼ਾ ਕਰਕੇ ਬਿਨਾਂ ਕਿਸੇ ਨੂੰ ਛੋਟ ਦਿੱਤਿਆਂ ਕਾਨੂੰਨ ਦਾ ਰਾਜ ਸਥਾਪਿਤ ਕਰਨ ਦਾ ਨਿਸ਼ਾਨਾ ਇਨ੍ਹਾਂ ਪਾਰਟੀਆਂ ਦੇ ਏਜੰਡੇ 'ਤੇ ਨਹੀਂ ਬਲਕਿ ਵੱਡੇ ਵੱਡੇ ਨੇਤਾ ਖੁਦ ਕਾਨੂੰਨ ਦੀਆਂ ਧੱਜੀਆਂ ਉਡਾਉਂਦੇ ਵੇਖੇ ਗਏ ਹਨ। ਜੇਕਰ ਕੋਈ ਅਧਿਕਾਰੀ ਕਾਨੂੰਨ ਮੁਤਾਬਕ ਕੰਮ ਕਰਨਾ ਚਾਹੁੰਦਾ ਹੈ ਤਾਂ ਉਸ ਨੂੰ ਕਈ ਨੇਤਾਵਾਂ ਦੇ ਗੁੱਸੇ ਦਾ ਸ਼ਿਕਾਰ ਹੋਣਾ ਪੈਂਦਾ ਹੈ। ਉਸ ਨੂੰ ਗੁੱਠੇ ਲਾ ਦਿੱਤਾ ਜਾਂਦਾ ਹੈ ਜਾਂ ਬਦਲੀ ਕਰ ਦਿੱਤੀ ਜਾਂਦੀ ਹੈ। ਜੇਕਰ ਕਿਸੇ ਵੀ ਦੇਸ਼ ਵਿਚ ਕਾਨੂੰਨ ਦਾ ਰਾਜ ਸਥਾਪਿਤ ਨਹੀਂ ਕੀਤਾ ਜਾਂਦਾ ਤਾਂ ਦੇਸ਼ ਦਾ ਆਰਥਿਕ, ਸਮਾਜਿਕ ਨਿਆਂ, ਗੱਲ ਕੀ ਸਮੁੱਚਾ ਪ੍ਰਬੰਧ ਟੁੱਟ-ਭੱਜ ਜਾਂਦਾ ਹੈ, ਜਿਸ ਕਰਕੇ ਲੋਕ ਇਨਸਾਫ, ਰੁਜ਼ਗਾਰ ਅਤੇ ਹੋਰ ਬੁਨਿਆਦੀ ਸਹੂਲਤਾਂ ਤੋਂ ਵਿਰਵੇ ਹੋ ਜਾਂਦੇ ਹਨ।

ਦੇਸ਼ ਵਿਚ ਰਾਜ ਕਰ ਰਹੀ ਪਾਰਟੀ ਦੀ ਰਾਜਨੀਤੀ ਦਾ ਇਹ ਹਿੱਸਾ ਹੋਣਾ ਚਾਹੀਦਾ ਹੈ ਕਿ ਉਹ ਕੌਮੀ ਅਤੇ ਕੌਮਾਂਤਰੀ ਨੀਤੀਆਂ ਦੀ ਪੜਚੋਲ ਕਰਕੇ ਦੇਸ਼ ਦੀਆਂ ਦੂਸਰੀਆਂ ਰਾਜਨੀਤਿਕ ਪਾਰਟੀਆਂ ਨੂੰ ਨਜ਼ਰ ਅੰਦਾਜ਼ ਨਾ ਕਰੇ ਅਤੇ ਉਨ੍ਹਾਂ ਨਾਲ ਆਪਣੇ ਨਿਸ਼ਾਨੇ 'ਤੇ ਸਹਿਮਤੀ ਕਰ ਕੇ ਉਸਨੂੰ ਲਾਗੂ ਕਰੇ। ਅੱਜ ਦੇਸ਼ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ, ਕੁਰੱਪਸ਼ਨ, ਨਸ਼ਾ ਤਸਕਰੀ, ਮਾੜੀਆਂ ਸਿਹਤ ਸੇਵਾਵਾਂ, ਅਤਿਵਾਦ, ਪ੍ਰਸ਼ਾਸਨ ਵਿਚ ਸਿਆਸੀ ਦਖਲਅੰਦਾਜ਼ੀ, ਮਿਲਾਵਟਖੋਰੀ, ਸਾਈਬਰ ਅਪਰਾਧ, ਫਿਰਕਾਪ੍ਰਸਤੀ, ਪ੍ਰਦੂਸ਼ਿਤ ਵਾਤਾਵਰਨ, ਘੱਟ ਗਿਣਤੀ ਲੋਕਾਂ ਵਿਰੁਧ ਭੀੜ ਹਿੰਸਾ ਅਤੇ ਜਾਂਚ ਏਜੰਸੀਆਂ ਦੀ ਦੁਰਵਰਤੋਂ ਨਾਲ ਜੂਝ ਰਿਹਾ ਹੈ। ਚੋਣਾਂ ਵਿਚ ਬਹਿਸ ਇਨ੍ਹਾਂ ਮੁੱਦਿਆਂ 'ਤੇ ਹੋਣੀ ਚਾਹੀਦੀ ਹੈ।



ਉਂਝ ਤਾਂ ਸਾਰੀਆਂ ਹੀ ਸਿਆਸੀ ਪਾਰਟੀਆਂ ਨੂੰ ਬਹਿਸ ਇਨ੍ਹਾਂ ਮੁੱਦਿਆਂ 'ਤੇ ਕਰਨੀ ਚਾਹੀਦੀ ਹੈ ਲੇਕਿਨ ਪ੍ਰਧਾਨ ਮੰਤਰੀ ਅਤੇ ਭਾਜਪਾ ਦੇ ਉੱਚ ਨੇਤਾਵਾਂ ਨੂੰ ਇਹ ਪੁਛਣਾ ਚਾਹੀਦਾ ਹੈ ਕਿ ਉਹ ਇਨ੍ਹਾਂ ਸਮੱਸਿਆਵਾਂ ਨੂੰ ਹੱਲ ਕਿਉਂ ਨਹੀਂ ਕਰ ਸਕੇ। ਦੇਸ਼ ਦੀ ਵਿਦੇਸ਼ ਨੀਤੀ ਅਸਫਲ ਹੋਣ ਕਰਕੇ ਸਾਡੇ ਗੁਆਂਢੀ ਦੇਸ਼ਾਂ ਨਾਲ ਸੰਬੰਧ ਸੁਖਾਵੇਂ ਕਿਉਂ ਨਹੀਂ ਰਹੇ। ਇਨ੍ਹਾਂ ਮੁੱਦਿਆਂ 'ਤੇ ਬਹਿਸ ਕਰਦਿਆਂ ਦੇਸ਼ ਦੇ ਨਾਗਰਿਕਾਂ ਨੂੰ ਦੇਸ਼ ਦੇ ਸੰਵਿਧਾਨ ਦੀ ਰਾਖੀ ਬਾਰੇ ਜਾਗਰੂਕ ਕਰਨਾ ਚਾਹੀਦਾ ਹੈ, ਪਰ ਅਫਸੋਸ ਦੀ ਗੱਲ ਹੈ ਕਿ ਭਾਜਪਾ ਨੇਤਾ ਸ਼ਰ੍ਹੇਆਮ ਇਹ ਕਹਿ ਰਹੇ ਹਨ ਕਿ ਉਨ੍ਹਾਂ ਜਿੱਤ ਹੀ ਜਾਣਾ ਹੈ, ਜਿੱਤਣ ਤੋਂ ਬਾਅਦ ਉਹ ਸੰਵਿਧਾਨ ਨੂੰ ਬਦਲ ਦੇਣਗੇ। ਇਸ ਕਰਕੇ ਦੇਸ਼ ਵਿਚ ਵਿਰੋਧੀ ਪਾਰਟੀਆਂ ਇਹ ਸ਼ੱਕ ਪ੍ਰਗਟ ਕਰ ਰਹੀਆਂ ਹਨ ਕਿ ਭਾਜਪਾ ਲੋਕਤੰਤਰ ਦੇ ਨਾਂ ਹੇਠ ਡਿਕਟੇਟਰਸ਼ਿਪ ਲਾਗੂ ਕਰਨਾ ਚਾਹੁੰਦੀ ਹੈ ਅਤੇ ਮੌਜੂਦਾ ਸੰਵਿਧਾਨ ਨੂੰ ਖਤਮ ਕਰਨਾ ਚਾਹੁੰਦੀ ਹੈ। ਉਨ੍ਹਾਂ ਮੁਤਾਬਕ ਇਹ ਚੋਣਾਂ ਸੰਵਿਧਾਨ ਦੀ ਰਾਖੀ ਕਰਨ ਦੀ ਲੜਾਈ ਹੈ।

ਇਸ ਦੇ ਉਲਟ ਭਾਜਪਾ ਦੇਸ਼ ਦੀਆਂ ਸਾਰੀਆਂ ਸਮੱਸਿਆਵਾਂ ਲਈ ਵਿਰੋਧੀ ਪਾਰਟੀਆਂ ਨੂੰ ਜ਼ਿੰਮੇਵਾਰ ਠਹਿਰਾ ਰਹੀ ਹੈ। ਜੋ ਇਨ੍ਹਾਂ ਦੀ ਅਗਵਾਈ ਵਿਚ ਚਲ ਰਹੀ ਕੇਂਦਰ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰਦਾ ਹੈ। ਉਸ ਨੂੰ ਹਿੰਦੂ ਵਿਰੋਧੀ ਕਹਿ ਕੇ ਪਾਕਿਸਤਾਨ ਚਲੇ ਜਾਣ ਲਈ ਕਿਹਾ ਜਾਂਦਾ ਹੈ। ਭਾਰਤ ਦੇ ਧਾਰਮਿਕ ਬਹੁ ਗਿਣਤੀ ਲੋਕਾਂ ਵਿਚ ਬੌਧਕ ਕੰਗਾਲੀ ਹੀ ਹੈ ਕਿ ਉਹ ਮੰਦਰ ਬਾਰੇ ਜਾਂ ਘੱਟ ਗਿਣਤੀ ਫਿਰਕੇ ਵਿਰੁਧ ਭਾਸ਼ਣ ਸੁਣ ਕੇ ਵੋਟਾਂ ਭਾਜਪਾ ਦੇ ਖਾਤੇ ਵਿਚ ਪਾ ਦਿੰਦੇ ਹਨ, ਜਦ ਕਿ ਦੇਸ਼ ਦੀਆਂ ਸਮੱਸਿਆਵਾਂ ਨਾਲ ਉਹ ਵੀ ਬੁਰੀ ਤਰ੍ਹਾਂ ਪੀੜਿਤ ਹਨ। ਸਿਆਸੀ ਸ਼ਹਿ 'ਤੇ ਹੀ ਧਰਮ ਅਤੇ ਗਊ ਨੂੰ ਮੁੱਦਾ ਬਣਾ ਕੇ ਪਿਛਲੇ ਸਮੇਂ ਵਿਚ ਘੱਟ ਗਿਣਤੀ ਫਿਰਕਿਆਂ ਵਿਰੁਧ ਭੀੜ ਹਿੰਸਾ ਨੂੰ ਸ਼ਹਿ ਦਿੱਤੀ ਜਾਂਦੀ ਰਹੀ ਹੈ।

ਇਸ ਅਵਸਥਾ ਵਿਚ ਅਸੀਂ ਵੇਖ ਰਹੇ ਹਾਂ ਕਿ ਚੋਣਾਂ ਸਮੇਂ ਭਾਰਤ ਦਾ ਚੋਣ ਕਮਿਸ਼ਨ ਬਣਦਾ ਰੋਲ ਅਦਾ ਨਹੀਂ ਕਰ ਰਿਹਾ। ਕਮਿਸ਼ਨ ਨੂੰ ਚਾਹੀਦਾ ਹੈ ਕਿ ਚੋਣ ਪ੍ਰਚਾਰ ਵਿਚ ਧਰਮ ਦੇ ਨਾਂ 'ਤੇ ਨਫਰਤ ਫੈਲਾਉਣ ਵਾਲਿਆਂ ਨਾਲ ਸਖਤੀ ਨਾਲ ਪੇਸ਼ ਆਵੇ ਭਾਵੇਂ ਕੋਈ ਕਿਸੇ ਪਾਰਟੀ ਦਾ ਕਿੱਡਾ ਵੀ ਵੱਡਾ ਲੀਡਰ ਹੋਵੇ। ਇਸ ਤਰ੍ਹਾਂ ਦੇ ਪ੍ਰਚਾਰ ਨਾਲ ਦੇਸ਼ ਵਿਚ ਮਾਰੂ ਸਿੱਟੇ ਨਿਕਲ ਸਕਦੇ ਹਨ ਜੋ ਦੇਸ਼ ਨੂੰ ਟੋਟੇ-ਟੋਟੇ ਕਰਨ ਲਈ ਖਤਰਾ ਬਣ ਸਕਦੇ ਹਨ।

ਲੋਕਤੰਤਰਿਕ ਰਾਜ ਵਿਚ ਨਾਗਰਿਕਾਂ ਦੇ ਮਨੁੱਖੀ ਅਤੇ ਸੰਵਿਧਾਨਕ ਮੁਢਲੇ ਅਧਿਕਾਰਾਂ ਦੀ ਇੱਜ਼ਤ ਅਤੇ ਰਾਖੀ ਕਰਨਾ, ਆਜ਼ਾਦ, ਨਿਰਪੱਖ ਘੱਟ ਖਰਚੀਲੀਆਂ ਅਤੇ ਸੁਰੱਖਿਅਤ ਚੋਣਾਂ ਯਕੀਨੀ ਬਣਾਉਣਾ, ਵੱਖ ਵੱਖ ਸੰਵਿਧਾਨਕ ਸੰਸਥਾਵਾਂ ਨੂੰ ਉਨ੍ਹਾਂ ਦੀਆਂ ਸ਼ਕਤੀਆਂ ਮੁਤਾਬਕ ਕੰਮ ਕਰਨ ਦੇ ਯੋਗ ਬਣਾਉਣਾ ਅਤੇ ਉਨ੍ਹਾਂ ਵਿਚ ਦਖਲਅੰਦਾਜ਼ੀ ਨਾ ਕਰਨਾ, ਪਾਰਲੀਮੈਂਟ ਜਾਂ ਵਿਧਾਨ ਸਭਾਵਾਂ ਵਿਚ ਸ਼ਾਮਿਲ ਛੋਟੀਆਂ ਜਾਂ ਵੱਡੀਆਂ ਸਿਆਸੀ ਪਾਰਟੀਆਂ ਦੀ ਹੋਂਦ ਨੂੰ ਸਵੀਕਾਰ ਕਰਨਾ ਹੁੰਦਾ ਹੈ। ਪਰ ਪਿਛਲੇ ਕਈ ਸਾਲਾਂ ਤੋਂ ਇਨ੍ਹਾਂ ਅਸੂਲਾਂ ਦੀਆਂ ਘੋਰ ਉਲੰਘਣਾਵਾਂ ਦੀਆਂ ਖਬਰਾਂ ਆ ਰਹੀਆਂ ਹਨ। ਮੈਨੂੰ ਯਾਦ ਹੈ ਕਿ ਇੱਕ ਵਾਰ ਜਦ ਕਾਂਗਰਸ ਦੀ ਅਗਵਾਈ ਵਿਚ ਕੇਂਦਰ ਸਰਕਾਰ ਸੀ ਅਤੇ ਪੀ.ਵੀ. ਨਰਸਿਮਹਾ ਰਾਓ ਪ੍ਰਧਾਨ ਮੰਤਰੀ ਸਨ। ਉਨ੍ਹਾਂ ਨੇ ਭਾਜਪਾ ਦੇ ਨੇਤਾ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਿਚ ਕਸ਼ਮੀਰ ਮੁੱਦੇ 'ਤੇ ਭਾਰਤ ਦਾ ਪੱਖ ਸਪਸ਼ਟ ਕਰਨ ਲਈ ਯੂ.ਐਨ.ਓ. ਲਈ ਡੈਲੀਗੇਸ਼ਨ ਭੇਜਿਆ ਸੀ। ਸ੍ਰੀ ਵਾਜਪਾਈ ਜੀ ਨੇ ਯੂ.ਐਨ.ਓ. ਵਿਚ ਭਾਰਤ ਦਾ ਪੱਖ ਬਾਖੂਬੀ ਰੱਖਿਆ ਸੀ। ਇਹ ਰਵਾਇਤ ਅਗਾਂਹ ਵੀ ਕਾਇਮ ਰਹਿਣੀ ਚਾਹੀਦੀ ਸੀ। 1988 ਵਿਚ ਜਦ, ਰਾਜੀਵ ਗਾਂਧੀ ਪ੍ਰਧਾਨ ਮੰਤਰੀ ਸਨ ,ਉਸ ਵੇਲੇ ਸ੍ਰੀ ਅਟਲ ਬਿਹਾਰੀ ਵਾਜਪਾਈ ਗੁਰਦਿਆਂ ਦੀ ਬਿਮਾਰੀ ਤੋਂ ਪੀੜਤ ਸਨ। ਸ੍ਰੀ ਰਾਜੀਵ ਗਾਂਧੀ ਨੇ ਅਟਲ ਬਿਹਾਰੀ ਵਾਜਪਾਈ ਨੂੰ ਯੂ.ਐਨ.ਓ. ਦੇ ਡੈਲੀਗੇਸ਼ਨ ਵਿਚ ਆਪਣੇ ਨਾਲ ਸ਼ਾਮਿਲ ਕੀਤਾ ਅਤੇ ਉਨ੍ਹਾਂ ਨੂੰ ਉੱਥੇ ਆਪਣਾ ਇਲਾਜ ਕਰਾਉਣ ਲਈ ਵੀ ਕਿਹਾ। ਸ੍ਰੀ ਵਾਜਪਾਈ ਆਪਣਾ ਇਲਾਜ ਕਰਵਾ ਕੇ ਆਏ। ਭਾਵੇਂ ਕਾਂਗਰਸ ਰਾਜ ਵਿਚ ਵੀ ਸਭ ਕੁਝ ਅੱਛਾ ਨਹੀਂ ਸੀ, ਫਿਰ ਵੀ ਇਹੋ ਜਿਹੀਆਂ ਮਿਸਾਲਾਂ ਕਾਇਮ ਰਹਿਣੀਆਂ ਚਾਹੀਦੀਆਂ ਸਨ। ਅਸੀਂ ਇਹ ਵੀ ਸੁਣਦੇ ਰਹੇ ਹਾਂ ਕਿ ਕਈ ਪ੍ਰਧਾਨ ਮੰਤਰੀ ਸਿਆਸੀ ਮੱਤਭੇਦਾਂ ਦੇ ਬਾਵਜੂਦ ਕੌਮੀ ਅਤੇ ਕੌਮਾਂਤਰੀ ਮਸਲਿਆਂ ਬਾਰੇ ਇਨ੍ਹਾਂ ਮਸਲਿਆਂ ਦੇ ਮਾਹਿਰ ਸੀ.ਪੀ.ਆਈ.(ਐਮ) ਨੇਤਾ ਕਾਮਰੇਡ ਹਰਕਿਸ਼ਨ ਸਿੰਘ ਸੁਰਜੀਤ ਦੀ ਸਲਾਹ ਵੀ ਲੈਂਦੇ ਰਹੇ ਹਨ। ਭਾਜਪਾ ਰਾਜ ਵਿਚ ਇਹ ਸਿਹਤਮੰਦ ਪਿਰਤਾਂ ਹੁਣ ਬੀਤੇ ਦੀ ਗੱਲ ਬਣ ਚੁੱਕੀਆਂ ਹਨ ਅਤੇ ਇਹ ਦੋਸ਼ ਲੱਗ ਰਿਹਾ ਹੈ ਕਿ ਹੈ ਕਿ ਭਾਜਪਾ ਦੇਸ਼ ਵਿਚੋਂ ਦੂਸਰੀਆਂ ਪਾਰਟੀਆਂ ਨੂੰ ਖਤਮ ਕਰ ਦੇਣਾ ਚਾਹੁੰਦੀ ਹੈ।

ਅਸੀਂ ਆਪਣੇ ਕਾਲਮਾਂ ਵਿਚ ਪਹਿਲਾਂ ਲਿਖ ਚੁੱਕੇ ਹਾਂ ਕਿ ਮੌਜੂਦਾ ਕੇਂਦਰ ਸਰਕਾਰ ਪਾਰਲੀਮੈਂਟ ਵਿਚ ਤਾਂ ਵੱਡੀ ਬਹੁ ਸੰਪਤੀ ਵਿਚ ਹੈ ਹੀ, ਬਲਕਿ ਕਾਰਜਪਾਲਿਕਾ, ਨਿਆਂਪਾਲਿਕਾ ਅਤੇ ਪ੍ਰੈਸ ਦੇ ਇੱਕ ਪਾਸੜ ਰੋਲ ਉੱਤੇ ਵੀ ਉਂਗਲਾਂ ਉਠ ਰਹੀਆਂ ਹਨ। ਇਸ ਕਰਕੇ ਪਾਰਲੀਮੈਂਟ ਵਿਚ ਆਪਹੁਦਰੇ ਢੰਗ ਦੇ ਨਾਲ ਕਈ ਐਸੇ ਕਾਨੂੰਨ ਬਣਾਏ ਗਏ ਹਨ ਜਿਨ੍ਹਾਂ ਦੀ ਭਰਪੂਰ ਆਲੋਚਨਾ ਹੋ ਰਹੀ ਹੈ। ਲੰਮੇ ਸਮੇਂ ਤੋਂ ਸਥਾਪਤ ਜਨਤਕ ਅਦਾਰੇ ਕਾਰਪੋਰੇਟ ਘਰਾਣਿਆਂ ਨੂੰ ਵੇਚੇ ਗਏ ਹਨ। ਨੋਟਬੰਦੀ ਤੋਂ ਲੈ ਕੇ ਜੰਮੂ ਕਸ਼ਮੀਰ ਦੀ ਧਾਰਾ 370 ਨੂੰ ਰੱਦ ਕਰਨ ਤੱਕ ਬਹੁਤ ਸਾਰੇ ਫੈਸਲੇ ਲਏ ਗਏ ਹਨ ਜਿਨ੍ਹਾਂ ਦਾ ਸਿੱਟਾ ਦੇਸ਼ ਨੂੰ ਭੁਗਤਣਾ ਪਿਆ ਹੈ। ਭਾਜਪਾ ਰਾਜ ਵਿਚ ਕਿੰਨੇ ਲੋਕ ਕਰੋੜਾਂ ਰੁਪਏ ਬੈਂਕਾਂ ਨਾਲ ਫਰਾਡ ਕਰਕੇ ਵਿਦੇਸ਼ ਜਾ ਚੁੱਕੇ ਹਨ। ਵਿਦੇਸ਼ੀ ਬੈਂਕਾਂ ਵਿਚੋਂ ਕਾਲਾ ਧਨ ਲਿਆਉਣਾ, ਹਰ ਇੱਕ ਦੇ ਖਾਤੇ ਵਿਚ 15 ਲੱਖ ਰੁਪਏ ਜਮਾਂ ਕਰਾਉਣੇ, ਕਿਸਾਨਾਂ ਲਈ ਸੁਆਮੀ ਨਾਥਨ ਰਿਪੋਰਟ ਲਾਗੂ ਕਰਨ ਅਤੇ ਕਿਸਾਨਾਂ ਦੀ ਆਮਦਨ ਦੁਗਣੀ ਕਰਨ ਦੇ ਵਾਅਦੇ ਬੋਗਸ ਸਾਬਤ ਹੋਏ ਹਨ।

ਦੇਸ਼ ਦਾ ਮੀਡੀਆ ਵਿਸ਼ੇਸ਼ ਤੌਰ 'ਤੇ ਟੀਵੀ ਮੀਡੀਆ ਡਰਿਆ ਹੋਇਆ ਜਾਂ ਖਰੀਦਿਆ ਹੋਇਆ ਹੋਣ ਕਰਕੇ ਭਾਜਪਾ ਆਗੂਆਂ ਦੇ ਨਫਰਤ ਭਰੇ ਬਿਆਨਾਂ ਨੂੰ ਬਾਰ ਬਾਰ ਵਿਖਾ ਰਿਹਾ ਹੈ। ਇਹ ਮੀਡੀਆ ਭਾਜਪਾ ਦੀ ਗੋਦੀ ਵਿਚ ਬੈਠਾ ਹੋਣ ਕਰਕੇ ਇਸ ਨੂੰ ਗੋਦੀ ਮੀਡੀਆ ਕਿਹਾ ਜਾ ਰਿਹਾ ਹੈ। ਇਹ ਸਭ ਕੁਝ ਵੇਖਦਿਆਂ ਹੋਇਆਂ ਵੀ ਮੁੱਖ ਚੋਣ ਕਮਿਸ਼ਨ ਅੱਖਾਂ ਮੀਟ ਕੇ ਬੈਠਾ ਹੈ। ਦੇਸ਼ ਦੀਆਂ ਜਾਂਚ ਏਜੰਸੀਆਂ CBI, ED, Income tax Dept., ANI, Vigilance ਅਤੇ ਦਿੱਲੀ ਪੁਲਿਸ ਕੇਂਦਰ ਸਰਕਾਰ ਦੀਆਂ ਹੱਥ ਠੋਕਾ ਬਣੀਆਂ ਹੋਈਆਂ ਹਨ। ਇਨ੍ਹਾਂ ਏਜੰਸੀਆਂ ਨੂੰ ਕੁਰੱਪਟ ਨੇਤਾ ਕੇਵਲ ਵਿਰੋਧੀ ਪਾਰਟੀਆਂ ਵਿਚ ਹੀ ਦਿਸਦੇ ਹਨ। ਜੋ ਭ੍ਰਿਸ਼ਟਾਚਾਰ ਨਾਲ ਲੱਥ-ਪੱਥ ਵਿਅਕਤੀ ਬੀ.ਜੇ.ਪੀ. ਵਿਚ ਸ਼ਾਮਿਲ ਹੋ ਜਾਂਦੇ ਹਨ ਤਾਂ ਉਹ ਬੇਦਾਗ ਹੋ ਜਾਂਦੇ ਹਨ। ਇਨ੍ਹਾਂ ਏਜੰਸੀਆਂ ਨੂੰ ਵਿਰੋਧੀ ਪਾਰਟੀਆਂ ਦੇ ਨੇਤਾਵਾਂ ਨੂੰ ਡਰਾਉਣ, ਖਰੀਦਣ ਜਾਂ ਵਿਰੋਧੀ ਪਾਰਟੀਆਂ ਦੀਆਂ ਰਾਜ ਸਰਕਾਰਾਂ ਨੂੰ ਤੋੜਨ ਲਈ ਵਰਤਿਆ ਜਾ ਰਿਹਾ ਹੈ।

ਚੰਗੇ ਸ਼ਾਸਨ (Governance) ਦੇ ਨਿਯਮ ਤਾਰ ਤਾਰ ਕੀਤੇ ਜਾ ਰਹੇ ਹਨ। ਉੱਪਰ ਦੱਸੇ ਜਮਹੂਰੀ ਅਸੂਲਾਂ ਤੋਂ ਇਲਾਵਾ ਦੇਸ਼ ਵਿਚ ਆਰਥਿਕ ਸੰਕਟ ਨੂੰ ਹੱਲ ਕਰਨ, ਸਰਕਾਰੀ ਕੰਮ ਵਿਚ ਜ਼ਿੰਮੇਵਾਰੀ ਦਾ ਅਹਿਸਾਸ, ਸਰਕਾਰੀ ਕੰਮਕਾਰ ਵਿਚ ਜਵਾਬਦੇਹੀ, ਕਿਸੇ ਸੰਕਟਮਈ ਹਾਲਤ ਵਿਚ ਹਾਲਤ ਨਾਲ ਨਜਿੱਠਣ ਲਈ ਫੌਰੀ ਤੇ ਅਸਰਦਾਇਕ ਕਦਮ ਚੁੱਕਣੇ, ਲੋਕਾਂ ਦੀਆਂ ਬੁਨਿਆਦੀ ਲੋੜਾਂ ( ਰੋਟੀ, ਕੱਪੜਾ, ਮਕਾਨ) ਨੂੰ ਪੂਰਾ ਕਰਨ ਲਈ ਨੀਤੀਆਂ ਬਣਾਉਣਾ, ਲੋਕਾਂ ਦੇ ਟੈਕਸ ਤੇ ਪੈਸਿਆਂ ਦੀ ਸਹੀ ਵਰਤੋਂ ਕਰਨਾ ਆਦਿ ਵਿਚ ਕੇਂਦਰ ਸਰਕਾਰ ਅਸਫਲ ਰਹੀ ਹੈ। ਦੇਸ਼ ਵਿਚ ਉਭਰ ਰਹੀ ਕਿਸੇ ਵੀ ਖਤਰਨਾਕ ਸਮੱਸਿਆ ਵੱਲ ਕੇਂਦਰ ਸਰਕਾਰ ਨੇ ਕਦੇ ਵੀ ਫੌਰੀ ਧਿਆਨ ਨਹੀਂ ਦਿੱਤਾ। ਮਿਸਾਲ ਦੇ ਤੌਰ 'ਤੇ ਮਨੀਪੁਰ ਵਿਚ ਜੋ ਹਿੰਸਾ, ਸਾੜ ਫੂਕ, ਕਤਲੋਗਾਰਤ ਆਦਿ ਹੋਈ ਕੇਂਦਰ ਸਰਕਾਰ ਲਗਾਤਾਰ ਅਵੇਸਲੀ ਬੈਠੀ ਰਹੀ। ਇਸ ਦਾ ਸਿੱਟਾ ਉਥੋਂ ਦੇ ਲੋਕਾਂ ਨੂੰ ਭੁਗਤਣਾ ਪਿਆ ਹੈ। ਪਿਛਲੇ 10 ਸਾਲ ਤੋਂ ਭਾਜਪਾ ਜੋ ਨਫਰਤ ਦੀ ਰਾਜਨੀਤੀ ਕਰ ਰਹੀ ਹੈ ਇਸ ਦੇ ਆਉਣ ਵਾਲੇ ਸਮੇਂ ਵਿਚ ਚੰਗੀ ਸਿੱਟੇ ਨਹੀਂ ਨਿਕਲਣਗੇ।

ਪਿਛਲੇ 10 ਸਾਲਾਂ ਦੇ ਰਾਜ ਵਿਚ ਦੇਸ਼ ਪਿਛਾਂਹ ਹੀ ਗਿਆ ਹੈ। ਕੌਮਾਂਤਰੀ ਮੰਡੀ ਵਿਚ ਭਾਰਤ ਦੇ ਰੁਪਏ ਦੀ ਕੀਮਤ ਬਹੁਤ ਥੱਲੇ ਜਾ ਚੁੱਕੀ ਹੈ। ਮੌਜੂਦਾ ਕੇਂਦਰ ਸਰਕਾਰ ਦੀਆਂ ਅਸਫਲਤਾਵਾਂ ਦੀ ਲਿਸਟ ਬਹੁਤ ਲੰਬੀ ਹੈ, ਜੋ ਸਾਰੀ ਇਸ ਲਿਖਤ ਵਿਚ ਬਿਆਨ ਨਹੀਂ ਕੀਤੀ ਜਾ ਸਕਦੀ। ਨੋਟਬੰਦੀ ਵਿਚ ਜਿੱਥੇ ਲੋਕਾਂ ਦਾ ਵਪਾਰ ਬਰਬਾਦ ਹੋਇਆ ਉੱਥੇ ਬਹੁਤ ਸਾਰੇ ਲੋਕ ਨੌਕਰੀਆਂ ਤੋਂ ਹੱਥ ਧੋ ਬੈਠੇ। ਬਲੈਕ ਮਨੀ ਕੱਢਣ ਵਿਚ ਵੀ ਸਰਕਾਰ ਫੇਲ ਹੋਈ। ਇੱਕ ਸਾਲ ਤੋਂ ਵੱਧ ਸਮਾਂ ਚੱਲੇ ਕਿਸਾਨਾਂ ਦੇ ਸੰਘਰਸ਼ ਸਮੇਂ ਸਰਕਾਰ ਨੇ ਐਮ.ਐਸ.ਪੀ. ਲਾਗੂ ਕਰਨ ਸਮੇਤ ਜੋ ਮੰਗਾਂ ਮੰਨੀਆਂ ਸਨ, ਉਨ੍ਹਾਂ ਨੂੰ ਲਾਗੂ ਨਾਂ ਕਰਕੇ ਕਿਸਾਨਾਂ ਨਾਲ ਧੋਖਾ ਕੀਤਾ ਗਿਆ, ਜਿਸ ਕਰਕੇ ਕਿਸਾਨ ਮੁੜ ਸੰਘਰਸ਼ ਦੇ ਰਾਹ ਤੁਰੇ ਹੋਏ ਹਨ।

ਬਹੁਤ ਚਰਚਿਤ ਰਫਾਲ ਜਹਾਜ਼ ਸਮਝੌਤਾ ਵਿਚ ਵੀ ਸਰਕਾਰ ਦੀ ਨੀਅਤ ਜਨਤਕ ਹੋ ਗਈ ਸੀ। ਮੀਡੀਆ ਵਿਚ ਆਈਆਂ ਖਬਰਾਂ ਦੇ ਮੁਤਾਬਿਕ ਕੇਂਦਰ ਸਰਕਾਰ ਨੇ ਪਿਛਲੇ ਸਾਲਾਂ ਵਿਚ ਆਪਣੀ ਵਾਹ-ਵਾਹ ਕਰਾਉਣ ਲਈ ਕਰਦਾਤਾਵਾਂ ਦੇ 4880 ਕਰੋੜ ਰੁਪਏ ਖਰਚ ਦਿੱਤੇ। ਮੀਡੀਆ ਵਿਚ ਇਹ ਵੀ ਚਰਚਾ ਰਹੀ ਹੈ ਕਿ ਪ੍ਰਧਾਨ ਮੰਤਰੀ ਪਾਰਲੀਮੈਂਟ ਵਿਚ ਅਕਸਰ ਘੱਟ ਹਾਜਰੀ ਦਿੰਦੇ ਹਨ ਅਤੇ ਜਦੋਂ ਹਾਜ਼ਰ ਹੁੰਦੇ ਹਨ ਤਾਂ ਉਹ ਦੂਸਰੀਆਂ ਪਾਰਟੀਆਂ 'ਤੇ ਸ਼ਬਦੀ ਹਮਲੇ ਕਰਦਿਆਂ ਇੰਝ ਭਾਸ਼ਣ ਕਰਦੇ ਹਨ, ਜਿਵੇਂ ਚੋਣ ਮੁਹਿੰਮ ਵਿਚ ਭਾਸ਼ਣ ਕਰ ਰਹੇ ਹੋਣ। ਚੋਣ ਬਾਂਡ ਫੰਡ ਬਾਰੇ ਸੁਪਰੀਮ ਕੋਰਟ ਦੇ ਫੈਸਲੇ ਨੇ ਤਾਂ ਸਾਰਾ ਕੁਝ ਨੰਗਾ ਕਰ ਦਿੱਤਾ ਹੈ। ਇੰਨਾ ਵੱਡਾ ਸਕੈਂਡਲ ਸ਼ਾਇਦ ਪਹਿਲਾਂ ਕਦੇ ਨਾ ਹੋਇਆ ਹੋਵੇ। ਜਾਰੀ ਕੀਤੇ ਅੰਕੜਿਆਂ ਮੁਤਾਬਕ ਸਭ ਤੋਂ ਵੱਧ ਫੰਡ ਵੀ ਭਾਜਪਾ ਨੂੰ ਹੀ ਮਿਲਿਆ ਹੈ। ਇਸ ਸਕੈਂਡਲ ਦੀ ਜਾਂਚ ਕੌਣ ਕਰੇਗਾ ਅਤੇ ਦੋਸ਼ੀਆਂ ਨੂੰ ਸਜਾ ਕੌਣ ਦੇਵੇਗਾ? ਇਹ ਸਵਾਲ ਦੇਸ਼ ਦੇ ਲੋਕਾਂ ਦੇ ਸਾਹਮਣੇ ਹੈ। ਕੋਵਿਡ-19 ਦੇ ਸਮੇਂ ਦੌਰਾਨ ਦੇਸ਼ ਦੀਆਂ ਸਿਹਤ ਸੇਵਾਵਾਂ ਦਾ ਜਲੂਸ ਨਿਕਲ ਗਿਆ। ਉਸ ਸਮੇਂ ਦੌਰਾਨ ਕੋਵਿਡ ਲਈ ਭਾਰਤ ਵਿਚ ਬਣਾਏ ਗਏ ਵੈਕਸੀਨ ਬਾਰੇ ਵੀ ਹੁਣ ਕਈ ਤਰ੍ਹਾਂ ਦੇ ਸ਼ੰਕੇ ਅਤੇ ਚਰਚਾਵਾਂ ਚੱਲ ਰਹੀਆਂ ਹਨ। ਪੈਟਰੋਲ, ਡੀਜ਼ਲ ਅਤੇ ਰਸੋਈ ਗੈਸ ਦੀਆਂ ਕੀਮਤਾਂ ਨੇ ਲੋਕਾਂ ਦਾ ਕਚੂਮਰ ਕੱਢ ਦਿੱਤਾ ਹੈ। ਨੈਸ਼ਨਲ ਹਾਈਵੇ ਬਣਾਉਣ ਲਈ ਸਰਕਾਰ ਆਪਣੀ ਜ਼ਿੰਮੇਵਾਰੀ ਤੋਂ ਭੱਜ ਗਈ ਹੈ। ਇਹ ਕੰਮ ਪ੍ਰਾਈਵੇਟ ਕੰਪਨੀਆਂ ਨੂੰ ਦੇ ਕੇ ਲੋਕਾਂ ਦੀਆਂ ਜੇਬਾਂ ਕੱਟਣ ਲਈ ਟੋਲ ਟੈਕਸ ਲਾਗੂ ਕਰ ਦਿੱਤਾ ਗਿਆ ਹੈ।

ਕਰੋੜਾਂ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੀ ਗੱਲ ਵੀ ਜੁਮਲਾ ਸਾਬਿਤ ਹੋਈ ਹੈ। ਬੇਰੁਜ਼ਗਾਰੀ ਤੋਂ ਸਤਾਏ ਉੱਚ ਯੋਗਤਾ ਪ੍ਰਾਪਤ ਨੌਜਵਾਨ ਜਿਨਾਂ ਵਿਚ ਡਾਕਟਰ, ਇੰਜੀਨੀਅਰ, ਪ੍ਰੋਫੈਸਰ, ਅਧਿਆਪਕ, ਵਕੀਲ ਆਦਿ ਸ਼ਾਮਿਲ ਹਨ, ਵਿਦੇਸ਼ਾਂ ਨੂੰ ਜਾ ਰਹੇ ਹਨ। ਦੇਸ਼ ਨੌਜਵਾਨ ਪੀੜੀ ਤੋਂ ਖਾਲੀ ਹੋ ਰਿਹਾ ਹੈ।

ਅੱਜ ਜਦ ਚੋਣਾਂ ਹੋ ਰਹੀਆਂ ਹਨ ਤਾਂ ਦੇਸ਼ ਦੀ ਮਾੜੀ ਅਵਸਥਾ ਸਭ ਦੇ ਸਾਹਮਣੇ ਹੈ। ਇਹ ਹੁਣ ਲੋਕਾਂ ਦੇ ਹੱਥ ਵਿਚ ਹੈ ਕਿ ਉਹ ਇਨ੍ਹਾਂ ਚੋਣਾਂ ਵਿਚ ਦੇਸ਼ ਦੀ ਵਾਗ-ਡੋਰ ਕਿੰਨਾ ਲੋਕਾਂ ਨੂੰ ਫੜਾਉਣਾ ਚਾਹੁੰਦੇ ਹਨ। ਜੇ ਇਸ ਇਲੈਕਸ਼ਨ ਵਿਚ ਲੋਕ ਧਰਮ ਅਧਾਰਤ ਸੌੜੀ ਸੋਚ ਅਧੀਨ ਵੋਟਾਂ ਪਾ ਗਏ ਤਾਂ ਦੇਸ਼ ਦੇ ਲੋਕਾਂ ਨੂੰ ਇਸ ਦਾ ਖਮਿਆਜਾ ਭੁਗਤਣਾ ਪਵੇਗਾ। ਵੋਟ ਧਰਮ ਜਾਂ ਜਾਤ ਦੇ ਹਿੱਤ ਵਿਚ ਨਹੀਂ ਦੇਸ਼ ਦੇ ਹਿੱਤ ਵਿਚ ਪਾਉਣ ਦੀ ਲੋੜ ਹੈ।

## ਗੀਤ

ਆਓ ਸੱਜਣੋ ਆਓ ਵੇਲੀਓ,
ਸੱਚੀਆਂ ਸੱਚ ਸੁਣਾਵਾਂ
ਚੋਰ ਤੇ ਚੋਰ ਹੈ ਹੁੰਦਾ ਆਖਿਰ,
ਕਿਸਮਾਂ ਮੈਂ ਗਿਣਾਵਾਂ
ਲਿਖ ਗਿਆ ਵਾਰਿਸ ਸ਼ਾਹ ਮੀਆਂ ਜੀ
ਆਦਤਾਂ ਕਦੇ ਨਾ ਜਾਵਣ
ਚੋਰਾਂ ਦੀਆਂ ਵੀ ਕਿਸਮਾਂ
ਚੋਰੀ ਤੋਂ ਬਾਜ ਨਾ ਆਵਣ
ਚੋਰਾਂ ਦੀਆਂ ਵੀ ਕਿਸਮਾਂ।

ਪਹਿਲੇ ਚੋਰ ਜੋ ਉੱਚ ਕੋਟੀ ਦੇ
ਹੱਥਾਂ ਵਿੱਚ ਬੜੀ ਸਫ਼ਾਈ
ਅੱਖ ਫਰੋਕੇ ਧਿਆਨ ਭਟਕਿਆ
ਐਧਰ ਚੀਜ਼ ਚੁਰਾਈ
ਭੀੜ ਭੜੱਕੇ ਅਕਸਰ ਹੁੰਦੇ
ਛਿਣਾ 'ਚ ਦਾਅ ਏਹ ਲਾਵਣ
ਚੋਰਾਂ ਦੀਆਂ ਵੀ ਕਿਸਮਾਂ
ਚੋਰੀ ਤੋਂ ਬਾਜ ਨਾ ਆਵਣ

ਦੂਜੇ ਚੋਰ ਜੋ ਰਾਤਾਂ ਹਨੇਰੀਆਂ
ਆਪਣੇ ਦਾਅ ਨੇ ਲਾਉਂਦੇ
ਪੋਲੇ ਪੈਰਾਂ ਵਾਲੇ ਏਹੋ
ਬਿੜਕ ਨਾ ਕੰਨੀਂ ਪਾਉਂਦੇ
ਅੱਧੀ ਰਾਤ ਪਹਿਰ ਦੇ ਤੜਕੇ
ਆਪਣਾ ਕਰਮ ਕਮਾਵਣ
ਚੋਰਾਂ —।

ਤੀਜੇ ਚੋਰ ਓਹ ਭੈਣ ਭਰਾ ਜੋ
ਰਿਸ਼ਤਿਆਂ ਨੂੰ ਦਾਗ਼ ਨੇ ਲਾਉਂਦੇ
ਨਾ.ਲ ਧੋਖਿਆਂ ਜਾਇਦਾਦਾਂ ਜੋ
ਚੋਰ ਨੇ ਜੋ ਹਥਿਆਉਂਦੇ
ਦੇਰ ਹੈ ਰੱਬ ਘਰ ਅੰਧੇਰ ਨਹੀਂ
ਓਹ ਆਪਣਾ ਕੀਤਾ ਪਾਵਣ
ਚੋਰਾਂ ਦੀਆਂ —।

ਚੌਥੇ ਚੋਰ ਜੋ ਦੇਸ਼ ਹੀ ਆਪਣੇ
ਸੰਨ੍ਹ ਖਜ਼ਾਨਿਆਂ ਲਾਉਂਦੇ
ਭ੍ਰਿਸ਼ਟ ਓਹ ਲੀਡਰ ਹਰਦੂ ਲਾਹਣਤ
ਦੇਸ਼ ਨੂੰ ਚੂਨਾ ਲਾਉਂਦੇ
ਜਨਤਾ ਦੇ ਜੋ ਟੈਕਸ ਦੇ ਪੈਸੇ
ਲੀਡਰ ਐਸ਼ ਉਡਾਵਣ
ਚੋਰਾਂ ਦੀਆਂ...।

ਬੋਦਲਾਂ ਦੇ ਸੁੱਖਵਿੰਦਰਾ ਚੋਰ ਜੋ
ਗੀਤ ਤੇ ਸਾਹਿਤ ਚਰਾਉਂਦੇ
ਮਾਂ ਬੋਲੀ ਪੰਜਾਬੀ ਨੂੰ ਓਹ
ਦਾਗ਼ ਨੇ ਸੱਜਣ ਲਾਉਂਦੇ
ਗਾਇਕ ਲੇਖਕ ਗੀਤਕਾਰ ਓਹ
ਬੇਸ਼ਰਮ ਓਹ ਚੋਰ ਕਹਾਵਣ
ਚੋਰਾਂ ਦੀਆਂ ਵੀ ਕਿਸਮਾਂ
ਚੋਰੀ ਤੋਂ ਬਾਜ ਨਾ ਆਵਣ।

***-ਸੁੱਖਵਿੰਦਰ ਬੋਦਲਾਂਵਾਲਾ***
***ਫੋਨ: 360-281-2624***

# ਮੁੱਦਾਹੀਣ ਚੋਣਾਂ, ਰਾਜਨੀਤਕ ਖਲਾਅ ਅਤੇ ਪੰਜਾਬ ਦੇ ਪ੍ਰਵਚਨ ਦਾ 'ਮਾਲੀ'

## ਖਿੰਡੇ ਹੋਏ ਸਿਆਸੀ ਬਿਰਤਾਂਤ ਦੇ ਮਾਹੌਲ ਵਿਚ ਪੰਜਾਬ ਚੋਣਾਂ

ਭਾਰਤ ਵਿਚ ਚੋਣਾਂ ਹੋ ਰਹੀਆਂ ਹਨ। ਸੱਤਾਧਾਰੀ ਧਿਰ ਇਹ ਚੋਣਾਂ ਗੈਰ ਸਿਆਸੀ ਮੁੱਦਿਆਂ ਤੇ ਕੇਂਦਰਿਤ ਹੋ ਕੇ ਲੜ ਰਹੀ ਹੈ। ਸਿਆਸੀ ਮੁੱਦਿਆਂ ਨੂੰ ਸਿਆਸਤ ਦੇ ਘੜਮੱਸ ਵਿਚ ਰੋਲਣ ਦੇ ਯਤਨ ਹੋ ਰਹੇ ਹਨ। ਕਾਂਗਰਸ ਪਾਰਟੀ ਨੇ ਆਪਣਾ ਚੋਣ ਮੈਨੀਫੈਸਟੋ ਜਾਰੀ ਕਰਕੇ ਰਾਹੁਲ ਗਾਂਧੀ ਦੀ ਅਗਵਾਈ ਹੇਠ ਦੇਸ਼ ਨੂੰ ਦਰਪੇਸ਼ ਅਹਿਮ ਮੁੱਦਿਆਂ ਨੂੰ ਚੋਣ ਸਿਆਸਤ ਦੇ ਕੇਂਦਰ ਵਿਚ ਲਿਆਉਣ ਦਾ ਯਤਨ ਕੀਤਾ ਹੈ। ਪਰ ਸੱਤਾਧਾਰੀ ਪਾਰਟੀ ਮੁੱਦਿਆਂ 'ਤੇ ਬਹਿਸ ਤੋਂ ਇੰਜ ਭੱਜ ਰਹੀ ਹੈ ਜਿਵੇਂ ਧੁਣਖੀਓਂ ਕਾਂ। ਬੀਜੇਪੀ ਇਨ੍ਹਾਂ ਚੋਣਾਂ ਵਿਚ ਠੋਸ ਸਿਆਸੀ ਬਿਰਤਾਂਤ ਘੜ੍ਹੇ ਬਗੈਰ ਹੀ ਉੱਤਰੀ ਜਾਪਦੀ ਹੈ। ਮੋਦੀ ਦੀ ਨਫਰਤੀ ਅਤੇ ਫਿਰਕੂ ਭਾਵਨਾਵਾਂ ਭੜਕਾਉਣ ਵਾਲੀ ਤਕਰੀਰਬਾਜ਼ੀ ਤੋਂ ਜਾਹਿਰ ਹੁੰਦਾ ਹੈ ਕਿ ਬੇਜੀਪੀ ਨੇ 2024 ਦੀਆਂ ਚੋਣਾਂ 'ਘੁਸਕੇ ਮਾਰੇਂਗੇ' ਦੇ

ਹਜਾਰਾ ਸਿੰਘ ਮਿਸੀਸਾਗਾ
ਫੋਨ: 647-685-5999

ਨਾਹਰੇ ਤੇ ਲੜਨੀਆਂ ਸਨ। ਹੁਣ ਤੱਕ ਬਾਹਰ ਆਈ ਜਾਣਕਾਰੀ ਅਨੁਸਾਰ ਇਹ ' ਘੁਸਕੇ ਮਾਰੇਂਗੇ' ਵਾਲੀ ਨੀਤੀ ਨੂੰ ਪਾਕਿਸਤਾਨ, ਕੈਨੇਡਾ ਅਤੇ ਅਮਰੀਕਾ ਤੱਕ ਫੈਲਾਉਣ ਦੀ ਯੋਜਨਾ ਸੀ। ਪਰ ਕੱਚੇ ਖਿਡਾਰੀ ਸਾਬਿਤ ਹੋਏ ਅਤੇ ਅਮਰੀਕਾ ਦੀਆਂ ਏਜੰਸੀਆਂ ਦੇ ਜਾਲ ਵਿਚ ਉਲਝ ਗਏ। 'ਘੁਸ ਕੇ ਮਾਰੇਂਗੇ' ਵਾਲੀ ਸਕੀਮ ਧਰੀ ਧਰਾਈ ਰਹਿ ਗਈ ਅਤੇ ਹਾਲਤ ਚੋਰ ਦੇ ਸੰਨ੍ਹ 'ਤੇ ਫੜੇ ਜਾਣ ਵਾਲੀ ਹੋ ਗਈ। ਚੋਣਾਂ ਜਿੱਤਣ ਲਈ ਬਣਾਈ ਸਕੀਮ ਸਿਰੇ ਨਾਂ ਚੜ੍ਹੀ ਅਤੇ ਨਵੀਂ ਘੜਨ ਦਾ ਨਾਂ ਹੌਸਲਾ ਰਿਹਾ ਨਾਂ ਸਮਾਂ। ਗੱਲ,

*'ਘਰੋਂ ਗਏ ਫਿਰੰਗੀ ਦੇ ਮਾਰਨੇ ਨੂੰ , ਬੇੜੇ ਤੋਪਾਂ ਦੇ ਸਭ ਖੁਹਾ ਆਏ।*


*ਛੇੜ ਆਫਤਾਂ ਨੂੰ ਮਗਰ ਲਾਇਆ ਈ, ਸਗੋਂ ਕੁੰਜੀਆਂ ਹੱਥ ਫੜਾ ਆਇ ।'* ਵਾਲੀ ਹੋ ਗਈ।

ਜ਼ਰਾ ਸੋਚੋ, ਜੇਕਰ ਸੋਚੀ ਸਕੀਮ ਅਨੁਸਾਰ ਭਾਰਤੀ ਮੀਡੀਏ ਦੇ ਯਤਨਾਂ ਨਾਲ ਮਸ਼ਹੂਰ ਕੀਤੇ ਗਏ ਖਾਲਿਸਤਾਨੀਆਂ ਵਿਚੋਂ ਅੱਠ ਦਸ ਨੂੰ ਅਮਰੀਕਾ, ਕੈਨੇਡਾ ਅਤੇ ਜਰਮਨੀ ਵਿਚ ਜੁਲਾਈ, 2023 ਤੱਕ ਕਤਲ ਕਰਵਾ ਦਿੱਤਾ ਜਾਂਦਾ ਤਾਂ ਮੋਦੀ ਦੇ 'ਘੁਸਕੇ ਮਾਰੇਂਗੇ' ਵਾਲੇ ਨਾਹਰੇ ਦਾ ਜਲਵਾ ਕਿਹੋ ਜਿਹਾ ਹੁੰਦਾ? ਮੇਰਾ ਖਿਆਲ ਹੈ ਕਿ ਜੇਕਰ ਭਾਰਤੀ ਏਜੰਸੀਆਂ ਵਿਦੇਸ਼ਾਂ ਵਿਚਲੇ ਖਾਲਿਸਤਾਨੀਆਂ ਨੂੰ ਨਿਸ਼ਾਨਾ ਬਣਾਉਣ ਵਿਚ ਕਾਮਯਾਬ ਹੋ ਜਾਂਦੇ ਤਾਂ ਇਹ ਚੋਣਾਂ ਅਕਤੂਬਰ 2023 ਵਿਚ ਹੀ ਹੋ ਜਾਣੀਆਂ ਸਨ। ਮੋਦੀ ਨੇ 'ਘੁਸਕੇ ਮਾਰੇਂਗੇ' ਵਾਲੇ ਬ੍ਰਹਮ ਅਸਤਰ ਨਾਲ ਉਂਝ ਹੀ ਚੋਣਾਂ ਜਿੱਤ ਲੈਣੀਆਂ ਸਨ, ਜਿਵੇਂ 2019 ਦੀਆਂ ਚੋਣਾਂ ਉਸਨੇ ਬਾਲਾਕੋਟ ਵਾਲੇ ਜੁਮਲੇ ਨਾਲ ਲੁਟ ਕੇ ਛਿੱਤਰ ਨਾਲ ਸਹਿਆ ਮਾਰਨ ਵਾਲੀ ਕਹਾਣੀ ਲੁਟ ਲਈ ਸੀ। ਪਰ ਗੱਲ, '*ਨਰ ਚਾਹਤ ਕੁਛ ਔਰ ਹੈ, ਅਉਰੇ ਕੀ ਅਉਰੇ ਭਈ*', ਵਾਲੀ ਹੋ ਗਈ।

ਸਿਆਸਤ ਨੂੰ ਸਿਆਸੀ ਮੁੱਦਿਆਂ ਤੋਂ ਹੀਣ ਕਰਨ ਵਾਲੀ ਕਵਾਇਦ ਬਾਕੀ ਮੁਲਕ ਦੇ ਨਾਲ ਨਾਲ ਪੰਜਾਬ ਵਿਚ ਵੀ ਬੜੇ ਲੰਮੇ ਸਮੇ ਤੋਂ ਚੱਲ ਰਹੀ ਹੈ। ਪੰਜਾਬ ਦੇ ਲੋਕ ਬਾਹਰੀ ਤੌਰ 'ਤੇ ਸਿਆਸਤ ਵਿਚ ਬੜਾ ਸਰਗਰਮ ਜਾਪਦੇ ਹਨ ਪਰ ਸਿਆਸੀ ਮੁੱਦਿਆਂ ਨੂੰ ਸਿਆਸਤ ਦੇ ਕੇਂਦਰ ਵਿਚ ਰੱਖਣ ਤੋਂ ਬਹੁਤ ਪਛੜ ਗਏ ਹਨ। ਸਿਆਸੀ ਸਮਝ ਦਾ ਪੱਧਰ ਬਹੁਤ ਨੀਵਾਂ ਹੈ। ਸਿਆਸੀ ਸਮਝ ਨਾਂ ਹੋਣ ਬਰਾਬਰ ਹੈ। ਸਿਆਸੀ ਪਾਰਟੀਆਂ ਨੀਤੀ ਆਧਾਰਿਤ ਸਿਆਸਤ ਦੀ ਥਾਂ ਲੋਕ ਲਭਾਊ ਨਾਹਰਿਆਂ ਅਤੇ ਸਕੀਮਾਂ 'ਤੇ ਆ ਗਈਆਂ ਹਨ। ਗੰਭੀਰ ਸਿਆਸੀ ਬਹਿਸ ਦੀ ਥਾਂ ਚੁਟਕਲੇ, ਹਲਕੀ ਦੂਸ਼ਣਬਾਜੀ ਜਾਂ ਮਾਅਰਕੇਬਾਜੀ ਸੁਣਨ ਨੂੰ ਮਿਲਦੀ ਹੈ। ਸਿਆਸੀ ਪਾਰਟੀਆਂ ਵਿਚਾਰਧਾਰਾਮੁਖੀ ਹੋਣ ਦੀ ਥਾਂ ਵਿਅਕਤੀ ਮੁਖੀ ਹੋ ਕੇ ਰਹਿ ਗਈਆਂ ਹਨ। ਕੁੱਲ ਮਿਲਾ ਕੇ ਸਥਿਤੀ ਇਹ ਹੈ ਕਿ ਪੰਜਾਬ ਦੇ ਸਿਆਸੀ ਘਮਸਾਣ ਵਿਚੋਂ ਮੁੱਦਿਆਂ ਤੇ ਕੀਤੀ ਜਾਣ ਵਾਲੀ ਸਿਆਸਤ ਗਾਇਬ ਹੈ। ਕਿਸੇ ਪਾਰਟੀ ਕੋਲ ਵੀ ਪੰਜਾਬ ਦਾ ਕੋਈ ਬੱਝਵਾਂ ਸਿਆਸੀ ਬਿਰਤਾਂਤ ਨਹੀਂ ਹੈ। ਖਿੰਡੇ ਹੋਏ ਸਿਆਸੀ ਬਿਰਤਾਂਤ ਦੇ ਮਾਹੌਲ ਵਿਚ ਨਾਹਰੇਬਾਜ਼ ਸਿਆਸਤ ਦੇ ਨਾਲ ਨਾਲ ਲੱਖਾ ਸਿਧਾਣਾ ਟਾਈਪ ਲਲਕਾਰੇ ਮਾਰੂ ਅਤੇ ਅਮ੍ਰਿਤਪਾਲ ਸਿੰਘ ਟਾਈਪ ਧੌਂਸਬਾਜ ਸਿਆਸਤ ਦਾ ਉਭਾਰ ਵੀ ਹੋ ਰਿਹਾ ਹੈ, ਜਿਨ੍ਹਾਂ ਦੀ ਨਾ ਕੋਈ ਜਿੰਮੇਵਾਰੀ ਹੈ ਨਾ ਜਵਾਬਦੇਹੀ। ਮੁੱਦਾਹੀਣ ਹੋ ਚੁੱਕੇ ਸਿਆਸੀ ਹਾਲਾਤਾਂ ਵਿਚ ਸੂਬਾ ਦਿਸ਼ਾਹੀਣ ਅਤੇ ਵੋਟਰ ਨਿਰਾਸ਼ ਹੋ ਰਹੇ ਹਨ। ਕੁੱਝ ਵੋਟਰ ਰੋਸ ਕਾਰਨ ਉਮੀਦਵਾਰਾਂ ਨੂੰ ਤਿੱਖੇ ਸਵਾਲ ਕਰ ਰਹੇ ਹਨ, ਕੁੱਝ ਉਦਾਸੀਨ ਹਨ ਅਤੇ ਕੁੱਝ, 'ਅੰਧ ਰਾਜਾ ਬੇਦਾਦ ਨਗਰੀ, ਝੂਠਾ ਦੇ ਦਿਲਾਸੜਾ ਮਾਰਿਆ ਈ', ਵਾਂਗ ਮਹਿਸੂਸ ਕਰ ਰਹੇ ਹਨ। ਚੁਫੇਰੇ ਕੂੜ ਅਮਾਵਸ ਪਸਰਣ ਵਾਲੀ ਹਾਲਤ ਬਣੀ ਹੋਈ ਹੈ। ਲਾਰੇਬਾਜ ਸਿਆਸਤ ਤੋਂ ਅੱਕੇ ਕੁੱਝ ਵੋਟਰ, '*ਅਸੀ ਆਪਣਾ ਸਮਝ ਕੇ ਵੋਟ ਪਾਈ, ਇਨ੍ਹਾਂ ਵੋਟ ਦਾ ਸਿਲ੍ਹਾ ਵੀ ਤਾਰਿਆ ਨਾਂ*' ਦੀ ਭਾਵਨਾ ਅਨੁਸਾਰ ਵੋਟ ਪਾਉਣ ਵਿਚ ਕੋਈ ਦਿਲਚਸਪੀ ਨਹੀ ਲੈ ਰਹੇ। ਚੋਣਾਂ ਦੇ ਪਹਿਲੇ ਪੜਾਵਾਂ ਵਿਚ ਪਈਆਂ ਘੱਟ ਵੋਟਾਂ ਇਸੇ ਦਾ ਹੀ ਪ੍ਰਗਟਾਵਾ ਹੈ। ਵੋਟਾਂ ਦਾ ਸਿਲ੍ਹਾ ਤਾਰਨ ਲਈ ਜੁਮਲੇਬਾਜ ਸਿਆਸਤ ਦੀ ਥਾਂ ਨੀਤੀ ਆਧਾਰਿਤ ਸਿਆਸਤ ਉਸਾਰਨ ਦੀ ਲੋੜ ਹੈ, ਜਿਸ ਵਿਚ ਨੈਤਿਕ ਜਿੰਮੇਵਾਰੀ ਅਤੇ ਜਵਾਬਦੇਹੀ ਦਾ ਅੰਸ਼ ਵੀ ਸ਼ਾਮਿਲ ਹੋਏ।

ਮੌਜੂਦਾ ਮਾਹੌਲ ਵਿਚ ਸਿਆਸੀ ਪਾਰਟੀਆਂ ਗੰਭੀਰਤਾ, ਨੈਤਿਕਤਾ, ਜਿੰਮੇਵਾਰੀ ਅਤੇ ਜਵਾਬਦੇਹੀ ਤੋਂ ਕਿਨਾਰਾ ਕਰ ਗਈਆਂ ਹਨ। ਕਾਰਨ? ਸਿਰ 'ਤੇ ਕੋਈ ਕੁੰਡਾ ਨਹੀ ਰਿਹਾ। ਸਿਆਸੀ ਪਾਰਟੀਆਂ ਨੂੰ ਜਵਾਬਦੇਹ ਬਣਾਉਣ ਲਈ ਵਿਰੋਧੀ ਸਿਆਸੀ ਧਿਰ, ਚੇਤੰਨ ਲੋਕ, ਬੁੱਧੀਜੀਵੀ ਅਤੇ ਤੰਦਰੁਸਤ, ਨਿਰਪੱਖ ਮੀਡੀਆ ਕੁੰਡੇ ਦਾ ਕੰਮ ਕਰਦੇ ਹਨ। ਐਸਾ ਕੁੰਡਾ ਨਾਂ ਹੋਣ ਦੀ ਸੂਰਤ ਵਿਚ, '*ਸਿਰ ਫੌਜ ਦੇ ਰਿਹਾ ਨਾਂ ਕੋਈ ਕੁੰਡਾ, ਹੋਇਆ ਸੁਤਰ ਜਿਉਂ ਬਾਝ ਮੁਹਾਰ ਮੀਆਂ*' ਵਾਲੀ ਗੱਲ ਹੋ ਜਾਣੀ ਸੁਭਾਵਿਕ ਹੈ। ਜਵਾਬਦੇਹੀ ਦੇ ਮਾਮਲੇ ਵਿਚ ਸਿਆਸੀ ਪਾਰਟੀਆਂ ਅਤੇ ਸਿਆਸਤ ਬੇਲਗਾਮ ਹਨ ।

ਪੰਜਾਬ ਦੀ ਉੱਖੜੀ ਸਿਆਸਤ ਨੂੰ ਸਿਆਸੀ ਅਤੇ ਸਿਧਾਂਤਕ ਗੁਣੀਏ ਵਿਚ ਰੱਖਣ ਲਈ ਭਾਵੇਂ ਵਿਰੋਧੀ ਧਿਰ, ਮੀਡੀਆ ਅਤੇ ਬੁੱਧੀਜੀਵੀ ਆਪਣਾ ਪ੍ਰਭਾਵ ਨਹੀਂ ਪਾ ਰਹੇ ਪਰ ਸਾਡੀ ਸੀਮਤ ਰਾਜਸੀ ਸੋਝੀ ਮੁਤਾਬਕ 'ਕੋਈ ਹਰਿ" ਬੂਟ ਰਹਿ" ਰੀ' ਅਨੁਸਾਰ ਕਦੀ ਕਦੀ ਬੇਲੋੜੀ, ਉਚੀ ਲੱਠਮਾਰ ਸੁਰ ਵਰਗੀਆਂ ਚੰਦ ਖਾਮੀਆਂ ਦੇ ਬਾਵਜੂਦ ਪੰਜਾਬ ਵਿਚ ਇੱਕ ਚੇਤੰਨ ਇਨਸਾਨ ਜ਼ਰੂਰ ਮੌਜੂਦ ਹੈ ਜੋ ਪੰਜਾਬੀਆਂ ਨੂੰ ਗਲਤ ਅਤੇ ਸਹੀ, ਸਿਧਾਂਤਕ ਅਤੇ ਗੈਰ ਸਿਧਾਂਤਕ ਸਿਆਸੀ ਘਟਨਾਕ੍ਰਮ ਦੇ ਫਰਕ ਬਾਰੇ ਲਗਾਤਾਰ ਦੱਸਦਾ ਆ ਰਿਹਾ ਹੈ। ਉਹ ਇਨਸਾਨ ਹੈ 'ਜਥੇਦਾਰ' ਮਾਲਵਿੰਦਰ ਸਿੰਘ ਮਾਲੀ। ਮਾਲੀ ਪਾਰਟੀਆਂ ਦੀ ਸਿਆਸਤ ਨੂੰ ਵਿਅਕਤੀਆਂ ਦੁਆਲੇ ਸੀਮਿਤ ਕਰਨ ਦੇ ਗੈਰਸਿਧਾਂਤਕ ਵਰਤਾਰੇ ਬਾਰੇ ਲਗਾਤਾਰ ਚੋਟ ਕਰਦਾ ਆ ਰਿਹਾ ਹੈ ਅਤੇ ਇਸ ਨਾਲ ਸੂਬੇ ਦੀ ਸਿਆਸਤ ਵਿਚ ਆ ਰਹੇ ਵਿਗਾੜਾਂ ਬਾਰੇ ਵੀ ਜਾਗਰੂਕ ਵੀ ਕਰਦਾ ਆ ਰਿਹਾ ਹੈ। ਮੁੱਦਿਆਂ ਤੋਂ ਉੱਖੜੀ ਸਿਆਸਤ ਨੂੰ ਮੁੱਦੇ ਆਧਾਰਿਤ ਲੀਹ ਤੇ ਪਾਉਣ ਲਈ ਉਹ ਸਿਆਸੀ ਬਹਿਸ ਦੀ ਵਿਸਾਰ ਦਿੱਤੀ ਗਈ ਪਿਰਤ ਨੂੰ ਮੁੜ ਬਹਾਲ ਕਰਨ 'ਤੇ ਜ਼ੋਰ ਦਿੰਦਾ ਹੈ। ਵਿਚਾਰ ਵਟਾਂਦਰੇ ਰਾਹੀਂ ਮਸਲਿਆਂ ਨੂੰ ਸਮਝਣ ਅਤੇ ਨਿਖਾਰਨ ਤੋਂ ਆਕੀ ਹੋ ਚੁੱਕੇ ਪੰਜਾਬੀਆਂ ਨੂੰ ਜਦ ਮਾਲੀ ਇਹ ਕਹਿੰਦਾ ਹੈ ਕਿ



ਮੁੱਦੇ 'ਤੇ ਬੋਲੋ, ਭਾਵੇਂ ਹੱਕ ਵਿਚ ਭਾਵੇਂ ਵਿਰੋਧ ਵਿਚ, ਤਾਂ ਸੰਕੇਤ ਮਿਲਦਾ ਹੈ ਪੰਜਾਬੀ ਲੋਕ ਬੌਧਿਕ ਤੌਰ 'ਤੇ ਕਿੰਨੇ ਪਛੜ ਗਏ ਹਨ। ਸਿਆਸੀ ਪਾਰਟੀਆਂ ਤੋਂ ਬਿਨਾਂ ਲੱਖਾ ਸਿਧਾਣਾ ਅਤੇ ਅਮ੍ਰਿਤਪਾਲ ਸਟਾਈਲ ਆਪਹੁਦਰੀ ਸਿਆਸਤ ਦੇ ਅਲੰਬਰਦਾਰਾਂ ਦੀ ਮਾਅਰਕੇਬਾਜੀ ਦਾ ਪੋਲ ਖੋਲਣ ਲਈ ਸਿਧਾਂਤਕ ਸੂਝ-ਬੂਝ ਤੋਂ ਬਿਨਾਂ ਹੌਸਲਾ ਅਤੇ ਦਲੇਰੀ ਵੀ ਚਾਹੀਦੀ ਹੈ। ਇਨ੍ਹਾਂ ਦੋਨਾਂ ਵਿਅਕਤੀਆਂ ਦੀ ਸਿਆਸਤ ਵਿਚਲੀ ਸਿਧਾਂਤਕ ਕਾਣ 'ਤੇ ਉਂਗਲ ਧਰਨ ਲਈ ਮੌਕੇ ਸਿਰ ਮਾਲੀ ਦਾ ਪਾਇਆ ਯੋਗਦਾਨ ਉਪਯੋਗੀ ਹੈ। ਪੰਜਾਬੀਆਂ ਵੱਲੋਂ ਸਿਆਸੀ ਮੁੱਦਿਆਂ ਨੂੰ ਭੁੱਲ ਕੇ ਵਿਅਕਤੀਆਂ ਦੁਆਲੇ ਝੁਰਮਟ ਪਾਉਣ ਦੀ ਬਿਰਤੀ ਚੰਗੀ ਨਹੀ, ਮਾਲੀ ਪੰਜਾਬੀਆਂ ਨੂੰ ਇਸਤੋਂ ਖਹਿੜਾ ਛੁਡਾਉਣ ਲਈ ਅਣਥੱਕ ਮਿਸ਼ਨਰੀ ਵਾਂਗ ਲਗਾਤਾਰ ਅਪੀਲਾਂ ਕਰਦਾ ਆ ਰਿਹਾ ਹੈ।

ਕਈ ਵਰਤਾਰਿਆਂ ਨੂੰ ਸੌਖੇ ਸਮਝਣ ਲਈ ਯੋਗ ਸ਼ਬਦਾਂ ਦੀ ਵੀ ਬੜੀ ਅਹਿਮੀਅਤ ਹੁੰਦੀ ਹੈ। ਮਾਲੀ ਨੇ ਇਸ ਖੇਤਰ ਵਿਚ ਯੋਗ ਸ਼ਬਦ ਘੜਨ ਵਿਚ ਵੀ ਸਰਾਹਨਾ ਯੋਗ ਹਿੱਸਾ ਪਾਇਆ ਹੈ। ਮਾਲੀ ਨੇ ਕਿਸਾਨ ਸੰਘਰਸ਼ ਵਿਚ ਖਲਲ ਪਾਉਣ ਵਾਲੇ ਲੋਕਾਂ ਲਈ, ਖੌਰੂਪਾਊ ਅਤੇ ਭੜਕਾਊ ਯੰਤਰ, ਐਲਾਨ ਤੇ ਐਲਾਨ ਕਰਨ ਵਾਲੇ ਭਗਵੰਤ ਮਾਨ ਲਈ ਐਲਾਨਵੰਤ ਅਤੇ ਕੇਜਰੀਵਾਲ ਦੇ ਵੱਡੇ ਸਿਆਸੀ ਦਾਅਵਿਆਂ, ਹਮਨੇ ਯੇਹ ਭੀ ਕਰ ਦੀਆ, ਯੇਹ ਭੀ ਕਰ ਦੀਆ, ਜੋ ਅਸਲ ਵਿਚ ਕਦੇ ਪੂਰੇ ਨਹੀ ਹੋਏ, ਲਈ ਛਲੇਡਾ ਸਿਆਸਤ ਵਰਗੇ ਸ਼ਬਦ ਘੜ ਕੇ ਇਨ੍ਹਾਂ ਵਰਤਾਰਿਆਂ ਨੂੰ ਸ਼ਬਦਾਂ ਵਿਚ ਉਤਾਰਨ ਲਈ ਸੌਖ ਪੈਦਾ ਕਰ ਦਿੱਤੀ ਹੈ।

ਪੰਜਾਬ ਦੀ ਸਿਆਸਤ ਵਿਚ ਜਜ਼ਬਾਤ ਨੂੰ ਹਵਾ ਦੇਣ ਵਾਲੇ ਮਾਹਰ ਵੀ ਕਈ ਗੱਲਾਂ ਸਪੱਸ਼ਟ ਨਹੀ ਹੋਣ ਦਿੰਦੇ। ਉਹ ਮੌਕੇ ਅਨੁਸਾਰ ਜਿਹੋ ਜਿਹੀ ਹਵਾ ਹੋਏ, ਉਥੇ ਹੀ ਪੱਖਾ ਲੈ ਕੇ ਬੈਠ ਜਾਂਦੇ ਹਨ। ਪੰਜਾਬ ਦੇ ਸੰਦਰਭ ਵਿਚ ਸ. ਅਜਮੇਰ ਸਿੰਘ ਅਤੇ ਸ. ਕਰਮਜੀਤ ਸਿੰਘ ਪੱਤਰਕਾਰ ਐਸੇ ਕੰਮ ਵਿਚ ਨਿਪੁੰਨ ਹਨ। ਇਸ ਪ੍ਰਥਾਇ ਪੱਤਰਕਾਰ ਕਰਮਜੀਤ ਸਿੰਘ ਦਾ 'ਪੰਜਾਬ ਟਾਈਮਜ਼' ਦੇ 4 ਮਈ ਵਾਲੇ ਅੰਕ ਵਿਚ 'ਹਨੇਰੀ ਵਗਣ ਹੀ ਵਾਲੀ ਹੈ' ਵਾਲਾ 'ਹੋਕਰਾ' ਵੇਖਿਆ ਜਾ ਸਕਦਾ ਹੈ। ਪੱਤਰਕਾਰ ਦਾ ਖਿਆਲ ਹੈ, ਕਿ ਜੇਕਰ ਭਾਈ ਸਾਹਿਬ ਦੇ ਨਾਲ-ਨਾਲ ਸੰਗਰੂਰ ਤੋਂ ਸਿਮਰਨਜੀਤ ਸਿੰਘ ਮਾਨ ਅਤੇ ਬਠਿੰਡੇ ਤੋਂ ਲੱਖਾ ਸਿਧਾਣਾ ਦੇ ਹੱਕ ਵਿਚ ਜੋਰਦਾਰ ਹਨੇਰੀ ਲਿਆਂਦੀ ਜਾਵੇ ਤਾਂ ਪੰਜਾਬ ਅੰਦਰ ਇਕ ਨਵਾਂ-ਨਕੋਰ ਰਾਜਸੀ ਪੈਟਰਨ, ਨਵਾਂ ਨਕਸ਼ਾ,




ਨਵੀਂ ਨੁਹਾਰ ਤੇ ਇਕ ਨਵਾਂ ਹੀ ਜਲਵਾ ਉਭਰ ਕੇ ਸਾਹਮਣੇ ਆ ਸਕਦਾ ਹੈ।' ਇਸੇ ਤਰ੍ਹਾਂ ਸਿੱਖ ਚਿੰਤਕ ਅਜਮੇਰ ਸਿੰਘ ਨੇ ਵੀ ਅੰਮ੍ਰਿਤਪਾਲ ਸਿੰਘ ਵਲੋਂ ਚੋਣ ਲੜਨ ਬਾਰੇ 'ਸਿਧਾਂਤਕ ਨਜ਼ਰੀਆ' ਤੇ 'ਪੰਜਾਬ ਦਾ ਚੋਣ ਦੰਗਲ: ਸਾਰੀਆਂ ਨਿਗਾਹਾਂ ਖਡੂਰ ਸਾਹਿਬ ਤੇ ਸੰਗਰੂਰ ਵਲ' ਸਿਰਲੇਖਾਂ ਹੇਠ ਕਈ ਬੜੇ ਹੀ ਦਿਲਚਸਪ ਪ੍ਰਵਚਨ ਯੂ-ਟਿਊਬ ਉਪਰ ਪਾਏ ਹਨ। ਉਸਨੇ ਕਰਮਜੀਤ ਸਿੰਘ ਤੋਂ ਜਰਾ ਕੁ ਹਟਵਾਂ ਆਪਣਾ ਉਹੋ ਪੁਰਾਣਾ ਘਸਿਆ-ਪਿਟਿਆ ਘਰਾਟ ਰਾਗ ਅਲਾਪਿਆ ਹੋਇਆ ਹੈ ਤੇ ਚੋਣਾਂ ਨਾਲ ਕੁਝ ਵੀ ਸੰਵਰਨ ਵਾਲਾ ਨਹੀਂ ਹੈ। ਦੀਪ ਸਿੱਧੂ ਦੀ ਸਿਆਸਤ ਬਾਰੇ ਦਰਜਨਾਂ ਪ੍ਰਵਚਨਾਂ 'ਤੇ 'ਕੀ ਹੈ ਚਮਕੀਲੇ ਦੇ ਕਤਲ ਦੀ ਅਸਲ ਕਹਾਣੀ' ਸਿਰਲੇਖ ਹੇਠਲੀਆਂ ਵੀਡੀਓਜ਼ ਵਿਚ ਵੀ ਅਜਮੇਰ ਸਿੰਘ ਦੀ ਇਲਹਾਮੀ ਸੁਰ ਨਮਾਇਆ ਰੂਪ ਸਪਸ਼ਟ ਨਜ਼ਰ ਆਉਂਦੀ ਹੈ। ਮਾਲੀ ਨੇ ਭੜਕਾਊ ਸਿਆਸਤ ਦੇ ਚੈਂਪੀਅਨ ਸੱਜਣਾਂ ਲਈ ਸ਼ਬਦ 'ਵਰੋਲਾ ਸਿਆਸਤ' ਦੇ ਨਾਲ ਚੱਲਣ ਵਾਲੇ ਵਰਤ ਕੇ ਸਾਰੀ ਵਿਆਖਿਆ ਹੀ ਸਮੇਟ ਦਿੱਤੀ ਹੋਈ ਹੈ। ਹਰ ਰੌਲੇ ਵਿਚੋਂ ਹੀ ਪੰਜਾਬ ਵਿਚ ਅਠਾਹਰਵੀਂ ਸਦੀ ਦੇ ਸਿੱਖਾਂ ਵਾਲਾ ਜਲੌਅ ਦੇਖਣ ਲਈ ਉਤਾਵਲੇ ਸ. ਕਰਮਜੀਤ ਸਿੰਘ ਅਤੇ ਸ. ਅਜਮੇਰ ਸਿੰਘ ਬਾਰੇ ਮਾਲੀ ਨੇ ਜਿਸ ਦੀਦਾ ਦਲੇਰੀ ਨਾਲ ਤਸਵੀਰ ਦਾ ਦੂਸਰਾ ਪੱਖ ਦੱਸਿਆ ਹੈ, ਉਹ ਵੀ ਸਮਕਾਲੀ ਇਤਿਹਾਸ ਦੀ ਅਮੁੱਲ ਤਵਾਰੀਖੀ ਸੇਵਾ ਹੈ।

ਪੰਜਾਬ ਵਿਚਲੀ ਅਜੋਕੀ ਵਿਚਾਰਧਾਰਕ ਸਿਆਸੀ ਗੰਧਲ ਚੌਧ ਨੂੰ ਸਪੱਸ਼ਟ ਕਰਨ ਦੇ ਯਤਨ ਵਜੋਂ ਮਾਲੀ ਕਈ ਨਵੇਂ ਚੈਨਲਾਂ ਵਾਸਤੇ ਕਿਹਾ ਜਾ ਸਕਦਾ ਹੈ ਕਿ ਇਹ ਇਕ ਤਰ੍ਹਾਂ ਦਾ ਰੁਜ਼ਗਾਰ ਵੀ ਹੈ। ਖੁਦ ਉਸਨੇ ਸਾਲ 1972 ਦੇ ਚਰਚਿਤ ਮੋਗਾ ਗੋਲੀ ਕਾਂਡ ਤੋਂ ਲੈ ਕੇ ਪਿਛਲੀ ਅੱਧੀ ਸਦੀ ਤੋਂ ਵੀ ਵੱਧ ਸਮੇਂ ਤਕ ਫੈਲੇ ਆਪਣੇ ਸਾਰੇ ਰਾਜਸੀ ਜੀਵਨ ਦੌਰਾਨ ਆਪਣੇ ਨਿਜੀ ਲਾਭ ਲਈ ਕਿਸੇ ਤੋਂ ਕਾਣੀ ਕੌਡੀ ਦਾ ਵੀ ਦਵਾਲ ਨਹੀਂ ਹੈ। ਅਜੇ ਮਹੀਨਾ-ਡੇਢ ਮਹੀਨਾ ਪਹਿਲਾਂ ਹੀ ਆਪਣੀ ਫੈਸਬੁਕ ਪੋਸਟ ਉਪਰ ਉਸ ਵਲੋਂ ਪਾਇਆ ਉਸਦਾ ਬੇਬਾਕ 'ਕਬੂਲਨਾਮਾ' ਵਿਸ਼ੇਸ਼ ਤੌਰ 'ਤੇ ਪੜ੍ਹਨਯੋਗ ਹੈ: ਉਸਨੇ ਚੜ੍ਹਦੀ ਉਮਰੇ ਇਨਕਲਾਬੀ ਉਮਾਹ ਦੇ ਵਰ੍ਹਿਆਂ ਦੌਰਾਨ 5-7 ਥਾਵਾਂ ;ਤੇ ਦਲੇਰਾਨਾ 'ਕਬੱਡੀਆਂ' ਵੀ ਪਾਈਆਂ ਅਤੇ 'ਇਨਾਮ' ਵਜੋਂ ਤਿਲ-ਫੁਲ ਜੋ ਹੱਥ ਲਗਿਆ, ਆਪਣੇ ਉਸ ਸਮੇਂ ਦੇ ਰਾਜਨੀਤਕ ਰਹਿਬਰ ਅਜਮੇਰ ਸਿੰਘ ਦੇ ਚਰਨਾਂ ਅੰਦਰ ਜਾ ਧਰਿਆ। ਮਾਲੀ ਦਾ ਕਿਸਮਤ ਨਾਲ ਹੀ ਬਚਾਅ ਹੋ ਜਾਂਦਾ ਰਿਹਾ। ਵੇਲੇ ਸਿਰ ਹੀ ਉਸ ਇਸ ਰਾਹ ਤੋਂ ਕਿਨਾਰਾ ਕਰ ਲਿਆ ਅਤੇ ਪੰਜਾਬੀਆਂ ਵਾਸਤੇ ਚੰਗੀ ਗੱਲ ਹੈ ਕਿ ਸਿੱਟੇ ਵਜੋਂ ਅੱਜ ਉਨ੍ਹਾਂ ਨੂੰ ਮਾਲੀ ਦੇ ਰੂਪ ਵਿਚ ਪੁਰਾਣੀਆਂ ਲਹਿਰਾਂ, ਘਟਨਾਵਾਂ ਅਤੇ ਵਰਤਾਰਿਆਂ ਦੀ ਜਾਣਕਾਰੀ ਦੇਣ ਵਾਲਾ ਬੇਬਾਕ ਅਤੇ ਨਿਰਸਵਾਰਥ ਵਿਅਕਤੀ ਮਿਲਿਆ ਹੋਇਆ ਹੈ। ਮਾਲੀ ਦੇ ਵਿਸ਼ਲੇਸ਼ਣਾਂ, ਟਿੱਪਣੀਆਂ ਅਤੇ ਵਾਰਤਾਲਾਪਾਂ ਦੀ ਵਿਸੇਸ਼ ਗੱਲ ਇਹ ਹੈ ਉਹ ਵਿਅਕਤੀ ਨਾਲੋਂ ਮੁੱਦੇ ਨੂੰ ਅਹਿਮੀਅਤ ਦੇਣ ਦੀ ਗੱਲ ਕਰਦਾ ਹੈ, ਵਿਰੋਧੀ ਵਿਚਾਰਾਂ ਵਾਲਿਆਂ ਦੇ ਹੱਕ ਕੁਚਲੇ ਜਾਣ ਦਾ ਸਿਧਾਂਤਕ ਵਿਰੋਧ ਕਰਦਾ ਹੈ ਅਤੇ ਕਿਸੇ 'ਤੇ ਵੀ ਹੋਣ ਵਾਲੇ ਸਰਕਾਰੀ ਜ਼ਬਰ ਦੀ ਨਾਂ ਖੁਸ਼ੀ ਮਨਾਉਂਦਾ ਹੈ ਅਤੇ ਨਾਂ ਹਮਾਇਤ ਕਰਦਾ ਹੈ। ਵਾਰਿਸ ਸ਼ਾਹ ਨੇ ਸਾਇਦ ਮਾਲੀ ਵਰਗੇ ਹੀ ਕਿਸੇ ਬੰਦੇ ਬਾਰੇ ਲਿਖਿਆ ਹੋਵੇਗਾ, '*ਵਾਰਿਸ ਵਿਚ ਪਰ੍ਹੇ ਦੇ ਖਰੀ ਗੱਲ ਕਰਦਾ, ਲਾਈ ਖੋਜੀ ਅਤੇ ਨਿਆਉਂ ਵਕੀਲ ਹੈ ਜੀ।*' ਇੰਜ ਜਾਪਦਾ ਹੈ ਕਿ ਜਿਵੇਂ ਮਾਲੀ ਨੇ ਵਿਚਾਰ ਦੇ ਤਲ ਤੇ ਪੰਜਾਬੀਆਂ ਦੇ ਮੋਰਚੇ ਦਾ ਇੱਕ ਪਾਸਾ ਸਾਂਭਿਆ ਹੋਇਆ ਹੋਵੇ। ਜਿਵੇਂ ਦਿੱਲੀ ਦੀਆਂ ਬਰੂਹਾਂ 'ਤੇ ਚੱਲੇ ਇਤਿਹਾਸਕ ਕਿਸਾਨ ਅੰਦੋਲਨ ਦੇ ਸਾਰੇ ਸਮੇਂ ਦੌਰਾਨ ਉਸ ਨੇ ਨੰਗੇ ਧੜ ਇਸ ਸਾਰੀ ਮੁਹਿੰਮ ਦੇ ਵਿਚਾਰਧਾਰਕ ਬਿਰਤਾਂਤੀ ਬਾਗ ਦੇ ਮਾਲੀ ਦਾ ਰੋਲ ਸਾਂਭੀ ਰਖਿਆ ਹੈ। ਕਿਸਾਨ ਅੰਦੋਲਨ ਦੇ ਸਮੇਂ ਵਾਂਗ ਹੀ ਸਿਆਸਤ ਵਿਚਲੀ ਸਿਧਾਂਤਕ ਕਾਣ ਕੱਢਣ ਲਈ ਪੰਜਾਬ ਨੂੰ ਸ. ਮਲਵਿੰਦਰ ਸਿੰਘ ਵਰਗੇ ਕਈ ਮਾਲੀਆਂ ਦੀ ਲੋੜ ਹੈ।

ਮੌਜੂਦਾ ਚੋਣਾਂ ਦੌਰਾਨ ਡਾ. ਧਰਮਵੀਰ ਗਾਂਧੀ ਦਾ ਕਾਂਗਰਸ ਵੱਲੋਂ ਚੋਣ ਲੜਨਾ ਬਿਲਕੁਲ ਠੀਕ ਜਾਪਦਾ ਹੈ। ਫਾਸੀਵਾਦ ਦੇ ਉਭਾਰ ਨੂੰ ਰੋਕਣ ਅਤੇ ਸਿਆਸੀ ਮੁੱਦਿਆਂ ਨੂੰ ਸਿਆਸਤ ਦੇ ਕੇਂਦਰ ਵਿਚ ਲਿਆਉਣ ਲਈ ਕਾਂਗਰਸ ਪਾਰਟੀ ਦੇ ਯਤਨ ਠੀਕ ਦਿਸ਼ਾ ਵਿਚ ਪੁੱਟੇ ਚੰਗੇ ਕਦਮ ਹਨ। ਬਲਵਿੰਦਰ ਸਿੰਘ ਸੇਖੋਂ ਅਤੇ ਅਮ੍ਰਿਤਪਾਲ ਜੇਕਰ ਚੋਣਾਂ ਵਿਚ ਤਿਆਰੀ ਦੀ ਕੋਈ ਅਹਿਮੀਅਤ ਸਮਝਦੇ ਹੁੰਦੇ ਤਾਂ ਲੋਕ ਸਭਾ ਦੀਆਂ ਚੋਣਾਂ ਵਿਚ ਕੁੱਦਣ ਦੀ ਬਜਾਇ 2027 ਦੀਆਂ ਵਿਧਾਨ ਸਭਾ ਦੀਆਂ ਚੋਣਾਂ ਦੀ ਤਿਆਰੀ ਕਰਦੇ ਤਾਂ ਬਿਹਤਰ ਹੋਣਾ ਸੀ। ਅਮ੍ਰਿਤਪਾਲ ਦੇ ਹਮਾਇਤੀਆਂ ਦਾ ਚੋਣ ਜਿਤਾ ਕੇ ਜੇਲੋਂ ਬੰਦਾ ਛੁਡਾਉਣ ਦਾ ਫੁਰਨਾ ਕਿੰਨਾ ਗੈਰ ਸਿਆਸੀ ਅਤੇ ਕਿੰਨਾ ਗੈਰ ਸਿਧਾਂਤਕ ਹੈ, ਇਹ ਵਿਚਾਰਨ ਦਾ ਵਕਤ ਕਿਸ ਕੋਲ ਹੈ? ਜਿਨ੍ਹਾਂ ਦੇ ਹਾਲਾਤ ਸਦਾ ਹੀ, '*ਸ਼ਾਹ ਮੁਹੰਮਦਾ ਵਰਜ ਨਾਂ ਜਾਂਦਿਆਂ ਨੂੰ, ਜੁੱਟੇ ਸੂਰਮੇ ਆਖ ਤੂੰ ਕਦੋਂ ਮੁੜਦੇ*' ਵਾਲੇ ਰਹੇ ਹਨ।

ਅਫਸੋਸ ਇਸ ਗੱਲ ਦਾ ਹੈ ਕਿ ਮਾਲੀ ਦੀਆਂ ਸਭ ਕੋਸ਼ਿਸ਼ਾਂ ਦੇ ਬਾਵਜੂਦ ਇਨ੍ਹਾਂ ਚੋਣਾਂ ਵਿਚ ਪੰਜਾਬ ਕੇਂਦਰਿਤ ਸਿਆਸੀ ਬਿਰਤਾਂਤ ਬੱਝਦਾ ਨਜ਼ਰ ਨਹੀ ਆਉਂਦਾ। ਸਿਮਰਨਜੀਤ ਦੇ ਖਾਲਿਸਤਾਨੀ ਡੰਡੇ ਅਤੇ ਬਾਦਲਾਂ ਦੀ ਨਿੱਜ ਪ੍ਰਸਤੀ ਪਰਿਵਾਰਵਾਦੀ ਸਿਆਸਤ ਨੇ ਪੰਥਕ ਸਿਆਸਤ ਦਾ ਪਿੜ ਖਾਲੀ ਕੀਤਾ ਹੋਇਆ ਹੈ। ਦੇਸ਼ ਦੇ ਹਾਲਾਤਾਂ ਅਨੁਸਾਰ ਫਿਰਕੂ, ਨਫਰਤੀ ਅਤੇ ਫਾਸੀਵਾਦੀ ਸਿਆਸਤ ਹਾਰਨੀ ਚਾਹੀਦੀ ਹੈ। ਇਹ ਹੁਣ ਸਭ ਵੋਟਰਾਂ ਦੇ ਹੱਥ ਹੈ।

# ਕੁੱਤਿਆਂ ਦਾ ਕਹਿਰ



ਹਰਦੀਪ ਸਿੰਘ ਸੋਢੀ
ਫੋਨ: 480-794-0325

ਇਸ ਵੇਲੇ ਭਾਰਤ ਦੇ ਕਾਫ਼ੀ ਸੂਬਿਆਂ ਵਿਚ ਅਵਾਰਾ ਪਸ਼ੂਆਂ ਅਤੇ ਅਵਾਰਾ ਕੁੱਤਿਆਂ ਦਾ ਆਤੰਕ ਚੱਲ ਰਿਹਾ ਹੈ ਵਿਸੇਸ਼ ਕਰਕੇ ਅਵਾਰਾ ਕੁੱਤਿਆਂ ਦੀ ਭਾਰੀ ਦਹਿਸ਼ਤ ਅਤੇ ਖ਼ੌਫ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਕਾਰਨ ਦੇਸ਼ ਵਿਚ ਸੈਂਕੜੇ ਕੀਮਤੀ ਜਾਨਾਂ ਰੋਜ਼ਾਨਾ ਅਜਾਈਂ ਮੌਤੇ ਖਤਮ ਹੋ ਰਹੀਆਂ ਹਨ ਅਤੇ ਸਰਕਾਰਾਂ ਕੁੰਭਕਰਨੀ ਨੀਂਦ ਸੁੱਤੀਆਂ ਪਈਆਂ ਹਨ। ਆਮ ਅਵਾਮ ਵਿਚੋਂ ਖ਼ੁਦਦਾਰੀ ਖੰਭ ਲਾ ਕੇ ਉੱਡ ਗਈ ਹੈ ਜਾਂ ਉੱਡ ਰਹੀ ਹੈ ਜੋ ਖੁਦ ਖੂੰਖਾਰ ਅਵਾਰਾ ਕੁੱਤਿਆਂ ਤੋਂ ਆਪਣੀ ਰਾਖੀ ਨਹੀਂ ਕਰ ਸਕਦੇ, ਬਹੁਤ ਦੁਖਦਾਈ ਹੈ। ਘਟਨਾਵਾਂ ਤਾਂ ਰੋਜ਼ਾਨਾ ਪੜ੍ਹਨ ਸੁਣਨ ਨੂੰ ਮਿਲਦੀਆਂ ਹਨ ਪਰ ਇਸ ਦੁਖਦਾਈ ਖ਼ਬਰ ਨੇ ਬਹੁਤ ਮਨ ਦੁਖੀ ਕੀਤਾ। ਅਜੇ ਦੋ-ਚਾਰ ਦਿਨ ਦੀ ਹੀ ਖ਼ਬਰ ਹੈ ਕਿ ਪੰਜਾਬ ਦੇ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਵਿਚ ਅਵਾਰਾ ਕੁੱਤਿਆਂ ਨੇ ਇੱਕ ਪੱਚੀ ਸਾਲ ਦੀ ਮੁਟਿਆਰ (ਦੋ ਬੱਚਿਆਂ ਦੀ ਮਾਂ) ਹਰਜੀਤ ਕੌਰ ਨੂੰ ਨੋਚ ਨੋਚ ਕੇ ਖਤਮ ਕਰ ਦਿੱਤਾ, ਜਿਸ ਦਾ ਪਤੀ ਜੋ ਕਿ ਦੇਸ਼ ਦੀ ਸਰਹੱਦ ਉਤੇ ਦੇਸ਼ ਦੀ ਆਨ-ਬਾਨ ਅਤੇ ਸ਼ਾਨ ਵਾਸਤੇ ਬੀ ਐਸ ਐਫ ਵਿਚ ਡਿਊਟੀ ਕਰ ਰਿਹਾ ਹੈ, ਸੁਣ ਕੇ ਮਨ ਡਾਢਾ ਖਰਾਬ ਹੋਇਆ ਕਿ ਉਸ ਫੌਜੀ ਨੌਜਵਾਨ ਅਤੇ ਦੋ ਮਾਸੂਮ ਬੱਚਿਆਂ ਨੂੰ ਕਿੰਨੀ ਵੱਡੀ ਸਜ਼ਾ ਮਿਲ ਗਈ। ਅੱਜ ਤੱਕ ਬਹੁਤੇ ਕੇਸਾਂ ਵਿਚ ਇਨ੍ਹਾਂ ਖ਼ੂੰਖਾਰ ਕੁੱਤਿਆਂ ਦਾ ਸ਼ਿਕਾਰ ਬੱਚੇ ਜਾਂ ਬੁੱਢੇ ਹੁੰਦੇ ਸਨ ਪਰ ਅੱਜ ਇੱਕ ਨੌਜਵਾਨ ਔਰਤ ਨੂੰ ਕੋਹ ਕੋਹ ਕੇ ਮਾਰਨਾ ਖਤਰੇ ਦੀ ਘੰਟੀ ਹੈ। ਸਰਕਾਰ ਜਾਂ ਪ੍ਰਸ਼ਾਸਨ ਦੇ ਮੂੰਹੋਂ ਉਫ ਨਹੀਂ ਨਿਕਲਿਆ। ਜਿਨ੍ਹਾਂ ਪੰਜਾਬੀਆਂ ਨੇ ਕਦੇ ਗਜ਼ਨੀ, ਅਬਦਾਲੀ, ਸਿਕੰਦਰ, ਅਫ਼ਗਾਨਿਸਤਾਨ ਦੇ ਲੁਟੇਰਿਆਂ ਨੂੰ ਧੂੜ ਚਟਾ ਦਿੱਤੀ ਸੀ ਅੱਜ ਉਨ੍ਹਾਂ ਦੇ ਪਰਿਵਾਰ ਅਵਾਰਾ ਕੁੱਤਿਆਂ ਹੱਥੋਂ ਮਾਰੇ ਜਾ ਰਹੇ ਹਨ ਤਾਂ ਸੁਭਾਵਿਕ ਸਵਾਲ ਉਠਦਾ ਹੈ ਕਿ ਕਿੱਥੇ ਹਨ ਸਾਡੇ ਪੁਰਖਿਆਂ ਦੇ ਬਹਾਦਰੀ ਦੇ ਕਿੱਸੇ? ਜ਼ਿੰਦਗੀ ਵਿਚ ਬਹੁਤ ਦੁੱਖ ਸੁੱਖ ਆਉਂਦੇ ਹਨ ਪਰ ਕੁੱਤਿਆਂ ਵਲੋਂ ਨੋਚੇ ਜਾਣ ਤੋਂ ਵੱਧ ਦੁਖਦਾਈ ਮੌਤ ਕੀ ਹੋਵੇਗੀ? ਸੋਚ ਕੇ ਵੀ ਲੂੰ ਕੰਡੇ ਖੜੇ ਹੋ ਜਾਂਦੇ ਹਨ।

ਸਰਕਾਰ ਨੂੰ ਚਾਹੀਦਾ ਸੀ ਕਿ ਜੇ ਜ਼ਿਆਦਾ ਨਹੀਂ ਤਾਂ ਘੱਟੋ-ਘੱਟ ਪਿੰਡ ਵਿਚੋਂ ਅਵਾਰਾ ਕੁੱਤਿਆਂ ਨੂੰ ਹੀ ਖਤਮ ਕਰ ਦਿੱਤਾ ਜਾਂਦਾ ਪਰ ਹੈਰਾਨੀ ਹੈ ਕਿ ਇੰਡੀਆ ਵਿਚ ਬੰਦੇ ਦੀ ਜਾਨ ਦੀ ਕੀਮਤ ਅਵਾਰਾ ਕੁੱਤੇ ਤੋਂ ਵੀ ਘੱਟ ਹੈ? ਪਰਮਾਤਮਾ ਦੇ ਚਰਨਾਂ ਵਿਚ ਅਰਦਾਸ ਹੈ ਕਿ ਸਾਡੀਆਂ ਸਰਕਾਰਾਂ ਅਤੇ ਅਖੌਤੀ ਅਵਾਰਾ ਕੁੱਤਾ ਪ੍ਰੇਮੀਆਂ ਨੂੰ ਸੁਮੱਤ ਬਖ਼ਸ਼ਣ ਤਾ ਕਿ ਅੱਗੇ ਤੋਂ ਕੋਈ ਵੀ ਇਨ੍ਹਾਂ ਦੇ ਜ਼ੁਲਮ ਦਾ ਸ਼ਿਕਾਰ ਨਾ ਹੋਵੇ। ਕੁੱਤਾ ਪ੍ਰੇਮੀਆਂ ਨੂੰ ਅਪੀਲ ਹੈ ਕਿ ਤੁਸੀਂ ਜੀਅ ਸਦਕੇ ਕੁੱਤੇ ਰੱਖੋ ਪਰ ਉਨ੍ਹਾਂ ਨੂੰ ਸੰਗਲੀਆਂ ਪਾ ਕੇ ਆਪਣੇ ਘਰਾਂ ਵਿਚ ਰੱਖੋ। ਸਰਕਾਰਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਆਵਾਮ ਦੀ ਰੱਖਿਆ ਕਰਨ ਤੇ ਹਰ ਗੱਲ ਨੂੰ ਧਾਰਮਿਕ ਮੁੱਦੇ ਨਾਲ ਨਾ ਜੋੜ ਕੇ ਵੇਖਣ। ਜੇ ਕਿਸੇ ਪਸ਼ੂ-ਪੰਛੀ ਵਿਚ ਤੁਹਾਡੀ ਧਾਰਮਿਕ ਆਸਥਾ ਹੈ ਤਾਂ ਉਸ ਦੀ ਪੂਰਨ ਤੌਰ 'ਤੇ ਸਾਂਭ ਕਰੋ, ਸੜਕਾਂ 'ਤੇ ਅਵਾਰਾ ਘੁੰਮਦੇ ਅਤੇ ਆਮ ਲੋਕਾਂ ਦੀ ਜਾਨ ਦਾ ਖੌਅ ਬਣਦੇ ਪਸ਼ੂ ਕਿਸੇ ਦੇ ਸਕੇ ਨਹੀਂ ਹੁੰਦੇ।

# ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ!




ਡਾ. ਦਲਬੀਰ ਸਿੰਘ ਪੰਨੂ

ਪਿਛਲੇ 25 ਸਾਲਾਂ ਤੋਂ 'ਪੰਜਾਬ ਟਾਈਮਜ਼', ਭਰੋਸੇਯੋਗ ਖਬਰਾਂ ਦਾ ਦੀਵਾ ਬਣ, ਅਮਰੀਕਾ ਵਿਚ ਪੰਜਾਬੀ ਸੱਭਿਅਤਾ ਦੇ ਮੁਖਾਰਬਿੰਦ ਦਾ ਰੋਲ ਨਿਭਾ ਰਿਹਾ ਹੈ। ਬੇਲਾਗ ਰਿਪੋਰਟਿੰਗ, ਸਚਾਈ ਲਈ ਅਟੱਲ ਵਚਨਬੱਧਤਾ, ਅਤੇ ਸੱਭਿਆਚਾਰਕ ਜਾਗਰੂਕਤਾ ਉੱਤੇ ਜ਼ੋਰ ਕਾਰਨ, ਇਹ ਅਖਬਾਰ ਪੱਤਰਕਾਰੀ ਦੇ ਲੈਂਡਸਕੇਪ ਵਿਚ, ਇੱਕ ਮਿਸਾਲ ਬਣ ਚੁੱਕਾ ਹੈ। ਮੇਰੇ ਵਲੋਂ 'ਪੰਜਾਬ ਟਾਈਮਜ਼' ਦੇ ਪਾਠਕਾਂ ਨੂੰ 25ਵੀਂ ਵਰ੍ਹੇਗੰਢ ਦੀਆਂ ਮੁਬਾਰਕਾਂ।


# A & I Transport Inc.

123 E Lee Rd Watsonville, CA Ph: 831-763-7805


'ਪੰਜਾਬ ਟਾਈਮਜ਼' ਦਿਆਨਤਦਾਰੀ ਵਾਲੀ ਪੱਤਰਕਾਰੀ ਦੀ ਸਰਵਉੱਚ ਮਿਸਾਲ ਹੈ ਅਤੇ ਇਹਦਾ ਪ੍ਰਭਾਵ ਪੰਜਾਬੀ ਕਮਿਊਨਿਟੀ ਤੋਂ ਕਿਤੇ ਅਗਾਂਹ ਵਧ ਕੇ ਹੈ। ਇਹ ਹਮੇਸ਼ਾ, ਭਰੋਸੇਯੋਗ ਖਬਰਾਂ ਦਾ ਸਰੋਤ, ਸੱਭਿਆਚਾਰਕ ਤਰੱਕੀ ਦਾ ਪੈਰੋਕਾਰ ਅਤੇ ਪੰਜਾਬੀ ਸੱਭਿਆਚਾਰ ਨੂੰ ਜੋੜਨ ਵਾਲੀ ਮਿਸਾਲ ਰਿਹਾ ਹੈ। ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ 'ਤੇ ਅਸੀਂ ਪੰਜਾਬ ਟਾਈਮਜ਼ ਪਰਿਵਾਰ ਦੀ ਪੂਰੀ ਟੀਮ ਨੂੰ, ਉਨ੍ਹਾਂ ਦੀ ਪੱਤਰਕਾਰੀ ਅਤੇ ਕਮਿਊਨਿਟੀ ਦੇ ਵਿਕਾਸ ਪ੍ਰਤੀ ਅਟੱਲ ਵਚਨਬੱਧਤਾ ਲਈ, ਹਾਰਦਿਕ ਵਧਾਈ ਦਿੰਦੇ ਹਾਂ।



ਅਮੋਲਕ ਸਿੰਘ ਗਾਖਲ



ਪਲਵਿੰਦਰ ਸਿੰਘ ਗਾਖਲ



ਇਕਬਾਲ ਸਿੰਘ ਗਾਖਲ

# ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ ਦੀਆਂ ਲੱਖ ਲੱਖ ਵਧਾਈਆਂ!



ਰਜਿੰਦਰ ਸਿੰਘ ਟਾਂਡਾ



ਜਸਵੰਤ ਸਿੰਘ ਸ਼ਾਦ

ਅੱਜ ਤੋਂ 25 ਸਾਲ ਪਹਿਲਾਂ ਵਿਦੇਸ਼ੀ ਧਰਤੀ ਤੋਂ ਪੰਜਾਬੀ ਅਖਬਾਰ ਕੱਢਣ ਜਿਹਾ ਔਖਾ ਕੰਮ ਸ. ਅਮੋਲਕ ਸਿੰਘ ਜੰਮੂ ਦੇ ਹਿਸੇ ਆਇਆ ਜਿਸ ਨੂੰ ਉਨ੍ਹਾਂ ਨੇ ਪੂਰੀ ਲਗਨ, ਸਿਰੜ ਅਤੇ ਯੋਗਤਾ ਨਾਲ ਨਿਭਾਉਂਦਿਆਂ ਪੰਜਾਬੀ ਪੱਤਰਕਾਰੀ ਦੀਆਂ ਅਜਿਹੀਆਂ ਨਰੋਈਆਂ ਲੀਹਾਂ ਪਾਈਆਂ ਜਿਸ ਕਾਰਣ ਦੇਸ਼ਾ-ਵਿਦੇਸ਼ਾਂ ਅਤੇ ਪੰਜਾਬ ਵਿਚ ਵਸਦੇ ਸਾਰੇ ਵਧੀਆ ਲੇਖਕ 'ਪੰਜਾਬ ਟਾਈਮਜ਼' ਲਈ ਲਿਖਣ ਤੇ ਛਪਣ ਲਈ ਮਾਣ ਮਹਸੂਸ ਕਰਦੇ ਹਨ। ਅਮੋਲਕ ਸਿੰਘ ਜੰਮੂ ਦੇ ਵਿਛੋੜੇ ਤੋਂ ਬਾਅਦ ਇਹ ਕੰਮ ਉਨ੍ਹਾਂ ਦੀ ਪਤਨੀ ਜਸਪ੍ਰੀਤ ਕੌਰ ਵੀ ਉਸੇ ਲਗਨ ਤੇ ਸਿਰੜ ਨਾਲ ਅੱਗੇ ਤੋਰ ਰਹੇ ਹਨ। ਅਸੀਂ ਅਮੋਲਕ ਸਿੰਘ ਜੰਮੂ ਦੀ ਸਿਰੜੀ ਜ਼ਿੰਦਗੀ ਨੂੰ ਸਲਾਮ ਕਰਦਿਆਂ 'ਪੰਜਾਬ ਟਾਈਮਜ਼' ਦੀ ਸਮੁੱਚੀ ਟੀਮ ਨੂੰ 25 ਸਾਲ ਦਾ ਲੰਮਾ ਸਮਾਂ ਸ਼ਾਨ ਨਾਲ ਤੈਅ ਕਰਨ 'ਤੇ ਵਧਾਈ ਦਿੰਦੇ ਹਾਂ ਅਤੇ ਆਸ ਕਰਦੇ ਹਾਂ ਕਿ ਪੰਜਾਬ ਟਾਈਮਜ਼ ਇਸੇ ਤਰ੍ਹਾਂ ਅਗਾਂਹਵਧੂ ਸੋਚ ਵਾਲੇ ਲੇਖਕਾਂ ਤੇ ਪਾਠਕਾਂ ਦੀ ਪਹਿਲੀ ਪਸੰਦ ਬਣਿਆ ਰਹੇਗਾ। ਸ਼ੁੱਭ ਇਛਾਵਾਂ


## Mann Insurance Brokers Inc.

ਸ. ਅਮੋਲਕ ਸਿੰਘ ਜੰਮੂ ਵਲੋਂ, 25 ਸਾਲ ਪਹਿਲਾਂ ਪੰਜਾਬੀ ਭਾਸ਼ਾ ਅਤੇ ਪੱਤਰਕਾਰੀ ਦੇ ਵਿਹੜੇ 'ਚ ਲਾਇਆ 'ਪੰਜਾਬ ਟਾਈਮਜ਼' ਨਾਮ ਦਾ ਬੂਟਾ ਭਰ-ਜੋਬਨ 'ਚ ਹੈ। ਇਹ ਇਕ ਅਜਿਹਾ ਅਖਬਾਰ ਹੈ ਜਿਸ ਨੇ ਛਪਣ ਵਾਲੀਆਂ ਲਿਖਤਾਂ ਰਾਹੀਂ ਸਮਾਜ, ਖਾਸ ਕਰਕੇ ਪੰਜਾਬੀ ਸਮਾਜ ਦੀਆਂ ਉਧੜ ਰਹੀਆਂ ਵਿਰੋਧਤਾਈਆਂ ਨੂੰ ਪਾਠਕਾਂ ਸਾਹਵੇਂ ਇੰਨ-ਬਿੰਨ ਪੇਸ਼ ਕੀਤਾ ਹੈ। ਆਪਣੇ ਹੱਕਾਂ ਲਈ ਜੂਝ ਰਹੀ ਲੋਕਾਈ ਦੇ ਸੰਘਰਸ਼ਾਂ/ਲਹਿਰਾਂ ਦਾ 'ਪੰਜਾਬ ਟਾਈਮਜ਼' ਨੇ ਡੱਟ ਕੇ ਸਾਥ ਦਿੱਤਾ ਹੈ। ਪੰਜਾਬ ਟਾਈਮਜ਼ ਦੇ ਸਮੂਹ ਪਾਠਕਾਂ ਨੂੰ ਇਸ ਦੀ 25ਵੀਂ ਵਰ੍ਹੇਗੰਢ 'ਤੇ ਮੁਬਾਰਕਬਾਦ!



*Gurdawar Singh Mann*

COVERED CALIFORNIA
Certified Insurance Agent

Global Green INSURANCE AGENCY



*Gurcharan Singh Mann*

# ਬਦੀ ਦਾ ਤੰਦੂਆ ਜਾਲ਼ ਅਤੇ ਪੱਤਰਕਾਰ ਰਜਿੰਦਰ ਸਿੰਘ ਤੱਗੜ!

'ਪਿਛਲੇ ਕੁਝ ਦਹਾਕਿਆਂ ਤੋਂ ਨਵੀਆਂ ਆਰਥਿਕ ਨੀਤੀਆਂ ਅਤੇ ਖੁੱਲ੍ਹੀ ਮੰਡੀ ਦੇ ਮੌਜੂਦਾ ਦੌਰ ਵਿਚ ਭਾਰਤੀ ਮੀਡੀਆ (ਵੈਸੇ ਇਹ ਰੁਝਾਨ ਸਾਰੀ ਦੁਨੀਆਂ ਵਿਚ ਹੀ ਚੱਲ ਰਿਹਾ ਹੈ) ਸਿਰਫ ਮੁਨਾਫੇ ਤੱਕ ਸੀਮਤ ਹੋ ਕੇ ਰਹਿ ਗਿਆ ਹੈ। ਬਹੁ-ਗਿਣਤੀ ਮੀਡੀਆ ਅਤੇ ਖਾਸਕਰ ਕਾਰਪੋਰੇਟ ਮੀਡੀਆ ਨੇ ਲੋਕਤੰਤਰ ਦੇ ਚੌਥੇ ਥੰਮ੍ਹ ਦੇ ਰੂਪ ਵਿਚ ਆਪਣੀ ਭੂਮਿਕਾ ਤਿਆਗ ਕੇ ਸਰਮਾਏਦਾਰੀ ਦੀ ਰਖੇਲ ਦਾ ਰੋਲ ਹੀ ਅਪਨਾ ਲਿਆ ਹੈ। ਅਜਿਹੇ ਹਾਲਾਤ ਵਿਚ ਤਾਰੀਫ ਤਾਂ ਦੂਰ ਦੀ ਗੱਲ ਹੈ, ਸਗੋਂ ਚੰਗੀ ਰਿਪੋਰਟਿੰਗ ਨੂੰ ਸੈਂਸਰ ਕਰ ਦਿੱਤਾ ਜਾਂਦਾ ਹੈ। ਕਾਰੋਬਾਰੀ ਲਿਬਾਸ ਬਣਾਈ ਰੱਖਦੇ ਸੰਪਾਦਕ ਵੱਖ-ਵੱਖ ਹਿੱਤਾਂ ਨੂੰ ਸੰਤੁਲਤ ਕਰਨ ਦੇ ਦਲਾਲਾਂ ਦਾ ਕੰਮ ਕਰਦੇ ਹਨ ਅਤੇ ਮੀਡੀਆ ਅਦਾਰਿਆਂ ਦੇ ਧਨਾਢ ਮਾਲਕ; ਰਾਜਨੀਤਕ ਤੇ ਕਾਰੋਬਾਰੀ ਮਹਿਰਮਾਂ ਲਈ ਆਪਣੇ ਬ੍ਰੈਂਡਾਂ ਦਾ



ਹਰਚਰਨ ਸਿੰਘ ਪਰਹਾਰ
**ਫੋਨ:** 403-681-8689
**ਈਮੇਲ:** hp8689@gmail.com

ਇਸਤੇਮਾਲ ਪਿਆਦਿਆਂ ਦੇ ਤੌਰ 'ਤੇ ਕਰਦੇ ਹਨ। ਸਭ ਤੋਂ ਤੇਜ਼ ਤਰੱਕੀ ਅਤੇ ਸਭ ਤੋਂ ਮੋਟੀ ਤਨਖਾਹ ਜਾਂ ਪੈਕੇਜ ਜ਼ਿਆਦਾਤਰ ਅਜਿਹੇ ਦਲਾਲ ਪੱਤਰਕਾਰਾਂ ਲਈ ਰਾਖਵੇਂ ਹਨ। ਕਾਰਪੋਰੇਟ ਪੱਤਰਕਾਰ, ਆਪਣੀ ਪੱਤਰਕਾਰੀ ਤੇ ਲੋਕਾਂ ਨਾਲ 'ਮਸਖਰੀ' ਹੀ ਕਰ ਰਹੇ ਹਨ। ਇਹ ਹੀ ਮੁੱਖ ਰੂਪ ਵਿਚ ਬਲੈਕਮੇਲਿੰਗ ਲਈ ਸੌਦੇ ਤੈਅ ਕਰਦੇ ਹਨ। ਜਿਨ੍ਹਾਂ ਵਿਚ ਨੇਤਾ, ਟੈਕਸ ਅਧਿਕਾਰੀ, ਪੁਲਿਸ ਵਗੈਰਾ ਸਭ ਸ਼ਾਮਿਲ ਹਨ।' ਇਹ ਕੁਝ ਲਾਈਨਾਂ ਖੋਜੀ ਪੱਤਰਕਾਰ ਅਤੇ ਉਘੇ ਲੇਖਕ ਜੋਸੀ ਜੋਸਫ ਦੇ ਇੱਕ ਅੰਗਰੇਜ਼ੀ ਲੇਖ 'ਭਾਰਤੀ ਮੀਡੀਆ ਵਿਚ ਖੋਜੀ ਪੱਤਰਕਾਰੀ ਦਾ ਦੁਖਾਂਤ' ਵਿਚੋਂ ਹਨ।

2016 'ਚ ਖੋਜੀ ਪੱਤਰਕਾਰ ਅਤੇ ਲੇਖਕ ਜੋਸੀ ਜੋਸਫ ਦੀ 'ਏ ਫੀਸਟ ਆਫ ਵਲਚਰਜ਼: ਦੀ ਹਿਡਨ ਬਿਜ਼ਨੈਸ ਆਫ ਡੈਮੋਕਰੇਸੀ ਇਨ ਇੰਡੀਆ' (A Feast of Vultures: The Hidden Business of Democracy in India) ਨਾਮ ਦੀ ਬਹੁਤ ਹੀ ਚਰਚਿਤ ਕਿਤਾਬ, ਜਦੋਂ ਪ੍ਰਕਾਸ਼ਤ ਹੋਈ ਤਾਂ ਸੱਤਾ 'ਤੇ ਕਾਬਜ਼ ਧਿਰਾਂ ਦੇ ਮਾਨੋ ਇੱਕ ਵਾਰ ਤਾਂ ਥੰਮ੍ਹ ਹਿੱਲ ਗਏ ਸਨ। ਖੋਜੀ ਪੱਤਰਕਾਰੀ ਦੀ ਕਲਾਸਿਕ ਮੰਨੀ ਗਈ, ਇਸ ਪੁਸਤਕ ਵਿਚ ਅਨੇਕਾਂ ਹੋਰ ਖੁਲਾਸਿਆਂ ਦੇ ਨਾਲ-ਨਾਲ ਖੋਜੀ ਪੱਤਰਕਾਰ ਨੇ ਜੈੱਟ ਏਅਰਲਾਈਨਜ਼ ਦੇ ਬਾਨੀ ਨਰੇਸ਼ ਗੋਇਲ ਦੇ ਬਦਨਾਮ ਬਦਮਾਸ਼, ਡਰੱਗ ਸਮੱਗਲਰ, ਅੱਤਵਾਦੀ ਦਾਊਦ ਇਬਰਾਹਿਮ ਨਾਲ ਪੀਚਵੇਂ ਦੋਸਤਾਨਾ ਸਬੰਧਾਂ ਦਾ ਬੜੀ ਬੇਬਾਕੀ ਨਾਲ ਪਰਦਾਫਾਸ਼ ਕੀਤਾ ਸੀ। ਇਸਦੇ ਨਾਲ ਹੀ ਉਸਨੇ 2010 ਦਾ ਕਾਮਨਵੈਲਥ ਖੇਡ ਘੁਟਾਲਾ, ਮੁੰਬਈ ਦਾ ਬਦਨਾਮ ਆਦਰਸ਼ ਹਾਊਸਿੰਗ ਸੁਸਾਇਟੀ ਸਕੈਮ ਅਤੇ ਕਿਤਨੇ ਹੀ ਹੋਰ ਕੇਸ ਬੇਪਰਦ ਕਰ ਦਿੱਤੇ ਸਨ। ਦਾਊਦ ਨਾਲ ਸਬੰਧਾਂ ਵਾਲਾ ਸਕੈਂਡਲ ਨੰਗਾ ਕੀਤੇ ਜਾਣ ਤੋਂ ਚਿੜ੍ਹ ਕੇ ਸੱਤਾ ਦੇ ਖਿਡਾਰੀਆਂ ਨੇ ਜੋਸਫ ਨੂੰ ਸਬਕ ਸਿਖਾਉਣ ਲਈ ਉਸਦੇ ਖਿਲਾਫ 2-4 ਕਰੋੜ ਨਹੀਂ ਬਲਕਿ 3 ਹਜ਼ਾਰ ਕਰੋੜ ਦੇ ਇਵਜਾਨੇ ਕੇਸ ਦਰਜ ਕਰਵਾ ਦਿੱਤਾ ਸੀ। ਇਸ ਪੱਤਰਕਾਰ ਦੀ ਨਿਡਰ ਪ੍ਰਤੀਬੱਧਤਾ ਦਾ ਜਲਵਾ, ਜੇਕਰ ਕਿਸੇ ਨੇ ਦੇਖਣਾ ਹੈ ਤਾਂ ਉਹ ਅੱਜ ਵੀ 'ਨਿਊਜ਼ ਲਾਂਡਰੀ' (News laundry) ਨਾਮ ਦੇ ਵਕਾਰੀ ਯੂ ਟਿਊਬ ਚੈਨਲ 'ਤੇ 26 ਦਸੰਬਰ, 2016 ਦੀ ਉਸਦੀ ਲੰਬੀ ਇੰਟਰਵਿਊ ਵਿਚ ਦੇਖਿਆ ਜਾ ਸਕਦਾ ਹੈ। (Interview link: NL Interviews: Josy Joseph On Rs 1000-Crore Civil Defamation Case against Him (youtube.com)। ਉਸਨੇ ਇਸ ਵਿਚ ਵਿਸਤਾਰ ਨਾਲ ਦੱਸਿਆ ਸੀ ਕਿ ਕਿਵੇਂ ਨਵੀਆਂ ਆਰਥਿਕ ਨੀਤੀਆਂ (ਨਵ-ਉਦਾਰਵਾਦੀ) ਨੇ ਸੱਤਾ 'ਤੇ ਕਾਬਜ਼ ਧਿਰਾਂ, ਅਫਸਰਸ਼ਾਹੀ, ਪੁਲਿਸ, ਕਰੋਨੀ ਕੈਪੀਟਲਿਜ਼ਮ ਨੇ ਪੈਸੇ ਦੀ ਅੰਨ੍ਹੀ ਅੱਗ ਭੜਕਾਈ ਜਿਸ ਅੰਦਰ ਸਾਰਾ ਸਮਾਜ ਹੀ ਧਸਿਆ ਗਿਆ ਹੈ, ਅਜੇ ਵੀ ਇਸ ਵਰਤਾਰੇ ਨੂੰ ਠੱਲ੍ਹ ਪੈਂਦੀ ਦਿਖਾਈ ਨਹੀਂ ਦੇ ਰਹੀ। ਜੋਸੀ ਜੋਸਫ ਤੋਂ ਵੀ ਪਹਿਲਾਂ ਸਾਡੇ ਪਾਠਕਾਂ ਨੂੰ ਯਾਦ ਹੋਵੇਗਾ ਕਿ ਕੈਪਟਨ ਅਮਰਿੰਦਰ ਸਿੰਘ ਦੀ 2002-07 ਸਰਕਾਰ ਦੇ ਸ਼ੁਰੂਆਤੀ ਮਹੀਨਿਆਂ ਦੌਰਾਨ ਸੁਮੇਧ ਸੈਣੀ ਅਤੇ ਉਸਦੀ ਟੀਮ ਨੇ ਪਬਲਿਕ ਸਰਵਿਸ ਕਮਿਸ਼ਨ ਦੇ ਰਵੀ ਸਿੱਧੂ ਦੇ ਬੈਂਕ ਲਾਕਰਾਂ ਵਿਚੋਂ ਕਰੋੜਾਂ ਰੁਪਇਆਂ ਦੀਆਂ ਥੱਬੀਆਂ ਫੜ ਕੇ ਸਨਸਨੀ ਫੈਲਾ ਦਿੱਤੀ ਸੀ। ਉਸ ਬਦਨਾਮ ਸਕੈਂਡਲ ਬਾਰੇ ਸਾਡੇ ਆਪਣੇ ਪੰਜਾਬ ਦੇ 'ਜੋਸੀ ਜੋਸਫ', ਰਿਤੇਸ਼ ਲੱਖੀ ਨੇ ਅਜੇ ਦੋ ਕੁ ਸਾਲ ਪਹਿਲਾਂ ਹੀ ਵਿਸਤਾਰਤ ਵੀਡੀਓ ਬਣਾਈ ਹੈ, ਜੋ ਕਿ ਉਸਦੇ ਯੂ ਟਿਊਬ 'ਰਿਤੇਸ਼ ਲੱਖੀ: ਅੱਨਪਲੱਗ' 16 ਨਵੰਬਰ, 2021 'ਤੇ ਸੁਣਨਯੋਗ ਹੈ। ਪ੍ਰੈੱਸ ਦੀ ਸੁਤੰਤਰਤਾ ਅਤੇ ਖੋਜੀ ਪੱਤਰਕਾਰਾਂ ਦੀ ਹਾਜ਼ਰੀ, ਕਿਸੇ ਵੀ ਜਿਊਂਦੇ ਜਾਗਦੇ ਸਮਾਜ ਦੀ ਜਿੰਦ-ਜਾਨ ਹੁੰਦੀ ਹੈ। ਇਸ ਖੋਜੀ ਪੱਤਰਕਾਰੀ ਦਾ ਹੀ ਪ੍ਰਤਾਪ ਸੀ ਕਿ ਅੱਜ ਤੋਂ 40-50 ਸਾਲ ਪਹਿਲਾਂ 'ਵਾਟਰਗੇਟ ਸਕੈਂਡਲ' ਨੰਗਾ ਕਰ ਕੇ ਵੀਹਵੀਂ ਸਦੀ ਦੇ ਸਭ ਚੁਸਤ ਰਾਸ਼ਟਰੀ ਰਿਚਰਡ ਨੈਕਸਨ ਨੂੰ ਅਗਲਿਆਂ ਨੇ ਘਰੇ ਤੋਰ ਦਿੱਤਾ ਸੀ।

ਬੜੇ ਹੀ ਅਫਸੋਸ ਦੀ ਗੱਲ ਹੈ ਕਿ ਸਾਰੀ ਦੁਨੀਆਂ ਵਿਚ ਮੀਡੀਆ ਹੁਣ ਆਪਣਾ ਲੋਕ-ਪੱਖੀ ਰੋਲ ਅਦਾ ਕਰਨ ਤੋਂ ਕਿਨਾਰਾ ਕਰਦਾ ਜਾ ਰਿਹਾ ਹੈ। ਖੋਜੀ ਪੱਤਰਕਾਰਤਾ ਅਲੋਪ ਹੁੰਦੀ ਜਾ ਰਹੀ ਹੈ। ਮੀਡੀਆ ਵੱਡੇ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿਚ ਜਾਣ ਨਾਲ ਮਹਿਜ਼ ਇੱਕ ਬਿਜ਼ਨੈਸ ਬਣ ਚੁੱਕਾ ਹੈ। ਜੋ ਕਿ ਵੱਡੀਆਂ ਰਾਜਸੀ ਪਾਰਟੀਆਂ ਅਤੇ ਕਾਰਪੋਰੇਟਾਂ ਦੇ ਹਿੱਤ ਹੀ ਪੂਰਦਾ ਹੈ। ਫਿਰ ਵੀ ਅਜਿਹੇ ਘੁੱਪ ਹਨ੍ਹੇਰੇ ਵਿਚ ਕਿਤੇ-ਕਿਤੇ ਚਾਨਣ ਦੀ ਲੋਅ ਦਿਸਦੀ ਹੈ। ਕੁਝ ਗਿਣੇ-ਚੁਣੇ ਜਨੂੰਨੀ ਕਿਸਮ ਦੇ ਪੱਤਰਕਾਰ ਕੁਝ ਨਾ ਕੁਝ ਕਰਨ ਦਾ ਯਤਨ ਕਰਦੇ ਰਹਿੰਦੇ ਹਨ। ਐਮਨੈਸਟੀ ਇੰਟਨੈਸ਼ਨਲ ਅਤੇ ਯੂਨਾਈਟਿਡ ਨੇਸ਼ਨ ਦੀਆਂ ਰਿਪੋਰਟਾਂ ਅਨੁਸਾਰ ਪਿਛਲੇ 20 ਸਾਲਾਂ ਵਿਚ 2 ਹਜ਼ਾਰ ਤੋਂ ਵੱਧ ਅਜਿਹੇ ਖੋਜੀ ਪੱਤਰਕਾਰ ਮਾਰੇ ਜਾ ਚੁੱਕੇ ਹਨ। ਇਨ੍ਹਾਂ ਹੀ ਸੰਸਥਾਵਾਂ ਦੀ ਇੱਕ ਹੋਰ ਰਿਪੋਰਟ ਅਨੁਸਾਰ ਪਿਛਲੇ ਇੱਕ ਦਹਾਕੇ ਵਿਚ 1500 ਤੋਂ ਵੱਧ ਪੱਤਰਕਾਰ ਝੂਠੇ ਕੇਸਾਂ ਵਿਚ ਗ੍ਰਿਫਤਾਰ ਕੀਤੇ ਗਏ ਅਤੇ 1000 ਤੋਂ ਵੱਧ ਅਗਵਾ ਕੀਤੇ ਗਏ। ਇਸ ਤੋਂ ਇਲਾਵਾ ਦੁਨੀਆਂ ਭਰ ਵਿਚ ਇਨਵੈਸਟੀਗੇਟਿਵ ਪੱਤਰਕਾਰਾਂ ਨੂੰ ਧਮਕੀਆਂ ਵੱਖਰੀਆਂ ਆਉਂਦੀਆਂ ਹਨ, ਜੋ ਅਕਸਰ ਕਿਸੇ ਰਿਕਾਰਡ ਵਿਚ ਦਰਜ ਹੀ ਨਹੀਂ ਹੁੰਦੀਆਂ ਅਤੇ ਉਹ ਹਮੇਸ਼ਾਂ ਭੈਅ ਦੇ ਸਾਏ ਹੇਠ ਜੀਉਂਦੇ ਹਨ।

ਕਿਸੇ ਵੀ ਕਿਸਮ ਦੀ ਸਮਾਜਿਕ ਜ਼ਿੰਮੇਵਾਰੀ ਤੋਂ ਮੁਕਤ ਸਾਡੇ ਸਰਾਪੇ ਸਮਿਆਂ ਵਿਚ ਨਵ-ਉਦਾਰਵਾਦ ਅਤੇ ਕਥਿਤ ਖੁੱਲ੍ਹੇ ਬਾਜ਼ਾਰ ਦੀਆਂ ਨੀਤੀਆਂ ਦਾ ਨਿਜ਼ਾਮ ਹੀ ਹੈ, ਜਿਸਨੇ ਜੀਵਨ ਦੇ ਹਰ ਖੇਤਰ ਅੰਦਰ ਮਨੁੱਖ ਜਾਤੀ ਅੰਦਰ ਇੱਕ ਦੂਜੇ ਨੂੰ ਮਿੱਧ ਕੇ ਰਾਤੋ-ਰਾਤ ਕਰੋੜਪਤੀ ਬਣਨ ਦੀ ਹਾਬੜ ਮਚਾਈ ਹੋਈ ਹੈ। ਅਜਿਹੀ ਨਿਰਾਸ਼ਾਜਨਕ ਸਥਿਤੀ ਵਿਚ ਨਿਰਪੱਖ ਖੋਜੀ ਪੱਤਰਕਾਰਤਾ ਦੀ ਜਿਤਨੀ ਲੋੜ ਪੰਜਾਬ (ਦੁਨੀਆਂ) ਨੂੰ ਅੱਜ ਹੈ, ਉਹ ਸ਼ਾਇਦ ਪਹਿਲਾਂ ਕਦੇ ਵੀ ਨਹੀਂ ਸੀ। 'ਪੰਜਾਬ ਅਗੇਂਸਟ ਕੁਰੱਪਸ਼ਨ' ਗਰੁੱਪ ਦੇ ਪ੍ਰਧਾਨ ਸਤਨਾਮ ਸਿੰਘ ਦਾਊਂ ਵਰਗੇ 'ਜ਼ਿੰਦਾ ਸ਼ਹੀਦ' ਹੀ ਹਨ, ਜਿਨ੍ਹਾਂ ਨੇ ਮੋਹਾਲੀ ਉਦਯੋਗ ਪਲਾਟ ਘੁਟਾਲਾ, ਅਮਰੂਦ ਬਾਗ ਘੋਟਾਲਾ, ਬਿਲਡਰਜ਼ ਘੋਟਾਲਾ, ਲੈਂਡ ਮਾਫੀਆ ਘੁਟਾਲਾ, ਗਊਸ਼ਾਲਾ ਘੁਟਾਲਾ ਵਰਗੇ ਅਨੇਕਾਂ ਸਕੈਂਡਲਾਂ ਦਾ ਪਰਦਾਫਾਸ਼ ਕਰਨ ਦੀ ਜੁਰਅਤ ਕੀਤੀ। ਸਤਨਾਮ ਦਾਊਂ ਦੇ ਫੇਸਬੁੱਕ ਪੇਜ ਉਪਰ ਅਮਰੂਦ ਬਾਗ ਘੋਟਾਲੇ ਸਬੰਧੀ ਪੰਜਾਬ ਦੀ ਅਫਸਰਸ਼ਾਹੀ ਦੀਆਂ ਪਤਨੀਆਂ ਦੀ ਲਾਲਸੀ ਹਾਬੜ ਦੇ ਵੇਰਵੇ ਸੁਣ ਕੇ ਸੁਣਨ ਵਾਲੇ ਦੀ ਰੂਹ ਕੰਬ ਕੇ ਰਹਿ ਜਾਂਦੀ ਹੈ। ਇਸੇ ਤਰ੍ਹਾਂ ਗਊਸ਼ਾਲਾ ਘੁਟਾਲੇ ਦੇ ਵੇਰਵੇ ਵੀ ਉਤਨੇ ਹੀ ਸਨਸਨੀਖੇਜ਼ ਹਨ। ਸਾਬਕਾ ਸਿਹਤ ਮੰਤਰੀ ਬਲਬੀਰ ਸਿੰਘ ਸਿੱਧੂ ਵਰਗੇ ਧਾਕੜ ਅਤੇ ਰਸੂਖਵਾਨ ਰਾਜਨੀਤਕ ਕੋਲੋਂ ਜ਼ਮੀਨ ਖਾਲੀ ਕਰਵਾਉਣੀ ਬੱਬਰ ਸ਼ੇਰ ਦੀਆਂ ਜਾੜਾਂ ਵਿਚੋਂ ਮਾਸ ਕੱਢਣ ਵਾਲੀ ਗੱਲ ਸੀ, ਜਿਹੜੀ ਉਨ੍ਹਾਂ ਕੀਤੀ। ਪੰਜਾਬ ਵਿਚ ਵਾਪਰੇ 'ਉਦਯੋਗ ਪਲਾਟ ਘੁਟਾਲੇ' ਬਾਰੇ ਅਜਿਹੇ ਲੋਕਾਂ ਦੀ ਮੁਹਿੰਮ ਹੀ ਸੀ ਜਿਸਦੇ ਸਿੱਟੇ ਵਜੋਂ ਮਹਾਰਾਜਾ ਅਮਰਿੰਦਰ ਸਿੰਘ ਦੇ 'ਸਨਅਤ ਅਤੇ ਕਾਮਰਸ' ਮੰਤਰੀ ਸੁੰਦਰ ਸ਼ਾਮ ਅਰੋੜਾ ਅਤੇ ਉਨ੍ਹਾਂ ਦੇ ਸਹਿਯੋਗੀ ਅਫਸਰਾਂ-ਖਾਸਕਰ 'ਪੰਜਾਬ ਸਟੇਟ ਇੰਡਸਟਰੀਅਲ ਕਾਰਪੋਰੇਸ਼ਨ' ਦੀ ਮੈਨੇਜਿੰਗ ਡਾਇਰੈਕਟਰ ਨੀਲਮਾ ਸਮੇਤ ਦਰਜਨਾਂ ਆਈ ਏ ਐਸ ਅਧਿਕਾਰੀਆਂ ਨੂੰ ਭਾਜੜਾਂ ਪਈਆਂ ਸਨ। ਸ਼ਾਮ ਸੁੰਦਰ ਅਰੋੜਾ ਤਾਂ ਇਤਨਾ ਘਬਰਾਇਆ ਕਿ 50 ਲੱਖ ਰੁਪਈਏ ਦੀਆਂ ਗੁੱਥੀਆਂ ਦਾ ਅਟੈਚੀ ਭਰ ਕੇ ਮੁਹਾਲੀ ਵਿਜੀਲੈਂਸ ਵਾਲਿਆਂ ਨੂੰ ਨਜ਼ਰਾਨਾ ਦੇਣ ਚਲਾ ਗਿਆ, ਜੋ ਕਿ ਵਿਜੀਲੈਂਸ ਅਧਿਕਾਰੀ ਮਨੋਹਰ ਲਾਲ ਦੀ ਇਮਾਨਦਾਰੀ ਸਦਕਾ, ਉਸਨੂੰ



ਰਜਿੰਦਰ ਸਿੰਘ ਤੱਗੜ



ਮਲਵਿੰਦਰ ਸਿੰਘ ਸਿੱਧੂ



ਰਿਤੇਸ਼ ਲੱਖੀ

ਪੁੱਠਾ ਪੈ ਗਿਆ। ਜਿਸ ਤੋਂ ਬਾਅਦ ਵਿਜੀਲੈਂਸ ਨੇ ਜਾਂਚ ਸੀ ਬੀ ਆਈ ਦੇ ਹਵਾਲੇ ਕਰ ਦਿੱਤੀ ਸੀ। ਸੀ ਬੀ ਆਈ ਵਾਲਿਆਂ ਨੇ ਮੁੱਢਲੀ ਜਾਂਚ-ਪੜਤਾਲ ਕਰ ਕੇ ਬੀਬੀ ਨੀਲਮਾ ਅਤੇ ਵਿਭਾਗ ਦੇ ਜੀ ਐਮ ਦਵਿੰਦਰਪਾਲ ਸਿੰਘ ਅਤੇ ਚੀਫ ਜਨਰਲ ਮੈਨੇਜਰ ਪਲੈਨਿੰਗ ਜੇ ਐਸ ਭਾਟੀਆ, ਸਮੇਤ 17 ਅਫਸਰਾਂ ਵਿਰੁੱਧ ਕੇਸ ਦਰਜ ਕਰ ਕੇ ਹਿਰਾਸਤ ਵਿਚ ਲੈ ਕੇ ਪੁੱਛਗਿੱਛ ਕਰਨ ਦੀ ਸਿਫਾਰਸ਼ ਨਵੇਂ ਬਣੇ ਮੁੱਖ ਮੰਤਰੀ ਭਗਵੰਤ ਮਾਨ ਅੱਗੇ ਕੀਤੀ ਸੀ। ਇਸ ਘੁਟਾਲੇ ਦੇ ਸਾਹਮਣੇ ਆਉਣ ਨਾਲ ਪੰਜਾਬ ਦੀ ਅਫਸਰਸ਼ਾਹੀ ਵਿਚ ਹੜਤਾ-ਦਫੜੀ ਮਚ ਗਈ ਸੀ, ਉਨ੍ਹਾਂ ਨੇ ਸਰਕਾਰ ਨੂੰ ਹੜਤਾਲ 'ਤੇ ਚਲੇ ਜਾਣ ਦੀ ਧਮਕੀ ਦੇ ਮਾਰੀ। ਉਸ ਵਕਤ ਚਰਚਾ ਸੀ ਕਿ 70 ਦੇ ਕਰੀਬ ਸੀਨੀਅਰ ਆਈ ਏ ਐਸ ਅਧਿਕਾਰੀ ਮੁੱਖ ਮਤਰੀ ਦੇ ਪੇਸ਼ ਹੋਏ ਤੇ ਇਹ ਢੁੱਚਰ ਖੜੀ ਕੀਤੀ ਕਿ ਕਿਸੇ ਉਚ ਅਧਿਕਾਰੀ ਨੂੰ ਅਗਾਊਂ ਮਨਜ਼ੂਰੀ ਤੋਂ ਬਿਨਾਂ ਹਿਰਾਸਤ ਵਿਚ ਨਹੀਂ ਲਿਆ ਜਾ ਸਕਦਾ ਹੈ। ਹਾਲਾਂਕਿ ਵਿਜੀਲੈਂਸ ਵਾਲਿਆਂ ਨੇ ਸਪੱਸ਼ਟ ਕਰ ਦਿੱਤਾ ਸੀ ਕਿ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 17ਏ ਤਹਿਤ ਅਜਿਹੀ ਕੋਈ ਰੁਕਾਵਟ ਨਹੀਂ ਸੀ। ਹਾਈਕੋਰਟ ਨੇ ਵੀ ਵਿਜੀਲੈਂਸ ਨਾਲ ਸਹਿਮਤ ਹੁੰਦਿਆਂ, ਉਚ ਅਧਿਕਾਰੀਆਂ ਨੂੰ ਅਗਾਊਂ ਜ਼ਮਾਨਤ ਦੀ ਅਰਜ਼ੀ ਰੱਦ ਕਰ ਦਿਤੀ ਸੀ, ਪ੍ਰੰਤੂ ਇਹ ਅਫਸਰ ਲੋਕ ਕਰੋੜਾਂ ਰੁਪਇਆਂ ਦੀ ਫੀਸ ਦੇ ਕੇ ਸ਼ਾਤਰ ਵਕੀਲਾਂ ਵਲੋਂ ਪੇਸ਼ ਕੀਤੀਆਂ ਕਾਨੂੰਨੀ ਘੁੰਡੀਆਂ ਨਾਲ 8 ਅਪਰੈਲ, 2023 ਵਿਚ ਅਗਾਊਂ ਜ਼ਮਾਨਤਾਂ ਲੈਣ ਵਿਚ ਸਫਲ ਹੋ ਗਏ ਸਨ।

ਅਜੋਕੇ ਸਮੇਂ ਵਿਚ ਜਦੋਂ ਹਰ ਕੋਈ 'ਦਤ ਵੱਟ ਜ਼ਮਾਨਾ ਕੱਟ' ਦੀ ਨੀਤੀ ਤਹਿਤ ਦਿਨ ਕਟੀ ਕਰ ਰਿਹਾ ਹੈ; ਨਿੱਕੇ ਵੱਡੇ ਸਭ ਅਖ਼ਬਾਰਾਂ ਤੇ ਕੌਮੀ ਮੀਡੀਆ ਨੂੰ ਰਾਜਸੀ ਪਾਰਟੀਆਂ ਅਤੇ ਕਾਰਪੋਰੇਟਾਂ ਨੇ ਲੱਖਾਂ ਕਰੋੜਾਂ ਦੇ ਲਾਲਚ ਦੇ ਕੇ ਜਾਂ ਈ ਡੀ ਰਾਹੀਂ ਬਲੈਕਮੇਲ ਕਰ ਕੇ ਲੰਮਿਆਂ ਪਾਇਆ ਹੋਇਆ ਹੈ ਤਾਂ ਅਜਿਹੇ ਦੌਰ ਵਿਚ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਖੋਜੀ ਪੱਤਰਕਾਰੀ ਦੀ ਕਿਤਨੀ ਲੋੜ ਹੈ ਅਤੇ ਇਹ ਕਿਤਨਾ ਜ਼ੋਖਮ ਭਰਿਆ ਕੰਮ ਹੈ। ਜੋ ਕਿ ਰਿਤੇਸ਼ ਲੱਖੀ, ਰਜਿੰਦਰ ਤੱਗੜ, ਸਤਨਾਮ ਸਿੰਘ ਦਾਊਂ, ਬਲਵਿੰਦਰ ਸਿੰਘ ਸੇਖੋਂ, ਮਲਵਿੰਦਰ ਸਿੰਘ ਸਿੱਧੂ ਵਰਗੇ ਚੰਦ ਕੁ ਉਂਗਲਾਂ 'ਤੇ ਗਿਣੇ ਜਾਣ ਵਾਲੇ ਹਿੰਮਤੀ ਲੋਕ ਆਪਣੀ ਜਾਨ ਜ਼ੋਖਮ ਵਿਚ ਪਾ ਕੇ ਅਤੇ ਆਪਣਾ ਸਭ ਕੁਝ ਦਾਅ 'ਤੇ ਲਗਾ ਕੇ ਜਨਤਾ ਨੂੰ ਜਾਗਰੂਕ ਕਰਨ ਲਈ, ਜੋ ਮਾੜਾ ਮੋਟਾ ਓੜ ਪੋੜ ਕਰ ਰਹੇ ਹਨ ਤਾਂ ਉਨ੍ਹਾਂ ਨਾਲ ਖੜਨ ਦੀ ਸਖ਼ਤ ਲੋੜ ਹੈ। ਨਹੀਂ ਤਾਂ ਪੰਜਾਬੀ ਸਮਾਜ ਅੰਦਰ ਜਗਦੀ ਜ਼ਮੀਰ ਵਾਲੇ ਥੋੜੇ ਜਿਹੇ ਲੋਕਾਂ ਨੇ ਵੀ ਬਿੱਲੀ ਨੂੰ ਦੇਖ ਕੇ ਕਬੂਤਰ ਵਾਲੀ ਨੀਤੀ ਅਪਨਾਈ ਰੱਖੀ ਤਾਂ ਜਰਮਨੀ ਵਿਚ ਨਾਜ਼ੀਆਂ ਵਿਰੁੱਧ ਖੜੇ ਹੋਣ ਵਾਲੇ ਪਾਦਰੀ ਨਿਲੋਫਰ ਦੀ ਚਰਚਿਤ ਕਵਿਤਾ

ਪਹਿਲਾਂ ਉਹ ਯਹੂਦੀਆਂ ਲਈ ਆਏ,
ਮੈਂ ਸਮਝਿਆ, ਮੈਨੂੰ ਕੀ, ਮੈਂ ਕਿਹੜਾ ਯਹੂਦੀ ਹਾਂ।
ਫਿਰ ਉਹ ਕਾਮਰੇਡ ਲਈ ਆਏ,
ਮੈਂ ਸਮਝਿਆ, ਮੈਨੂੰ ਕੀ, ਮੈਂ ਕਿਹੜਾ ਕਾਮਰੇਡ ਹਾਂ। ...
ਫਿਰ ਉਨ੍ਹਾਂ ਸਭ ਨੂੰ ਹੀ ਦਰੜ ਦਿੱਤਾ...
ਵਾਲੀ ਕਹਾਣੀ ਨਾ ਹੋ ਜਾਵੇ।

ਅਜਿਹੇ ਖੋਜੀ ਪੱਤਰਕਾਰਾਂ ਵਿਚੋਂ ਇੱਕ 'ਇੰਡਿਅਨ ਐਕਸਪ੍ਰੈਸ' ਵਿਚ ਲੰਬਾ ਸਮਾਂ ਕੰਮ ਕਰਦੇ ਰਹੇ ਪੱਤਰਕਾਰ ਰਜਿੰਦਰ ਸਿੰਘ ਤੱਗੜ ਹਨ, ਜੋ ਕਿ ਹੁਣ ਦੋ ਕੁ ਸਾਲਾਂ ਤੋਂ 'ਪੰਜਾਬ ਦਸਤਾਵੇਜ਼' ਨਾਮ ਦਾ ਯੂ ਟਿਊਬ ਚੈਨਲ ਚਲਾ ਰਹੇ ਹਨ। ਜਿੱਥੇ ਉਹ ਆਪਣੇ ਵਿੱਤ ਅਨੁਸਾਰ ਵੱਖ-ਵੱਖ ਮੁੱਦੇ ਉਭਾਰਦੇ ਰਹਿੰਦੇ ਹਨ। ਉਹ ਭ੍ਰਿਸ਼ਟਾਚਾਰ ਦੇ ਮੁੱਦੇ 'ਤੇ ਅਕਸਰ ਆਪਣੇ ਸ਼ੋਅ ਪੇਸ਼ ਕਰਦੇ ਰਹੇ ਹਨ। ਇੰਡੀਆ ਵਿਚ ਸਰਕਾਰਾਂ, ਰਾਜਸੀ ਨੇਤਾਵਾਂ, ਪੁਲਿਸ, ਅਫਸਰਸ਼ਾਹੀ ਦਾ ਇੱਕ ਨਾਪਾਕ ਗੱਠਜੋੜ ਵੱਖ-ਵੱਖ ਪੱਧਰ 'ਤੇ ਚੱਲਦਾ ਰਹਿੰਦਾ ਹੈ। ਮੀਡੀਆ ਦੇ ਅਜਿਹੇ ਖੋਜੀ ਪੱਤਰਕਾਰ ਅਕਸਰ ਅਜਿਹੇ ਗੱਠਜੋੜਾਂ ਲਈ ਖਤਰਾ ਬਣਦੇ ਰਹਿੰਦੇ ਹਨ। ਇੰਡੀਆ ਦੇ ਸੂਬੇ ਮੱਧ ਪ੍ਰਦੇਸ਼ ਵਿਚ ਕੁਝ ਸਾਲ ਪਹਿਲਾਂ ਹੋਏ 'ਵਿਆਪਮ' ਘੁਟਾਲੇ ਬਾਰੇ ਤਾਂ ਸਭ ਨੂੰ ਪਤਾ ਹੀ ਹੈ ਕਿ ਕਿਵੇਂ ਵੱਡੀਆਂ ਨੌਕਰੀਆਂ ਲਈ ਇਮਤਿਹਾਨਾਂ ਵਿਚ ਹੋ ਰਹੇ ਘੁਟਾਲੇ ਦੇ ਮੀਡੀਆ ਵਿਚ ਆਉਣ ਨਾਲ 30-40 ਪੱਤਰਕਾਰਾਂ, ਪ੍ਰੋਫੈਸਰਾਂ, ਵਿਦਿਆਰਥੀਆਂ, ਨੇਤਾਵਾਂ ਆਦਿ ਦੀਆਂ ਭੇਦ ਭਰੇ ਢੰਗ ਨਾਲ ਮੌਤਾਂ ਹੋਈਆਂ ਸਨ। ਅਜਿਹੇ ਘੁਟਾਲਿਆਂ ਬਾਰੇ 'ਪੰਜਾਬ ਅਗੇਂਸਟ ਕੁਰੱਪਸ਼ਨ' ਦੇ ਸੋਸ਼ਲ ਐਕਟੀਵਿਸਟ ਸਤਨਾਮ ਸਿੰਘ ਦਾਊਂ ਨਾਲ ਮਿਲ ਕੇ ਰਜਿੰਦਰ ਤੱਗੜ ਕਈ ਘੁਟਾਲਿਆਂ ਦਾ ਪਰਦਾਫਾਸ਼ ਕਰ ਚੁੱਕੇ ਹਨ। ਜਿਸ ਕਾਰਨ ਉਹ ਪੁਲਿਸ, ਅਫਸਰਸ਼ਾਹੀ ਤੇ ਰਾਜਸੀ ਨੇਤਾਵਾਂ ਦੀਆਂ ਨਿਗਾਹਾਂ ਵਿਚ ਰੜਕ ਰਹੇ ਸਨ।

ਮੋਹਾਲੀ ਪੁਲਿਸ ਖ਼ਿਲਾਫ ਲਗਾਤਾਰ ਆਪਣੇ ਚੈਨਲ 'ਪੰਜਾਬ ਦਸਤਾਵੇਜ਼' 'ਤੇ ਸਟੋਰੀ ਕਰਨ ਕਾਰਨ ਅਤੇ ਜਾਅਲੀ ਦਲਿਤ ਸਰਟੀਫਿਕੇਟਾਂ ਦੇ ਆਧਾਰ 'ਤੇ ਨੌਕਰੀਆਂ ਲੈਣ ਵਾਲਿਆਂ ਖ਼ਿਲਾਫ ਮਾਮਲੇ ਉਜਾਗਰ ਕਰਨ ਕਾਰਨ ਪੰਜਾਬ ਪੁਲੀਸ ਦੇ ਏ.ਆਈ.ਜੀ. ਮਲਵਿੰਦਰ ਸਿੰਘ ਸਿੱਧੂ, ਜਿਸਨੂੰ ਪੱਤਰਕਾਰ ਰਜਿੰਦਰ ਸਿੰਘ ਤੱਗੜ ਮੁਤਾਬਿਕ ਗਲਤ ਤਰੀਕੇ ਨਾਲ ਫਸਾਇਆ ਗਿਆ ਹੈ। ਜਿਸ ਅਧੂਰੀ ਅਤੇ ਅਧੂਰਾ ਸੱਚ ਪੇਸ਼ ਕਰਦੀ ਆਡੀਓ ਦੇ ਆਧਾਰ 'ਤੇ ਏ. ਆਈ. ਜੀ. ਨੂੰ ਫਸਾਇਆ ਗਿਆ, ਉਸੇ ਆਡੀਓ ਦੇ ਆਧਾਰ 'ਤੇ ਹੁਣ ਵਿਜੀਲੈਂਸ ਬਿਊਰੋ ਦੇ ਕੁਝ ਅਫਸਰ ਅਤੇ ਮੋਹਾਲੀ ਪੁਲਿਸ ਮਿਲ ਕੇ ਪੱਤਰਕਾਰ ਰਜਿੰਦਰ ਤੱਗੜ ਨੂੰ ਫਸਾਉਣਾ ਚਾਹੁੰਦੇ ਸਨ। ਜਿਸਦੀ ਉਹ ਕਈ ਦਿਨਾਂ ਤੋਂ ਆਪਣੇ ਚੈਨਲ 'ਤੇ ਸ਼ੰਕਾ ਪ੍ਰਗਟ ਕਰ ਰਹੇ ਸਨ ਅਤੇ ਕੁਝ ਦਿਨ ਪਹਿਲਾਂ ਉਹ ਚੰਡੀਗੜ੍ਹ ਵਿਚ ਪ੍ਰੈੱਸ ਕਾਨਫਰੰਸ ਕਰਨ ਤੋਂ ਬਾਅਦ ਮੁੱਖ ਮੰਤਰੀ ਰਿਹਾਇਸ਼ 'ਤੇ ਜਾ ਕੇ ਉਨ੍ਹਾਂ ਦੇ ਪੀਏ ਨੂੰ ਮੰਗ ਪੱਤਰ ਵੀ ਦੇ ਕੇ ਆਏ ਸਨ, ਜਿਸਨੇ ਮਾਮਲਾ ਮੁੱਖ ਮੰਤਰੀ ਦੇ ਧਿਆਨ ਵਿਚ ਲਿਆਉਣ ਦਾ ਵਾਅਦਾ ਵੀ ਕੀਤਾ ਸੀ। ਇਸ ਤੋਂ ਇਲਾਵਾ ਅਦਾਲਤ ਨੇ ਪੁਲਿਸ ਨੂੰ ਹੁਕਮ ਕੀਤੇ ਹੋਏ ਸਨ ਕਿ ਜੇਕਰ ਪੁਲਿਸ ਨੂੰ ਗ੍ਰਿਫਤਾਰੀ ਲੋੜੀਂਦੀ ਲੱਗੇ ਤਾਂ ਇੱਕ ਹਫਤੇ ਦਾ ਨੋਟਿਸ ਦੇਣਾ ਪਏਗਾ ਤਾਂ ਕਿ ਪੱਤਰਕਾਰ ਆਪਣੇ ਬਚਾਉ ਲਈ ਕਾਨੂੰਨੀ ਚਾਰਾਜੋਈ ਕਰ ਸਕੇ। ਇਸਦੇ ਬਾਵਜੂਦ ਪੁਲਿਸ ਵੱਲੋਂ ਕੋਰਟ ਦੇ ਹੁਕਮਾਂ ਦੀ ਪ੍ਰਵਾਹ ਕੀਤੇ ਬਿਨਾਂ ਰਜਿੰਦਰ ਸਿੰਘ ਤੱਗੜ ਨੂੰ ਗ੍ਰਿਫਤਾਰ ਕਰ ਲਿਆ ਗਿਆ।

ਸਭ ਤੋਂ ਵੱਧ ਹੈਰਾਨੀ ਇਸ ਗੱਲ ਦੀ ਹੈ ਕਿ ਪੰਜਾਬ ਦੇ ਕਿਸੇ ਮੀਡੀਆ ਵਿਚ ਤੱਗੜ ਦੀ ਗ੍ਰਿਫਤਾਰੀ ਦੀ ਉਸ ਤਰ੍ਹਾਂ ਚਰਚਾ ਨਹੀਂ ਹੋਈ, ਜਿਵੇਂ ਹੋਣੀ ਚਾਹੀਦੀ ਸੀ। ਜਿਵੇਂ ਪੰਜਾਬੀ ਮੀਡੀਆ ਨੇ ਇਸ ਗ੍ਰਿਫਤਾਰੀ ਨੂੰ ਨਜ਼ਰ-ਅੰਦਾਜ਼ ਕੀਤਾ ਹੈ, ਉਹ ਬੇਹੱਦ ਅਫਸੋਸਨਾਕ ਹੈ। ਹੋ ਸਕਦਾ ਹੈ ਕਿ ਜਜ਼ਬਾਤੀ ਰੌਅ ਵਿਚ ਤੱਗੜ ਨੇ ਕੁਝ ਗਲਤੀਆਂ ਕੀਤੀਆਂ ਹੋਣ, ਪੁਲਿਸ ਕੋਲ ਉਸਨੂੰ ਗ੍ਰਿਫਤਾਰ ਕਰਨ ਦੇ ਟੈਕਨੀਕਲ ਕਾਰਨ ਹੋਣ, ਪਰ ਇਸ ਗੱਲ ਨੂੰ ਨਜ਼ਰ-ਅੰਦਾਜ਼ ਨਹੀਂ ਕੀਤਾ ਜਾ ਸਕਦਾ ਕਿ ਜੋ ਮੁੱਦੇ ਸ. ਤੱਗੜ ਜਾਂ ਉਨ੍ਹਾਂ ਦੇ ਸਾਥੀ ਜਾਂ ਹੋਰ ਖੋਜੀ ਪੱਤਰਕਾਰ ਉਭਾਰ ਰਹੇ ਸਨ, ਆਪਣੀ ਜਾਨ ਅਤੇ ਪੇਸ਼ਾ ਜ਼ੋਖਮ ਵਿਚ ਪਾ ਕੇ ਪਬਲਿਕ ਸਾਹਮਣੇ ਪੇਸ਼ ਕਰ ਰਹੇ ਸਨ, ਉਨ੍ਹਾਂ 'ਤੇ ਜ਼ਰੂਰ ਚਰਚਾ ਹੋਣੀ ਬਣਦੀ ਸੀ। ਹੋ ਸਕਦਾ ਰਜਿੰਦਰ ਤੱਗੜ ਜਾਂ ਮਲਵਿੰਦਰ ਸਿੱਧੂ ਜਾਂ ਅਜਿਹੇ ਬਿਸਲ ਬਲੋਅਰਾਂ ਦੇ ਕੰਮ ਕਰਨ ਦਾ ਤਰੀਕਾ ਠੀਕ ਨਾ ਹੋਵੇ, ਪਰ ਕੀ ਸਰਕਾਰਾਂ, ਪ੍ਰਸ਼ਾਸਨ ਜਾਂ ਪੁਲਿਸ ਦਾ ਇਹ ਫਰਜ਼ ਨਹੀਂ ਬਣਦਾ ਕਿ ਉਹ ਉਭਾਰੇ ਜਾ ਰਹੇ ਮੁੱਦਿਆਂ 'ਤੇ ਗੰਭੀਰਤਾ ਨਾਲ ਵਿਚਾਰ ਕਰ ਕੇ ਕੋਈ ਐਕਸ਼ਨ ਲੈਣ? ਕੀ ਇਸਦਾ ਮਤਲਬ ਇਹ ਸਮਝਿਆ ਜਾਵੇ ਕਿ ਇਸ ਹਮਾਮ ਵਿਚ ਸਭ ਨੰਗੇ ਹਨ? ਜੇ ਸਰਕਾਰਾਂ ਜਾਂ ਪ੍ਰਸ਼ਾਸਨ ਆਪਣੇ ਨਿੱਜੀ ਤੇ ਸਵਾਰਥੀ ਹਿੱਤਾਂ ਲਈ ਭ੍ਰਿਸ਼ਟਾਚਾਰ ਵਰਗੇ ਮੁੱਦਿਆਂ ਪ੍ਰਤੀ ਸੰਜੀਦਾ ਨਹੀਂ, ਫਿਰ ਲੋਕ ਕਿੱਧਰ ਜਾਣ? ਜੇ ਸਰਕਾਰਾਂ ਦਾ ਇਹੀ ਰਵੱਈਆ ਹੋਵੇਗਾ ਤਾਂ ਕੌਣ ਸਮਾਜ ਦੇ ਸਰੋਕਾਰਾਂ ਹਿੱਤ ਕੰਮ ਕਰਨ ਲਈ ਅੱਗੇ ਆਵੇਗਾ? ਜੇ ਤੱਗੜ ਜਾਂ ਉਨ੍ਹਾਂ ਦੇ ਸਹਿਯੋਗੀਆਂ ਕੋਲੋਂ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਵਿਚ ਕੋਈ ਕਾਨੂੰਨੀ ਕੁਤਾਹੀਆਂ ਹੋਈਆਂ ਹਨ ਤਾਂ ਉਨ੍ਹਾਂ 'ਤੇ ਐਕਸ਼ਨ ਲੈਣ ਤੋਂ ਪਹਿਲਾਂ ਵੱਖ-ਵੱਖ ਖੇਤਰਾਂ ਵਿਚ ਫੈਲੇ ਭ੍ਰਿਸ਼ਟਾਚਾਰ 'ਤੇ ਕਾਰਵਾਈ ਕਰਨ ਤਾਂ ਇਹ ਸਮਝਿਆ ਜਾ ਸਕਦਾ ਹੈ ਕਿ ਕੁਰੱਪਸ਼ਨ ਦੇ ਮੁੱਦੇ ਨੂੰ ਲੈ ਕੇ ਬਣੀ 'ਆਪ' ਦੀ ਸਰਕਾਰ ਆਪਣੇ ਵਾਅਦਿਆਂ ਪ੍ਰਤੀ ਗੰਭੀਰ ਹੈ?

ਮਲਵਿੰਦਰ ਸਿੰਘ ਸਿੱਧੂ ਐਡੀਸ਼ਨਲ ਇੰਸਪੈਕਟਰ ਜਨਰਲ ਪੁਲਿਸ ਮਾਨਵੀ ਅਧਿਕਾਰ ਦੇ ਅਸਿਸਟੈਂਟ ਬਾਰੇ ਇਹ ਗੱਲ ਸ਼ਰ੍ਹੇਆਮ ਜਨਤਾ ਦੀ ਕਚਹਿਰੀ ਵਿਚ ਹੈ ਕਿ ਉਸਦੀ ਧੀ ਕਿਸੇ ਹਰਪ੍ਰੀਤ ਸਿੰਘ ਨਾਮ ਦੇ ਆਈ ਏ ਐਸ ਅਧਿਕਾਰੀ ਨਾਲ ਵਿਆਹੀ ਹੋਈ ਸੀ, ਉਸਦਾ ਝਗੜਾ ਚੱਲ ਰਿਹਾ ਸੀ ਤੇ ਮਾਮਲਾ ਤਲਾਕ ਤੱਕ ਚਲਾ ਗਿਆ। ਲੜਕੀ ਨੂੰ ਆਪਣੇ ਸਾਬਕਾ ਪਤੀ ਦੇ ਸ਼ਡੂਲ ਕਾਸਟ ਦਾ ਜਾਅਲੀ ਸਰਟੀਫਿਕੇਟ ਲਗਾ ਕੇ ਨੌਕਰੀ ਲੈਣ ਦਾ ਪਤਾ ਸੀ, ਮਲਵਿੰਦਰ ਸਿੰਘ ਨੇ ਆਪਣੇ ਸਾਬਕਾ ਜਵਾਈ ਵਿਰੁੱਧ ਕੇਸ ਤਾਂ ਕੀਤਾ ਹੀ, ਸਗੋਂ ਉਸਨੇ ਦਲਿਤ ਹੋਣ ਦੇ ਫਰਜ਼ੀ ਸਰਟੀਫਿਕੇਟ ਲਗਾ ਕੇ ਹੋਰ ਅਨੇਕਾਂ ਉਚੇ ਅਹੁਦੇ ਲੈ ਕੇ ਬੈਠੇ ਅਫਸਰਾਂ ਨਾਲ ਜੁੜੇ ਸਕੈਂਡਲ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੀ ਮੁਹਿੰਮ ਵੀ ਵਿੱਢ ਦਿੱਤੀ। ਇਸ ਦੌਰਾਨ ਉਸ ਕੋਲੋਂ ਕਥਿਤ ਤੌਰ 'ਤੇ ਸਭ ਤੋਂ ਵੱਡੀ 'ਕੁਤਾਹੀ', ਇਹ ਹੋ ਗਈ ਕਿ ਸ਼ਡਿਊਲ ਕਾਸਟ ਸਰਟੀਫਿਕੇਟਾਂ ਬਾਰੇ ਸਕੈਂਡਲ ਦੀ ਜਾਣਕਾਰੀ ਇਕੱਠੀ ਕਰਨ ਦੇ ਆਪਣੇ ਮਿਸ਼ਨ ਦੌਰਾਨ ਉਹ ਆਪਣੇ ਆਪ ਨੂੰ ਐਡੀਸ਼ਨਲ ਇੰਸਪੈਕਟਰ ਜਨਰਲ ਪੁਲਿਸ ਮਾਨਵੀ ਅਧਿਕਾਰ ਦੱਸਣ ਦੀ ਬਜਾਇ ਕਿਤੇ ਕਿਤੇ ਵਿਜੀਲੈਂਸ ਅਧਿਕਾਰੀ ਦੱਸ ਬੈਠਾ। ਉਹ ਅਜਿਹੀ ਜਾਣਕਾਰੀ ਇਕੱਤਰ ਕਰਨ ਦੌਰਾਨ ਆਪਣੀ ਅੰਡਰਵੀਅਰ ਵਿਚ ਡਿਕਟਾ ਵੁਆਇਸ ਰਿਕਾਰਡਰ ਰੱਖ ਲੈਂਦਾ ਸੀ ਤਾਂ ਕਿ ਜਾਣਕਾਰੀ ਰਿਕਾਰਡ ਕਰ ਸਕੇ। ਉਹ ਰਿਕਾਰਡਰ ਪੁਲਿਸ ਛਾਪੇ ਦੌਰਾਨ ਅਧਿਕਾਰੀਆਂ ਦੇ ਹੱਥ ਆ ਗਿਆ, ਜਿਸ ਨਾਲ ਪੁਲਿਸ ਅਧਿਕਾਰੀਆਂ ਨੂੰ ਕਾਰਵਾਈ ਕਰਨ ਦਾ ਮੌਕਾ ਮਿਲ ਗਿਆ। ਵਿਚਾਰੇ ਮਲਵਿੰਦਰ ਸਿੰਘ ਸਿੱਧੂ ਨੂੰ ਰਤਾ ਖਬਰ ਨਹੀਂ ਸੀ ਕਿ ਉਸ ਦੇ ਪਿੱਛੇ ਕਿਸ ਕਿਸਮ ਦੇ 'ਖੂੰਖਾਰ ਕੁੱਤੇ' ਲੱਗੇ ਹੋਏ ਸਨ। ਰਜਿੰਦਰ ਤੱਗੜ ਤੇ ਮਲਵਿੰਦਰ ਸਿੱਧੂ ਦੀ ਬਦਨਸੀਬੀ ਦੇ ਇਨ੍ਹਾਂ ਕੇਸਾਂ ਬਾਰੇ ਪੱਤਰਕਾਰ ਰਿਤੇਸ਼ ਲੱਖੀ ਨੇ ਆਪਣੇ ਯੂ ਟਿਊਬ ਚੈਨਲ 'ਰਿਤੇਸ਼ ਲੱਖੀ: ਅਨਪਲੱਗ' 'ਤੇ 28 ਅਤੇ 30 ਅਪਰੈਲ, 2024 ਦੀਆਂ ਵੀਡੀਓਜ਼ ਵਿਚ ਵਿਸਤਾਰਤ ਚਰਚਾ ਕੀਤੀ ਹੈ। ਜੋ ਕਿ ਪਾਠਕ ਨਾਲ ਦਿੱਤੇ ਜਾ ਰਹੇ

*(ਬਾਕੀ ਅਗਲੇ ਸਫੇ 'ਤੇ)*

# ਪੱਤਰਕਾਰ ਤੱਗੜ ਦੀ ਗ੍ਰਿਫਤਾਰੀ ਅਤੇ ਸਰਕਾਰ ਦੀ ਪਹੁੰਚ

***ਇੱਕ ਪਾਸੇ ਸਰਕਾਰ ਪੱਤਰਕਾਰਾਂ ਦੀ ਆਵਾਜ਼ ਨੂੰ ਦਬਾਉਣ ਲੱਗੀ ਹੋਈ ਹੈ; ਦੂਜੇ ਪਾਸੇ ਸੱਤਾ ਧਿਰ ਨਾਲ ਸਬੰਧਿਤ ਕਈ ਮੰਤਰੀਆਂ/ਵਿਧਾਇਕਾਂ ਉੱਪਰ ਲੱਗੇ ਗੰਭੀਰ ਕਿਸਮ ਦੇ ਦੋਸ਼ਾਂ ਉੱਪਰ ਚੁੱਪ ਧਾਰੀ ਹੋਈ ਹੈ। 'ਬਦਲਾਅ' ਦਾ ਸੌਦਾ ਦੇ ਕੇ ਸੱਤਾ ਵਿਚ ਆਈ ਭਗਵੰਤ ਸਰਕਾਰ ਦੀ ਪੱਤਰਕਾਰਾਂ, ਵੈੱਬ ਚੈਨਲਾਂ ਖਿਲਾਫ ਕੀਤੀ ਇਹ ਪਹਿਲੀ ਕਾਰਵਾਈ ਨਹੀਂ, ਦੋ ਸਾਲਾਂ ਵਿਚ ਕਈ ਅਦਾਰੇ/ਪੱਤਰਕਾਰ ਨਿਸ਼ਾਨਾ ਬਣ ਚੁੱਕੇ ਹਨ।***



**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਮੁੱਖ ਧਾਰਾ ਦੇ ਕਈ ਮੀਡੀਆ ਅਦਾਰਿਆਂ ਲਈ ਕੰਮ ਕਰ ਚੁੱਕੇ ਸੀਨੀਅਰ ਪੱਤਰਕਾਰ ਰਾਜਿੰਦਰ ਸਿੰਘ ਤੱਗੜ ਦੀ ਪੁਲਿਸ ਵੱਲੋਂ ਕੀਤੀ ਗ੍ਰਿਫਤਾਰੀ ਪ੍ਰੈੱਸ ਦੀ ਸੰਘੀ ਘੁੱਟਣ ਵਾਲੀ ਕਾਰਵਾਈ ਹੈ। ਪੁਲਿਸ ਵੱਲੋਂ ਇਸ ਗ੍ਰਿਫਤਾਰੀ ਨੂੰ ਭਾਵੇਂ ਪੰਜਾਬ ਪੁਲਿਸ ਦੇ ਬਰਖ਼ਾਸਤ ਏ.ਆਈ.ਜੀ. ਮਾਲਵਿੰਦਰ ਸਿੰਘ ਸਿੱਧੂ ਦੇ ਮਾਮਲੇ ਨਾਲ ਜੋੜਿਆ ਗਿਆ ਹੈ ਪਰ ਹਕੀਕਤ ਵਿਚ ਪੁਲਿਸ ਦੀ ਇਹ ਕਾਰਵਾਈ ਵਿਰੋਧੀ ਆਵਾਜ਼ਾਂ ਨੂੰ ਚੁੱਪ ਕਰਵਾਉਣ ਵਾਲੀ ਹੈ।

ਪੱਤਰਕਾਰ ਰਾਜਿੰਦਰ ਸਿੰਘ ਤੱਗੜ ਨੂੰ ਕੁਝ ਦਿਨ ਪਹਿਲਾਂ ਇਹ ਸੰਕੇਤ ਮਿਲਿਆ ਸੀ ਕਿ ਪੁਲਿਸ ਉਸ ਨੂੰ ਗ੍ਰਿਫਤਾਰ ਕਰ ਸਕਦੀ ਹੈ। ਇਸੇ ਕਰ ਕੇ ਉਸ ਨੇ ਅਦਾਲਤ ਵਿਚ ਅਰਜੀ ਦਾਇਰ ਕਰ ਕੇ ਖਦਸ਼ਾ ਜ਼ਾਹਿਰ ਕੀਤਾ ਸੀ ਕਿ ਪੁਲਿਸ ਉਸ ਨੂੰ ਐਫ.ਆਈ.ਆਰ. ਨੰਬਰ 7 ਵਿਚ ਬਗੈਰ ਕਿਸੇ ਕਾਰਨ ਗ੍ਰਿਫਤਾਰ ਕਰ ਸਕਦੀ ਹੈ। ਅਦਾਲਤ ਵਿਚ ਪੁਲਿਸ ਨੇ ਆਪਣਾ ਪੱਖ ਰੱਖਦਿਆਂ ਦਾਅਵਾ ਕੀਤਾ ਸੀ ਕਿ ਜਦ ਐਫ.ਆਈ.ਆਰ. ਵਿਚ ਤੱਗੜ ਦਾ ਨਾਮ ਹੀ ਨਹੀਂ ਹੈ ਤਾਂ ਫਿਰ ਗ੍ਰਿਫਤਾਰੀ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਅਦਾਲਤ ਨੇ ਨਿਰਦੇਸ਼ ਦਿੱਤੇ ਸਨ ਕਿ ਸਬੰਧਿਤ ਐਫ.ਆਈ.ਆਰ. ਨੰਬਰ 7 ਵਿਚ ਪੁਲਿਸ ਨੇ ਜੇਕਰ ਤੱਗੜ ਨੂੰ ਗ੍ਰਿਫਤਾਰ ਕਰਨਾ ਹੋਵੇ ਤਾਂ ਉਸ ਦੀ ਗ੍ਰਿਫਤਾਰੀ ਤੋਂ ਪਹਿਲਾਂ ਸੱਤ ਦਿਨਾਂ ਦਾ ਨੋਟਿਸ ਦੇਣ ਦੀ ਹਦਾਇਤ ਕੀਤੀ ਸੀ ਪਰ ਪੁਲਿਸ ਵੱਲੋਂ ਅਦਾਲਤੀ ਹੁਕਮਾਂ ਦੀ ਅਣਦੇਖੀ ਕਰਦਿਆਂ ਇਕ ਹੋਰ ਐਫ.ਆਈ.ਆਰ. ਵਿਚ ਤੱਗੜ ਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਵੱਲੋਂ ਪੱਤਰਕਾਰ ਰਾਜਿੰਦਰ ਤੱਗੜ ਨੂੰ ਮੁਹਾਲੀ ਦੀ ਅਦਾਲਤ ਵਿਚ ਪੇਸ਼ ਕਰ ਕੇ ਪੁਲਿਸ ਰਿਮਾਂਡ ਦੀ ਮੰਗ ਕਰਨ ਸਮੇਂ ਅਦਾਲਤ ਵਿਚ ਕਿਹਾ ਕਿ ਉਸ ਤੋਂ ਫੰਡਿੰਗ ਦੇ ਸਰੋਤ ਬਾਰੇ ਪਤਾ ਕਰਨਾ ਹੈ ਜਦਕਿ ਅਜਿਹੇ ਕੋਈ ਠੋਸ ਤੱਥ ਪੁਲਿਸ ਪੇਸ਼ ਨਹੀਂ ਕਰ ਸਕੀ ਹੈ।

ਭਾਰਤ ਵਿਚ ਕਈ ਲੋਕਾਂ ਨੇ ਜਾਅਲੀ ਜਾਤੀ ਸਰਟੀਫਿਕੇਟਾਂ ਦੇ ਆਧਾਰ ਉਪਰ ਸਰਕਾਰੀ ਨੌਕਰੀਆਂ ਹਾਸਲ ਕੀਤੀਆਂ ਹੋਈਆਂ ਹਨ ਜਿਨ੍ਹਾਂ ਖਿਲਾਫ ਮੁਹਾਲੀ ਵਿਚ 'ਰਿਜ਼ਰਵੇਸ਼ਨ ਚੋਰ ਫੜੋ' ਮੁਹਿੰਮ ਤਹਿਤ ਮੋਰਚਾ ਚੱਲ ਰਿਹਾ ਹੈ। ਸਰਕਾਰ ਵੱਲੋਂ ਉਸ ਮੋਰਚੇ ਵੱਲੋਂ ਚਿੰਨ੍ਹਤ ਕੀਤੇ ਜਾਅਲੀ ਸਰਟੀਫਿਕੇਟਾਂ ਵਾਲੇ 'ਰਸੂਖਵਾਨਾਂ' ਖਿਲਾਫ ਕਾਰਵਾਈ ਕਰਨ ਦੀ ਬਜਾਇ ਇਸ ਮੋਰਚੇ ਨੂੰ ਫੰਡਿੰਗ ਦੀ ਕਹਾਣੀ ਘੜ ਕੇ ਕੇਸ ਦਰਜ ਕੀਤਾ ਗਿਆ ਹੈ ਜਿਸ ਦੇ ਲਪੇਟੇ ਵਿਚ ਪੱਤਰਕਾਰ ਤੱਗੜ ਨੂੰ ਵੀ ਲਿਆ ਗਿਆ ਹੈ। ਦਰਅਸਲ, ਪੁਲਿਸ ਨੇ ਬਰਖ਼ਾਸਤ ਏ.ਆਈ.ਜੀ. ਖਿਲਾਫ ਮੁਹਾਲੀ ਦੇ ਫੇਜ਼-1 ਥਾਣੇ ਵਿਚ 'ਰਿਜ਼ਰਵੇਸ਼ਨ ਚੋਰ ਫੜੋ' ਮੁਹਿੰਮ ਤਹਿਤ ਲੱਗੇ ਮੋਰਚੇ ਨੂੰ ਫੰਡਿੰਗ ਦਾ ਕੇਸ ਦਰਜ ਕੀਤਾ ਹੈ; ਪੱਤਰਕਾਰ ਤੱਗੜ ਨੂੰ ਇਸ ਮਾਮਲੇ ਵਿਚ ਸਹਿ ਮੁਲਜ਼ਮ ਬਣਾਇਆ ਗਿਆ ਹੈ। ਇਹ ਉਸੇ ਤਰ੍ਹਾਂ ਦਾ ਮਾਮਲਾ ਹੈ ਜਿਸ ਤਰ੍ਹਾਂ ਦਾ ਮਾਮਲਾ ਕੇਂਦਰ ਸਰਕਾਰ ਵੱਲੋਂ ਨਾਮੀ ਮੀਡੀਆ ਅਦਾਰੇ 'ਨਿਊਜ਼ ਕਲਿਕ' ਖਿਲਾਫ ਦਰਜ ਕਰ ਕੇ ਪੱਤਰਕਾਰਾਂ ਨੂੰ ਗ੍ਰਿਫਤਾਰ ਕੀਤਾ ਸੀ। ਕੇਂਦਰ ਸਰਕਾਰ ਵੱਲੋਂ ਨਿਊਜ਼ ਕਲਿਕ ਖਿਲਾਫ ਕੀਤੀ ਗੈਰ-ਜਮਹੂਰੀ ਕਾਰਵਾਈ ਦੀ ਤਰਜ਼ ਉੱਪਰ ਹੀ ਪੰਜਾਬ ਸਰਕਾਰ ਵੱਲੋਂ ਪੱਤਰਕਾਰ ਤੱਗੜ ਖਿਲਾਫ ਕਾਰਵਾਈ ਕੀਤੀ ਗਈ ਹੈ। ਸਾਫ ਹੈ ਕਿ ਕੌਮੀ ਪੱਧਰ 'ਤੇ ਮੁੱਖ ਧਾਰਾ ਮੀਡੀਆ ਦੇ ਲੋਕ ਵਿਰੋਧੀ ਰੋਲ 'ਤੇ 'ਗੋਦੀ ਮੀਡੀਆ' ਦਾ ਰੌਲਾ ਪਾਉਣ ਵਾਲੀ ਆਮ ਆਦਮੀ ਪਾਰਟੀ ਨੇ ਪੰਜਾਬ ਵਿਚ ਉਸੇ ਤਰ੍ਹਾਂ ਦਾ ਕਿਰਦਾਰ ਅਪਣਾਇਆ ਹੈ ਜਿਸ ਤਰ੍ਹਾਂ ਦਾ ਕੇਂਦਰੀ ਪੱਧਰ 'ਤੇ ਭਾਜਪਾ ਨੇ ਅਪਣਾਇਆ ਹੋਇਆ ਹੈ।

ਅਸਲ ਵਿਚ, ਪੱਤਰਕਾਰ ਤੱਗੜ ਵੱਲੋਂ ਪੰਜਾਬ ਅਗੇਂਸਟ ਕੁਰੱਪਸ਼ਨ ਦੇ ਪ੍ਰਧਾਨ ਸਤਨਾਮ ਸਿੰਘ ਦਾਊਂ ਨਾਲ ਮਿਲ ਕੇ ਅਮਰੂਦ ਬਾਗ ਘੁਟਾਲੇ ਸਮੇਤ ਪੁਲਿਸ ਤੰਤਰ ਖਿਲਾਫ ਵੱਖ-ਵੱਖ ਰਿਪੋਰਟਾਂ ਨਸ਼ਰ ਕੀਤੀਆਂ ਗਈਆਂ ਸਨ ਜਿਸ ਕਾਰਨ ਸਰਕਾਰ ਵੱਲੋਂ ਉਸ ਨੂੰ ਬਦਨਾਮ ਕਰਨ ਲਈ ਝੂਠੇ ਕੇਸ ਵਿਚ ਫਸਾਇਆ ਗਿਆ ਹੈ। ਪੰਜਾਬ ਵਿਚ ਬਿਊਰੋਕਰੇਟਾਂ ਖਾਸਕਰ ਆਈ.ਏ.ਐਸ. ਤੇ ਆਈ.ਪੀ.ਐਸ. ਅਫਸਰਾਂ ਦਾ ਸਿਆਸਤਦਾਨਾਂ ਨਾਲ ਗੱਠਜੋੜ ਚੱਲ ਰਿਹਾ ਹੈ। ਇਸ ਗੱਠਜੋੜ ਨੇ ਅਮਰੂਦ ਬਾਗ ਘੁਟਾਲੇ ਨੂੰ ਅੰਜਾਮ ਦਿੱਤਾ ਹੈ। ਇਹ ਵੀ ਜਾਣਕਾਰੀ ਮਿਲੀ ਹੈ ਕਿ ਪੁਲਿਸ ਨੇ ਤੱਗੜ ਨਾਲ ਕੰਮ ਕਰਦੇ ਵੀਡੀਓ ਐਡੀਟਰ ਨੂੰ ਵੀ ਕੁੱਟਿਆ ਅਤੇ ਜ਼ਲੀਲ ਕੀਤਾ ਹੈ। ਇਸ ਤੋਂ ਇਲਾਵਾ ਤੱਗੜ ਦਾ ਫੋਨ ਪੁਲਿਸ ਲੈ ਗਈ ਤੇ ਘਰ ਨੂੰ ਜਿੰਦਰਾ ਲਾ ਕੇ ਉਸ ਦੇ ਘਰ ਦੀਆਂ ਚਾਬੀਆਂ ਵੀ ਪੁਲਿਸ ਨਾਲ ਲੈ ਗਈ।

ਚੰਡੀਗੜ੍ਹ ਪ੍ਰੈੱਸ ਕਲੱਬ ਅਤੇ ਮੁਹਾਲੀ ਪ੍ਰੈੱਸ ਕਲੱਬ ਵੱਲੋਂ ਪੱਤਰਕਾਰ ਰਾਜਿੰਦਰ ਸਿੰਘ ਤੱਗੜ ਦੀ ਗ੍ਰਿਫਤਾਰੀ ਦੀ ਨਿਖੇਧੀ ਕਰਦਿਆਂ ਇਸ ਮਾਮਲੇ ਉੱਪਰ ਸੰਘਰਸ਼ ਵੀ ਕੀਤਾ ਜਾ ਰਿਹਾ ਹੈ। ਇਹਨਾਂ ਕਲੱਬਾਂ ਨੇ ਕਿਹਾ ਹੈ ਕਿ ਜਿਸ ਤਰ੍ਹਾਂ ਕੇਂਦਰ ਸਰਕਾਰ ਨੇ ਨਿਊਜ਼ ਕਲਿਕ ਦੇ ਪੱਤਰਕਾਰਾਂ ਨੂੰ ਫੜਿਆ ਹੈ, ਉਸੇ ਤਰੀਕੇ ਨਾਲ ਹੀ ਤੱਗੜ ਨੂੰ ਗ੍ਰਿਫਤਾਰ ਕਰ ਕੇ ਮਾਮਲੇ ਰਾਹੀਂ ਦਹਿਸ਼ਤ ਪਾਉਣ ਦੀ ਕੋਸ਼ਿਸ਼ ਕੀਤੀ ਹੈ। ਇਸੇ ਤਰ੍ਹਾਂ ਪ੍ਰੈੱਸ ਕਲੱਬ ਆਫ ਇੰਡੀਆ ਵੱਲੋਂ ਵੀ ਪ੍ਰੈੱਸ ਬਿਆਨ ਜਾਰੀ ਕਰ ਕੇ ਪੱਤਰਕਾਰ ਰਾਜਿੰਦਰ ਸਿੰਘ ਤੱਗੜ ਦੀ ਗ੍ਰਿਫਤਾਰੀ ਦੀ ਨਿਖੇਧੀ ਕਰਦਿਆਂ ਇਸ ਨੂੰ ਮੀਡੀਆ ਦੀ ਆਜ਼ਾਦੀ ਉੱਪਰ ਹਮਲਾ ਕਰਾਰ ਦਿੱਤਾ ਗਿਆ ਹੈ।

ਕਾਂਗਰਸ ਦੀ ਸੱਤਾ ਸਮੇਂ ਜਦ ਇੰਦਰਾ ਗਾਂਧੀ ਨੇ 1975 ਵਿਚ ਐਮਰਜੈਂਸੀ ਲਗਾਈ ਸੀ, ਪ੍ਰੈੱਸ ਦੀ ਆਜ਼ਾਦੀ ਸਿੱਧੇ ਤੌਰ 'ਤੇ ਖਤਮ ਕਰ ਦਿੱਤੀ ਗਈ ਸੀ ਪਰ ਅੱਜ ਦੇ ਹਾਲਾਤ ਵੀ ਉਸ ਤੋਂ ਵੱਖਰੇ ਨਹੀਂ ਹਨ ਕਿਉਂਕਿ ਅੱਜ ਅਣ-ਐਲਾਨੀ ਐਮਰਜੈਂਸੀ ਵਾਲੇ ਹਾਲਾਤ ਹਨ। ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਮੀਡੀਆ ਨੂੰ ਸਿੱਧੇ ਤੌਰ 'ਤੇ ਆਪਣੇ ਕੰਟਰੋਲ ਵਿਚ ਕਰਨ ਦੀ ਥਾਂ ਟੇਢੇ ਢੰਗ ਨਾਲ ਆਪਣੇ ਕੰਟਰੋਲ ਹੇਠ ਕੀਤਾ ਜਾ ਰਿਹਾ ਹੈ ਤੇ ਕੰਟਰੋਲ ਹੇਠ ਨਾ ਆਉਣ ਵਾਲੇ ਪੱਤਰਕਾਰ ਗ੍ਰਿਫਤਾਰ ਕੀਤੇ ਜਾ ਰਹੇ ਹਨ।

ਕੌਮਾਂਤਰੀ ਪੱਧਰ ਉੱਪਰ ਵੀ ਹਾਲਾਤ ਇਸੇ ਤਰ੍ਹਾਂ ਦੇ ਹਨ। ਯੂਨੈਸਕੋ ਦੀ ਜਨਵਰੀ 2023 ਵਿਚ ਜਾਰੀ ਕੀਤੀ ਗਈ ਰਿਪੋਰਟ ਅਨੁਸਾਰ 2022 ਵਿਚ 86 ਪੱਤਰਕਾਰਾਂ ਦੀ ਹੱਤਿਆ ਕੀਤੀ ਗਈ। ਵੱਖ-ਵੱਖ ਸਰਵੇਖਣਾਂ ਅਨੁਸਾਰ ਹਰ ਸਾਲ 250 ਤੋਂ ਵੱਧ ਪੱਤਰਕਾਰਾਂ ਨੂੰ ਨਜ਼ਰਬੰਦ ਕੀਤਾ ਜਾਂਦਾ ਹੈ। 'ਰਿਪੋਰਟਰਜ਼ ਵਿਦਾਊਟ ਬਾਰਡਰਜ਼' ਅਨੁਸਾਰ ਪਿਛਲੇ 20 ਸਾਲਾਂ ਦੌਰਾਨ ਦੁਨੀਆ ਭਰ ਵਿਚ 1668 ਪੱਤਰਕਾਰਾਂ ਦੀ ਹੱਤਿਆ ਕੀਤੀ ਗਈ ਹੈ। ਇਸ ਸੰਸਥਾ ਦੁਆਰਾ ਜਾਰੀ ਕੀਤੀ ਗਈ ਰਿਪੋਰਟ ਇਹ ਵੀ ਦਰਸਾਉਂਦੀ ਹੈ ਕਿ ਭਾਰਤ ਵਿਚ ਮੀਡੀਆ ਦੀ ਆਜ਼ਾਦੀ ਨੂੰ ਲਗਾਤਾਰ ਖੋਰਾ ਲਾਇਆ ਜਾ ਰਿਹਾ ਹੈ। 'ਰਿਪੋਰਟਰਜ਼ ਵਿਦਾਊਟ ਬਾਰਡਰਜ਼' ਵੱਲੋਂ 180 ਦੇਸ਼ਾਂ ਵਿਚ ਹਰ ਵਰ੍ਹੇ ਕੀਤੇ ਜਾਂਦੇ ਸਰਵੇਖਣ ਅਨੁਸਾਰ 2016 ਵਿਚ ਭਾਰਤ 133ਵੇਂ ਸਥਾਨ 'ਤੇ ਸੀ ਜੋ 2021 ਵਿਚ 142ਵੇਂ ਅਤੇ 2022 ਵਿਚ 150ਵੇਂ ਸਥਾਨ 'ਤੇ ਗਿਆ। ਅਮਰੀਕਾ, ਇੰਗਲੈਂਡ, ਚੀਨ, ਰੂਸ ਵਰਗੇ ਪੂੰਜੀਵਾਦੀ ਮੁਲਕਾਂ ਵਿਚ ਵੀ ਮੀਡੀਆ 'ਤੇ ਤਮਾਮ ਤਰ੍ਹਾਂ ਦੀਆਂ ਪਾਬੰਦੀਆਂ ਮੜ੍ਹੀਆਂ ਹੋਈਆ ਹਨ ਤੇ ਉੱਥੇ ਵੀ ਮੁੱਖ ਧਾਰਾ ਮੀਡੀਆ ਸਰਕਾਰ ਵੱਲੋਂ ਵਾਹੀ ਲਾਈਨ ਘੱਟ ਕਰਾਸ ਕਰਦਾ ਹੈ।

ਇਹ ਤੱਥ ਹਨ ਕਿ ਸਰਕਾਰ ਵੱਲੋਂ ਪੁਲਿਸ ਅਤੇ ਤਫ਼ਤੀਸ਼ ਏਜੰਸੀਆਂ ਰਾਹੀਂ ਪੱਤਰਕਾਰੀ ਦੇ ਖੇਤਰ ਵਿਚ ਦਖ਼ਲ ਦਿੱਤਾ ਜਾ ਰਿਹਾ ਹੈ। ਪਿਛਲੇ ਸਮੇਂ ਤੋਂ ਕਈ ਪੱਤਰਕਾਰ ਜੇਲ੍ਹ ਵਿਚ ਹਨ ਅਤੇ ਕਈਆਂ ਦੇ ਘਰਾਂ ਤੇ ਦਫ਼ਤਰਾਂ 'ਤੇ ਛਾਪੇ ਮਾਰ ਕੇ ਉਨ੍ਹਾਂ ਦੇ ਕੰਪਿਊਟਰ, ਲੈਪਟਾਪ ਤੇ ਮੋਬਾਈਲ ਫੋਨ ਜ਼ਬਤ ਕੀਤੇ ਗਏ ਹਨ। ਪਿਛਲੇ ਵਰ੍ਹੇ 'ਫਾਊਂਡੇਸ਼ਨ ਫਾਰ ਮੀਡੀਆ ਪ੍ਰੋਫੈਸ਼ਨਲਜ਼' ਵੱਲੋਂ ਇੱਕ ਹੋਰ ਸੰਸਥਾ ਨਾਲ ਮਿਲ ਕੇ ਸੁਪਰੀਮ ਕੋਰਟ ਵਿਚ ਪਟੀਸ਼ਨ ਦਾਇਰ ਕਰਕੇ ਏਜੰਸੀਆਂ ਵੱਲੋਂ ਪੱਤਰਕਾਰਾਂ ਦੇ ਕੰਪਿਊਟਰਾਂ, ਲੈਪਟਾਪਾਂ ਤੇ ਮੋਬਾਈਲ ਫੋਨਾਂ ਨੂੰ ਜ਼ਬਤ ਕਰਨ ਦਾ ਮਾਮਲਾ ਉਠਾਇਆ ਗਿਆ ਸੀ ਜਿਸ ਉੱਪਰ ਸੁਣਵਾਈ ਦੌਰਾਨ ਸੁਪਰੀਮ ਕੋਰਟ ਨੇ ਕਿਹਾ ਸੀ ਕਿ 'ਸਮੱਸਿਆ ਇਹ ਹੈ ਕਿ ਉਹ ਮੀਡੀਆ ਪੇਸ਼ੇਵਰ ਹਨ। ਉਨ੍ਹਾਂ ਦੇ ਆਪਣੇ ਸਰੋਤ ਹਨ। ਹੁਣ, ਜੇ ਤੁਸੀਂ ਸਭ ਕੁਝ ਉਨ੍ਹਾਂ ਤੋਂ ਖੋਹ ਲਵੋ ਤਾਂ ਸਮੱਸਿਆ ਪੈਦਾ ਹੋ ਜਾਂਦੀ ਹੈ।' ਮਤਲਬ ਸਾਫ ਹੈ ਕਿ ਸੁਪਰੀਮ ਕੋਰਟ ਦੇ ਸਪੱਸ਼ਟ ਨਿਰਦੇਸ਼ ਹੋਣ ਦੇ ਬਾਵਜੂਦ ਪੁਲਿਸ ਵੱਲੋਂ ਪੱਤਰਕਾਰ ਤੱਗੜ ਦਾ ਮੋਬਾਈਲ ਸਮੇਤ ਸਮਾਨ ਆਪਣੇ ਕੋਲ ਰੱਖਿਆ ਹੋਇਆ ਹੈ। ਸੁਪਰੀਮ ਕੋਰਟ ਨੇ ਪੱਤਰਕਾਰਾਂ ਦੇ ਆਪਣੇ ਸਰੋਤਾਂ ਨੂੰ ਗੁਪਤ ਰੱਖਣ ਦੇ ਅਧਿਕਾਰ ਬਾਰੇ ਵੀ ਟਿੱਪਣੀ ਕਰਦਿਆਂ ਕਿਹਾ ਸੀ ਕਿ ਨਿੱਜਤਾ ਦਾ ਅਧਿਕਾਰ ਮੌਲਿਕ ਅਧਿਕਾਰ ਹੈ ਪਰ ਸਰਕਾਰਾਂ ਤੇ ਇਹਨਾਂ ਦੀ ਅਗਵਾਈ ਵਾਲੀਆਂ ਏਜੰਸੀਆਂ ਇਸ ਮੌਲਿਕ ਅਧਿਕਾਰ ਨੂੰ ਕੁਚਲਣ ਲੱਗੀਆਂ ਹੋਈਆ ਹਨ।

ਇੱਕ ਪਾਸੇ ਤਾਂ ਸਰਕਾਰ ਪੱਤਰਕਾਰਾਂ ਦੀ ਆਵਾਜ਼ ਨੂੰ ਦਬਾਉਣ ਲੱਗੀ ਹੋਈ ਹੈ; ਦੂਜੇ ਪਾਸੇ ਸੱਤਾ ਧਿਰ ਨਾਲ ਸਬੰਧਿਤ ਕਈ ਮੰਤਰੀਆਂ/ਵਿਧਾਇਕਾਂ ਉੱਪਰ ਲੱਗੇ ਗੰਭੀਰ ਕਿਸਮ ਦੇ ਦੋਸ਼ਾਂ ਉੱਪਰ ਸਰਕਾਰ ਨੇ ਚੁੱਪ ਧਾਰੀ ਹੋਈ ਹੈ। 'ਬਦਲਾਅ' ਦਾ ਸੌਦਾ ਦੇ ਕੇ ਸੱਤਾ ਵਿਚ ਆਈ ਭਗਵੰਤ ਮਾਨ ਸਰਕਾਰ ਵੱਲੋਂ ਪੱਤਰਕਾਰਾਂ, ਵੈੱਬ ਚੈਨਲਾਂ ਖਿਲਾਫ ਕੀਤੀ ਇਹ ਪਹਿਲੀ ਕਾਰਵਾਈ ਨਹੀਂ ਬਲਕਿ ਪਿਛਲੇ ਦੋ ਸਾਲਾਂ ਵਿਚ ਕਈ ਅਦਾਰੇ/ਪੱਤਰਕਾਰ ਸਰਕਾਰ ਦਾ ਨਿਸ਼ਾਨਾ ਬਣ ਚੁੱਕੇ ਹਨ।

'ਆਪ' ਸਰਕਾਰ ਤੋਂ ਲੋਕਾਂ ਨੂੰ ਆਸ ਸੀ ਕਿ ਇਹ ਬੇਰੁਜ਼ਗਾਰੀ, ਨਸ਼ਿਆਂ, ਲੁੱਟਾਂ-ਖੋਹਾਂ, ਭ੍ਰਿਸ਼ਟਾਚਾਰ ਜਿਹੇ ਮਸਲਿਆਂ ਦੇ ਹੱਲ ਲਈ ਕੰਮ ਕਰੇਗੀ ਪਰ ਹਕੀਕਤ ਇਹ ਹੈ ਕਿ ਇਹ ਸਰਕਾਰ ਵੀ ਪਿਛਲੀਆਂ ਸਰਕਾਰਾਂ ਵਾਂਗ ਵਿਰੋਧੀ ਆਵਾਜ਼ਾਂ ਨੂੰ ਚੁੱਪ ਕਰਵਾਉਣ ਲੱਗੀ ਹੋਈ ਹੈ।

## ਪੱਤਰਕਾਰ ਰਜਿੰਦਰ ਸਿੰਘ ਤੱਗੜ!

*(ਪਿਛਲੇ ਸਫੇ ਦੀ ਬਾਕੀ)*

ਲਿੰਕ 'ਤੇ ਕਲਿਕ ਕਰ ਕੇ ਦੇਖ ਸਕਦੇ ਹਨ। (Why Journalist Taggar being framed? Is SAS Nagar POLICE framing whistleblowers? (youtube.com) And Could AIG's Audio Sting capture anything incriminating wrt journo Rajinder Taggar & whistleblowers ? (youtube.com)

ਰਿਤੇਸ਼ ਲੱਖੀ ਦੀਆਂ ਦਲੀਲਾਂ ਨਾਲ ਪੂਰਨ ਵਿਚ ਸਹਿਮਤ ਹੁੰਦਿਆਂ, ਸਾਡੀ ਸਮੇਂ ਦੇ ਹਾਕਮਾਂ ਅੱਗੇ ਸਿਰਫ ਇਤਨੀ ਕੁ ਦਲੀਲ ਹੈ ਕਿ ਤੱਗੜ, ਮਾਲਵਿੰਦਰ ਸਿੱਧੂ, ਜਾਂ ਸਤਨਾਮ ਦਾਊਂ ਵਰਗੇ ਲੋਕ ਜੇਕਰ ਕਾਨੂੰਨ ਦੀਆਂ ਨਜ਼ਰਾਂ ਵਿਚ ਸਚੀ-ਮੁੱਚੀ ਕਿਸੇ ਵੱਡੇ ਗੁਨਾਹ ਦੇ ਭਾਗੀ ਹਨ ਤਾਂ ਉਨ੍ਹਾਂ ਨੂੰ ਬੇਸ਼ੱਕ ਸੂਲੀ 'ਤੇ ਟੰਗ ਦਿਓ, ਪਰ ਬਰਾਏ ਮਿਹਰਬਾਨੀ ਉਨ੍ਹਾਂ ਦੇ ਨਾਲ ਹੀ, ਉਨ੍ਹਾਂ ਵਲੋਂ ਭ੍ਰਿਸ਼ਟਾਚਾਰ ਸਬੰਧੀ ਉਭਾਰ ਜਾ ਰਹੇ ਅਤੀ ਗੰਭੀਰ ਮੁੱਦਿਆਂ ਨੂੰ ਵੀ ਨਾਲ ਹੀ ਫਾਹੇ ਨਾ ਟੰਗੋ? ਉਨ੍ਹਾਂ 'ਤੇ ਕਾਨੂੰਨੀ ਕਾਰਵਾਈ ਕਰ ਕੇ ਲੋਕਾਂ ਨੂੰ ਇਨਸਾਫ ਦਿਓ ਅਤੇ ਭ੍ਰਿਸ਼ਟਾਚਾਰ ਮੁਕਤ ਸਰਕਾਰ ਹੋਣ ਦਾ ਸਬੂਤ ਪੇਸ਼ ਕਰੋ।

ਹੇਠਾਂ 'ਪੰਜਾਬ ਅਗੇਂਸਟ ਕੁਰੱਪਸ਼ਨ' ਦੇ ਮੁੱਖ ਕਾਰਕੁਨ ਸਤਨਾਮ ਦਾਊਂ ਦੀ ਸੋਸ਼ਲ ਮੀਡੀਆ ਪੋਸਟ ਹੂ-ਬ-ਹੂ ਸਾਂਝੀ ਕਰ ਰਹੇ ਹਾਂ ਤਾਂ ਕਿ ਉਨ੍ਹਾਂ ਦਾ ਪੱਖ ਵੀ ਪਾਠਕ ਜਾਣ ਲੈਣ ਕਿ ਸਮਾਜ ਦੇ ਬਿਸਲ ਬਲੋਅਰਾਂ ਨਾਲ ਸਰਕਾਰ, ਪ੍ਰਸ਼ਾਸਨ ਅਤੇ ਪੁਲਿਸ ਧੱਕੇਸ਼ਾਹੀ ਕਿਉਂ ਕਰ ਰਹੀ ਹੈ?

ਅਸੀਂ ਕਿਹੜੇ ਲੋਕਾਂ ਨੂੰ ਬਲੈਕਮੇਲਰ ਲੱਗਦੇ ਹਾਂ ਅਤੇ ਕਿਉਂ ਲੱਗਦੇ ਹਾਂ?

(1) ਅਮਰੂਦ ਬਾਗ ਘਪਲ਼ੇ ਵਿਚ ਸ਼ਾਮਿਲ ਉਹ ਲੋਕ, ਜਿਨ੍ਹਾਂ ਨੇ ਸੈਂਕੜੇ ਕਰੋੜਾਂ ਦਾ ਘਪਲਾ ਕੀਤਾ ਅਤੇ 58 ਕਰੋੜ ਪੰਜਾਬ ਦੇ ਖਜ਼ਾਨੇ ਵਿਚ ਅਦਾਲਤੀ ਹੁਕਮਾਂ ਕਾਰਨ ਵਾਪਿਸ ਹੋਏ ਹਨ। ਹੁਣ ਉਹ ਗੈਂਗ ਸਾਡੇ ਖਿਲਾਫ ਵਿਜੀਲੈਂਸ ਬਿਊਰੋ ਨੂੰ ਝੂਠੀ ਸ਼ਿਕਾਇਤ ਦੇ ਕੇ ਅਤੇ ਅਦਾਲਤ ਵਿਚ ਮੇਰੇ ਅਤੇ 'ਪੰਜਾਬ ਦਸਤਾਵੇਜ਼' ਚੈਨਲ ਦੇ ਪੱਤਰਕਾਰ ਰਜਿੰਦਰ ਸਿੰਘ ਤੱਗੜ ਖਿਲਾਫ ਮਾਣਹਾਨੀ ਦਾ ਕੇਸ ਕਰਕੇ ਡਰਾਉਣਾ ਚਾਹੁੰਦੇ ਹਨ। ਅਜਿਹੇ ਠੱਗ ਲੋਕ ਸਾਡੇ ਖ਼ਿਲਾਫ਼ ਇਲਜ਼ਾਮ ਲਗਾਉਂਦੇ ਹੀ ਰਹਿਣਗੇ।


ਨੋਟ:- ਪੱਤਰਕਾਰ ਰਜਿੰਦਰ ਸਿੰਘ ਤੱਗੜ ਨੂੰ ਝੂਠੇ ਕੇਸਾਂ ਵਿਚ ਫਸਾ ਕੇ ਪੁਲਿਸ ਨੇ ਹਿਰਾਸਤ ਵਿਚ ਲਿਆ ਹੋਇਆ ਹੈ, ਸ਼ਾਇਦ ਅਗਲਾ ਨੰਬਰ ਮੇਰਾ ਹੋਵੇ।

(2) ਪੰਜਾਬ ਦੇ ਉਦਯੋਗਾਂ ਨੂੰ ਉਜਾੜਨ ਵਾਲੇ ਅਤੇ ਹਜ਼ਾਰਾਂ ਕਰੋੜਾਂ ਦੇ ਉਦਯੋਗਿਕ ਘਪਲੇ ਦੇ ਦੋਸ਼ੀ, ਸਾਡੇ ਇੱਕ ਸਹਿਯੋਗੀ ਰਹੇ ਨਿਰਦੋਸ਼ ਵਿਅਕਤੀ ਨੂੰ ਗ੍ਰਿਫਤਾਰ ਕਰਵਾਉਂਦੇ ਹਨ ਕਿ ਅਸੀਂ ਸ਼ਿਕਾਇਤ ਕਰਤਾਵਾਂ ਦਾ ਇੱਕ ਗਰੋਹ ਹਾਂ, ਜੋ ਵੱਡੇ ਵਪਾਰੀਆਂ ਖ਼ਿਲਾਫ਼ ਝੂਠੀਆ ਸ਼ਿਕਾਇਤਾਂ ਦੇ ਕੇ ਬਲੈਕਮੇਲ ਕਰਦੇ ਹਨ। ਮੈਨੂੰ ਧਮਕੀ ਮਿਲੀ ਕਿ ਚੁੱਪ ਕਰ, ਨਹੀਂ ਤਾਂ ਉਸ ਪਰਚੇ ਵਿਚ ਕਿਸ ਅਣਪਛਾਤੇ ਵਿਅਕਤੀ ਦੀ ਥਾਂ ਤੇਰਾ ਨਾਮ ਪੁਆ ਦਿੱਤਾ ਜਾਵੇਗਾ। ਅਸੀਂ ਉਦਯੋਗ ਪਲਾਟ ਘਪਲੇ ਕਰਨ ਵਾਲਿਆਂ ਲਈ ਵੀ ਬਲੈਕਮੇਲਰ ਹਾਂ। ਪਰ ਮੁੱਖ ਮੰਤਰੀ ਸਾਹਿਬ ਨੇ ਘਪਲੇਬਾਜ਼ਾਂ ਖ਼ਿਲਾਫ਼ ਦੋ ਪਰਚੇ ਦਰਜ ਕਰ ਕੇ, ਜੇਲ੍ਹ ਭਿਜਵਾ ਦਿੱਤਾ ਸੀ, ਬਾਅਦ ਵਿਚ ਘਪਲੇਬਾਜ਼ਾਂ ਵਲੋਂ ਕਿਸੇ ਸਰਕਾਰ ਨਾਲ ਕੋਈ ਸੈਟਿੰਗ ਕਰ ਲਈ ਜਾਵੇ, ਉਸਦੀ ਕੋਈ ਗਰੰਟੀ ਨਹੀਂ।

(3) ਉਨ੍ਹਾਂ ਬਿਲਡਰਾਂ ਲਈ ਵੀ ਅਸੀਂ ਬਲੈਕਮੇਲਰ ਹਾਂ, ਜਿਨ੍ਹਾਂ ਨੇ ਓਂਸ਼ ਕੋਟੇ ਦੇ ਹਜ਼ਾਰਾਂ ਘਰਾਂ ਦਾ ਘਪਲਾ ਕੀਤਾ, ਜਿਸਨੂੰ ਅਸੀਂ ਅਦਾਲਤਾਂ ਅਤੇ ਦੇਸ਼ ਦੀ ਪਾਰਲੀਮੈਂਟ ਤੱਕ ਲੈ ਕੇ ਗਏ, ਉਹ ਬਿਲਡਰ ਵੀ ਸਾਨੂੰ ਬਲੈਕਮੇਲਰ ਦੱਸਦੇ ਹਨ। ਭਾਵੇਂ ਕਿ ਓਂਸ਼ ਕੋਟੇ ਦੀ ਸੈਂਕੜੇ ਏਕੜ ਜ਼ਮੀਨ ਸਾਡੇ ਸੰਘਰਸ਼ ਕਾਰਣ ਪੰਜਾਬ ਸਰਕਾਰ ਨੂੰ ਮਿਲੀ ਹੋਈ ਹੈ ਅਤੇ ਉਸ ਜ਼ਮੀਨ ਵਿਚ ਗਰੀਬ ਲੋਕਾਂ ਨੂੰ ਸਸਤੇ ਘਰ ਵੀ ਮਿਲ ਸਕਦੇ ਹਨ, ਜਿਸ ਲਈ ਅੱਜ ਵੀ ਸੰਘਰਸ਼ ਜਾਰੀ ਹੈ।

(4) ਅਸੀਂ ਉਸ ਲੈਂਡ ਮਾਫੀਏ ਲਈ ਵੀ ਬਲੈਕਮੇਲਰ ਹਾਂ, ਜੋ ਪੁਲਿਸ ਦੀਆਂ ਕਾਲੀਆਂ ਭੇਡਾਂ ਨਾਲ ਮਿਲ ਕੇ ਲੋਕਾਂ ਦੀਆਂ ਜਾਇਦਾਦਾਂ 'ਤੇ ਕਬਜ਼ੇ ਕਰਦੇ ਰਹੇ ਹਨ। ਜੋ ਲੈਂਡ ਮਾਫੀਏ ਮੋਹਾਲੀ ਦੇ ਪਿੰਡ ਫਤਹਿਉਲਾ ਪੁਰ ਦੇ ਗੁਰਦੀਪ ਸਿੰਘ ਦਾ ਕਤਲ ਕਰਵਾਉਂਦੇ ਰਹੇ ਹਨ ਅਤੇ ਜਿਨ੍ਹਾਂ ਨੇ ਐਲ ਆਈ ਸੀ ਏਜੰਟ ਰਾਮ ਕਿਰਪਾਲ ਨੂੰ ਆਤਮ ਹੱਤਿਆ ਕਰਨ ਲਈ ਮਜਬੂਰ ਕੀਤਾ ਹੈ, ਖ਼ਿਲਾਫ਼ ਅਵਾਜ਼ ਬੁਲੰਦ ਕਰਨ ਅਤੇ ਉਨ੍ਹਾਂ ਖ਼ਿਲਾਫ਼ ਕੇਸ ਲੜਨ ਕਾਰਣ ਵੀ ਉਹ ਸਾਡੇ 'ਤੇ ਬਲੈਕਮੇਲ ਹੋਣ ਦਾ ਠੱਪਾ ਲਗਾਉਂਦੇ ਰਹੇ ਹਨ।

(4) ਅਸੀਂ ਉਨ੍ਹਾਂ ਟਰੈਵਲ ਏਜੰਟਾਂ ਅਤੇ ਸਰਕਾਰੀ ਅਫ਼ਸਰਾਂ ਲਈ ਵੀ ਬਲੈਕਮੇਲਰ ਹਾਂ, ਜਿਨ੍ਹਾਂ ਦੇ ਗੱਠਜੋੜ ਖ਼ਿਲਾਫ਼ ਅਸੀਂ ਆਵਾਜ਼ ਬੁਲੰਦ ਕਰ ਕੇ ਟਰੈਵਲ ਏਜੰਟਾਂ ਦੇ ਹਜ਼ਾਰਾਂ ਪੀੜਤਾਂ ਦੇ ਕਰੋੜਾਂ ਰੁਪਏ ਵਾਪਿਸ ਕਰਵਾਏ ਅਤੇ ਦਰਜਨਾਂ ਲੋਕਾਂ ਨੂੰ ਜੇਲ੍ਹ ਭੇਜਣ ਵਿਚ ਮੱਦਦ ਕੀਤੀ ਹੈ। ਠੱਗ ਏਜੰਟਾਂ ਅਤੇ ਉਨ੍ਹਾਂ ਦੀ ਕਾਲੀ ਕਮਾਈ ਵਿਚੋਂ ਹਿੱਸੇ ਲੈਣ ਵਾਲੇ ਵੀ ਸਾਨੂੰ ਬਲੈਕਮੇਲਰ ਦੱਸਦੇ ਹਨ।




**ਖੋਜੀ ਪੱਤਰਕਾਰ ਅਤੇ ਲੇਖਕ ਜੋਸੀ ਜੋਸਫ ਅਤੇ ਕਿਤਾਬ 'ਏ ਫੀਸਟ ਆਫ ਵਲਚਰਜ਼: ਦੀ ਹਿਡਨ ਬਿਜ਼ਨੈਸ ਆਫ ਡੈਮੋਕਰੇਸੀ ਇਨ ਇੰਡੀਆ' ਦਾ ਮੁਖੜਾ।**

(5) ਮੋਹਾਲੀ ਅਤੇ ਲੁਧਿਆਣੇ ਦੇ ਕੁਝ ਬਿਲਡਰ ਸਕਾਈ ਰੌਕ ਸਿਟੀ, ਖੈ ਸਿਟੀ, ਸ਼ਿਵਾਲਕ ਸਿਟੀ, ਜੀ ਕੇ ਅਸਟੇਟ ਆਦਿ ਵੀ ਸਾਨੂੰ ਬਲੈਕਮੇਲਰ ਦੱਸਦੇ ਰਹੇ ਹਨ, ਜਿਨ੍ਹਾਂ ਖ਼ਿਲਾਫ਼ ਅਸੀਂ ਪਰਚੇ ਦਰਜ ਕਰਵਾਏ ਅਤੇ ਇਨ੍ਹਾਂ ਦੇ ਕੁਝ ਪੀੜਤਾਂ ਦੇ ਕਰੋੜਾਂ ਰੁਪਏ ਵਾਪਿਸ ਕਰਵਾਏ। ਸ਼ਿਵਾਲਕ ਸਿਟੀ ਮੋਹਾਲੀ ਦਾ ਕੇਸ ਤਾਂ ਸਾਨੂੰ ਆਮ ਆਦਮੀ ਪਾਰਟੀ ਮੋਹਾਲੀ ਵਲੋਂ ਲੋਕਾਂ ਦੀ ਮਦਦ ਕਰਨ ਲਈ ਦਿੱਤਾ ਗਿਆ ਸੀ। ਇਸ ਬਿਲਡਰ ਖ਼ਿਲਾਫ਼ ਦਰਜ ਇੱਕ ਪਰਚੇ ਮੁਤਾਬਿਕ, ਇਸਨੇ 1800 ਕਰੋੜ ਰੁਪਏ ਦੀ ਠੱਗੀ ਮਾਰੀ ਹੋਈ ਹੈ। ਇਹ ਬਿਲਡਰ ਵੀ ਸਾਡੀ ਟੀਮ ਦੀ ਮੱਦਦ ਨਾਲ 7-8 ਸਾਲ ਪਹਿਲਾਂ ਜੇਲ੍ਹ ਗਿਆ ਸੀ। ਜਿਸਦੀ ਅੱਜ ਤੱਕ ਜ਼ਮਾਨਤ ਨਹੀਂ ਹੋਈ। ਅਜਿਹੇ ਠੱਗ ਬਿਲਡਰ ਵੀ ਸਾਨੂੰ ਬਲੈਕਮੇਲਰ ਦੱਸਦੇ ਹਨ ਅਤੇ ਇਲਜ਼ਾਮ ਲਗਾਉਂਦੇ ਰਹਿੰਦੇ ਹਨ।

(6) ਸਾਨੂੰ ਉਹ ਲੋਕ ਵੀ ਬਲੈਕਮੇਲਰ ਦੱਸਦੇ ਹਨ, ਜਿਨ੍ਹਾਂ ਨੇ ਆਪਣਾ ਰਸੂਖ਼ ਵਰਤ ਕੇ ਮੋਹਾਲੀ ਦੇ ਪਿੰਡ ਬਲੌਂਗੀ ਅਤੇ ਫੇਜ਼ ਇੱਕ ਵਿਚ ਗਊਸ਼ਾਲਾ ਦੇ ਨਾਮ 'ਤੇ ਅਰਬਾਂ ਰੁਪਏ ਦੀਆਂ ਜ਼ਮੀਨਾਂ ਹੜੱਪੀਆਂ ਹਨ। ਜਿਨ੍ਹਾਂ ਨੇ ਮੋਹਾਲੀ ਦੇ ਪਿੰਡ ਚੰਦਪੁਰ, ਸੁੱਘੜ, ਕੁਰੜਾ ਆਦਿ ਅਤੇ ਗੋਲਡਨ ਫੋਰੈਸਟ ਵਾਲੀ ਸੈਂਕੜੇ ਏਕੜ ਜ਼ਮੀਨ ਹੜੱਪਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਕਾਰਣ, ਉਹ ਮਾਫੀਏ ਵੀ ਸਾਡੇ ਖ਼ਿਲਾਫ ਇਲਜ਼ਾਮ ਲਗਾਉਂਦੇ ਰਹਿੰਦੇ ਹਨ।

(7) ਪਿਛਲੇ 10 ਸਾਲਾਂ ਵਿਚ ਦਰਜਨਾਂ ਹੀ ਹੋਰ ਵੱਡੇ-ਛੋਟੇ ਘਪਲੇ ਹਨ, ਜਿਨ੍ਹਾਂ ਵਿਚ ਅਸੀਂ ਸੈਂਕੜੇ ਪੀੜਤਾਂ ਦੀ ਮੱਦਦ ਕੀਤੀ ਹੈ। ਜਿਸ ਕਾਰਨ ਘਪਲੇਬਾਜ਼ਾਂ ਵਲੋਂ ਸਾਡੇ ਖ਼ਿਲਾਫ਼ ਝੂਠੀਆਂ ਸ਼ਿਕਾਇਤਾਂ ਕੀਤੀਆਂ ਜਾਂਦੀਆਂ ਰਹੀਆਂ ਅਤੇ ਇਲਜ਼ਾਮ ਲਗਾਏ ਜਾਂਦੇ ਰਹੇ ਹਨ। ਉਨ੍ਹਾਂ ਲਈ ਵੀ ਅਸੀਂ ਬਲੈਕਮੇਲਰ ਹਾਂ।

(ਲੋਕਲ ਲੋਕ ਅਤੇ ਸਰਕਾਰੀ ਏਜੰਸੀਆਂ ਗਵਾਹ ਹਨ ਕਿ ਮੇਰੇ ਵਲੋਂ ਜਾਂ ਮੇਰੇ ਕਿਸੇ ਨਜ਼ਦੀਕੀ ਰਿਸ਼ਤੇਦਾਰ ਵਲੋਂ ਹੁਣ ਤੱਕ ਭ੍ਰਿਸ਼ਟਾਚਾਰ ਕਰ ਕੇ, ਕੋਈ ਜ਼ਮੀਨ-ਜਾਇਦਾਦ ਨਹੀਂ ਬਣਾਈ ਗਈ ਅਤੇ 20 ਸਾਲਾਂ ਤੋਂ ਇੱਕ ਹੀ ਥਾਂ ਕਿਰਾਏ ਦੇ ਘਰ ਵਿਚ ਮੇਰੀ ਰਿਹਾਇਸ਼ ਹੈ। ਹਰਾਮ ਦੀ ਕਮਾਈ ਦੀ ਸਾਨੂੰ ਕਦੇ ਲੋੜ ਨਹੀਂ ਪਈ, ਪਰ ਇੱਕ ਖ਼ੁਸ਼ੀ ਹੈ ਕਿ ਹੁਣ ਮੇਰਾ ਆਪਣਾ ਘਰ ਵੀ ਬਣ ਰਿਹਾ ਹੈ।

ਮਾਫੀਏ ਗੱਠਜੋੜ ਅਤੇ ਸਾਡੇ ਖ਼ਿਲਾਫ਼ ਬਲੈਕਮੇਲਰ ਹੋਣ ਦੇ ਇਲਜ਼ਾਮ ਲਗਾਉਣ ਵਾਲੇ ਯਾਦ ਰੱਖਣ ਕਿ ਤੁਸੀਂ ਅੱਜ ਵੀ ਮੈਨੂੰ/ਸਾਨੂੰ ਕਤਲ ਕਰਵਾਉਣ, ਝੂਠੇ ਕੇਸਾਂ ਵਿਚ ਫਸਾ ਕੇ ਜੇਲ੍ਹ ਭੇਜਣ ਅਤੇ ਝੂਠਾ ਬਦਨਾਮ ਕਰ ਕੇ ਕਿਰਦਾਰਕੁਸ਼ੀ ਕਰਨਾ ਚਾਹੁੰਦੇ ਹੋ ਅਤੇ ਅਜਿਹਾ ਕਰਨ ਦੀ ਤੁਸੀਂ ਤਾਕਤ ਵੀ ਰੱਖਦੇ ਹੋ। ਪਰ ਇਹ ਵੀ ਯਾਦ ਰੱਖੋ ਕਿ ਅਸੀਂ ਤਾਂ ਉਦੋਂ ਵੀ ਤੁਹਾਡੇ ਕੋਲੋਂ ਨਹੀਂ ਡਰੇ, ਜਦੋਂ ਅਸੀਂ ਤੁਹਾਨੂੰ ਨੰਗ ਲਗਦੇ ਸੀ ਤਾਂ ਫੇਰ ਹੁਣ ਤਾਂ ਤੁਹਾਡੇ ਕੋਲੋਂ ਡਰਨਾ ਹੀ ਕਿਉਂ ਹੈ? ਤੁਸੀਂ ਇਹ ਵੀ ਯਾਦ ਰੱਖੋ ਕਿ ਬਹੁਤ ਪੈਸੇ ਅਤੇ ਜਾਇਦਾਦਾਂ ਇਕੱਠੀਆਂ ਕਰਨੀਆਂ ਅਸੀਂ ਵੀ ਜਾਣਦੇ ਹਾਂ, ਪਰ ਅਸੀਂ ਤੁਹਾਡੇ ਕੋਲੋਂ ਹਿੱਸੇ ਲੈ ਕੇ ਅਜਿਹਾ ਨਹੀਂ ਕੀਤਾ ਅਤੇ ਤੁਹਾਡੇ ਮੁਤਾਬਿਕ ਨੰਗ ਰਹਿਣ ਦਾ ਰਸਤਾ ਵੀ ਅਸੀਂ ਪੀੜਤਾਂ ਦੀ ਮੱਦਦ ਕਰਨ ਅਤੇ ਲੋੜ ਪੈਣ 'ਤੇ ਤੁਹਾਡੇ ਨਾਲ ਟੱਕਰ ਲੈਣ ਲਈ ਹੀ ਚੁਣਿਆ ਹੈ, ਨਹੀਂ ਤਾਂ ਅਸੀਂ ਵੀ ਤੁਹਾਡੇ ਕੋਲੋਂ ਹੀ ਕਰੋੜਾਂ ਅਰਬਾਂ ਰੁਪਏ ਦੀ ਕਮਾਈ ਕਰ ਕੇ ਸਫੈਦਪੋਸ਼ ਅਤੇ ਅਖੌਤੀ ਸਮਾਜਸੇਵੀ ਬਣੇ ਰਹਿਣਾ ਸੀ।

*-ਸਤਨਾਮ ਸਿੰਘ ਦਾਊਂ*
*ਪੰਜਾਬ ਅਗੇਂਸਟ ਕੁਰੱਪਸ਼ਨ*
*ਫੋਨ: 85251-25021*

# ‘ਪੰਜਾਬ ਟਾਈਮਜ਼’ ਦੀ 25ਵੀਂ ਵਰ੍ਹੇਗੰਢ ਦੀਆਂ ਸਮੂਹ ਪਾਠਕਾਂ ਨੂੰ ਲੱਖ ਲੱਖ ਮੁਬਾਰਕਾਂ !

## ‘ਪੰਜਾਬ ਟਾਈਮਜ਼’ ਦੀ ਸਮੁੱਚੀ ਟੀਮ ਨੂੰ 25 ਸਾਲ ਦਾ ਲੰਮਾ ਸਮਾਂ ਸ਼ਾਨ ਨਾਲ ਤੈਅ ਕਰਨ ’ਤੇ ਵਧਾਈ

ਅੱਜ ਤੋਂ 25 ਸਾਲ ਪਹਿਲਾਂ ਵਿਦੇਸ਼ੀ ਧਰਤੀ ਤੋਂ ਪੰਜਾਬੀ ਅਖਬਾਰ ਕੱਢਣ ਜਿਹਾ ਔਖਾ ਕੰਮ ਸ. ਅਮੋਲਕ ਸਿੰਘ ਜੰਮੂ ਦੇ ਹਿਸੇ ਆਇਆ ਜਿਸ ਨੂੰ ਉਨ੍ਹਾਂ ਨੇ ਪੂਰੀ ਲਗਨ, ਸਿਰੜ ਅਤੇ ਯੋਗਤਾ ਨਾਲ ਨਿਭਾਉਂਦਿਆਂ ਪੰਜਾਬੀ ਪੱਤਰਕਾਰੀ ਦੀਆਂ ਅਜਿਹੀਆਂ ਨਰੋਈਆਂ ਲੀਹਾਂ ਪਾਈਆਂ ਜਿਸ ਕਾਰਣ ਦੇਸ਼ਾ-ਵਿਦੇਸ਼ਾਂ ਅਤੇ ਪੰਜਾਬ ਵਿਚ ਵਸਦੇ ਸਾਰੇ ਵਧੀਆ ਲੇਖਕ ‘ਪੰਜਾਬ ਟਾਈਮਜ਼’ ਲਈ ਲਿਖਣ ਤੇ ਛਪਣ ਲਈ ਮਾਣ ਮਹਸੂਸ ਕਰਦੇ ਹਨ। ਅਮੋਲਕ ਸਿੰਘ ਜੰਮੂ ਦੇ ਵਿਛੋੜੇ ਤੋਂ ਬਾਅਦ ਇਹ ਕੰਮ ਉਨ੍ਹਾਂ ਦੀ ਪਤਨੀ ਜਸਪ੍ਰੀਤ ਕੌਰ ਵੀ ਉਸੇ ਲਗਨ ਤੇ ਸਿਰੜ ਨਾਲ ਅੱਗੇ ਤੋਰ ਰਹੇ ਹਨ। ਮੈਂ ਆਪਣੇ ਵਲੋਂ ਅਤੇ ਆਪਣੀ ਸੰਸਥਾ ‘ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ, ਫਰਿਜ਼ਨੋ’ ਵਲੋਂ ਅਮੋਲਕ ਸਿੰਘ ਜੰਮੂ ਦੀ ਸਿਰੜੀ ਜ਼ਿੰਦਗੀ ਨੂੰ ਸਲਾਮ ਕਰਦਿਆਂ ਹੋਇਆਂ ਪੰਜਾਬ ਟਾਈਮਜ਼ ਦੀ ਸਮੁੱਚੀ ਟੀਮ ਨੂੰ 25 ਸਾਲ ਦਾ ਲੰਮਾ ਸਮਾਂ ਸ਼ਾਨ ਨਾਲ ਤੈਅ ਕਰਨ ’ਤੇ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਪੰਜਾਬ ਟਾਈਮਜ਼ ਇਸੇ ਤਰ੍ਹਾਂ ਅਗਾਂਹਵਧੂ ਸੋਚ ਵਾਲੇ ਲੇਖਕਾਂ ਤੇ ਪਾਠਕਾਂ ਦੀ ਪਹਿਲੀ ਪਸੰਦ ਬਣਿਆ ਰਹੇਗਾ। ਸ਼ੁੱਭ ਇਛਾਵਾਂ



*ਹਰਜਿੰਦਰ ਸਿੰਘ ਢੇਸੀ*
*ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ, ਫਰਿਜ਼ਨੋ*

‘ਪੰਜਾਬ ਟਾਈਮਜ਼’ ਦੀ 25ਵੀਂ ਵਰ੍ਹੇ ਗੰਢ 18 ਮਈ, 2024 ਨੂੰ ਮਨਾਈ ਜਾ ਰਹੀ ਹੈ। ਮੇਰਾ ਇਸ ਅਖ਼ਬਾਰ ਨਾਲ ਪੁਰਾਣਾ ਨਾਤਾ ਹੈ। ਮਨ ਭਾਵੁਕਤਾ ਦੀ ਨਦੀ ਵਿਚ ਤੈਰ ਰਿਹੈ। ਭਾਅ ਜੀ ਅਮੋਲਕ ਜੰਮੂ ਦੀਆਂ ਯਾਦਾਂ ਦਾ ਦੀਵਾ ਲਟ-ਲਟ ਬ.ਲ ਰਿਹੈ। ਭੈਣ ਜੀ ਜਸਪ੍ਰੀਤ ਇਸ ਦੀ ਰੌਸ਼ਨੀ ਚਹੁੰ ਕੂੰਟਾਂ ਵਿਚ ਫੈਲਾਉਣ ਲਈ ਪ੍ਰਤੀਬੱਧ ਹਨ। ਉਹ ਆਪਣੀ ਪੂਰੀ ਵਾਹ ਲਾ ਰਹੇ ਹਨ। ਜ਼ਿਕਰਯੋਗ ਹੈ ਕਿ ਇਸ ਅਖ਼ਬਾਰ ਦਾ ਆਪਣਾ ਮਿਆਰ ਹੈ। ਪੰਜਾਬ ਟਾਈਮਜ਼ ਇੰਡੀਆ, ਕੈਨੇਡਾ ਤੋਂ ਇਲਾਵਾ ਹੋਰ ਕਈ ਦੇਸ਼ਾਂ ਵਿਚ ਹਰਮਨ-ਪਿਆਰੀ ਅਖਬਾਰ ਹੈ। ਇੰਡੀਆ ਤੋਂ ਮਹਾਨ ਲੇਖਕ ਅਤੇ ਆਲੋਚਕ ‘ਪੰਜਾਬ ਟਾਈਮਜ਼’ ਵਿਚ ਪ੍ਰਕਾਸ਼ਿਤ ਹੋਣਾ ਆਪਣਾ ਮਾਣ ਸਮਝਦੇ ਹਨ। ਅਸਲ ਸੱਚ ਤਾਂ ਇਹ ਹੀ ਹੈ ਕਿ ਅਸੀਂ ਸਾਰੇ ਪੰਜਾਬ ਟਾਈਮਜ਼ ਦੇ ਮਿਆਰ ਕਰਕੇ ਹੀ ਇਸਦੇ ਪਾਠਕ ਹੋਣ ਦੇ ਨਾ.ਲ-ਨਾ.ਲ ਪ੍ਰਸ਼ੰਸਕ ਬਣੇ ਹਾਂ। ਇਸ ਵਿਚ ਛਪੀ ਹਰ ਖ਼ਬਰ ਕਲਾਤਮਿਕ ਹੁੰਦੀ ਹੈ। ਹਰ ਕਹਾਣੀ, ਕਵਿਤਾ ਅਤੇ ਲੇਖ ਦਾ ਆਪਣਾ ਮਿਆਰ ਹੁੰਦਾ ਹੈ। ਸਭ ਤੋਂ ਵੱਡੀ ਗੱਲ ਪਰੂਫ਼ ਰੀਡਿੰਗ ਦੀ ਕੋਈ .ਗਲਤੀ ਨਹੀਂ ਹੁੰਦੀ। ਇਸ ਲਈ ਵੀ ਭੈਣ ਜੀ ਵਧਾਈ ਦੇ ਹੱਕਦਾਰ ਹਨ। ਆਮ ਕਿਹਾ ਜਾਂਦਾ ਹੈ ਕਿ ਦੁੱਖ ਵੰਡਾਇਆਂ ਅੱਧਾ ਰਹਿ ਜਾਂਦਾ ਹੈ ਅਤੇ ਖ਼ੁਸ਼ੀ ਵੰਡਣ ਨਾ.ਲ ਦੂਣ ਸਵਾਈ ਹੋ ਜਾਂਦੀ ਹੈ। ਦੇਸ-ਵਿਦੇਸ਼ ਤੋਂ ਨਾਮੀ ਸਾਹਿਤਕਾਰ ਅਤੇ ਕਲਾਕਾਰ ‘ਪੰਜਾਬ ਟਾਈਮਜ਼’ ਦੀ ਇਸ ਖ਼ੁਸ਼ੀ ਵਿਚ ਸ਼ਰੀਕ ਹੋਣ ਪਹੁੰਚ ਰਹੇ ਹਨ। ਇਹ ਇਸ ਅਖ਼ਬਾਰ ਅਤੇ ਭੈਣ ਜੀ ਜਸਪ੍ਰੀਤ ਦਾ ਹਾਸਲ ਹੈ। ਮੈਂ ਪੰਜਾਬ ਟਈਮਜ਼ ਅਤੇ ਜਸਪ੍ਰੀਤ ਭੈਣ ਜੀ ਦੀਆਂ ਸੱਤੇ ਖ਼ੈਰਾਂ ਮੰਗਦੀ ਹੋਈ 25ਵੀਂ ਵਰ੍ਹੇ ਗੰਢ ਦੀ ਬਹੁਤ-ਬਹੁਤ ਮੁਬਾਰਕ ਭੇਜਦੀ ਹਾਂ। ਆਮੀਨ



ਨੀਲਮ ਸੈਣੀ
ਕੈਲੀਫੋਰਨੀਆ

## ਪੰਜਾਬ ਟਾਈਮਜ਼ ਦੀ ਮਿਆਰੀ ਪੱਤਰਕਾਰੀ

ਮੈਂ ‘ਪੰਜਾਬ ਟਾਈਮਜ਼’ ਦੀ ਪਾਠਕ ਹਾਂ। ਬਿਨਾਂ ਝਿਜਕ ਲਿਖ ਰਹੀ ਹਾਂ ਕਿ ਪੰਜਾਬ ਰਹਿੰਦਿਆਂ ਕਦੀ ਕੋਈ ਪੰਜਾਬੀ ਅਖਬਾਰ ਇਤਨੀ ਦਿਲੀ ਚਾਹ ਨਾਲ ਕਦੀ ਨਹੀਂ ਸੀ ਪੜ੍ਹਿਆ, ਭਾਵੇਂ ਬਹੁਤ ਸਾਰੀਆਂ ਅਖਬਾਰਾਂ ਰੋਜ਼ ਸਾਹਮਣੇ ਪਈਆਂ ਹੁੰਦੀਆਂ ਸਨ। ‘ਪੰਜਾਬ ਟਾਈਮਜ਼’ ਨਾਲ ਮੋਹ ਜਿਹਾ ਹੋ ਗਿਆ ਹੈ। ਹਰ ਬੁੱਧਵਾਰ ਸਵੇਰੇ ਨੌਂ ਵੱਜਣ ਦੀ ਹੀ ਉਡੀਕ ਰਹਿੰਦੀ ਹੈ। ‘ਪੰਜਾਬ ਟਾਈਮਜ਼’ ਵਿਚ ਛਪਦੇ ਡਾ. ਗੁਰਬਖਸ਼ ਸਿੰਘ ਭੰਡਾਲ ਦੀ ਲਿਖਤ ‘ਕਲਾ ਦੀ ਕ੍ਰਿਸ਼ਮਈ ਕਥਾ’ ਪੜ੍ਹ ਕੇ ਜਾਪਿਆ, ਡਾਕਟਰ ਸਾਹਿਬ ਦੀ ਆਪਣੀ ਕਲਪਨਾ ਤੇ ਭਾਸ਼ਾ, ਦੋਵੇਂ ਕ੍ਰਿਸ਼ਮਈ ਹਨ। ਲਿਖਤ ਪੜ੍ਹਦਿਆਂ ਸਮਝ ਨਹੀਂ ਸੀ ਲੱਗ ਰਹੀ, ਕੋਈ ਲੇਖ ਪੜ੍ਹ ਰਹੀ ਹਾਂ, ਜਾਂ ਕੋਈ ਪੇਂਟਿੰਗ ਦੇਖ ਰਹੀ ਹਾਂ, ਜਾਂ ਕਿਸੇ ਬਗੀਚੇ ਵਿਚ ਫੁੱਲਾਂ ’ਤੇ ਮੰਡਰਾਉਂਦੀਆਂ ਤਿਤਲੀਆਂ ਦੇਖ ਰਹੀ ਹਾਂ। ਭਾਸ਼ਾ ਵਿਚ ਕੋਮਲਤਾ, ਮਿਠਾਸ ਤੇ ਸੱਜਰਾਪਣ ਸੀ। ‘ਪੰਜਾਬ ਟਾਈਮਜ਼’ ਇਕੱਲੀਆਂ ਖ਼ਬਰਾਂ ਲਈ ਨਹੀਂ ਪੜ੍ਹਿਆ ਜਾਂਦਾ; ਖਬਰਾਂ ਦਾ ਵਿਸ਼ਲੇਸ਼ਣ, ਨਿਰਪੱਖ ਆਲੋਚਨਾ ਅਤੇ ਸਾਰ, ਕਿਸੇ ਨਾ ਕਿਸੇ ਰੂਪ ਵਿਚ ਮਿਲ ਜਾਂਦਾ ਹੈ। ਪ੍ਰੋ. ਹਰਪਾਲ ਸਿੰਘ ਪੰਨੂ ਦੀ ਬੁੱਧੀ ਤੇ ਕਲਮ ਨੂੰ ਨਮਸਕਾਰ ਹੈ। ਬੀਬੀ ਗੁਰਨਾਮ ਕੌਰ ਦੀ ਲਿਖਤ ਗੁਰਬਾਣੀ ਨਾਲ ਸਾਂਝ ਪੁਆਉਂਦੀ ਹੈ, ਗੁਰਬਚਨ ਸਿੰਘ ਭੁੱਲਰ ਦੀਆਂ ਕਹਾਣੀਆਂ ਅਤੇ ਕਲਮੀ ਚਿਤਰ ਹਰ ਸਾਹਿਤ ਪ੍ਰੇਮੀ ਨੂੰ ਅਨੰਦਿਤ ਕਰਦੇ ਹਨ। ‘ਪੰਜਾਬ ਟਾਈਮਜ਼’ ਵਿਚ ਛਪੀਆਂ ਵਰਿਆਮ ਸਿੰਘ ਸੰਧੂ ਦੇ ਹੱਡੀਂ ਹੰਢਾਏ ਸੰਤਾਪ ਬਾਰੇ ਲਿਖਤਾਂ, ਸਾਡੇ ਸਿਆਸੀ ਤੇ ਸਮਾਜਿਕ ਆਪ-ਹੁਦਰੇਪਣ ਦੇ ਬਖੀਏ ਉਧੇੜਦੀਆਂ ਹਨ। ਘਰ ਵਿਚ ਭਾਵੇਂ ਸਭ ਕੁਝ ਹੋਵੇ ਜਾਂ ਬਹੁਤ ਕੁਝ ਹੋਵੇ, ਫਿਰ ਵੀ ਨਿੱਕ-ਸੁੱਕ ਦੀ ਲੋੜ ਹਮੇਸ਼ਾ ਰਹਿੰਦੀ ਹੈ। ਠੀਕ ਉਸੇ ਤਰ੍ਹਾਂ ‘ਪੰਜਾਬ ਟਾਈਮਜ਼’ ਲਈ ਗੁਲਜ਼ਾਰ ਸਿੰਘ ਸੰਧੂ ਅਤੇ ‘ਨਿੱਕ-ਸੁੱਕ’ ਦੀ ਲੋੜ ਰਹਿੰਦੀ ਹੈ। ਜਿੰਨਾ ਚਿਰ ਇਹ ਨਿਕ ਸੁਕ ਸਾਂਭ-ਸੰਭਾਲ ਕੇ ਮਨ ਵਿਚ ਨਹੀਂ ਰੱਖ ਹੁੰਦਾ, ਅਖਬਾਰ ਦਾ ਪੜ੍ਹਨਾ ਅਧੂਰਾ ਜਾਪਦਾ ਹੈ। ਉਹ ਅੰਤਿਕਾ ਤਾਂ ਲੱਭ-ਲੱਭ ਕੇ ਲਿਖਦੇ ਹਨ। ਗੱਲ ਕੀ, ‘ਪੰਜਾਬ ਟਾਈਮਜ਼’ ਵਿਚ ਹਰ ਵੰਨਗੀ ਪੜ੍ਹਨ ਨੂੰ ਮਿਲਦੀ ਹੈ। ਮੈਂ ‘ਪੰਜਾਬ ਟਾਈਮਜ਼’ ਦੇ ਸਾਰੇ ਸਟਾਫ਼, ਲੇਖਕਾਂ ਤੇ ਪਾਠਕਾਂ ਨੂੰ ਇਸ ਦੇ 25ਵੀਂ ਵਰ੍ਹੇਗੰਢ ਸਮਾਗਮ ‘ਤੇ ਵਧਾਈ ਦਿੰਦੀ ਹਾਂ ਤੇ ਅਦਾਰੇ ਦੀ ਚੜ੍ਹਦੀ ਕਲਾ ਲਈ ਅਰਦਾਸ ਕਰਦੀ ਹਾਂ। ਅਰਦਾਸ ਕਰਦੀ ਹਾਂ ਕਿ ਪੰਜਾਬੀ ਪੱਤਰਕਾਰੀ ਨੂੰ ਵਿਦੇਸ਼ ਵਿਚ ਇਤਨਾ ਉਚਾ ਚੁੱਕਣ ਵਾਲੇ ਸੰਪਾਦਕ ਮਰਹੂਮ ਅਮੋਲਕ ਸਿੰਘ ਜੰਮੂ ਦੀ ਸਾਥਣ ਜਸਪ੍ਰੀਤ ਕੌਰ ਦੀ ਪਰਬਤ ਜਿੱਡੀ ਹਿੰਮਤ ਇਸੇ ਤਰ੍ਹਾਂ ਬਰਕਰਾਰ ਰਹੇ। *-ਕਿਰਪਾਲ ਕੌਰ ਫੋਨ: 815-356-9535*

ਅਮੋਲਕ ਸਿੰਘ ਜੀ ਮੇਰੇ ਵਾਸਤੇ ਹਮੇਸ਼ਾਂ ਤੋਂ ਪ੍ਰੇਰਨਾ ਦਾ ਸੋਮਾ ਰਹੇ ਹਨ। ਲਗਭਗ ਸੋਲਾਂ ਸਾਲ ਪਹਿਲਾਂ ਮੈਂ ਸੰਕੋਚਦੇ-ਸੰਕੋਚਦੇ ਆਪਣਾ ਪਹਿਲਾ ਲੇਖ ‘ਪੰਜਾਬ ਟਾਈਮਜ਼’ ਨੂੰ ਭੇਜਿਆ ਸੀ। ਅਜੇ ਲੇਖ ਭੇਜੇ ਨੂੰ ਘੰਟਾ ਕੁ ਹੀ ਹੋਇਆ ਹੋਵੇਗਾ ਜਦੋਂ ਅਮੋਲਕ ਸਿੰਘ ਜੀ ਦਾ ਫੋਨ ਆ ਗਿਆ। ਆਪਣੀ ਲਿਖਤ ਸਬੰਧੀ ਇੱਕ ਹਰਮਨ ਪਿਆਰੇ ਅਖਬਾਰ ਦੇ ਸੰਪਾਦਕ ਦਾ ਫੋਨ ਆ ਜਾਣਾ ਮੇਰੇ ਵਾਸਤੇ ਬਹੁਤ ਅਨੋਖਾ ਤੇ ਤਸੱਲੀ ਵਾਲਾ ਸੀ। ਅਮੋਲਕ ਸਿੰਘ ਜੀ ਨੇ ਆਪਣੀ ਸਧਾਰਨ, ਸਪਸ਼ਟ ਤੇ ਅਪਣੱਤ ਭਰੀ ਬੋਲ-ਬਾਣੀ ਨਾਲ ਜਿਸ ਤਰ੍ਹਾਂ ਮੈਨੂੰ ਲਿਖਦੇ ਰਹਿਣ ਲਈ ਪ੍ਰੇਰਿਤ ਕੀਤਾ ਉਸ ਤੋਂ ਉਨ੍ਹਾਂ ਦੀ ਸਿਆਣਪ ਅਤੇ ਵਿਅਕਤੀਤਵ ਨੇ ਮੈਨੂੰ ਯਕੀਨ ਕਰਵਾ ਦਿੱਤਾ ਸੀ ਕਿ ਮੇਰੇ ਵਰਗੇ ਹੋਰ ਵੀ ਅਨੇਕਾਂ ਹੋਣਗੇ ਜਿਹੜੇ ਇਨ੍ਹਾਂ ਤੋਂ ਪ੍ਰੇਰਨਾਂ ਲੈ ਕੇ ਲਿਖਣ ਲੱਗ ਪਏ ਹੋਣਗੇ। ਇੱਕ ਗੱਲ ਹੋਰ, ਅਮੋਲਕ ਸਿੰਘ ਜੀ ਦੀ ਪਹਿਲੀ ਗੱਲਬਾਤ ਵੇਲੇ ਮੇਰੇ ’ਤੇ ਉਨ੍ਹਾਂ ਦਾ ਇੱਕ ਸਿਹਤਮੰਦ ਤੇ ਜ਼ਿੰਦਾਦਿਲ ਨੌਜਵਾਨ ਇਨਸਾਨ ਵਾਲਾ ਪ੍ਰਭਾਵ ਪਿਆ ਸੀ ਅਤੇ ਮੈਨੂੰ ਕਿਸੇ ਤਰ੍ਹਾਂ ਵੀ ਉਨ੍ਹਾਂ ਦੀ ਸਿਹਤ ਦੀ ਸਮੱਸਿਆ ਦਾ ਕਿਆਸ ਨਹੀਂ ਸੀ ਹੋਇਆ। ਕਾਫੀ ਸਮਾਂ ਮਗਰੋਂ ਉਨ੍ਹਾਂ ਦੀ ਲਿਖਤ, ”ਕਮਲਿਆਂ ਦਾ ਟੱਬਰ”, ਪੜ੍ਹਨ ਵੇਲੇ ਉਨ੍ਹਾਂ ਦੀ ਹਾਲਤ ਦਾ ਪਤਾ ਲਗਿਆ ਤਾਂ ਮੇਰਾ ਰੋਮ-ਰੋਮ ਉਨ੍ਹਾਂ ਦੀ ਸਿਦਕਦਿਲੀ ਤੋਂ ਅਸ਼-ਅਸ਼ ਕਰ ਉਠਿਆ। ਇੱਕ ਵਿਗਿਆਨੀ ਸਟੀਫ਼ਨ ਹਾਕਿੰਗ ਬਾਰੇ ਸਭ ਨੇ ਸੁਣਿਆ ਹੋਣੈ, ਜੋ ਆਪਣੇ ਸਰੀਰ ਦੀ ਅਸਮਰਥਤਾ ਦੇ ਬਾਵਜੂਦ ਇੱਕ ਉੱਚ ਕੋਟੀ ਦਾ ਵਿਗਿਆਨੀ ਹੋ ਨਿਬੜਿਆ ਹੈ। ਉਸ ਵਿਗਿਆਨੀ ਦੇ ਕੰਮ ਵੀ ਭਾਵੇਂ ਬੜੇ ਮਹੱਤਵਪੂਰਨ ਹਨ ਪਰ ਉਨ੍ਹਾਂ ਦੇ ਸੰਪਰਕ ਦਾ ਦਾਇਰਾ ਫੇਰ ਵੀ ਸੀਮਤ ਸੀ ਤੇ ਉਨ੍ਹਾਂ ਦਾ ਵਾਸਤਾ ਵੀ ਕੁਝ ਉੱਚ ਕੋਟੀ ਦੇ ਵਿਗਿਆਨੀਆਂ ਤੱਕ ਸੀ। ਅਮੋਲਕ ਸਿੰਘ ਜੀ ਇੱਕ ਵਿਸ਼ਾਲ ਜਨਸਮੂਹ ਨੂੰ ਸੰਬੋਧਤ ਹੋ ਕੇ ਉਨ੍ਹਾਂ ਵਿਚ ਜਾਗ੍ਰਤੀ ਲਿਆਉਂਦੇ ਹਨ। ਇਸ ਲਈ ਮੈਨੂੰ ਅਮੋਲਕ ਸਿੰਘ ਜੀ ਦੀ ਦੇਣ, ਉਨ੍ਹਾਂ ਦੇ ਸੀਮਤ ਸਾਧਨਾਂ ਦੇ ਬਾਵਜੂਦ, ਸਟੀਫਨ ਹਾਕਿੰਗ ਤੋਂ ਵੀ ਜ਼ਿਆਦਾ ਲਗਦੀ ਹੈ। ਅਜੇਹੀ ਹਾਲਤ ਵਿਚ ਵੀ ਉਹ ਆਪਣੇ ਪ੍ਰੇਰਨਾਦਾਇਕ ਸੁਭਾਅ ਸਦਕਾ ਆਪਣੇ ਪਰਿਵਾਰ ਅਤੇ ਸਟਾਫ ਦੀ ਮਿਲਵਰਤਨ ਨਾਲ ਅਖਬਾਰ ਦੇ ਮਿਆਰ ਨੂੰ ਕਾਇਮ ਰੱਖਦੇ ਰਹੇ। ਉਨ੍ਹਾਂ ਦੀ ਪ੍ਰੇਰਨਾ ਤੇ ਸਿਦਕਦਿਲੀ ਦਾ ਹੀ ਸਬੂਤ ਹੈ ਕਿ ਉਨ੍ਹਾਂ ਦੇ ਸੰਸਾਰ ਨੂੰ ਅਲਵਿਦਾ ਕਹਿਣ ਤੋਂ ਮਗਰੋਂ ਵੀ ‘ਪੰਜਾਬ ਟਾਈਮਜ਼ ਅੱਜ ਵੀ ਲੋਕਾਂ ਦਾ ਹਰਮਨ-ਪਿਆਰਾ ਅਖਬਾਰ ਬਣਿਆ ਹੋਇਆ ਹੈ। ਅਮੋਲਕ ਸਿੰਘ ਜੀ ਦੇ ਇਸ ਸਿਰੜ ਅਤੇ ਜ਼ਿੰਦਾਦਿਲੀ ਨੂੰ ਦੇਖ ਕੇ ਹਰ ਪਾਠਕ ਦੇ ਧੁਰ ਅੰਦਰੋਂ ਉਨ੍ਹਾਂ ਪ੍ਰਤੀ ਸਨਮਾਨ ਅਤੇ ਸਤਿਕਾਰ ਡੁੱਲ੍ਹ ਡੁੱਲ੍ਹ ਪੈਂਦਾ ਰਿਹਾ ਹੈ ਅਤੇ ਮੈਨੂੰ ਵਿਸ਼ਵਾਸ ਹੈ ਕਿ ਸਮਾਜ ਲਈ ਉਹ ਹਮੇਸ਼ਾਂ ਅਨਮੋਲ ਪ੍ਰੇਰਨਾ ਦੇ ਸਰੋਤ ਬਣੇ ਰਹਿਣਗੇ।



ਨੰਦ ਸਿੰਘ ਬਰਾੜ
ਕੈਲੀਫੋਰਨੀਆ


ਮੈਂ ਲੰਮੇ ਸਮੇਂ ਤੋਂ ‘ਪੰਜਾਬ ਟਾਈਮਜ਼’ ਦਾ ਪਾਠਕ ਹਾਂ। ਭਾਵੇਂ ਮੈਂ ਹੋਰ ਅਖਬਾਰਾਂ ਵਿਚਲੇ ਲੇਖ ਵੀ ਪੜ੍ਹਦਾ ਰਹਿੰਦਾ ਹਾਂ, ਪਰ ‘ਪੰਜਾਬ ਟਾਈਮਜ਼’ ਵਿਚ ਛਪਦੇ ਲੇਖਾਂ ਨੇ ਮੈਨੂੰ ਹਮੇਸ਼ਾਂ ਪ੍ਰਭਾਵਿਤ ਕੀਤਾ ਹੈ। ‘ਪੰਜਾਬ ਟਾਈਮਜ਼’ ਦਾ ਵੱਡਾਪਨ ਹੈ ਕਿ ਅਖਬਾਰ ਵਿਚ ਜਿੱਥੇ ਮੰਨੇ ਪ੍ਰਮੰਨੇ ਬੁੱਧੀਜੀਵੀਆਂ ਦੇ ਨਾਲ ਨਾਲ ਮੇਰੇ ਵਰਗੇ ਸਿਖਾਂਦਰੂਆਂ ਨੂੰ ਥਾਂ ਦਿੱਤੀ ਜਾਂਦੀ ਹੈ ਉਥੇ ਹੀ ਵੱਖ ਵੱਖ ਵਿਚਾਰਾਂ ਨੂੰ ਵੀ ਪੂਰੀ ਪੂਰੀ ਅਹਿਮੀਅਤ ਦਿੱਤੀ ਜਾਂਦੀ ਹੈ। ਚਾਹੇ ਉਹ ਲਿਖਤ ਖਾਲਿਸਤਾਨ ਪੱਖੀ ਹੋਏ ਜਾਂ ਖਾਲਿਸਤਾਨ ਵਿਰੋਧੀ, ਅਧਿਆਤਮਕ ਸੋਚ ਵਾਲੀ ਹੋਵੇ ਜਾਂ ਪਦਾਰਥਵਾਦੀ ਸੋਚ ਵਾਲੀ, ਆਸਤਿਕ ਹੋਵੇ ਜਾਂ ਨਾਸਤਿਕ, ਧਾਰਮਿਕ ਕੱਟੜਤਾ ਵਾਲੀ ਹੋਵੇ ਜਾਂ ਮਾਨਵਵਾਦੀ ਸਰਬ ਧਰਮ ਵਾਲੀ ਹੋਵੇ, ਵਾਸਤੇ ਕੋਈ ਪੱਖਪਾਤ ਨਹੀਂ ਵਰਤਿਆ ਜਾਂਦਾ। ਇਸਦੀ ਬਜਾਏ ਸਗੋਂ ਵਿਰੋਧੀ ਵਿਚਾਰਾਂ ਵਾਲਿਆਂ ਨੂੰ ਆਪੋ-ਆਪਣੇ ਪੱਖ ਰੱਖਣ ਲਈ ਹਮੇਸ਼ਾਂ ਉਤਸ਼ਾਹਤ ਕੀਤਾ ਜਾਂਦਾ ਹੈ। ਇਸ ਵਾਸਤੇ ਇੱਕ ਬੇਨਤੀ ਜ਼ਰੂਰ ਕੀਤੀ ਜਾਂਦੀ ਹੈ ਕਿ ਪੱਖ ਭਾਵੇਂ ਜਿੰਨਾ ਮਰਜ਼ੀ ਸਖਤ ਹੋਵੇ ਪਰ ਭਾਸ਼ਾ ਦੀ ਮਰਯਾਦਾ ਕਾਇਮ ਰੱਖੀ ਜਾਵੇ। ਅਜਿਹਾ ਕਰਨ ਨਾਲ ਹਰੇਕ ਵਿਸ਼ੇ ਬਾਰੇ ਉਸਾਰੂ ਮਾਹੌਲ ਬਣਿਆ ਰਹਿੰਦਾ ਹੈ। ਪਾਠਕ ਵੀ ਹਰ ਵਿਸ਼ੇ ਬਾਰੇ ਵੱਖ ਵੱਖ ਦਲੀਲਾਂ ਨੂੰ ਵਾਚ ਕੇ ਆਪਣੀ ਸਮਝ ਦਾ ਵਿਕਾਸ ਕਰ ਸਕਦੇ ਹਨ।

ਉੱਪਰ ਲਿਖੇ ਸਭ ਕੁੱਝ ਤੋਂ ਇਹ ਭਾਵ ਵੀ ਨਹੀਂ ਹੈ ਕਿ ‘ਪੰਜਾਬ ਟਾਈਮਜ਼’ ਦੀ ਆਪਣੀ ਕੋਈ ਸਿਧਾਂਤਕ ਪਹੁੰਚ ਨਹੀਂ ਹੈ। ਅਸਲ ਵਿਚ ਇਹ ਅਖਬਾਰ ਅੰਧਵਿਸ਼ਵਾਸ ਵਿਰੋਧੀ ਵਿਗਿਆਨਕ ਨਜ਼ਰੀਏ ਨੂੰ ਪ੍ਰਣਾਇਆ ਹੋਇਆ ਹੈ। ਆਪਾਂ ਸਾਰੇ ਜਾਣਦੇ ਹਾਂ ਕਿ ਅਮਰੀਕਾ ਵਿਚ ਮਿਆਰੀ ਪੰਜਾਬੀ ਅਖਬਾਰ ਕੱਢਣਾ ਕੋਈ ਖਾਲਾ ਜੀ ਦਾ ਵਾੜਾ ਨਹੀਂ ਹੈ। ਫੰਡਾਂ ਆਦਿ ਵਾਸਤੇ ਹਰ ਅਖਬਾਰ ਇਸ਼ਤਿਹਾਰਾਂ ’ਤੇ ਨਿਰਭਰ ਹੁੰਦਾ ਹੈ। ਇਸ਼ਤਿਹਾਰਾਂ ਦੁਆਰਾ ਕਮਾਈ ਦਾ ਸਭ ਤੋਂ ਵੱਡਾ ਹਿੱਸਾ ਜੋਤਸ਼ੀਆਂ, ਬਾਬਿਆਂ, ਤੇ ਹੋਰ ਅਜਿਹੇ ਪਾਖੰਡਾਂ ਵਾਲਿਆਂ ਤੋਂ ਹੁੰਦਾ ਹੈ, ਜਿਨ੍ਹਾਂ ਨੂੰ ‘ਪੰਜਾਬ ਟਾਈਮਜ਼’ ਕੋਈ ਥਾਂ ਨਹੀਂ ਦਿੰਦਾ। ‘ਪੰਜਾਬ ਟਾਈਮਜ਼’ ਆਪਣੇ ਫੰਡਾਂ ਦਾ ਨੁਕਸਾਨ ਕਰਵਾ ਕੇ ਵੀ ਅੰਧਵਿਸ਼ਵਾਸ ਨੂੰ ਵਧਾਉਣ ਦਾ ਮੌਕਾ ਨਹੀਂ ਦਿੰਦਾ। ਫੇਰ ਵੀ ਅਮੋਲਕ ਸਿੰਘ ਜੀ ਦੀ ਪ੍ਰੇਰਨਾ ਅਤੇ ਪੰਜਾਬ ਟਾਈਮਜ਼ ਦੀ ਟੀਮ ਦੀ ਦਿਆਨਤਦਾਰੀ ਅਤੇ ਸਖਤ ਮਿਹਨਤ ਕਰਕੇ ‘ਪੰਜਾਬ ਟਾਈਮਜ਼’ ਅੱਜ ਤੱਕ ਆਮ ਲੋਕਾਂ ਦੀ ਆਪਣੀ ਅਖਬਾਰ ਬਣਿਆ ਹੋਇਆ ਹੈ।

## ਪੰਜਾਬੀ ਦਾ ‘ਆਰਸੀ’ ਮੈਗਜ਼ੀਨ ਆਦਰਸ਼ਕ ਨਮੂਨਾ ਸੀ ‘ਪੰਜਾਬ ਟਾਈਮਜ਼’ ਵਾਸਤੇ

ਕਈ ਸਾਲ ਪਹਿਲਾਂ ਅਮੋਲਕ ਸਿੰਘ ਨੇ ਇਕ ਵਾਰ ਫੋਨ ‘ਤੇ ਗੱਲ ਕਰਦਿਆਂ ਦੱਸਿਆ ਸੀ ਕਿ ਪੰਜਾਬੀ ਸਾਹਿਤ ਪੜ੍ਹਨ ਦੀ ਚੇਟਕ ਉਸ ਦੀ ਉਮਰ ਦੇ ਹੋਰ ਲੋਕਾਂ ਵਾਂਗ ਉਸਨੂੰ ਵੀ ‘ਪ੍ਰੀਤਲੜੀ’ ਪੜ੍ਹਦਿਆਂ ਹੀ ਲੱਗੀ ਸੀ, ਪਰ ਕਾਲਜ ਦੇ ਦਿਨਾਂ ਦੌਰਾਨ ਅਤੇ ਪਿੰਡੋਂ ਯੂਨੀਵਰਸਿਟੀ ਅੰਦਰ ਪੜ੍ਹਦਿਆਂ ਉਸ ਦਾ ਮਨਪਸੰਦ ਸਾਹਿਤਕ ਰਿਸਾਲਾ ‘ਆਰਸੀ’ ਬਣਿਆ ਰਿਹਾ। ਪੰਜਾਬੀ ਪੜ੍ਹਨ ਵਾਲੇ ਲੋਕਾਂ ਦਾ ਸਾਹਿਤਕ ਸੁਹਜ-ਸੁਆਦ ਵਿਕਸਤ ਕਰਨ ਵਿਚ ਜਿੰਨਾ ਹਿੱਸਾ ਇਸ ਮੈਗਜ਼ੀਨ ਨੇ ਪਾਇਆ, ਓਨਾ ਸ਼ਾਇਦ ਹੀ ਕਿਸੇ ਹੋਰ ਪੱਤਰ-ਰਿਸਾਲੇ ਦੇ ਹਿੱਸੇ ਆਇਆ ਹੋਵੇ। ਅਮਰੀਕਾ ਆ ਕੇ ਮੌਕਾ ਮਿਲਣ ’ਤੇ ਇੱਥੋਂ ਦੇ ਪੰਜਾਬੀ ਭਾਈਚਾਰੇ ਦੇ ਸਾਹਿਤਕ-ਸਮਾਜਿਕ ਸਰੋਕਾਰ ਰੱਖਣ ਵਾਲੇ ਆਪਣੇ ਹਮਵਤਨਾਂ ਲਈ ਅਮੋਲਕ ਸਿੰਘ ਉਸੇ ਤਰ੍ਹਾਂ ਦਾ ਉੱਦਮ ਕਰਨਾ ਚਾਹੁੰਦਾ ਸੀ। ਉਸ ਨੇ ਮੌਕਾ ਮਿਲਦਿਆਂ ਹੀ ਸੌ ਕਠਿਨਾਈਆਂ ਦੇ ਬਾਵਜੂਦ ‘ਪੰਜਾਬ ਟਾਈਮਜ਼’ ਦੇ ਰੂਪ ਵਿਚ ਇਹ ਕੋਸ਼ਿਸ਼ ਕੀਤੀ ਅਤੇ ਆਖ਼ਰੀ ਸਾਹਾਂ ਤੱਕ ਆਪਣੇ ਇਸ ਮਿਸ਼ਨ ‘ਤੇ ਪਹਿਰਾ ਵੀ ਦਿੰਦਾ ਰਿਹਾ। ‘ਆਰਸੀ’ ਦਾ ਸ਼ਿੰਗਾਰ ਸੰਤ ਸਿੰਘ ਸੇਖੋਂ, ਦਲੀਪ ਕੌਰ ਟਿਵਾਣਾ, ਸੁਖਬੀਰ, ਕੁਲਵੰਤ ਸਿੰਘ ਵਿਰਕ, ਜਸਵੰਤ ਸਿੰਘ ਕੰਵਲ, ਪ੍ਰਿੰਸੀਪਲ ਸਰਵਣ ਸਿੰਘ, ਗੁਰਬਚਨ ਸਿੰਘ ਭੁੱਲਰ, ਅਜੀਤ ਕੌਰ, ਗੁਰਦੇਵ ਰੁਪਾਣਾ, ਵਰਿਆਮ ਸਿੰਘ ਸੰਧੂ ਵਰਗੇ ਚੋਟੀ ਦੇ ਸਾਹਿਤਕਾਰਾਂ ਦੀਆਂ ਰਚਨਾਵਾਂ ਹੋਇਆ ਕਰਦੀਆਂ ਸਨ। ਇਨ੍ਹਾਂ ਸਾਰੇ ਲਿਖਾਰੀਆਂ ਦੀਆਂ ਲਿਖਤਾਂ ਅਮੋਲਕ ਸਿੰਘ ਨੇ ‘ਪੰਜਾਬ ਟਾਈਮਜ਼’ ਵਿਚ ਬਾਰ ਬਾਰ ਛਾਪੀਆਂ। ਸਆਦਤ ਹਸਨ ਮੰਟੋ, ਚੈਖੋਵ, ਮੋਪਾਸਾਂ, ਮੋਹਣ ਰਾਕੇਸ਼, ਇਸਮਤ ਚੁਗਤਾਈ ਅਤੇ ਹੋਰ ਅਨੇਕਾਂ ਗ਼ੈਰ-ਪੰਜਾਬੀ ਭਾਸ਼ੀ ਕਿਰਤਾਂ ‘ਆਰਸੀ’ ਮੈਗਜ਼ੀਨ ਦੀ ਵਿਸ਼ੇਸ਼ ਖਿੱਚ ਦਾ ਕਾਰਨ ਹੁੰਦੀਆਂ ਸਨ ਅਤੇ ‘ਪੰਜਾਬ ਟਾਈਮਜ਼’ ਵਿਚ ਇਸ ਪਾਸੇ ਵੀ ਲਗਾਤਾਰ ਉਚੇਚਾ ਧਿਆਨ ਦਿੱਤਾ ਜਾਂਦਾ ਰਿਹਾ ਹੈ। ਇਸ ਦੇ ਨਾਲ ਹੀ ‘ਪੰਜਾਬ ਟਾਈਮਜ਼’ ਨੇ ਜਿੱਥੇ ਬਹੁਤ ਸਾਰੇ ਨਵੇਂ ਲੇਖਕਾਂ ਨਾਲ ਪਾਠਕਾਂ ਦੀ ਸਾਂਝ ਪੁਆਈ ਹੈ ਉਥੇ ਵਤਨੋਂ ਦੂਰ ਵਸੇ ਲੇਖਕਾਂ ਅਤੇ ਪਾਕਿਸਤਾਨੀ ਪੰਜਾਬੀ ਲੇਖਕਾਂ ਦਾ ਤੁਅਰਫ਼ ਵੀ ਪਾਠਕਾਂ ਨਾਲ ਕਰਾਇਆ ਹੈ। ਗੁਰਬਾਣੀ, ਖੇਡਾਂ, ਰਾਜਨੀਤਕ, ਆਰਥਿਕ ਅਤੇ ਅਹਿਮ ਸਮਾਜਿਕ ਮੁੱਦਿਆਂ ਬਾਰੇ ਬੜੇ ਮਿਆਰੀ ਲੇਖ ਅੱਜ ਤੱਕ ਵੀ ਛਪਦੇ ਆ ਰਹੇ ਹਨ। ਜੇ ਮੈਂ ਆਪਣੀ ਗੱਲ ਕਰਾਂ ਤਾਂ ਕੈਨੇਡਾ ਆਉਣ ਤੋਂ ਪਹਿਲਾਂ ਮੈਂ ਪੰਜਾਬੀ ਵਿਚ ‘ਗੁਰਮਤਿ ਪ੍ਰਕਾਸ਼’ ਅਤੇ ਆਪਣੇ ਵਿਭਾਗੀ ਛਿਮਾਹੀ ਮੈਗਜ਼ੀਨ ‘ਨਾਨਕ ਪ੍ਰਕਾਸ਼ ਪਤ੍ਰਿਕਾ’, ਜਿਸ ਦੀ ਮੈਂ ਛੇ ਕੁ ਵਰ੍ਹੇ ਤੱਕ ਸੰਪਾਦਕ ਵੀ ਰਹੀ, ਲਈ ਹੀ ਪੰਜਾਬੀ ਵਿਚ ਲੇਖ ਲਿਖਦੀ ਸੀ; ਇਸ ਤੋਂ ਬਾਹਰ ਮੇਰੇ ਬਹੁਤੇ ਖੋਜ ਲੇਖ ਅੰਗਰੇਜ਼ੀ ਵਿਚ ਹੀ ਹੁੰਦੇ ਸੀ। ਕੈਨੇਡਾ ਆਉਣ ‘ਤੇ ਅਮੋਲਕ ਸਿੰਘ ਨੇ ਹੀ ਮੈਨੂੰ ‘ਪੰਜਾਬ ਟਾਈਮਜ਼’ ਲਈ ਪੰਜਾਬੀ ਵਿਚ ਲਿਖਣ ਲਾਇਆ ਅਤੇ ਮੇਰੇ ਪਾਠਕਾਂ ਦਾ ਘੇਰਾ ਵਸੀਹ ਕੀਤਾ। ‘ਪੰਜਾਬ ਟਾਈਮਜ਼’ ਰਾਹੀਂ ਜਿੱਥੇ ਮੇਰੇ ਨਾਲ ਸਕੂਲ, ਕਾਲਜ ਪੜ੍ਹਦੀਆਂ ਅਮਰੀਕਾ ਵਸੀਆਂ ਮੇਰੀਆਂ ਜਾਣੂ ਕੁੜੀਆਂ ਨੇ ਮੈਨੂੰ ਲੱਭਿਆ ਅਤੇ ਸੰਪਰਕ ਕੀਤਾ ਉਥੇ ਹੀ ਮੈਨੂੰ ਹੋਰ ਪਾਠਕ ਬੀਬੀਆਂ ਤੋਂ ਵੀ ਬਹੁਤ ਸਾਰਾ ਮਾਣ ਮਿਲਿਆ। ਇਸ ਮਾਣ ਲਈ ਮੈਂ ਹਮੇਸ਼ਾ ‘ਪੰਜਾਬ ਟਾਈਮਜ਼’ ਦੀ ਰਿਣੀ ਰਹਾਂਗੀ।

‘ਪੰਜਾਬ ਟਾਈਮਜ਼’ ਦੀ 25ਵੀਂ ਵਰ੍ਹੇਗੰਢ ‘ਤੇ ਮੈਨੂੰ ਨਿਜੀ ਤੌਰ ‘ਤੇ ਖੁਸ਼ੀ ਅਤੇ ਤਸੱਲੀ ਇਸ ਗੱਲ ਦੀ ਹੈ ਕਿ ਅਮੋਲਕ ਸਿੰਘ ਦੇ ਇਸ ਸੰਸਾਰ ਤੋਂ ਤੁਰ ਜਾਣ ਦੇ ਬਾਅਦ ਵੀ ਉਸ ਦੀ ਜੀਵਨ-ਸਾਥਣ ਜਸਪ੍ਰੀਤ ਕੌਰ ਨੇ ਅਨੇਕਾਂ ਪ੍ਰਬੰਧਕੀ ਅਤੇ ਹੋਰ ਮੁਸ਼ਕਿਲਾਂ ਦੇ ਬਾਵਜੂਦ ਇਸ ਮਿਸ਼ਨ ਨੂੰ ਪੂਰੀ ਤਨਦੇਹੀ ਅਤੇ ਸਮਰਪਣ ਭਾਵਨਾ ਨਾਲ ਜਾਰੀ ਰੱਖਿਆ ਹੋਇਆ ਹੈ। ‘ਪੰਜਾਬ ਟਾਈਮਜ਼’ ਅਤੇ ਅਮੋਲਕ ਸਿੰਘ ਦੇ ਸ਼ੁਭਚਿੰਤਕਾਂ ਲਈ ਇਹ ਖੁਸ਼ਗਵਾਰ ਅਤੇ ਤਸੱਲੀ ਵਾਲੀ ਗੱਲ ਹੈ। ਅਰਦਾਸ ਕਰਦੀ ਹਾਂ ਕਿ ਇਹ ਤਸੱਲੀ ਇਸੇ ਤਰ੍ਹਾਂ ਬਣੀ ਰਹੇ ਅਤੇ ਜਸਪ੍ਰੀਤ ਕੌਰ ਦੇ ਹੱਥਾਂ ਵਿਚ ‘ਪੰਜਾਬ ਟਾਈਮਜ਼’ ਦਿਨ ਦੂਣੀ ਅਤੇ ਰਾਤ ਚੌਗੁਣੀ ਤਰੱਕੀ ਕਰੇ। ਆਮੀਨ!



ਡਾ. ਗੁਰਨਾਮ ਕੌਰ,
ਕੈਨੇਡਾ

## ਵਿਚਾਰ ਵਟਾਂਦਰੇ ਦਾ ਸਾਂਝਾ ਮੰਚ -ਪੰਜਾਬ ਟਾਈਮਜ਼

'ਪੰਜਾਬ ਟਾਈਮਜ਼' ਅਖਬਾਰ ਮੈਨੂੰ ਇੰਟਰਨੈੱਟ 'ਤੇ ਖੋਜ ਕਰਦਿਆਂ ਕੋਈ ਬਾਰਾਂ ਕੁ ਵਰ੍ਹੇ ਪਹਿਲਾਂ ਲੱਭਿਆ ਸੀ। ਅਖਬਾਰ ਵਿਚ ਛਪੇ ਲੇਖ ਮੈਨੂੰ ਵੱਖ ਵੱਖ ਵਿਚਾਰਾਂ ਦਾ ਗੁਲਦਸਤਾ ਜਾਪੇ ਅਤੇ ਅਖਬਾਰ ਵਿਚਾਰ-ਵਟਾਂਦਰੇ ਦਾ ਮੰਚ। ਅਖਬਾਰ ਦੇ ਈਮੇਲ 'ਤੇ ਮੈਂ ਆਪਣਾ ਇਕ ਲੇਖ ਭੇਜ ਦਿੱਤਾ। ਮੈਨੂੰ ਇਹ ਵੀ ਪਤਾ ਨਹੀਂ ਸੀ ਕਿ ਅਖਬਾਰ ਦਾ ਸੰਪਾਦਕ ਜਾਂ ਮਾਲਕ ਕੌਣ ਹੈ। ਥੋੜ੍ਹੇ ਚਿਰ ਬਾਅਦ ਮੈਨੂੰ ਅਮਲੋਕ ਸਿੰਘ ਹੁਰਾਂ ਦਾ ਫੋਨ ਆਇਆ ਅਤੇ ਉਨ੍ਹਾਂ ਨੇ ਮੇਰੇ ਲੇਖ ਦੀ ਸਰਾਹਨਾ ਕੀਤੀ ਅਤੇ ਅੱਗੇ ਤੋਂ ਹੋਰ ਵਿਸ਼ਿਆਂ 'ਤੇ ਵੀ ਲਿਖਦੇ ਰਹਿਣ ਦੀ ਪ੍ਰੇਰਨਾ ਦਿੱਤੀ। ਲੇਖ ਵਿਵਾਦਤ ਮੁੱਦੇ 'ਧਾਰਾ 25' ਬਾਰੇ ਸੀ। ਆਮ ਤੌਰ 'ਤੇ ਵਿਦੇਸ਼ੀ ਅਖਬਾਰਾਂ ਵਾਲੇ ਜਾਂ ਤਾਂ ਵਿਵਾਦਤ ਮੁੱਦਿਆਂ ਤੋਂ ਦੂਰ ਰਹਿੰਦੇ ਹਨ ਜਾਂ ਆਪਣੇ ਵਿਚਾਰਾਂ ਨਾਲ ਮਿਲਦੇ-ਜੁਲਦੇ ਵਿਚਾਰਾਂ ਨੂੰ ਹੀ ਥਾਂ ਦਿੰਦੇ ਹਨ। 'ਪੰਜਾਬ ਟਾਈਮਜ਼' ਦੀ ਵਿਲੱਖਣ ਗੱਲ ਇਹ ਸੀ ਕਿ ਇੱਥੇ ਹਰ ਪੱਖ ਦੇ ਵਿਚਾਰ ਨੂੰ ਸ਼ਾਮਲ ਕਰਨ ਦੀ ਪਿਰਤ ਸੀ। ਚੰਗੀ ਗੱਲ ਇਹ ਹੈ ਕਿ ਬਾਨੀ ਸੰਪਾਦਕ ਸ. ਅਮੋਲਕ ਸਿੰਘ ਹੁਰਾਂ ਵੱਲੋਂ ਪਾਈ ਇਸ ਸਿਹਤਮੰਦ ਪਿਰਤ ਨੂੰ ਬੀਬੀ ਜਸਪ੍ਰੀਤ ਕੌਰ ਅਤੇ 'ਪੰਜਾਬ ਟਾਈਮਜ਼' ਦੀ ਟੀਮ ਨੇ ਅੱਜ ਵੀ ਬਰਕਰਾਰ ਰੱਖਿਆ ਹੋਇਆ ਹੈ। ਇਸੇ ਪਿਰਤ ਕਰਕੇ ਹੀ ਪੰਜਾਬ ਟਾਈਮਜ਼ ਵਿਚ ਲਿਖਣ ਵਾਲਿਆਂ ਦਾ ਅਤੇ ਅਖਬਾਰ ਪੜ੍ਹਨ ਵਾਲਿਆਂ ਦਾ ਵੱਡਾ ਘੇਰਾ ਬਣਿਆ ਹੋਇਆ ਹੈ। ਪੰਜਾਬ ਅਤੇ ਸਿੱਖ ਮੁੱਦਿਆਂ 'ਤੇ ਵਿਚਾਰ ਵਟਾਂਦਰੇ ਲਈ 'ਪੰਜਾਬ ਟਾਈਮਜ਼' ਇੱਕ ਪ੍ਰਕਾਰ ਦੀ ਪੰਜਾਬੀ ਸੱਥ ਵਰਗਾ ਰੋਲ ਨਿਭਾ ਰਿਹਾ ਹੈ। ਇਹ ਸਭ ਸਵਰਗੀ ਸ. ਅਮੋਲਕ ਸਿੰਘ, ਜਸਪ੍ਰੀਤ ਕੌਰ ਅਤੇ ਪੰਜਾਬ ਟਾਈਮਜ਼ ਦੀ ਟੀਮ ਦੀ ਲਿਆਕਤ ਅਤੇ ਮਿਹਨਤ ਕਾਰਨ ਹੀ ਸੰਭਵ ਹੋ ਸਕਿਆ ਹੈ। 'ਪੰਜਾਬ ਟਾਈਮਜ਼' ਵਿਚ ਜਿਸ ਤਰ੍ਹਾਂ ਹਰ ਵੰਨਗੀ ਦੇ ਲੇਖਕਾਂ ਦੇ ਵਿਚਾਰ ਛਪਦੇ ਹਨ ਅਤੇ ਪਾਠਕਾਂ ਵੱਲੋਂ ਜੋ ਹੁੰਗਾਰਾ ਮਿਲਦਾ ਹੈ ਉਸ ਨੇ 'ਪੰਜਾਬ ਟਾਈਮਜ਼' ਨੂੰ ਇੱਕ ਸੰਸਥਾ ਵਰਗੇ ਅਦਾਰੇ ਦੇ ਦਰਜੇ 'ਤੇ ਪੁਚਾ ਦਿੱਤਾ ਹੈ। ਦੁਆ ਹੈ ਕਿ ਇਸ ਅਦਾਰੇ ਦੇ ਪ੍ਰਬੰਧਕ ਅਤੇ ਲੇਖਕ ਇਸੇ ਪ੍ਰਕਾਰ ਹੀ ਪਾਠਕਾਂ ਦੇ ਪਰਿਵਾਰ ਨੂੰ ਨਿਹਾਲ ਕਰਦੇ ਰਹਿਣ।

ਵਿਦੇਸ਼ਾਂ ਵਿਚ 'ਪੰਜਾਬ ਟਾਈਮਜ਼' ਵਰਗਾ ਅਖਬਾਰ ਚਲਾਉਣਾ ਬਹੁਤ ਵੱਡਾ ਕਾਰਜ ਹੈ। ਸ. ਅਮੋਲਕ ਸਿੰਘ ਹੁਰਾਂ ਦੇ ਤੁਰ ਜਾਣ ਬਾਅਦ ਇਸਦੀ ਵੱਡੀ ਜ਼ਿੰਮੇਵਾਰੀ ਜਸਪ੍ਰੀਤ ਹੁਰਾਂ ਉੱਪਰ ਹੈ। ਜਿਸ ਸਿਦਕ ਦਿਲੀ ਅਤੇ ਹਿੰਮਤ ਨਾਲ ਉਹ ਇਸਨੂੰ ਨਿਭਾ ਰਹੇ ਹਨ, ਉਹ ਸਰਾਹੁਣਯੋਗ ਹੈ। ਬਾਨੀ ਸੰਪਾਦਕ ਅਮੋਲਕ ਸਿੰਘ ਹੁਰਾਂ ਦੇ ਲਾਏ 'ਪੰਜਾਬ ਟਾਈਮਜ਼' ਦੇ ਇਸ ਬੂਟੇ ਨੂੰ ਜਸਪ੍ਰੀਤ ਕੌਰ ਅਤੇ ਉਨ੍ਹਾਂ ਦੀ ਟੀਮ ਨੇ ਹਰਿਆ ਭਰਿਆ ਰੱਖਣ ਲਈ ਬਹੁਤ ਮਿਹਨਤ ਕੀਤੀ। ਇਸੇ ਮਿਹਨਤ ਦੇ ਨਤੀਜੇ ਵਜੋਂ ਹੀ ਪੰਜਾਬ ਟਾਈਮਜ਼ ਆਪਣੀ 25ਵੀਂ ਵਰ੍ਹੇਗੰਢ ਮਨਾਉਣ ਜਾ ਰਿਹਾ ਹੈ। ਮੇਰੇ ਵੱਲੋਂ 'ਪੰਜਾਬ ਟਾਈਮਜ਼' ਦੇ ਸਮੁੱਚੇ ਪਰਿਵਾਰ ਨੂੰ ਇਸ ਸ਼ੁੱਭ ਅਵਸਰ ਦੀਆਂ ਬਹੁਤ ਬਹੁਤ ਮੁਬਾਰਕਾਂ। ਦੁਆ ਹੈ ਕਿ ਪੰਜਾਬੀਆਂ ਦੇ ਵਿਚਾਰ-ਵਟਾਂਦਰੇ ਦਾ ਇਹ ਸਾਂਝਾ ਮੰਚ ਰੂਪੀ ਅਦਾਰਾ ਤਰੱਕੀ ਦੀਆਂ ਹੋਰ ਉਚਾਈਆਂ ਛੂਹੇ ਅਤੇ ਆਉਣ ਵਾਲੇ ਸਮੇਂ ਵਿਚ ਆਪਣੀਆਂ ਵਰ੍ਹੇਗੰਢਾਂ ਧੂਮ-ਧਾਮ ਨਾਲ ਮਨਾਉਂਦਾ ਰਹੇ। *-ਹਜ਼ਾਰਾ ਸਿੰਘ, ਮਿਸੀਸਾਗਾ, ਕੈਨੇਡਾ*

## ਪੰਜਾਬ ਪੰਜਾਬੀ ਅਤੇ ਪੰਜਾਬੀਅਤ ਦਾ ਪਹਿਰੇਦਾਰ ਅਖ਼ਬਾਰ: 'ਪੰਜਾਬ ਟਾਈਮਜ਼'

ਸ. ਅਮੋਲਕ ਸਿੰਘ ਜੰਮੂ ਨੇ ਆਪਣੇ ਸਹਿਯੋਗੀਆਂ ਨਾਲ ਇਹ ਬੂਟਾ ਅੱਜ ਤੋਂ ਪੱਚੀ ਸਾਲ ਪਹਿਲਾਂ ਅਮਰੀਕਾ ਦੀ ਧਰਤੀ 'ਤੇ ਲਾਇਆ, ਜਿਸ ਨੇ ਬੜੇ ਥੋੜੇ ਸਮੇਂ ਵਿਚ ਹੀ ਆਪਣੀ ਵੱਖਰੀ ਪਛਾਣ ਬਣਾ ਲਈ। ਵੱਖਰੀ ਪਛਾਣ ਬਣਾਉਣ ਲਈ ਸੰਪਾਦਕ ਦਾ ਹਰ ਪੱਖੋਂ ਗਿਆਨਵਾਨ ਹੋਣ ਦੇ ਨਾਲ ਨਿਰਪੱਖ ਹੋਣਾ ਵੀ ਓਨਾ ਹੀ ਮਹਤਵਪੂਰਨ ਮੰਨਿਆ ਜਾਂਦਾ ਹੈ। ਭਾਵੇਂ ਬਹੁਤ ਸਾਰੇ ਆਲੋਚਕਾਂ ਦਾ ਇਹ ਮੰਨਣਾ ਹੈ ਕਿ ਅਖ਼ਬਾਰਾਂ ਕਦੇ ਵੀ ਨਿਰਪੱਖ ਨਹੀਂ ਹੁੰਦੀਆਂ। ਹਮੇਸ਼ਾ ਹੀ ਕਿਸੇ ਨਾ ਕਿਸੇ ਵਿਚਾਰਧਾਰਾ, ਕਿਸੇ ਖ਼ਾਸ ਗਰੁਪ, ਜਾਂ ਰਾਜਸੀ ਪਾਰਟੀਆਂ ਦਾ ਪੱਖ ਪੂਰਦੀਆਂ ਹਨ। ਪਰ ਇਹ ਗੱਲ 'ਪੰਜਾਬ ਟਾਈਮਜ਼' 'ਤੇ ਲਾਗੂ ਨਹੀਂ ਹੁੰਦੀ। ਇਸ ਦੀ ਆਪਣੀ ਵੱਖਰੀ ਆਜ਼ਾਦ ਸੋਚ ਹੈ। ਦੂਜੀ ਗੱਲ ਇਹ ਕਿ ਇਸ ਵਿਚ ਵੰਨ-ਸਵੰਨਤਾ ਦੀ ਸਮੱਗਰੀ ਕਰਕੇ ਪਾਠਕਾਂ ਵਿਚ ਹਰਮਨ-ਪਿਆਰਾ ਹੈ। ਦੇਸ਼-ਵਿਦੇਸ਼ ਵਿਚ ਬੈਠੇ ਪਾਠਕ ਬੜੀ ਬੇਸਬਰੀ ਨਾਲ ਹਰ ਅੰਕ ਦੀ ਉਡੀਕ ਕਰਦੇ ਰਹਿੰਦੇ ਹਨ। ਖ਼ਾਸ ਕਰਕੇ ਅਮਰੀਕਾ ਵਿਚਲੇ ਆਪਣੇ ਭਾਈਚਾਰੇ ਦੇ ਬਿਜ਼ਨਸਮੈਨ, ਆਪਣੇ ਬਿਜ਼ਨਸ ਦੀ ਮਸ਼ਹੂਰੀ ਲਈ 'ਪੰਜਾਬ ਟਾਈਮਜ਼' ਹੀ ਉਨ੍ਹਾਂ ਦੀ ਪਹਿਲੀ ਪੰਸਦ ਹੈ। ਇਸੇ ਕਰਕੇ ਕਿਸੇ ਨੇ ਸੱਚ ਹੀ ਕਿਹਾ ਹੈ ਕਿ 'ਕੁਝ ਅਖ਼ਬਾਰਾਂ ਵਿਕ ਕੇ ਛਪਦੀਆਂ ਹਨ ਪਰ ਕੁਝ ਛਪ ਕੇ ਵਿਕਦੀਆਂ ਹਨ'। ਸੋ 'ਪੰਜਾਬ ਟਾਈਮਜ਼' ਉਹ ਅਖ਼ਬਾਰ ਹੈ ਜੋ ਛਪ ਕੇ ਵਿਕਦਾ ਹੈ ਤੇ ਪੜ੍ਹਿਆ ਵੀ ਜਾਂਦਾ ਹੈ। ਮੈਂ ਅੱਜ ਇਸ ਸ਼ੁਭ ਵਰ੍ਹੇਗਢ 'ਤੇ ਅਖ਼ਬਾਰ ਦੇ ਸੰਪਾਦਕ ਜਿਨ੍ਹਾਂ ਦੀ ਸੁਯੋਗ ਅਗਵਾਈ ਅਤੇ ਸਮੂਹ ਸਹਿਯੋਗੀ ਸਟਾਫ ਨੂੰ ਵਧਾਈ ਦਿੰਦਾ ਹਾਂ। ਕਾਮਨਾ ਹੈ ਕਿ ਇਹ ਅਖ਼ਬਾਰ ਇਸੇ ਤਰ੍ਹਾਂ ਪੰਜਾਬੀ ਅਤੇ ਪੰਜਾਬੀਅਤ ਦੀ ਸੇਵਾ ਕਰਦਾ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕਰਦਾ ਰਹੇ।

-ਸਤਨਾਮ ਸਿੰਘ ਢਾਅ, ਕੈਲਗਰੀ, ਅਲਬਰਟਾ

## ਸ਼ੁੱਭ ਕਾਮਨਾਵਾਂ

'ਪੰਜਾਬ ਟਾਈਮਜ਼' ਅਮਰੀਕਾ ਦਾ ਇੱਕ ਨਵਾਂ ਨਿਵੇਕਲਾ ਹਫ਼ਤਾਵਾਰ ਅਖ਼ਬਾਰ ਹੈ, ਜੋ ਹਰ ਵਰਗ ਦੇ ਪਾਠਕਾਂ ਨੂੰ ਉਨ੍ਹਾਂ ਦੇ ਸੁਹਜ-ਸੁਆਦ ਅਨੁਸਾਰ ਪੜ੍ਹਨ ਸਮਗਰੀ ਪ੍ਰਦਾਨ ਕਰਦਾ ਹੈ ਤੇ ਪਾਠਕ ਬੜੀ ਉਤਸੁਕਤਾ ਨਾਲ ਨਵੇਂ ਅੰਕ ਦੀ ਉਡੀਕ ਕਰਦੇ ਹਨ। ਪੰਜਾਬੀ ਦਾ ਆਲੰਬਰਦਾਰ ਹਰਕਾਰਾ 'ਪੰਜਾਬ ਟਾਈਮਜ਼' ਹਰ ਬੁੱਧਵਾਰ ਸਵੇਰੇ ਤੜਕੇ ਉਨ੍ਹਾਂ ਦੇ ਦਰਾਂ/ਡੈਸਕਟਾਪ ਤੇ ਦਸਤਕ ਦਿੰਦਾ ਗੁੱਡ ਮਾਰਨਿੰਗ ਕਹਿੰਦਾ ਸੋਮਨ ਕਰਦਾ ਹੈ। 'ਪੰਜਾਬ ਟਾਈਮਜ਼' ਅਖ਼ਬਾਰ ਪੜ੍ਹਨੀ ਹਰ ਬੁੱਧੀਜੀਵੀ ਵਰਗ ਲਈ ਮਜਬੂਰੀ ਵੀ ਬਣ ਜਾਂਦੀ ਹੈ ਕਿਉਂਕਿ ਇਹ ਭਰੋਸੇਯੋਗ ਖ਼ਬਰਾਂ, ਧਾਰਮਿਕ, ਆਰਥਿਕ, ਸਭਿਆਚਾਰਕ, ਸਾਹਿੱਤਿਕ ਅਤੇ ਹੋਰ ਚਲੰਤ ਵਿਸ਼ਿਆਂ ਨਾਲ ਸੰਬੰਧਿਤ ਮਸਲਿਆਂ ਤੇ ਨਿਰਪੱਖ ਚਰਚਾ/ਸਮਾਧਾਨ ਕਰਦਾ ਹੈ। ਇਸ ਵਿਚ ਕੋਈ ਵੀ ਖ਼ਬਰ ਛਪਣ ਤੋਂ ਪਹਿਲਾਂ ਇਕ ਨੀਯਤ ਕਸਵੱਟੀ ਰਾਹੀਂ ਚੰਗੀ ਤਰ੍ਹਾਂ ਪੁਣ-ਛਾਣ ਹੁੰਦੀ ਹੈ। ਇਸ ਪਰਚੇ ਵਿਚ ਝੂਠੀਆਂ ਅਫ਼ਵਾਹਾਂ ਜਾਂ ਗੁਮਰਾਹਕੁਨ ਖ਼ਬਰਾਂ ਦੀ ਕੋਈ ਗੁੰਜਾਇਸ਼ ਨਹੀਂ। ਏਸੇ ਕਾਰਨ ਇਸ ਦੇ ਸੂਝਵਾਨ ਪਾਠਕਾਂ ਦੀ ਗਿਣਤੀ ਵਧਦੀ ਜਾਂਦੀ ਹੈ। ਲੋਹੇ ਨੂੰ ਚੁੰਬਕ ਦੇ ਖਿੱਚਣ ਵਾਂਗ ਚੰਗੇ ਪੱਤਰਕਾਰ/ਲੇਖਕ ਆਪਣੇ ਆਪ 'ਪੰਜਾਬ ਟਾਈਮਜ਼' ਵੱਲ ਖਿੱਚੇ ਆਉਂਦੇ ਨੇ ਤੇ ਚੰਗੇ ਇੱਧਰ ਆ ਕੇ ਪਾਰਸ ਸੋਨਾ ਹੋ ਕੇ ਹੋਰ ਨਿੱਖਰ ਜਾਂਦੇ ਨੇ। ਇੱਕ ਚੰਗਾ ਪਰਚਾ ਲੇਖਕ ਨੂੰ ਚੰਗਾ ਲੇਖਕ ਤੇ ਚੰਗੇ ਲੇਖਕ ਨੂੰ ਹੋਰ ਪ੍ਰੌੜ੍ਹਤਾ ਤੇ ਪਕਿਆਈ ਦੀ ਕੁਠਾਲੀ ਵਿਚ ਢਾਲ ਕੇ ਪਰਪੱਕ ਕਰ ਦਿੰਦਾ ਹੈ। ਕਈ ਵੇਰਾਂ 'ਲੱਕੜ ਨਾਲ ਲੋਹਾ ਵੀ ਤਰ ਜਾਂਦਾ ਹੈ' ਵਾਲਾ ਮੁਹਾਵਰਾ ਇੱਥੇ ਫ਼ੇਲ੍ਹ ਹੋ ਜਾਂਦਾ ਹੈ, ਕਿਉਂਕਿ ਇੱਥੇ ਸਿਰਫ਼ ਤਰਨ ਵਾਲੀ ਵਸਤੂ ਹੀ ਤਰਦੀ ਹੈ, ਲੋਹਾ ਨਹੀਂ ਤਰ ਸਕਦਾ, ਜਿੰਨਾ ਮਰਜ਼ੀ ਲੁੱਕ ਛਿਪ ਕੇ ਆਵੇ, ਆਪ ਹੀ ਪਰਖਿਆ ਜਾਂਦਾ ਹੈ। ਅੰਨ੍ਹੇ ਨੂੰ ਕਾਣਾ ਸੌ ਵਲ ਭੰਨ ਕੇ ਮਿਲ ਪੈਂਦਾ ਹੈ ਤੇ ਸੁਜਾਖੇ ਨੂੰ ਸੁਜਾਖਾ। 'ਪੰਜਾਬ ਟਾਈਮਜ਼' ਕੋਲ ਪਾਰਖੂ ਅੱਖ ਹੈ, ਜਿਸ ਕਰ ਕੇ ਵਿਦਵਾਨ ਲੇਖਕ ਆਪਣੇ ਆਪ ਇੱਧਰ ਖਿੱਚੇ ਚਲੇ ਆਉਂਦੇ ਨੇ। ਇਸ ਨਾਲ ਉਨ੍ਹਾਂ ਦਾ ਆਪਣਾ ਕੱਦ ਵੀ ਹੋਰ ਉੱਚਾ ਹੋ ਜਾਂਦਾ ਹੈ ਤੇ ਪੰਜਾਬ ਟਾਈਮਜ਼ ਕਾਫ਼ਲੇ ਵਿਚ ਜ਼ਿਕਰਯੋਗ ਵਾਧਾ ਹੁੰਦਾ ਹੈ। ਇਹ ਧਰਮਰਾਜ ਦਾ ਦਰਬਾਰ ਹੈ, ਜਿੱਥੇ ਨਾ ਸਿਫ਼ਾਰਿਸ਼ ਚੱਲਦੀ ਹੈ, ਨਾ ਧੌਂਸ, ਨਾ ਡਾਲਰਾਂ ਦਾ ਲਾਲਚ। ਇੱਥੇ ਸਿਰਫ਼ ਕਰਮਾਂ ਦੇ ਨਿਬੇੜੇ ਹੁੰਦੇ ਹਨ, ਜਿਸ ਲਿਖਤ ਵਿਚ ਜਾਨ ਹੁੰਦੀ ਹੈ, ਜਿਸ ਲੇਖਕ ਵਿਚ ਕਹਿਣ ਤੇ ਪ੍ਰਗਟਾਉਣ ਦੀ ਸੂਝ-ਸਿਆਣਪ ਹੈ, ਉਹ ਆਪਣੇ ਆਪ ਬੋਲਦੀ 'ਪੰਜਾਬ ਟਾਈਮਜ਼' ਦੀ ਨਜ਼ਰੀਂ ਚੜ੍ਹ ਜਾਂਦੀ ਹੈ। ਇਹੋ ਕਾਰਨ ਹੈ ਕਿ 'ਪੰਜਾਬ ਟਾਈਮਜ਼' ਦੇ ਸਾਰੇ ਲੇਖਕ ਇਕ ਵੱਡੇ ਗੁਲਦਸਤੇ ਦੇ ਸੁੰਦਰ ਫੁੱਲਾ ਵਾਂਗ ਆਪਣੀਆਂ ਲਿਖਤਾਂ ਰਾਹੀਂ ਇਸ ਦੀ ਸ਼ਾਨ ਵਧਾਉਂਦੇ ਆਪਣੀ ਕਲ਼ਗੀ ਉੱਚੀ ਰੱਖਦੇ ਹਨ। 'ਪੰਜਾਬ ਟਾਈਮਜ਼' ਦੇ ਸੰਸਥਾਪਕ, ਮਾਲਕ, ਸੰਪਾਦਕ ਸ. ਅਮੋਲਕ ਸਿੰਘ ਆਪਣੀ ਸਿਹਤ ਢਿੱਲੀ ਹੋਣ ਦੇ ਬਾਵਜੂਦ ਕੰਮ ਕਰਦੇ ਆਪਣੇ ਆਖ਼ਰੀ ਸਵਾਸਾਂ ਤੱਕ ਚੜ੍ਹਦੀ ਕਲਾ ਵਿਚ ਰਹਿਣ ਦਾ ਸੰਦੇਸ਼ ਦਿੰਦੇ ਰਹੇ ਹਨ। ਉਹ ਚੰਗੀ ਨਰੋਈ ਲਿਖਤ ਲਿਖਦੇ ਤੇ ਅਸਲੀ ਉਸਾਰੂ ਲੇਖਣੀ ਦੀ ਕਦਰ ਕਰਦੇ ਸਨ। ਉਨ੍ਹਾਂ ਦੀ ਨਿਧੜਕ ਬੇਬਾਕ ਤੇ ਦਿੱਬ-ਦ੍ਰਿਸ਼ਟੀ ਵਾਲੀ ਲੇਖਣੀ ਨਾਲ ਉਨ੍ਹਾਂ ਨੂੰ ਕਈ ਵੇਰਾਂ ਕਈ ਮੁਸ਼ਕਲਾਂ ਤੇ ਵਿਰੋਧਤਾਵਾਂ ਦਾ ਮੁਕਾਬਲਾ ਕਰਨਾ ਪਿਆ ਪਰ ਉਨ੍ਹਾਂ ਆਪਣੀ ਸਾਫ਼ ਨਿਧੜਕ ਨਿਰਪੱਖ ਪੱਤਰਕਾਰੀ ਦਾ ਸਹੀ ਮਾਰਗ ਨਹੀਂ ਛੱਡਿਆ। ਵੱਡਾ ਹੋਵੇ ਜਾਂ ਛੋਟਾ, ਉਨ੍ਹਾਂ ਆਪਣੀ ਪੱਤਰਕਾਰੀ ਦਾ ਧਰਮ ਬਾਖ਼ੂਬੀ ਨਿਭਾਇਆ ਹੈ। ਅਗਲਾ ਰੋਵੇ ਚਾਹੇ ਪਿੱਟੇ, ਸਿਰ ਲਾਓ ਨਾਲੇ ਗੋਡੇ ਗਿੱਟੇ। ਅੰਮ੍ਰਿਤਧਾਰਾ ਵਾਂਗ ਬਾਦ ਵਿਚ ਜਦ ਇਸ ਦਾ ਮੂਲ ਮਤਲਬ ਪਿਛੋਕੜ ਸਮਝਦਾ ਹੈ ਤਾਂ ਧੰਨਵਾਦ ਕਰਦਾ ਹੈ ਕਿ ਚੰਗਾ ਹੀ ਕੀਤਾ। ਉਨ੍ਹਾਂ ਦੀ ਰਹਿਨੁਮਾਈ ਵਿਚ 'ਪੰਜਾਬ ਟਾਈਮਜ਼' ਬਹੁਤ ਬੁਲੰਦ ਚੜ੍ਹਦੀ ਕਲਾ ਵਿਚ ਉਜਾਗਰ ਹੋਇਆ ਤੇ ਹੁਣ ਉਨ੍ਹਾਂ ਦੇ ਪਾਏ ਪੂਰਨਿਆਂ ਤੇ ਚੱਲਦੇ ਉਨ੍ਹਾਂ ਦੀ ਪਤਨੀ ਬੀਬੀ ਜਰਪ੍ਰੀਤ ਕੌਰ ਨੇ ਇਸ ਬੂਟੇ ਨੂੰ ਚਾਲੂ ਰੱਖਣ ਦਾ ਤਹੱਈਆ ਸਿਰੜ ਕੀਤਾ ਹੋਇਆ ਹੈ ਤੇ ਸਾਰਾ ਪੰਜਾਬੀ ਜਗਤ ਉਸ ਦੀ ਪਿੱਠ 'ਤੇ ਖੜ੍ਹਾ ਹੈ। ਇੱਕ ਮਹਾਨ ਨਿਰਭੈ ਨਿਰਪੱਖ ਪੱਤਰਕਾਰੀ ਦਾ ਸੂਚਕ ਤੇ ਨਿਸ਼ਕਾਮ ਸਮਾਜ ਸੇਵਕ ਸ. ਅਮੋਲਕ ਸਿੰਘ ਭਾਵੇਂ ਜਿਸਮਾਨੀ ਤੌਰ 'ਤੇ 20 ਅਪ੍ਰੈਲ 2021 ਨੂੰ ਆਪਣੀ ਸੰਸਾਰਕ ਯਾਤਰਾ ਸਫਲ ਕਰ ਗਏ ਪਰ ਉਨ੍ਹਾਂ ਦੀ ਸਦੀਵੀ ਯਾਦ/ਪਛਾਣ 'ਪੰਜਾਬ ਟਾਈਮਜ਼' ਖਿੜਦਾ ਮੌਲਦਾ ਹਰ ਵੇਲੇ ਯਾਦ ਤਾਜ਼ਾ ਰੱਖਦਾ ਰਹਿੰਦਾ ਹੈ। ਕੁੱਝ ਕੋਵਿਡ ਦੀ ਮਾਰ ਤੇ ਬਾਕੀ ਉਨ੍ਹਾਂ ਦੇ ਜਾਣ ਕਾਰਨ ਹੋਰ ਆਰਥਿਕ ਮਜਬੂਰੀਆਂ ਕਾਰਨ ਅਖ਼ਬਾਰ ਨੂੰ ਜ਼ਰਾ ਕੁ ਮੁਸ਼ਕਲਾਂ ਝੱਲਣੀਆਂ ਪਈਆਂ ਪਰ ਪੰਜਾਬੀ ਪਿਆਰਿਆ ਨੇ ਇਸ ਨੂੰ ਆਂਚ ਨਹੀਂ ਆਉਣ ਦਿੱਤੀ। ਪੰਜਾਬੀ ਪਿਆਰਿਆਂ ਦਾ ਅੱਗੇ ਵੀ ਹੋਰ ਫ਼ਰਜ਼ ਬਣਦਾ ਹੈ ਕਿ ਇਸ ਸੁੰਦਰ ਫੁਲਵਾੜੀ ਨੂੰ ਸਿੰਜਣ, ਚੜ੍ਹਦੀਆਂ ਕਲਾ ਵਿਚ ਜੀਵਤ ਰੱਖਣ ਤੇ ਪੰਜਾਬੀ ਸਮਾਜ ਨੂੰ ਜਗਾਉਂਦੀ ਹਸਾਉਂਦੀ ਬੁਲੰਦੀਆਂ ਤੱਕ ਰੁਸ਼ਨਾਉਂਦੀ 'ਪੰਜਾਬ ਟਾਈਮਜ਼' ਨੂੰ ਜਾਰੀ ਰੱਖਣ ਵਿਚ ਸਹਿਯੋਗ ਦਿੰਦੇ ਰਹਿਣ। ਮੈਂ 18 ਮਈ 2024 ਨੂੰ ਪੰਜਾਬ ਟਾਈਮਜ਼ ਦੀ 25ਵੀਂ ਵਰ੍ਹੇਗੰਢ 'ਤੇ ਸ਼ੁੱਭ ਕਾਮਨਾ ਕਹਿੰਦਾ ਇਸ ਦੀ ਚੜ੍ਹਦੀ ਕਲਾ ਲਈ ਕਾਮਨਾ ਕਰਦਾ ਹਾਂ।



ਚਰਨਜੀਤ ਪੰਨੂੰ

# ਭਾਰਤੀ ਸ਼ੇਅਰ ਬਾਜ਼ਾਰ ਅਤੇ ਵਿਕਾਸ

ਰਾਜੀਵ ਖੋਸਲਾ
ਫੋਨ: +91-79860-36776

ਨਵੰਬਰ 2023 ਵਿਚ ਭਾਰਤੀ ਸ਼ੇਅਰ ਬਾਜ਼ਾਰ (ਨੈਸ਼ਨਲ ਸਟਾਕ ਐਕਸਚੇਂਜ) ਨੇ ਦੁਨੀਆ ਦੀਆਂ ਸੁਪਰ ਪਾਵਰ ਸਟਾਕ ਮਾਰਕੀਟਾਂ ਵਿਚ ਪੰਜਵਾਂ ਸਥਾਨ ਹਾਸਲ ਕੀਤਾ। ਅੱਜ ਭਾਰਤੀ ਸਟਾਕ ਮਾਰਕੀਟ ਵਿਚ ਸੂਚੀਬੱਧ ਸ਼ੇਅਰਾਂ ਦਾ ਮੁੱਲ 4 ਲੱਖ ਕਰੋੜ ਡਾਲਰ ਤੋਂ ਵੀ ਉੱਤੇ ਪਹੁੰਚ ਗਿਆ ਹੈ। ਹੁਣ ਕੇਵਲ ਅਮਰੀਕਾ, ਚੀਨ, ਜਾਪਾਨ ਅਤੇ ਹਾਂਗ ਕਾਂਗ ਦੇ ਸ਼ੇਅਰ ਬਾਜ਼ਾਰ ਹੀ ਭਾਰਤੀ ਸ਼ੇਅਰ ਬਾਜ਼ਾਰ ਤੋਂ ਅੱਗੇ ਹਨ। ਸ਼ੇਅਰ ਬਾਜ਼ਾਰ ਦੀ ਇਹ ਨਵੀਨਤਮ ਕ੍ਰਾਂਤੀ ਭਾਵੇਂ 2014-15 ਤੋਂ ਸ਼ੁਰੂ ਹੋ ਗਈ ਸੀ ਪਰ ਇਸ ਨੂੰ ਅਸਲ ਹੁਲਾਰਾ 2019-20 ਤੋਂ ਬਾਅਦ ਮਿਲਿਆ। ਡੀਮੈਟ ਖਾਤੇ ਜਿਨ੍ਹਾਂ ਰਾਹੀਂ ਨਿਵੇਸ਼ਕ ਸ਼ੇਅਰਾਂ ਦੀ ਖਰੀਦ ਤੇ ਵਿਕਰੀ ਕਰਦੇ ਹਨ ਅਤੇ ਜਿਨ੍ਹਾਂ ਦੀ ਸੰਖਿਆ 31 ਮਾਰਚ 2014 ਤਕ 22 ਲੱਖ ਸੀ, 31 ਮਾਰਚ 2019 ਤਕ ਵੱਧ ਕੇ 3.5 ਕਰੋੜ ਪਹੁੰਚ ਗਏ; 31 ਮਾਰਚ 2024 ਤਕ ਇਹ 15 ਕਰੋੜ ਹੋ ਗਏ।

ਭਾਰਤੀ ਸਟਾਕ ਮਾਰਕੀਟ ਨੂੰ ਖੰਭ ਲਾਉਣ ਵਿਚ ਮਿਊਚਲ ਫੰਡ ਉਦਯੋਗ ਦਾ ਵੀ ਬਹੁਤ ਯੋਗਦਾਨ ਰਿਹਾ ਹੈ। ਮਿਊਚਲ ਫੰਡ ਕੰਪਨੀਆਂ ਨੇ ਹਰ ਵਰਗ ਦੇ ਨਿਵੇਸ਼ਕਾਂ ਦੀਆਂ ਜ਼ਰੂਰਤਾਂ ਅਨੁਸਾਰ (ਰਿਟਾਇਰਮੈਂਟ ਪਹਿਲਾਂ ਤੇ ਬਾਅਦ ਦੀ ਆਮਦਨ, ਬੱਚਿਆਂ ਦੀ ਸਿੱਖਿਆ, ਬੱਚਿਆਂ ਦੇ ਵਿਆਹ ਲਈ ਪੈਸੇ, ਘਰ ਦੀ ਖਰੀਦਦਾਰੀ ਆਦਿ) ਵੱਖ-ਵੱਖ ਯੋਜਨਾਵਾਂ ਦੀ ਪੇਸ਼ਕਸ਼ ਨਾਲ ਨਿਵੇਸ਼ਕ ਆਪਣੇ ਵੱਲ ਖਿੱਚੇ। ਉਹ ਕਿਹੜੇ ਕਾਰਕ ਹਨ ਜੋ ਭਾਰਤੀਆਂ ਦਾ ਨਿਵੇਸ਼ ਸ਼ੇਅਰ ਬਾਜ਼ਾਰ ਵੱਲ ਖਿੱਚ ਰਹੇ ਹਨ; ਕੀ ਇਹ ਅੰਨ੍ਹੇਵਾਹ ਨਿਵੇਸ਼ ਜੋਖ਼ਮ ਮੁਕਤ ਹੈ? ਕਾਰਕਾਂ ਨੂੰ ਚਾਰ ਵਿਆਪਕ ਸ਼੍ਰੇਣੀਆਂ ਵਿਚ ਵੰਡਿਆ ਗਿਆ ਹੈ: ਡਿਜੀਟਲ, ਵਿਹਾਰਕ, ਮਾਰਕੀਟਿੰਗ ਅਤੇ ਸਰਕਾਰ ਪੱਖੀ।

**ਡਿਜੀਟਲ ਕਾਰਕ:** ਲਗਭਗ ਦਹਾਕੇ ਦੌਰਾਨ ਭਾਰਤ ਦੇ ਇੰਟਰਨੈੱਟ ਖੇਤਰ 'ਚ ਕ੍ਰਾਂਤੀ ਦੇਖਣ ਨੂੰ ਮਿਲੀ ਹੈ ਜਿਸ ਕਾਰਨ ਇੰਟਰਨੈੱਟ ਦੀ ਵਰਤੋਂ ਵਿਚ ਵਾਧਾ ਹੋਇਆ। ਇਸ ਕ੍ਰਾਂਤੀ ਦੀ ਸ਼ੁਰੂਆਤ 2015 ਵਿਚ ਭਾਰਤ ਵਿਚ ਪਹਿਲੀ ਵਾਰ ਪੇਸ਼ ਹੋਏ ਹਾਈ ਸਪੀਡ 4ਜੀ. ਇੰਟਰਨੈੱਟ ਦੇ ਨਾਲ ਹੋਈ ਪਰ 5 ਸਤੰਬਰ 2016 ਨੂੰ ਮੁਕੇਸ਼ ਅੰਬਾਨੀ ਦੇ 4ਜੀ. ਮੋਬਾਈਲ ਨੈੱਟਵਰਕ ਰਿਲਾਇੰਸ ਜੀਓ ਹੋਂਦ ਵਿਚ ਆਉਣ ਪਿੱਛੋਂ ਇੰਟਰਨੈੱਟ ਦੀਆਂ ਕੀਮਤਾਂ ਵਿਚ ਵੱਡੀ ਗਿਰਾਵਟ ਆਈ ਜਿਸ ਦੌਰਾਨ ਕਰੋੜਾਂ ਭਾਰਤੀਆਂ ਦੇ ਹੱਥਾਂ ਵਿਚ ਸਮਾਰਟਫੋਨ ਅਤੇ ਇੰਟਰਨੈੱਟ ਆ ਗਏ। ਇਸ ਦੇ ਨਾਲ ਹੀ ਭਾਰਤ ਸਰਕਾਰ ਦੀ ਡਿਜੀਟਲ ਇੰਡੀਆ ਮੁਹਿੰਮ ਰਾਹੀਂ ਆਨਲਾਈਨ ਬੈਂਕ ਤੇ ਡੀਮੈਟ ਖਾਤੇ ਖੋਲ੍ਹਣ, ਭੁਗਤਾਨ ਕਰਨ, ਕੇ.ਵਾਈ.ਸੀ. ਸ਼ਰਤਾਂ ਆਦਿ ਨਾਲ ਵੀ ਨਿਵੇਸ਼ਕਾਂ ਨੂੰ ਆਸਾਨੀ ਨਾਲ ਨਿਵੇਸ਼ ਦੇ ਮੌਕੇ ਮਿਲੇ ਹਨ।

**ਵਿਹਾਰਕ ਕਾਰਕ:** ਆਧੁਨਿਕ ਭਾਰਤ ਵਿਚ ਨਿਵੇਸ਼ਕਾਂ ਦਾ ਇੱਕ ਸਮੂਹ ਜਿਸ ਵਿਚ ਮੁੱਖ ਤੌਰ 'ਤੇ ਨੌਜਵਾਨ ਸ਼ੁਮਾਰ ਹਨ, ਨਾ ਸਿਰਫ਼ ਸੁਰੱਖਿਅਤ ਭਵਿੱਖ ਲਈ ਸਗੋਂ ਛੇਤੀ ਕਮਾਈ ਵਧਾਉਣ ਲਈ ਵਧੇਰੇ ਵਿੱਤੀ ਜੋਖ਼ਮ ਲੈਣ ਲਈ ਤਿਆਰ ਹੈ। ਇਸ ਵਰਗ ਦਾ ਰੁਝਾਨ ਪੁਰਾਣੀਆਂ ਠੋਸ ਵਿੱਤੀ ਨਿਵੇਸ਼ ਯੋਜਨਾਵਾਂ ਜਿਵੇਂ ਪਬਲਿਕ ਪ੍ਰਾਵੀਡੈਂਟ ਫੰਡ, ਬੀਮਾ ਪਾਲਿਸੀ, ਬੈਂਕਾਂ ਵਿਚ ਫਿਕਸਡ ਡਿਪਾਜ਼ਿਟ, ਡਾਕਖਾਨਾ ਬੱਚਤ ਯੋਜਨਾਵਾਂ ਆਦਿ (ਮਿਆਦ ਲੰਮੀ ਹੋਣ ਕਾਰਨ) ਵੱਲ ਬਹੁਤ ਘੱਟ ਹੈ। ਆਨਲਾਈਨ ਪਲੈਟਫਾਰਮਾਂ 'ਤੇ 3-4 ਮਿੰਟ ਦੇ ਵੀਡੀਓ ਦੇਖ ਕੇ ਨੌਜਵਾਨ ਤੁਰੰਤ ਫੈਸਲਾ ਕਰਦੇ ਹਨ ਕਿ ਉਨ੍ਹਾਂ ਕਿੱਥੇ ਅਤੇ ਕਿਸ ਸਟਾਕ ਵਿਚ ਨਿਵੇਸ਼ ਕਰਨਾ ਹੈ।


**ਮਾਰਕੀਟਿੰਗ ਕਾਰਕ:** ਮਿਊਚਲ ਫੰਡ ਅਤੇ ਸਟਾਕ ਬ੍ਰੋਕਿੰਗ ਕੰਪਨੀਆਂ (ਜ਼ੀਰੋਧਾ, ਗ੍ਰੋ, ਅਪਸਟੋਕਸ ਆਦਿ) ਦੀ ਬੇਤਹਾਸ਼ਾ ਮਾਰਕੀਟਿੰਗ ਨੇ ਵੀ ਨਿਵੇਸ਼ਕਾਂ ਦੀ ਮਾਨਸਿਕਤਾ ਨੂੰ ਸ਼ੇਅਰ ਬਾਜ਼ਾਰ ਵੱਲ ਮੋੜਨ ਵਿਚ ਫ਼ੈਸਲਾਕੁਨ ਭੂਮਿਕਾ ਨਿਭਾਈ ਹੈ। ਇਨ੍ਹਾਂ ਕੰਪਨੀਆਂ ਦੀ ਮੁੱਖ ਮਾਰਕੀਟਿੰਗ ਰਣਨੀਤੀ ਸ਼ੇਅਰ ਬਾਜ਼ਾਰ ਅਤੇ ਬੈਂਕਾਂ ਵਿਚ ਜਮ੍ਹਾਂ ਤੋਂ ਹੋਣ ਵਾਲੀ ਵਿਆਜ ਦੀ ਕਮਾਈ ਦੀ ਤੁਲਨਾ ਕਰਨਾ ਹੈ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਸ਼ੇਅਰਾਂ ਅਤੇ ਮਿਊਚਲ ਫੰਡਾਂ ਤੋਂ ਹੋਣ ਵਾਲੀ ਕਮਾਈ, ਬੈਂਕਾਂ ਵਿਚ ਜਮ੍ਹਾਂ ਰਾਸ਼ੀ 'ਤੇ ਮਿਲਦੇ ਵਿਆਜ ਨਾਲੋਂ ਬਿਹਤਰ ਰਹੀ ਹੈ ਪਰ ਇਸ ਦੇ ਕੁਝ ਆਪਣੇ ਕਾਰਨ ਹਨ। ਜਿੱਥੇ ਬੈਂਕਾਂ ਵਿਚ ਜਮ੍ਹਾਂ ਪੂੰਜੀ 'ਤੇ 6-7% ਵਿਆਜ ਮਿਲਿਆ ਹੈ, ਉੱਥੇ ਸ਼ੇਅਰ ਬਾਜ਼ਾਰ ਤੇ ਮਿਊਚਲ ਫੰਡਾਂ ਤੋਂ ਆਮਦਨ ਦੋਹਰੇ ਅੰਕਾਂ ਵਿਚ ਰਹੀ ਹੈ। ਇਸ ਤਰਕ ਦਾ ਫਾਇਦਾ ਚੁੱਕਦਿਆਂ ਮਿਊਚਲ ਫੰਡ ਅਤੇ ਸਟਾਕ ਬ੍ਰੋਕਿੰਗ ਕੰਪਨੀਆਂ ਨੇ ਨਿਵੇਸ਼ਕਾਂ ਨੂੰ ਇਹ ਸੋਚਣ ਲਈ ਮਜਬੂਰ ਕੀਤਾ ਕਿ ਮਹਿੰਗਾਈ ਦੀ ਦਰ ਜੋ 2022 ਅਤੇ 2023 ਵਿਚ ਦੋਹਰੇ ਅੰਕਾਂ ਵਿਚ ਰਹੀ ਹੈ, ਨੂੰ ਹਰਾਉਣ ਲਈ ਕੇਵਲ ਸ਼ੇਅਰ ਬਾਜ਼ਾਰ ਅਤੇ ਮਿਊਚਲ ਫੰਡਾਂ ਵਿਚ ਨਿਵੇਸ਼ ਹੀ ਸਹੀ ਬਦਲ ਹੈ। ਇਸ ਦੇ ਨਾਲ ਹੀ ਨਿਵੇਸ਼ਕਾਂ ਨੂੰ ਇਸ ਆਧਾਰ 'ਤੇ ਵੀ ਯਕੀਨ ਦਿਵਾਇਆ ਜਾ ਰਿਹਾ ਹੈ ਕਿ ਭਾਰਤ ਦਾ ਵਿਕਾਸ ਪਿਛਲੇ 2 ਸਾਲਾਂ ਤੋਂ 6-8% ਦੀ ਦਰ 'ਤੇ ਹੋ ਰਿਹਾ ਹੈ ਜਿਸ ਨਾਲ ਭਾਰਤ ਸੰਸਾਰ ਦਾ ਸਭ ਤੋਂ ਤੇਜ਼ ਵਧਣ ਵਾਲਾ ਅਰਥਚਾਰਾ ਬਣ ਚੁੱਕਾ ਹੈ। ਇਸ ਵਿਕਾਸ ਦਰ ਲਈ ਕਾਰਪੋਰੇਟ ਖੇਤਰ ਨੇ ਅਹਿਮ ਯੋਗਦਾਨ ਦਿੱਤਾ ਹੈ ਜਿਸ ਕਾਰਨ ਕੰਪਨੀਆਂ ਦੇ ਸ਼ੇਅਰਾਂ ਦੇ ਭਾਅ ਵੀ ਉੱਚੇ ਚਲੇ ਗਏ ਹਨ; ਇਸ ਨਾਲ ਸ਼ੇਅਰ ਮਾਰਕੀਟ ਦੇ ਨਿਵੇਸ਼ਕਾਂ ਨੂੰ ਚੰਗੇ ਫਾਇਦੇ ਹੋਏ ਹਨ।

**ਸਰਕਾਰ ਪੱਖੀ ਕਾਰਕ:** ਸ਼ੇਅਰ ਬਾਜ਼ਾਰ ਵਿਚ ਨਿਵੇਸ਼ਕ ਅਤੇ ਨਿਵੇਸ਼ ਵਧਾਉਣ ਵਿਚ ਸਰਕਾਰ ਦੀਆਂ ਨੀਤੀਆਂ ਦਾ ਵੀ ਪੂਰਾ ਹੱਥ ਰਿਹਾ ਹੈ। ਕੋਰੋਨਾ ਕਾਲ ਦੌਰਾਨ ਭਾਰਤ ਸਰਕਾਰ ਨੇ ਨਿੱਜੀ ਖੇਤਰ ਵਿਚ ਕੰਮ ਕਰ ਰਹੇ ਕਰਮਚਾਰੀਆਂ ਦੀ ਛਾਂਟੀ ਅਤੇ ਤਨਖਾਹਾਂ ਵਿਚ ਕਟੌਤੀ 'ਤੇ ਕਿਸੇ ਪ੍ਰਕਾਰ ਦੀ ਰੋਕ ਨਹੀਂ ਲਗਾਈ। ਜਿਨ੍ਹਾਂ ਕਰਮਚਾਰੀਆਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ, ਉਨ੍ਹਾਂ ਕੋਲ ਘਰ ਬੈਠ ਕੇ ਆਪਣੀ ਆਮਦਨ ਵਧਾਉਣ ਲਈ ਕੇਵਲ ਸ਼ੇਅਰ ਬਾਜ਼ਾਰ ਹੀ ਇੱਕ ਜ਼ਰੀਆ ਬਚਦਾ ਸੀ। ਸਰਕਾਰ ਦੁਆਰਾ ਛੋਟੀਆਂ ਬੱਚਤ ਸਕੀਮਾਂ 'ਤੇ ਵਿਆਜ ਦੀ ਦਰ ਲਗਾਤਾਰ ਘੱਟ ਰੱਖਣ ਕਾਰਨ ਵੀ ਭਾਰਤੀ ਨਿਵੇਸ਼ਕ ਸ਼ੇਅਰ ਬਾਜ਼ਾਰ ਵਿਚ ਨਿਵੇਸ਼ ਲਈ ਮਜਬੂਰ ਹੋਏ; ਮਸਲਨ, ਪਬਲਿਕ ਪ੍ਰਾਵੀਡੈਂਟ ਫੰਡ ਦੀ ਵਿਆਜ ਦਰ ਅਪਰੈਲ 2020 ਤੋਂ 7.1% 'ਤੇ ਸਥਿਰ ਹੈ। ਸੀਨੀਅਰ ਸਿਟੀਜ਼ਨ ਸੇਵਿੰਗਜ਼ ਸਕੀਮ, ਨੈਸ਼ਨਲ ਸੇਵਿੰਗਜ਼ ਸਰਟੀਫਿਕੇਟ ਅਤੇ ਸੁਕੰਨਿਆ ਸਮ੍ਰਿਧੀ ਯੋਜਨਾ ਵਿਚ ਵੀ ਪਿਛਲੀਆਂ ਕੁਝ ਤਿਮਾਹੀਆਂ ਵਿਚ ਬਹੁਤ ਹੀ ਮਾਮੂਲੀ ਵਾਧਾ ਹੋਇਆ ਹੈ। ਇਸ ਤੋਂ ਇਲਾਵਾ ਸਰਕਾਰ ਦਾ ਕਾਰਪੋਰੇਟ ਸੈਕਟਰ ਪ੍ਰਤੀ ਪ੍ਰੇਮ ਅਤੇ ਉਨ੍ਹਾਂ ਨੂੰ ਵੱਖ-ਵੱਖ ਤਰ੍ਹਾਂ ਨਾਲ ਮੁਹੱਈਆ ਕਰਵਾਈ ਵਿੱਤੀ ਸਹਾਇਤਾ ਨੇ ਨਿਵੇਸ਼ਕਾਂ ਨੂੰ ਇਹ ਵਿਸ਼ਵਾਸ ਦਿਵਾਇਆ ਕਿ ਸਰਕਾਰ ਦੇ ਇਹ ਕਦਮ ਇਨ੍ਹਾਂ ਕੰਪਨੀਆਂ ਨੂੰ ਸ਼ੇਅਰ ਬਾਜ਼ਾਰ ਵਿਚ ਪ੍ਰਫੁੱਲਤ ਕਰਨਗੇ ਜਿਸ ਦੌਰਾਨ ਸ਼ੇਅਰਧਾਰਕਾਂ ਨੂੰ ਵੀ ਚੰਗੀ ਮਾਤਰਾ ਵਿਚ ਲਾਭਅੰਸ਼ ਮਿਲ ਸਕਦੇ ਹਨ। ਇਉਂ ਭਾਰਤ ਦੇ ਨਿਵੇਸ਼ਕਾਂ ਦੀ ਵੱਡੀ ਗਿਣਤੀ ਨੇ ਸ਼ੇਅਰ ਬਾਜ਼ਾਰ ਵੱਲ ਰੁਖ਼ ਕੀਤਾ।

ਸ਼ੇਅਰ ਬਾਜ਼ਾਰ ਵਿਚ ਜੋਖ਼ਮ ਬੜੇ ਹਨ। ਜਿਹੜੇ ਲੋਕ ਸ਼ੇਅਰ ਬਾਜ਼ਾਰ ਦੇ ਵਿੱਤੀ ਨਿਯਮਾਂ ਅਤੇ ਤਕਨੀਕ ਤੋਂ ਪੂਰੀ ਤਰ੍ਹਾਂ ਜਾਣੂ ਨਹੀਂ, ਉਹ ਅਕਸਰ ਪੈਸੇ ਗੁਆ ਲੈਂਦੇ ਹਨ। 2007-08 ਦੀ ਸੰਸਾਰ ਮੰਦੀ ਤੋਂ ਬਾਅਦ ਸੰਸਾਰ ਨੇ ਅਜਿਹਾ ਦੌਰ ਦੇਖਿਆ ਜਿਸ ਦੌਰਾਨ ਕਰਜ਼ੇ ਬਹੁਤ ਸਸਤੀ ਦਰ 'ਤੇ ਮਿਲਦੇ ਸਨ। ਸਰਕਾਰਾਂ ਅਤੇ ਕੰਪਨੀਆਂ ਨੇ ਇਸ ਦਾ ਭਰਪੂਰ ਲਾਹਾ ਲਿਆ ਪਰ 2021-22 ਦੇ ਕੋਰੋਨਾ ਅੰਤ ਅਤੇ ਰੂਸ-ਯੂਕਰੇਨ ਜੰਗ ਤੋਂ ਬਾਅਦ ਜਦੋਂ ਤੋਂ ਜ਼ਰੂਰੀ ਵਸਤਾਂ ਦੀ ਅਪੂਰਤੀ ਪ੍ਰਭਾਵਿਤ ਹੋਈ ਹੈ, ਦੁਨੀਆ ਭਰ ਵਿਚ ਘੱਟ ਮਹਿੰਗਾਈ ਅਤੇ ਸਸਤੇ ਕਰਜ਼ਿਆਂ ਦੇ ਦਿਨ ਲੱਦ ਗਏ ਹਨ। ਇਹੋ ਕਾਰਨ ਹੈ ਕਿ ਕੰਪਨੀਆਂ ਦੀ ਉਤਪਾਦਨ ਲਾਗਤ ਵਧੀ ਹੈ ਅਤੇ ਇਨ੍ਹਾਂ ਨੇ ਆਪਣੇ ਉਤਪਾਦਾਂ ਵਿਚ ਬੇਹਿਸਾਬ ਵਾਧਾ ਕੀਤਾ ਹੈ ਜਿਸ ਕਾਰਨ ਦੁਨੀਆ ਭਰ ਵਿਚ ਵਿਆਜ ਦਰ ਘੱਟ ਨਹੀਂ ਰਹੀ। ਵਧੀ ਹੋਈ ਵਿਆਜ ਦਰ ਹੇਠਾਂ ਆਉਣ ਵਿਚ ਸਮਾਂ ਲੱਗੇਗਾ ਪਰ ਇਸ ਦੇ 2008 ਤੋਂ 2020 ਵਾਲੇ ਪੱਧਰ ਤਕ ਪੁੱਜਣ ਦੀ ਫਿਰ ਵੀ ਉਮੀਦ ਨਹੀਂ। ਇਸ ਵੇਲੇ ਸ਼ੇਅਰ ਬਾਜ਼ਾਰ ਨੂੰ ਉਛਾਲ ਦੇਣ ਵਾਲੇ ਕਾਰਕ ਲਗਭਗ ਉਸੇ ਤਰ੍ਹਾਂ ਵਿਹਾਰ ਕਰ ਰਹੇ ਹਨ ਜਿਵੇਂ 1995-2001 ਦੇ ਕਾਰਕ ਕਰ ਰਹੇ ਸਨ। ਉਦੋਂ ਦੁਨੀਆ ਵਿਚ 'ਡਾਟ ਕਾਮ ਬਬਲ' ਸੰਕਟ ਵਾਪਰਿਆ ਸੀ।

# ਲੋਕ ਸਭਾ ਚੋਣਾਂ ਤੇ ਵਰਤਮਾਨ ਹਾਕਮ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਲੋਕ ਸਭਾ ਚੋਣਾਂ ਦਾ ਬਿਗਲ ਵਜਦੇ ਹੀ ਵਰਤਮਾਨ ਕਰਤੇ ਧਰਤਿਆਂ ਦੇ ਪੈਰਾਂ ਥਲਿਓਂ ਜ਼ਮੀਨ ਖਿਸਕਣ ਲੱਗ ਪਈ ਹੈ। ਇਸਦਾ ਪ੍ਰਥਮ ਸੰਕੇਤ ਪ੍ਰਧਾਨ ਮੰਤਰੀ ਵਲੋਂ ਅੱਧੀ ਸਦੀ ਪਹਿਲਾਂ ਸ੍ਰੀਲੰਕਾ ਨੂੰ ਸੌਂਪੇ ਗਏ ਕਚਾਥੀਵੂ ਟਾਪੂ ਬਾਰੇ ਕਿੰਤੂ-ਪ੍ਰੰਤੂ ਤੋਂ ਮਿਲ ਗਿਆ ਸੀ। ਉਸ ਦੇਸ਼ ਦੀ ਨੀਅਤ ਉਤੇ ਸ਼ੱਕ ਕਰਨ ਦੇ ਰੂਪ ਵਿਚ ਜਿਸ ਨਾਲ ਆਜ਼ਾਦੀ ਤੋਂ ਪਿਛੋਂ 1983 ਦੀਆਂ ਘਟਨਾਵਾਂ ਤੋਂ ਬਿਨਾ, ਸਾਡੇ ਸਬੰਧ ਸਦਾ ਹੀ ਸੁਖਾਵੇਂ ਰਹੇ ਹਨ। ਇਸ ਤੋਂ ਪਿਛੋਂ ਕਾਂਗਰਸ ਪਾਰਟੀ ਦੇ ਚੋਣ ਮਨੋਰਥ ਪੱਤਰ ਉਤੇ ਮੁਸਲਿਮ ਲੀਗ ਦੀ ਛਾਪ ਗਰਦਾਨਣ ਨੇ ਉਹ ਸ਼ਬਦਾਵਲੀ ਚੇਤੇ ਕਰਾ ਦਿੱਤੀ ਜਿਸਦੀ ਵਰਤੋਂ ਉਹ ਮੁੱਖ ਮੰਤਰੀ ਗੁਜਰਾਤ ਦੇ 2002 ਦੇ ਮੁਸਲਿਮ-ਵਿਰੋਧੀ ਕਤਲੇਆਮ ਦੇ ਪ੍ਰਸੰਗ ਵਿਚ ਆਪਣੇ ਭਾਸ਼ਣਾਂ 'ਚ ਕਰਦੇ ਸਨ।

ਹੁਣ ਰਾਜਸਥਾਨ ਦੇ ਬਾਂਸਵਾੜਾ 'ਚ ਦਿੱਤਾ ਭਾਸ਼ਣ ਤਾਂ ਬੌਖਲਾਹਟ ਦੀ ਸਿਖਰ ਹੈ ਜਿੱਥੇ ਅਜੇ ਕੁੱਛ ਹੀ ਮਹੀਨੇ ਪਹਿਲਾਂ ਭਾਰਤੀ ਜਨਤਾ ਪਾਰਟੀ ਨੂੰ ਕਾਫੀ ਵੱਡੀ ਜਿੱਤ ਹਾਸਲ ਹੋਈ ਸੀ, ਪਰ 19 ਅਪਰੈਲ ਦੇ ਮਤਦਾਨ 'ਚ ਉਸਦਾ ਗ੍ਰਾਫ ਕਾਫ਼ੀ ਹੇਠਾਂ ਡਿੱਗ ਗਿਆ ਲੱਗਦਾ ਹੈ। ਆਪਣੇ ਭਾਸ਼ਣ 'ਚ ਪ੍ਰਧਾਨ ਮੰਤਰੀ ਦਾ ਇਹ ਦੋਸ਼ ਲਾਉਣਾ ਕਿ ਕਾਂਗਰਸ ਤਾਂ ਮੁਸਲਮਾਨਾਂ ਨੂੰ, ਜਿਨ੍ਹਾਂ ਨੂੰ ਮੋਦੀ ਨੇ 'ਘੁਸਪੈਠੀਏ' ਅਤੇ 'ਜ਼ਿਆਦਾ ਬੱਚਿਆਂ ਵਾਲੇ' ਕਹਿ ਕੇ ਸੰਬੋਧਨ ਕੀਤਾ, ਸਰਕਾਰੀ ਸਰੋਤਾਂ 'ਤੇ ਪਹਿਲਾ ਅਧਿਕਾਰ ਦੇਣ ਲਈ ਵਚਨਬੱਧ ਹੈ। ਇਹ ਕਹਿ ਕੇ ਕਿ ਆਪਣੇ ਕਾਰਜਕਾਲ ਵਿਚ ਮਨਮੋਹਨ ਸਿੰਘ ਨੇ ਇਸ ਦਾ ਵਾਅਦਾ ਕੀਤਾ ਸੀ। ਏਥੋਂ ਤੱਕ ਕਿ ਜੇ ਕਾਂਗਰਸ ਸੱਤਾ 'ਚ ਆਉਂਦੀ ਹੈ ਤਾਂ, ਹਿੰਦੂ ਔਰਤਾਂ ਦਾ ਸੋਨਾ ਅਤੇ ਮੰਗਲ-ਸੂਤਰ ਖੋਹ ਕੇ, ਮੁਸਲਮਾਨਾਂ 'ਚ ਵੰਡ ਦੇਵੇਗੀ। ਇਸਦਾ ਮੰਤਵ ਆਪਣੀਆਂ ਨੀਤੀਆਂ ਖ਼ਿਲਾਫ਼ ਖੜ੍ਹੇ, ਦੱਬੇ-ਕੁਚਲੇ ਗਰੀਬ ਵਰਗਾਂ ਦੇ ਵੱਖ-ਵੱਖ ਭਾਈਚਾਰਿਆਂ 'ਚ ਫੁੱਟ ਪਾਉਣ ਤੋਂ ਬਿਨਾ ਹੋਰ ਕੁਝ ਨਹੀਂ। ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਵੀ ਆਪਣੇ ਭਾਸ਼ਣ 'ਚ ਇਹ ਕਹਿ ਕੇ ਆਉਣ ਵਾਲੇ ਦਿਨਾਂ ਦਾ ਇਸ਼ਾਰਾ ਕਰ ਚੁੱਕੇ ਹਨ ਕਿ ਕਾਂਗਰਸ, ਭਾਰਤ 'ਚ ਸ਼ਰੀਆ ਕਾਨੂੰਨ ਲਾਗੂ ਕਰਨਾ ਚਾਹੁੰਦੀ ਹੈ। ਉਨ੍ਹਾਂ ਨੂੰ ਲੱਗਦਾ ਹੈ ਕਿ ਫ਼ਿਰਕੂ ਧਰੁਵੀਕਰਨ ਵੱਲ ਪਰਤਣਾ, ਉਨ੍ਹਾਂ ਦੀ ਚੋਣ ਮੁਹਿੰਮ ਲਈ ਸਮਰਥਨ ਜੁਟਾਉਣ ਲਈ ਤਾਂ ਜ਼ਰੂਰੀ ਹੈ ਹੀ, ਇਸ ਦੇ ਨਾਲ ਹੀ ਮੋਦੀ ਰਾਜ ਦੀਆਂ ਨੀਤੀਆਂ ਦੀ ਅਸਫ਼ਲਤਾ 'ਤੇ ਲੋਕਾਂ ਦੀ ਨਾਰਾਜ਼ਗੀ ਨੂੰ ਦੂਰ ਕਰਨ ਲਈ ਵੀ ਜ਼ਰੂਰੀ ਹੈ। ਹੁਣ ਤਾਂ ਪ੍ਰਧਾਨ ਮੰਤਰੀ ਏਥੋਂ ਤੱਕ ਕਹਿ ਗਏ ਹਨ ਕਿ ਜੇ ਕਾਂਗਰਸ ਦੀ ਸਰਕਾਰ ਬਣੀ ਤਾਂ ਹਰ ਕਿਸੇ ਦੀ ਵਾਧੂ ਜਾਇਦਾਦ 'ਘੁਸਪੈਠੀਏ ਮੁਸਲਮਾਨਾਂ' ਨੂੰ ਵੰਡ ਦਿੱਤੀ ਜਾਵੇਗੀ। 21 ਅਪ੍ਰੈਲ ਐਤਵਾਰ ਨੂੰ ਰਾਜਸਥਾਨ ਦੇ ਬਾਂਸਵਾੜਾ ਤੋਂ ਸ਼ੁਰੂ ਹੋ ਕੇ ਸੋਮਵਾਰ ਨੂੰ ਉੱਤਰ ਪ੍ਰਦੇਸ਼ ਦੇ ਅਲੀਗੜ੍ਹ, ਮੰਗਲਵਾਰ ਨੂੰ ਰਾਜਸਥਾਨ ਦੇ ਟੌਂਕ ਵਿਚ ਤੇ ਇਸ ਤੋਂ ਪਿਛੋਂ ਵੀ ਇਹੀਓ ਭਾਸ਼ਣ ਦੇ ਰਹੇ ਹਨ ਕਿ ਜੇਕਰ ਕਾਂਗਰਸ ਅਤੇ 'ਇੰਡੀਆ' ਗੱਠਜੋੜ ਵਾਲਿਆਂ ਦੀ ਸਰਕਾਰ ਬਣ ਗਈ ਤਾਂ ਇਹ ਤੁਹਾਡੀਆਂ ਜ਼ਮੀਨਾਂ, ਜਾਇਦਾਦਾਂ, ਘਰ, ਧਨ-ਦੌਲਤ, ਸੋਨਾ ਆਦਿ ਸਭ ਕੁੱਝ ਖੋਹ ਲੈਣਗੇ ਅਤੇ ਇਹ ਜ਼ਿਆਦਾ ਬੱਚੇ ਪੈਦਾ ਕਰਨ ਵਾਲੇ 'ਘੁਸਪੈਠੀਏ ਮੁਸਲਮਾਨਾਂ' ਵਿਚ ਵੰਡ ਦੇਣਗੇ। ਹਿੰਦੂ ਔਰਤਾਂ ਨੂੰ ਵਿਸ਼ੇਸ਼ ਤੌਰ 'ਤੇ ਡਰਾਉਣ ਅਤੇ ਜਜ਼ਬਾਤੀ ਤੌਰ 'ਤੇ ਭੜਕਾਉਣ ਲਈ ਮੋਦੀ ਜੀ ਕਹਿ ਰਹੇ ਹਨ ਕਿ ਬੀਬੀਓ, ਭੈਣੋ ਇਨ੍ਹਾਂ ਕਾਂਗਰਸੀਆਂ ਅਤੇ 'ਇੰਡੀਆ' ਗੱਠਜੋੜ ਵਾਲਿਆਂ ਦੀ ਨਜ਼ਰ ਤੁਹਾਡੇ ਮੰਗਲ ਸੂਤਰ 'ਤੇ ਹੀ ਨਹੀਂ ਤੁਹਾਡੀਆਂ ਅਲਮਾਰੀਆਂ, ਪੇਟੀਆਂ ਆਦਿ ਸਭ ਕੁੱਝ ਉੱਤੇ ਹੈ ਤੇ ਇਹ ਤੁਹਾਡੇ ਗਹਿਣੇ, ਪੈਸੇ ਤੇ ਮਾਇਆ ਸਭ ਕੁੱਝ ਲੈ ਜਾਣਗੇ। ਹੁਣ ਤਾਂ ਉਨ੍ਹਾਂ ਨੇ ਇਹ ਵੀ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਇੰਡੀਆ ਗੱਠਜੋੜ ਵਾਲੇ ਤੁਹਾਡਾ ਰਾਖਵਾਂਕਰਨ (ਰਿਜ਼ਰਵੇਸ਼ਨ) ਵੀ ਖੋਹ ਕੇ ਮੁਸਲਮਾਨਾਂ ਨੂੰ ਦੇ ਦੇਣਗੇ। ਆਪਣੇ ਮੁਖੀ ਦੇ ਇਨ੍ਹਾਂ ਭਾਸ਼ਣਾਂ ਦੀ ਰੀਸੇ ਅਮਿਤ ਸ਼ਾਹ ਤੇ ਨੱਢਾ ਆਦਿ ਭਾਜਪਾ ਨੇਤਾ ਵੀ ਏਸੇ ਤਰ੍ਹਾਂ ਦੀ ਸ਼ਬਦਾਵਲੀ 'ਤੇ ਉਤਰ ਆਏ ਹਨ।

ਅਮਿਤ ਸ਼ਾਹ ਤਾਂ ਇਥੋਂ ਤੱਕ ਪੁੱਜ ਗਿਆ ਕਿ ਹਿੰਦੂ ਮੰਦਰਾਂ ਵਿਚ ਕਈ ਅਰਬਾਂ-ਖਰਬਾਂ ਦੀ ਦੌਲਤ ਇਨ੍ਹਾਂ ਤੋਂ ਸੁਰੱਖਿਅਤ ਨਹੀਂ ਹੈ। ਇਨ੍ਹਾਂ ਦੇ ਸਿਰ-ਪੈਰ ਬਿਆਨਬਾਜ਼ੀਆਂ ਦਾ ਉਦੇਸ਼ ਹਿੰਦੂ ਵਿਚਾਰਧਾਰਾ ਵਾਲੀ ਵਸੋਂ ਵਿਚ ਮੁਸਲਮਾਨ ਵਸੋਂ ਪ੍ਰਤੀ ਗੁੱਸਾ ਅਤੇ ਨਫ਼ਰਤ ਹੋਰ ਤਿੱਖੀ ਕਰਨਾ ਹੈ, ਭਾਵੇਂ ਫਿਰਕੂ ਫਸਾਦ ਵੀ ਹੋ ਜਾਣ ਪਰ ਅਜਿਹੀਆਂ ਪ੍ਰਸਥਿਤੀਆਂ ਵਿਚ ਆਮ ਵੋਟਰ ਉਨ੍ਹਾਂ ਵਲ ਝੁਕ ਜਾਵੇ। ਇੱਕ ਪ੍ਰਧਾਨ ਮੰਤਰੀ ਆਪਣੇ ਦੇਸ਼ ਦੀ 20 ਕਰੋੜ ਵਸੋਂ ਦੇ ਖ਼ਿਲਾਫ ਸਾਰੀ ਵਸੋਂ ਨੂੰ ਉਲਝਾ ਰਿਹਾ ਹੋਵੇ ਇਸ ਤੋਂ ਮਾੜੀ ਗੱਲ ਹੋਰ ਕੀ ਹੋ ਸਕਦੀ ਹੈ। ਏਸ ਤਰ੍ਹਾਂ ਦੀ ਫਿਰਕੂ ਧਰੁਵੀਕਰਨ ਵਾਲੀ ਬਿਆਨਬਾਜ਼ੀ ਕਰਕੇ ਮੋਦੀ ਅਤੇ ਉਸਦੇ ਚੱਟੇ-ਵੱਟੇ ਆਪਣੇ ਚਿੱਤੋਂ ਤਾਂ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕਰ ਰਹੇ ਹਨ ਕਿ ਅਸੀਂ ਤਾਂ ਪੂਰੇ ਜੋਸ਼ ਉਤਸ਼ਾਹ ਅਤੇ ਹੌਸਲੇ ਵਿਚ ਹਾਂ, ਪਰ ਲੋਕਾਂ 'ਤੇ ਇਹ ਪ੍ਰਭਾਵ ਨਹੀਂ ਪੈ ਰਿਹਾ। ਲੋਕ ਸਿਆਣੇ ਹਨ। ਉਹ ਸਮਝਦੇ ਹਨ ਕਿ ਪ੍ਰਧਾਨ ਮੰਤਰੀ ਬੁਰੀ ਤਰ੍ਹਾਂ ਹਤਾਸ਼, ਨਿਰਾਸ਼ ਅਤੇ ਭੈਭੀਤ ਹੋ ਚੁੱਕੇ ਹਨ। ਏਥੋਂ ਤੱਕ ਕਿ ਦੇਸ਼ ਦੀਆਂ ਸਾਰੀਆਂ ਵਿਰੋਧੀ ਪਾਰਟੀਆਂ ਅਤੇ ਵੱਖ-ਵੱਖ ਸਿਵਲ ਸੰਸਥਾਵਾਂ ਨਾਲ ਜੁੜੇ ਹਜ਼ਾਰਾਂ ਬੁੱਧੀਜੀਵੀਆਂ ਨੇ ਚੋਣ ਕਮਿਸ਼ਨ ਕੋਲ ਮੋਦੀ ਵਿਰੁੱਧ ਦਰਜਨਾਂ ਸ਼ਿਕਾਇਤਾਂ ਦਰਜ ਕਰਵਾ ਕੇ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਹਫਤਾ ਭਰ ਤਾਂ ਚੋਣ ਕਮਿਸ਼ਨ ਨੇ ਸਾਜ਼ਿਸ਼ੀ ਚੁੱਪ ਧਾਰੀ ਰੱਖੀ। ਬਹੁਤ ਜ਼ਿਆਦਾ ਰੌਲਾ ਪੈਣ ਤੋਂ ਬਾਅਦ ਚੋਣ ਕਮਿਸ਼ਨ ਨੇ ਕਾਂਗਰਸ ਪ੍ਰਧਾਨ ਖੜਗੇ ਅਤੇ ਬੀ ਜੇ ਪੀ ਪ੍ਰਧਾਨ ਨੱਢਾ ਨੂੰ ਨੋਟਿਸ ਭੇਜ ਕੇ ਗੱਲ ਨੂੰ ਟਾਲ ਦਿੱਤਾ ਹੈ ਤਾਂ ਕਿ ਇਸ ਤਰ੍ਹਾਂ ਸਮਾਂ ਲੰਘ ਜਾਏ। ਅਜਿਹਾ ਕਰਕੇ ਚੋਣ ਕਮਿਸ਼ਨ ਵੀ ਬਾਕੀ ਸੰਵਿਧਾਨਕ ਸੰਸਥਾਵਾਂ ਵਾਂਗ ਹੀ ਮੋਦੀ ਸਰਕਾਰ ਦੀ ਕਠਪੁਤਲੀ ਹੋਣਾ ਸਾਬਤ ਕਰ ਰਿਹਾ ਹੈ। ਇਹ ਧਾਰਨਾ ਦੇਸ਼ ਨੂੰ ਕਿੱਥੇ ਲੈ ਜਾਵੇਗੀ ਸਮੇਂ ਦੱਸੇਗਾ। ਇਸ ਵਿਚ ਦੇਸ਼ ਦਾ ਵੋਟਰ ਕੋਈ ਛੋਟਾ ਖਿਡਾਰੀ ਨਹੀਂ। ਇਸ ਨੂੰ ਆਪਣਾ ਫਰਜ਼ ਨਿਭਾਉਣਾ ਚਾਹੀਦਾ ਹੈ। ਅੱਜ ਉਸਦੀ ਸ਼ਕਤੀ ਉੱਤਮ ਹੈ।

ਖਾਲਸਾ ਸਾਜਨਾ ਦਿਵਸ ਦਾ ਪਸਾਰਾ

2024 ਦੀਆਂ ਵਿਦੇਸ਼ੀ ਗਤੀਵਿਧੀਆਂ ਤੋਂ ਜਾਪਦਾ ਹੈ ਕਿ ਖਾਲਸਾ ਸਾਜਨਾ ਦਿਵਸ ਹੁਣ ਵਸਾਖ ਮਹੀਨੇ ਦੀ ਪਹਿਲੀ ਮਿਤੀ ਤੱਕ ਸੀਮਤ ਨਹੀਂ। ਪਾਕਿਸਤਾਨੀ ਪੰਜਾਬ ਵਿਚ ਇਹ ਦਿਹਾੜਾ ਇਕ ਸਪਤਾਹ ਪਹਿਲਾਂ ਕਰਤਾਰਪੁਰ ਸਾਹਿਬ ਵਿਖੇ ਮਨਾਇਆ ਗਿਆ। ਏਥੇ ਉਧਰਲੇ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਨੇ ਸ਼ਿਰਕਤ ਕੀਤੀ ਤੇ 'ਬੋਲੇ ਸੋ ਨਿਹਾਲ' ਦੇ ਜੈਕਾਰਿਆਂ ਵਿਚ ਹੁੱਬ ਕੇ ਕਿਹਾ ਕਿ ਅਸੀਂ ਸਭ ਪੰਜਾਬੀ ਹਾਂ। ਪੰਜਾਬ ਸਾਡਾ ਹੈ ਤੇ ਅਸੀਂ ਪੰਜਾਬ ਦੇ ਹਾਂ।

ਕੈਨੇਡਾ ਵਾਲਿਆਂ ਨੇ ਇਹ ਦਿਵਸ ਲੰਘੇ ਐਤਵਾਰ ਕੈਨੇਡਾ ਦੇ ਟੋਰਾਂਟੋ ਸ਼ਹਿਰ ਵਿਖੇ ਮਨਾਇਆ ਜਿਸ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਸ਼ਿਰਕਤ ਕੀਤੀ। ਜਸਟਿਨ ਟਰੂਡੋ ਨੇ ਆਪਣੇ ਭਾਸ਼ਣ ਦੀ ਸ਼ੁਰੂਆਤ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹਿ' ਨਾਲ ਕੀਤੀ। ਉਨ੍ਹਾਂ ਨੇ ਸਿੱਖਾਂ ਦੇ ਹੱਕਾਂ ਦੀ ਰਾਖੀ ਕਰਨ ਦਾ ਵਾਅਦਾ ਕੀਤਾ। ਦੱਸਣਾ ਬਣਦਾ ਹੈ ਕਿ ਪੀ ਐਮ ਟਰੂਡੋ ਦੇ ਨਾਲ ਵਿਰੋਧੀ ਧਿਰ ਦੇ ਨੇਤਾ ਪਿਏਰੇ ਪੋਇਲਿਵਰੇ ਵੀ ਮੌਜੂਦ ਸਨ। ਇਸ ਸਮਾਗਮ ਵਿਚ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਸੁਣੇ ਗਏ, ਜਿਸ ਵਿਚ ਐਨਡੀਪੀ ਆਗੂ ਜਗਮੀਤ ਸਿੰਘ ਅਤੇ ਟੋਰਾਂਟੋ ਦੀ ਮੇਅਰ ਓਲੀਵੀਆ ਚੋਅ ਵੀ ਮੌਜੂਦ ਸਨ। ਪਰ ਮੰਚ ਤੋਂ ਬੋਲਣ ਵਾਲੇ ਕਿਸੇ ਵੀ ਸਪੀਕਰ ਨੇ ਇਨ੍ਹਾਂ ਨਾਅਰਿਆਂ ਦਾ ਸਮਰਥਨ ਨਹੀਂ ਕੀਤਾ। ਇਹ ਗੱਲ ਵਖਰੀ ਹੈ ਕਿ ਪਿਛਲੇ ਸਾਲ ਕੈਨੇਡਾ ਅਤੇ ਭਾਰਤ ਦੇ ਸਬੰਧਾਂ ਵਿਚ ਤਣਾਅ ਰਿਹਾ ਹੈ। ਓਦੋਂ ਟਰੂਡੋ ਨੇ ਭਾਰਤ 'ਤੇ ਕੈਨੇਡਾ 'ਚ ਹਰਦੀਪ ਸਿੰਘ ਨਿੱਝਰ ਨੂੰ ਮਾਰਨ ਦਾ ਦੋਸ਼ ਲਗਾਇਆ ਸੀ। ਆਪਣੇ ਹੁਣ ਵਾਲੇ ਭਾਸ਼ਣ ਵਿਚ ਜਸਟਿਨ ਟਰੂਡੋ ਨੇ ਕਿਹਾ, 'ਜਦੋਂ ਅਸੀਂ ਮਤਭੇਦਾਂ ਨੂੰ ਦੇਖਦੇ ਹਾਂ, ਤਾਂ ਸਾਨੂੰ ਇਹ ਵੀ ਯਾਦ ਰੱਖਣਾ ਹੋਵੇਗਾ ਕਿ ਸਿੱਖ ਕਦਰਾਂ-ਕੀਮਤਾਂ ਕੈਨੇਡੀਅਨ ਕਦਰਾਂ-ਕੀਮਤਾਂ ਹਨ। ਸੱਚ, ਨਿਆਂ, ਖੁੱਲ੍ਹਾਪਣ, ਦਇਆ, ਸੇਵਾ, ਮਨੁੱਖੀ ਅਧਿਕਾਰ ਸਿੱਖੀ ਦੀਆਂ ਕਦਰਾਂ-ਕੀਮਤਾਂ ਹਨ। ਇਹ ਕੈਨੇਡੀਅਨ ਭਾਈਚਾਰਿਆਂ ਦੇ ਦਿਲ ਦੀਆਂ ਕਦਰਾਂ-ਕੀਮਤਾਂ ਹਨ। ਉਨ੍ਹਾਂ ਕਿਹਾ, ''ਇੱਥੇ ਲਗਭਗ 8 ਲੱਖ ਕੈਨੇਡੀਅਨ ਸਿੱਖ ਵਿਰਸੇ ਦੇ ਵਸਨੀਕ ਹਨ। ਅਸੀਂ ਇਨ੍ਹਾਂ ਅਧਿਕਾਰਾਂ ਦੀ ਰੱਖਿਆ ਲਈ ਹਮੇਸ਼ਾ ਮੌਜੂਦ ਰਹਾਂਗੇ। ਇਸ ਲਈ ਅਸੀਂ ਸੁਰੱਖਿਆ, ਬੁਨਿਆਦੀ ਢਾਂਚੇ ਦੇ ਪ੍ਰੋਗਰਾਮ ਨੂੰ ਵਧਾ ਰਹੇ ਹਾਂ, ਸਾਰੇ ਗੁਰਦੁਆਰਿਆਂ ਸਮੇਤ ਕਮਿਊਨਿਟੀ ਸੈਂਟਰਾਂ ਅਤੇ ਧਾਰਮਿਕ ਸਥਾਨਾਂ 'ਤੇ ਸੁਰੱਖਿਆ ਵਧਾ ਰਹੇ ਹਾਂ''।

ਟਰੂਡੋ ਨੇ ਅੰਮ੍ਰਿਤਸਰ ਸਮੇਤ ਭਾਰਤ ਲਈ ਹੋਰ ਉਡਾਣਾਂ 'ਤੇ ਜ਼ੋਰ ਦਿੱਤਾ। ਇਸ ਤੋਂ ਇਲਾਵਾ ਉਨ੍ਹਾਂ ਕਿਹਾ ਕਿ ਬਿਨਾਂ ਕਿਸੇ ਡਰ ਦੇ ਆਪਣੇ ਧਰਮ ਦੀ ਪਾਲਣਾ ਕਰਨ ਦਾ ਅਧਿਕਾਰ ਮੂਲ ਅਧਿਕਾਰ ਦੇ ਬਰਾਬਰ ਹੈ, ਜਿਸ ਦੀ ਗਾਰੰਟੀ ਕੈਨੇਡੀਅਨ ਚਾਰਟਰ ਆਫ ਰਾਈਟਸ ਐਂਡ ਫਰੀਡਮਜ਼ ਵਿਚ ਦਿੱਤੀ ਗਈ ਹੈ। ਓਂਟਾਰੀਓ ਸਿੱਖ ਅਤੇ ਗੁਰਦੁਆਰਾ ਕੌਂਸਲ ਹਰ ਸਾਲ ਪਰੇਡ ਦਾ ਆਯੋਜਨ ਕਰਦੀ ਹੈ, ਜਿਸ ਵਿਚ ਦੂਰੋਂ-ਦੂਰੋਂ ਹਜ਼ਾਰਾਂ ਲੋਕ ਸ਼ਾਮਲ ਹੁੰਦੇ ਹਨ। ਇਸ ਦੌਰਾਨ ਲੋਕਾਂ ਨੂੰ ਮੁਫ਼ਤ ਭੋਜਨ ਦਿੱਤਾ ਜਾਂਦਾ ਹੈ। ਇਸ ਸਭ ਕਾਸੇ ਦੀ ਪਾਲਣਾ, ਅਰਦਾਸ ਸਮੇਤ, ਪਹਿਲਾਂ ਵਾਂਗ ਹੀ ਕੀਤੀ ਗਈ। ਇਸਨੂੰ ਵਿਦੇਸ਼ੀ ਵਿਦਿਆਰਥੀਆਂ ਦੇ ਕੰਮ ਕਰਨ ਦੇ ਘੰਟਿਆਂ ਤੋਂ ਮੁਕਤ ਸਮਝਣਾ ਚਾਹੀਦਾ ਹੈ। ਜਸਟਿਨ ਟਰੂਡੋ ਦਾ ਭਾਵ ਵੀ ਇਹੀਓ ਸੀ।

ਅੰਤਿਕਾ
ਮਿਰਜ਼ਾ ਗਾਲਿਬ॥
ਮੰਜ਼ਰ ਏਕ ਬੁਲੰਦੀ ਪਰ, ਔਰ ਹਮ ਬਨਾ ਸਕਤੇ
ਅਰਸ਼ ਸੇ ਇਧਰ ਹੋਤਾ, ਕਾਸ਼ ਕੇ ਮਕਾਂ ਅਪਨਾ
ਹਮ ਕਹਾਂ ਕੇ ਦਾਨਾ ਥੇ, ਕਿਸ ਹੁਨਰ ਮੇਂ ਯਕਤਾ ਥੇ
ਬੇ ਸਬਬ ਹੂਆ ਗ਼ਾਲਿਬ, ਦੁਸ਼ਮਨ ਆਸਮਾਂ ਅਪਨਾ।

# ਮੁੱਖ ਮੰਤਰੀ ਭਗਵੰਤ ਮਾਨ ਦੇ ਭਾਸ਼ਨਾਂ ਵਿਚ ਸ਼ੇਅਰੋ-ਸ਼ਾਇਰੀ ਦਾ ਤੜਕਾ ਬਨਾਮ ਕੁਝ ਦੂਸਰੇ ਮੁੱਖ ਮੰਤਰੀ

ਲੋਕ ਸਭਾ ਚੋਣ ਲੜ ਰਹੇ ਪਾਰਟੀ ਉਮੀਦਵਾਰਾਂ ਦੇ ਹੱਕ ਵਿਚ ਕੱਢੇ ਜਾ ਰਹੇ ਰੋਡ ਸ਼ੋਅਜ਼ ਅਤੇ ਰੈਲੀਆਂ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸ਼ੇਅਰੋ-ਸ਼ਾਇਰੀ, ਮਜ਼ਾਹ, ਮਜ਼ਾਕ, ਹਾਜ਼ਰ-ਜਵਾਬੀ, ਅਲੰਕ੍ਰਿਤ ਭਾਸ਼ਾ ਦਾ ਵਾਹਵਾ ਇਸਤੇਮਾਲ ਕਰਦੇ ਹਨ ਤਾਂ ਕਿ ਸੰਬੋਧਨ 'ਚ ਮਸਾਲੇ ਦਾ ਤੜਕਾ ਲਾ ਕੇ ਇਸ ਨੂੰ ਵਧੇਰੇ ਦਿਲਚਸਪ ਬਣਾਇਆ ਜਾ ਸਕੇ।

2 ਮਈ ਨੂੰ ਫਗਵਾੜਾ ਵਿਚ ਪਾਰਟੀ ਦੇ ਹੁਸ਼ਿਆਰਪੁਰ (ਰਾਖਵਾਂ) ਸੰਸਦੀ ਹਲਕੇ ਤੋਂ ਉਮੀਦਵਾਰ ਡਾ. ਰਾਜ ਕੁਮਾਰ ਚੱਬੇਵਾਲ ਦੇ ਹੱਕ ਵਿਚ ਉਨ੍ਹਾਂ ਨੇ ਸ਼ਾਮ ਨੂੰ ਰੋਡ ਸ਼ੋਅ ਦੀ ਅਗਵਾਈ ਕੀਤੀ ਅਤੇ ਸਥਾਨਕ ਗਾਂਧੀ ਚੌਕ ਵਿਚ ਇਕ ਰੈਲੀ ਨੂੰ ਵੀ ਸੰਬੋਧਨ ਕੀਤਾ।



ਉਹ ਸਾਹਨੇਵਾਲ ਰੋਡ ਸ਼ੋਅ ਕਰ ਕੇ ਆਏ ਸਨ ਤੇ ਬਾਅਦ 'ਚ ਬੰਗੇ ਜਾਣਾ ਸੀ। ਫਗਵਾੜਾ ਹੁਸ਼ਿਆਰਪੁਰ ਸੰਸਦੀ ਹਲਕੇ ਵਿਚ ਪੈਂਦੇ 9 ਵਿਧਾਨ ਸਭਾ ਸੈਗਮੈਂਟਾਂ ਵਿਚੋਂ ਇਕ ਸੈਗਮੈਂਟ ਹੈ। ਬੇਸ਼ਕ ਸੁਰੱਖਿਆ ਦਾ ਘੇਰਾ ਬੜਾ ਸਖਤ ਸੀ ਅਤੇ ਸੁਰੱਖਿਆ ਕਰਮੀਆਂ ਦੀ ਗਿਣਤੀ ਜੇ ਪਾਰਟੀ ਵਰਕਰਾਂ ਨਾਲੋਂ ਵੱਧ ਨਹੀਂ ਤਾਂ ਘੱਟ ਵੀ ਨਹੀਂ ਸੀ, ਤਦ ਵੀ ਮਾਨ ਲੋਕਾਂ ਵੱਲ ਫੁੱਲ ਸੁਟਦੇ ਰਹੇ ਤੇ ਲੋਕ ਵੀ ਪਾਰਟੀ ਵਰਕਰਾਂ ਵਲੋਂ ਵੰਡੇ ਗਏ ਫੁੱਲਾਂ ਦੀ ਵਰਖਾ ਕਰਦੇ ਰਹੇ।

ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: +91 98766-55055

ਸੁਰਜੀਤ ਪਾਤਰ ਅਤੇ ਸੰਤ ਰਾਮ ਉਦਾਸੀ ਮੁੱਖ ਮੰਤਰੀ ਦੇ ਮਨਭਾਉਂਦੇ ਪੰਜਾਬੀ ਕਵੀ ਹਨ। ਪਾਤਰ ਨੂੰ ਕੋਟ ਕਰਦਿਆਂ ਉਨ੍ਹਾਂ ਕਿਹਾ-

''ਜੇ ਆਈ ਪੱਤਝੜ ਤਾਂ ਫੇਰ ਕੀ ਏ, ਤੂੰ ਅਗਲੀ ਰੁੱਤ 'ਚ ਯਕੀਨ ਰਖੀਂ
ਮੈਂ ਲਭ ਕੇ ਲਿਆਉਨਾ ਕਿਤਿਉਂ ਕਲਮਾਂ, ਤੂੰ ਫੁੱਲਾਂ ਜੋਗੀ ਜ਼ਮੀਨ ਰਖੀਂ''!

ਮਈ ਦਿਵਸ, ਜੋ ਰੋਡ ਸ਼ੋਅ ਤੋਂ ਇਕ ਦਿਨ ਪਹਿਲਾਂ ਸੀ, ਨੂੰ ਯਾਦ ਕਰਦਿਆਂ ਮਾਨ ਚੇਤਿਆਂ ਦੀ ਚੰਗੇਰ 'ਚ ਚਲਾ ਗਿਆ। ਉਸ ਨੇ ਸਰੋਤਿਆਂ ਨੂੰ ਦੱਸਿਆ ਕਿ ਕਾਲਜ ਵਿਚ ਪੜ੍ਹਦੇ ਸਮੇਂ ਉਸ ਨੇ ਸੰਤ ਰਾਮ ਉਦਾਸੀ ਦਾ ਲਿਖਿਆ ਗੀਤ, ਜੋ ਉਦਾਸੀ ਸਟੇਜਾਂ ਤੋਂ ਆਪ ਵੀ ਗਾ ਕੇ ਸੁਣਾਇਆ ਕਰਦਾ ਸੀ, ਅੰਤਰ-ਕਾਲਜ ਕਾਵਿ-ਮੁਕਾਬਲਿਆਂ ਵਿਚ ਗਾ ਕੇ ਗੋਲਡ ਮੈਡਲ ਜਿੱਤੇ। ਉਨ੍ਹਾਂ ਇਸ ਮਸ਼ਹੂਰ ਗੀਤ ਦੀਆਂ ਦੋ ਸਤਰਾਂ ਵੀ ਸੁਣਾਈਆਂ-

''ਮਾਂ ਧਰਤੀਏ ਤੇਰੀ ਗੋਦ ਨੂੰ ਚੰਨ ਹੋਰ ਬਥੇਰੇ,
ਤੂੰ ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ''।

ਗਾਂਧੀ ਚੌਕ ਵਿਚਲੇ ਇਕ ਪਿੱਪਲ ਦੇ ਦਰਖਤ ਵੱਲ ਇਸ਼ਾਰਾ ਕਰਦਿਆਂ ਉਨ੍ਹਾਂ ਸਰੋਤਿਆਂ ਨੂੰ ਕਿਹਾ ਕਿ ਇਹ ਪਿੱਪਲ ਘੱਟੋ-ਘੱਟ ਸੌ ਸਾਲ ਪੁਰਾਣਾ ਹੋਣੈ। ਇਹ ਐਨੇ ਸਾਲ ਤੂਫਾਨਾਂ, ਝੱਖੜਾਂ, ਹਨੇਰੀਆਂ ਦਾ ਸਾਹਮਣਾ ਇਸ ਲਈ ਕਰੀ ਗਿਆ ਕਿਉਂਕਿ ਇਸ ਦੀਆਂ ਜੜ੍ਹਾਂ ਧਰਤੀ ਵਿਚ ਮਜ਼ਬੂਤੀ ਨਾਲ ਗੱਡੀਆਂ ਹਨ।

''ਅਸੀਂ ਵੀ ਧਰਤੀ 'ਤੇ ਰਹਿਣ ਵਾਲੇ ਸਧਾਰਨ ਲੋਕ ਹਾਂ ਪਰ ਸਾਡੀਆਂ ਜੜ੍ਹਾਂ ਬੜੀਆਂ ਮਜ਼ਬੂਤ ਹਨ,'' ਮੁੱਖ ਮੰਤਰੀ ਨੇ ਕਿਹਾ। ਫਿਰ ਉਨ੍ਹਾਂ ਪੰਜਾਬੀ ਲੋਕਧਾਰਾ ਦੀ ਇਕ ਲਾਈਨ ਬੋਲੀ ਜੋ ਤਬਦੀਲੀ ਦੇ ਅਟੱਲ ਨਿਯਮ ਵੱਲ ਇਸ਼ਾਰਾ ਕਰਦੀ ਹੈ ਪਰ ਜਿਸ ਵਿਚ ਪਿੱਪਲ ਦੇ ਪੱਤੇ ਨੂੰ ਇਕ ਮੈਟਾਫਰ ਵਜੋਂ ਵਰਤਿਆ ਗਿਆ ਹੈ-

''ਪਿੱਪਲ ਦਿਆ ਪੱਤਿਆ ਵੇ, ਕਿਉਂ ਖੜ ਖੜ ਲਾਈ ਆ
ਪੱਤ ਝੜੇ ਪੁਰਾਣੇ, ਰੁੱਤ ਨਵਿਆਂ ਦੀ ਆਈ ਆ''।

ਉਨ੍ਹਾਂ ਦਾਅਵਾ ਕੀਤਾ ਕਿ ਦੇਸ਼ ਵਿਚ ਤਬਦੀਲੀ ਆਉਣ ਵਾਲੀ ਹੈ, ਤਾਨਾਸ਼ਾਹਾਂ ਦੇ ਦਿਨ ਪੁੱਗਣ ਵਾਲੇ ਹਨ ਅਤੇ ਲੋਕ-ਮੁਖੀ ਰਾਜ-ਤੰਤਰ ਸੱਤਾ 'ਤੇ ਕਾਬਜ਼ ਹੋਣ ਵਾਲਾ ਹੈ।

ਬਿੰਬਾਵਲੀ ਅਤੇ ਅਨੁਪ੍ਰਾਸ ਦੀ ਵਰਤੋਂ ਕਰਦਿਆਂ ਉਨ੍ਹਾਂ ਕਿਹਾ ਕਿ ਜੋ 'ਚੁੰਝ' ਦਿੰਦੈ, ਉਹ 'ਚੋਗਾ' ਵੀ ਦਵੇਗਾ!

ਇੱਕ ਹੋਰ ਥਾਂ ਉਨ੍ਹਾਂ ਇੱਕ ਸ਼ੇਅਰ ਰਾਹੀਂ 'ਆਪ' ਪਾਰਟੀ ਦੇ ਨੇਤਾਵਾਂ ਦੀ ਦਲੇਰੀ ਅਤੇ ਜਾਬਰਾਂ ਨਾਲ ਟਕਰਾਉਣ ਦੀ ਹਿੰਮਤ ਦੀ ਗੱਲ ਕੀਤੀ-

''ਹਮ ਵੋ ਪੱਤੇ ਨਹੀਂ ਜੋ ਹਵਾ ਮੇਂ ਉਡ ਜਾਤੇ ਹੈਂ,
ਆਂਧੀਉਂ ਸੇ ਕਹੋ ਅਪਨੀ ਔਕਾਤ ਮੇਂ ਰਹੇਂ''।

ਲੋਕਾਂ ਨਾਲ ਫਿਰ ਮਿਲਣ ਦਾ ਵਾਅਦਾ ਕਰਦਿਆਂ ਉਨ੍ਹਾਂ ਕਿਹਾ,

''ਲੋਗ ਕਹਿਤੇ ਹੈਂ ਕਿ ਜ਼ਿੰਦਾ ਰਹੇ ਤੋ ਫਿਰ ਮਿਲੇਂਗੇ,
ਮੈਂ ਕਹਿਤਾ ਹੂੰ ਕਿ ਮਿਲਤੇ ਰਹੇ ਤੋ ਜ਼ਿੰਦਾ ਰਹੇਂਗੇ''।

ਮੁੱਖ ਮੰਤਰੀ ਨੇ ਆਪਣਾ ਭਾਸ਼ਨ ਵੀ ਕਾਵਿਕ ਨਾਹਰੇ ਨਾਲ ਸਮਾਪਤ ਕਰਦਿਆਂ ਪਾਰਟੀ ਦੇ 'ਮਿਸ਼ਨ 13-0' ਦਾ ਜ਼ਿਕਰ ਕੀਤਾ-

''ਪੰਜਾਬ ਬਣੇਗਾ ਹੀਰੋ
ਤੇਰਾਂ ਜ਼ੀਰੋ, ਤੇਰਾਂ ਜ਼ੀਰੋ''।

ਉਨ੍ਹਾਂ ਨੇ ਲੋਕਾਂ ਨੂੰ ਜ਼ੋਰ ਦੇ ਕਿਹਾ ਕਿ 'ਮੇਰੇ ਵਿਰੋਧੀ ਮੇਰੇ ਵਿਰੁੱਧ ਜੋ ਅਵਾ-ਤਵਾ ਬੋਲਦੇ ਰਹਿੰਦੇ ਐ ਅਤੇ ਮੇਰੇ ਵਿਰੁੱਧ ਨਿੱਜੀ ਹਮਲੇ ਕਰਦੇ ਐ ਉਨ੍ਹਾਂ ਨੂੰ ਚੁੱਪ ਕਰਵਾਉਣ ਲਈ ਪੰਜਾਬ ਦੀਆਂ 13 ਦੀਆਂ 13 ਸੀਟਾਂ ਤੋਂ 'ਆਪ' ਦੇ ਉਮੀਦਵਾਰ ਜਿਤਾ ਕੇ ਮੇਰੇ ਹੱਥ ਮਜ਼ਬੂਤ ਕਰੋ''।



ਸਾਨੂੰ ਆਪਣੇ 50 ਕੁ ਸਾਲ ਦੇ ਜਨਤਕ ਜੀਵਨ ਵਿਚ ਕੋਈ 10-12 ਮੁੱਖ ਮੰਤਰੀਆਂ ਨੂੰ ਦੇਖਣ, ਸੁਣਨ, ਮਿਲਣ ਦਾ ਮੌਕਾ ਮਿਲਿਐ। ਹਰੇਕ ਦੀ ਆਪਣੀ ਸੰਬੋਧਨ ਸ਼ੈਲੀ ਸੀ।

ਗਿਆਨੀ ਜ਼ੈਲ ਸਿੰਘ ਗੁਰਬਾਣੀ/ਸਿੱਖ ਇਤਿਹਾਸ ਬੜਾ ਕੋਟ ਕਰਦੇ ਸਨ। ਉਹ ਉਰਦੂ ਸ਼ਾਇਰੀ ਦਾ ਹਵਾਲਾ ਵੀ ਦਿਆ ਕਰਦੇ ਸਨ। ਬੜੇ ਅੱਛੇ ਬੁਲਾਰੇ ਸਨ।

ਪਰਕਾਸ਼ ਸਿੰਘ ਬਾਦਲ 'ਰਸਟਿਕ ਹਿਊਮਰ', ਪੇਂਡੂ ਟੋਟਕੇ, ਹਾਜ਼ਰ-ਜਵਾਬੀ ਅਤੇ ਮਲਵਈ ਲਹਿਜ਼ੇ ਲਈ ਜਾਣੇ ਜਾਂਦੇ ਸਨ। ਉਨ੍ਹਾਂ ਦੀ ਸਟੇਜ ਤੋਂ ਸੁਣਾਈ ਇੱਕ ਗੱਲ ਸਾਂਝੀ ਕਰਦਾ ਹਾਂ: 'ਸਾਡੇ ਇਲਾਕੇ ਵਿਚ ਇਕ ਡ੍ਰਾਈ ਫ੍ਰੂਟ ਦੀ ਵੱਡੀ ਦੁਕਾਨ 'ਤੇ ਚੋਰੀ ਹੋ ਗਈ। ਜਿਹੜਾ ਵੀ ਖਬਰ ਲੈਣ ਜਾਵੇ, ਅਚੇਤ ਹੀ ਮੁੱਠ ਭਰ ਕੇ ਦੁਕਾਨ 'ਚ ਪਏ ਕਾਜੂ-ਬਦਾਮ ਖਾ ਲਿਆ ਕਰੇ। ਮੈਂ ਵੀ ਹਮਦਰਦੀ ਪ੍ਰਗਟ ਕਰਨ ਗਿਆ। ਜਿਵੇਂ ਲੋਕਾਂ ਨੂੰ ਆਦਤ ਹੁੰਦੀ ਐ, ਮੈਂ ਵੀ ਡ੍ਰਾਈ ਫਰੂਟ ਦੀ ਮੁੱਠੀ ਭਰ ਕੇ ਖਾਣ ਲੱਗ ਪਿਆ। ਦੁਕਾਨਦਾਰ ਜਾਣ-ਪਛਾਣ ਵਾਲਾ ਸੀ, ਆਖਣ ਲੱਗਾ, 'ਬਾਦਲ ਸਾਹਿਬ! ਚੋਰਾਂ ਨੇ ਮੇਰਾ ਓਨਾਂ ਨੁਕਸਾਨ ਨਹੀਂ ਕੀਤਾ ਜਿੰਨਾ ਖਬਰ ਲੈਣ/ਹਮਦਰਦੀ ਜਤਾਉਣ ਵਾਲਿਆਂ ਨੇ ਕੀਤਾ'!

ਬੀਬੀ ਰਜਿੰਦਰ ਕੌਰ ਭੱਠਲ ਵੀ ਉਰਦੂ ਸ਼ੇਅਰ ਬੋਲਿਆ ਕਰਦੇ ਸਨ/ਹਨ।

ਚਰਨਜੀਤ ਸਿੰਘ ਚੰਨੀ ਠੇਠ ਮੁਹਾਵਰੇਦਾਰ/ਅਖਾਣ-ਯੁਕਤ ਪੰਜਾਬੀ ਬੋਲਦੇ ਹਨ।

ਦਰਬਾਰਾ ਸਿੰਘ ਦਾ ਸੁਭਾਅ ਸਖ਼ਤ ਸੀ ਪਰ ਉਹ ਵੀ ਪੇਂਡੂ ਮੁਹਾਵਰੇ ਦੀ ਵਰਤੋਂ ਕਰਦੇ ਸਨ (ਉਨ੍ਹਾਂ ਵੇਲੇ ਕੁਝ ਮੰਤਰੀਆਂ ਨੇ ਉਨ੍ਹਾਂ ਵਿਰੁੱਧ ਬਗ਼ਾਵਤ ਕਰ ਦਿੱਤੀ ਸੀ। ਪੱਤਰਕਾਰਾਂ ਵਲੋਂ ਇਸ ਸਬੰਧੀ ਪੁੱਛੇ ਜਾਣ 'ਤੇ ਉਹ ਭੜਕ ਪਏ ਤੇ ਕਹਿਣ ਲੱਗੇ 'ਉਠ 'ਤੇ ਚੜ੍ਹੇ ਫਿਰਦੇ ਆ, ਹੋਰ ਵੰਝ ਮੰਗਦੇ ਆ')।

ਸੁਰਜੀਤ ਸਿੰਘ ਬਰਨਾਲਾ ਦੀ ਸ਼ੈਲੀ ਸਿੱਧੀ-ਸਾਦੀ ਹੁੰਦੀ ਸੀ।

ਬੇਅੰਤ ਸਿੰਘ ਅਕਾਲੀਆਂ ਵਿਰੁੱਧ ਬਹੁਤ ਬੋਲਦੇ ਸਨ ਤੇ ਸਖ਼ਤ ਭਾਸ਼ਾ ਦੀ ਵਰਤੋਂ ਕਰਦੇ ਸਨ।

ਕੈਪਟਨ ਅਮਰਿੰਦਰ ਸਿੰਘ ਬੜੇ ਸਿੱਧੇ ਸਪੱਸ਼ਟ ਜਵਾਬ ਦਿੰਦੇ ਸਨ ਅਤੇ ਉਨ੍ਹਾਂ ਦੇ ਭਾਸ਼ਨਾਂ ਵਿਚ 'ਦੂਨ' ਸਕੂਲ ਦਾ ਲਹਿਜ਼ਾ ਪ੍ਰਤੱਖ ਦਿਸਦਾ ਹੁੰਦਾ ਸੀ/ਹੈ। ਮੀਡੀਆ ਨਾਲ ਉਹ ਫਰਾਟੇਦਾਰ ਅੰਗਰੇਜ਼ੀ ਵੀ ਬੋਲ ਲੈਂਦੇ ਸਨ ਤੇ ਜਵਾਬ ਵੀ ਸਿੱਧਾ ਸਪਾਟ ਦਿੰਦੇ ਸਨ/ਹਨ।

ਦਿੱਲੀ ਦੇ ਮੁੱਖ ਮੰਤਰੀ ਅਤੇ 'ਆਪ' ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਲੋਕਾਂ ਨਾਲ ਸਾਦੀ ਸਰਲ ਬੋਲੀ ਵਿਚ ਸੰਵਾਦ ਰਚਾਉਂਦੇ ਹਨ। ਉਨ੍ਹਾਂ ਦੀ ਸ਼ੈਲੀ 'ਇੰਟਰ-ਐਕਟਿਵ' ਹੈ।

ਪਰ ਸਭ ਤੋਂ ਵਧੇਰੇ ਸ਼ੇਅਰੋ-ਸ਼ਾਇਰੀ ਭਗਵੰਤ ਮਾਨ ਦੇ ਭਾਸ਼ਨਾਂ ਵਿਚ ਹੁੰਦੀ ਹੈ।

ਮਿਰਜ਼ਾ ਗਾਲਿਬ ਨੇ ਠੀਕ ਹੀ ਕਿਹਾ ਸੀ-

''ਹੈਂ ਔਰ ਭੀ ਦੁਨੀਆਂ ਮੇਂ ਸੁਖ਼ਨਵਰ ਬਹੁਤ ਅੱਛੇ
ਕਹਿਤੇ ਹੈਂ ਕਿ 'ਗ਼ਾਲਿਬ' ਕਾ ਹੈ ਅੰਦਾਜ਼-ਏ-ਬਿਆਂ ਔਰ''!

# ਅਦਾਕਾਰਾ ਲਾਰਾ ਦੱਤਾ ਨੇ ਦਿੱਤਾ ਬਰਾਬਰੀ ਦਾ ਹੋਕਾ



ਅਦਾਕਾਰਾ ਲਾਰਾ ਦੱਤਾ ਅੱਜ ਕੱਲ੍ਹ ਵੈੱਬ ਸੀਰੀਜ਼ 'ਰਣਨੀਤੀ: ਬਾਲਾਕੋਟ ਐਂਡ ਵਿਯੌਂਡ' ਵਿਚ ਨਜ਼ਰ ਆ ਰਹੀ ਹੈ। ਇਸ ਵੈੱਬ ਸੀਰੀਜ਼ ਵਿਚ ਉਸ ਦੀ ਅਦਾਕਾਰੀ ਦੀ ਖ਼ੂਬ ਤਾਰੀਫ ਹੋ ਰਹੀ ਹੈ। ਹਾਲ ਹੀ ਵਿਚ ਉਸ ਨੇ ਹਿੰਦੀ ਫਿਲਮ ਜਗਤ ਵਿਚ ਔਰਤ ਅਦਾਕਾਰਾਵਾਂ ਨੂੰ ਮਿਲ ਰਹੇ ਮਿਹਨਤਾਨੇ ਬਾਰੇ ਖੁੱਲ੍ਹ ਕੇ ਗੱਲਾਂ ਕੀਤੀਆਂ। ਉਹ ਸਪਸ਼ਟ ਆਖਦੀ ਹੈ, "ਜੇ ਮੈਂ ਆਪਣੀ ਪੀੜ੍ਹੀ ਦੀਆਂ ਅਦਾਕਾਰਾਵਾਂ ਦੀ ਗੱਲ ਕਰਾਂ ਤਾਂ ਸਭ ਤੋਂ ਵੱਡਾ ਮਸਲਾ ਮਿਹਨਤਾਨੇ ਵਿਚ ਨਾ-

**ਆਮਨਾ ਕੌਰ**

ਬਰਾਬਰੀ ਦਾ ਸੀ ਅਤੇ ਇਹ ਲੜਾਈ ਸਾਨੂੰ ਅੱਜ ਤੱਕ ਲੜਨੀ ਪੈ ਰਹੀ ਹੈ। ਹਿੰਦੀ ਫਿਲਮ ਜਗਤ ਵਿਚ ਔਰਤਾਂ ਨੂੰ ਪੁਰਸ਼ਾਂ ਦੇ ਮਕਾਬਲੇ ਬਹੁਤ ਘੱਟ ਫੀਸ ਮਿਲਦੀ ਹੈ ਹਾਲਾਂਕਿ ਔਰਤਾਂ ਨੂੰ ਪੁਰਸ਼ਾਂ ਨਾਲੋਂ ਵੱਧ ਮਿਹਨਤ ਕਰਨੀ ਪੈਂਦੀ ਹੈ। ਅੱਜ ਹਾਲਾਤ ਇਹ ਹਨ ਕਿ ਅਦਾਕਾਰਾਵਾਂ ਨੂੰ ਪੁਰਸ਼ ਕਲਾਕਾਰ ਦੇ ਮੁਕਾਬਲੇ ਸਿਰਫ 10ਵਾਂ ਹਿੱਸਾ ਮਿਹਨਤਾਨਾ ਹੀ ਮਿਲਦਾ ਹੈ।"

ਉਸ ਦਾ ਕਹਿਣਾ ਹੈ ਕਿ ਇਹ ਸਭ ਮਰਦ ਪ੍ਰਧਾਨ ਫਿਲਮਾਂ ਕਾਰਨ ਹੋਇਆ। ਇਕ ਵਕਤ ਤਾਂ ਅਜਿਹਾ ਵੀ ਆਇਆ ਸੀ ਕਿ ਮਰਦ ਅਦਾਕਾਰਾਂ ਨੂੰ ਹੀ ਫਿਲਮ ਦੀ ਜਿੰਦ-ਜਾਨ ਮੰਨਿਆ ਜਾਂਦਾ ਸੀ, ਅਦਾਕਾਰਾਵਾਂ ਨੂੰ ਤਾਂ ਸਿਰਫ ਸਰੀਰਕ ਦਿਖਾਵੇ ਵਜੋਂ ਹੀ ਫਿਲਮ ਵਿਚ ਲਿਆ ਜਾਂਦਾ ਸੀ ਪਰ ਹੁਣ ਬਹੁਤ ਕੁਝ ਬਦਲ ਗਿਆ ਹੈ। ਬਹੁਤ ਸਾਰੀਆਂ ਅਜਿਹੀਆਂ ਫਿਲਮਾਂ ਆਈਆਂ ਹਨ ਕਿ ਜਿਨ੍ਹਾਂ ਵਿਚ ਮੁੱਖ ਕਿਰਦਾਰ ਅਦਾਕਾਰਾਵਾਂ ਨੇ ਨਿਭਾਇਆ ਅਤੇ ਫਿਲਮਾਂ ਹਿੱਟ ਵੀ ਹੋਈਆਂ।

ਲਾਰਾ ਦੱਤਾ ਨੇ ਇਸ ਪੱਖੋਂ ਖੁਸ਼ੀ ਦਾ ਪ੍ਰਗਟਾਵਾ ਕੀਤਾ ਕਿ ਹੁਣ ਫਿਲਮ ਜਗਤ ਵਿਚ ਅਦਾਕਾਰਾਵਾਂ ਦੀ ਉਮਰ ਦੇ ਮਾਮਲੇ ਵਿਚ ਵੱਡੀ ਤਬਦੀਲੀ ਆਈ ਹੈ। ਵੱਡੀ ਉਮਰ ਦੀਆਂ ਅਦਾਰਕਾਰਾਵਾਂ ਨੂੰ ਵਧੀਆ ਰੋਲ ਮਿਲ ਰਹੇ ਹਨ। ਪਹਿਲਾਂ ਤਾਂ ਵਿਆਹ ਅਤੇ ਬੱਚਿਆਂ ਤੋਂ ਬਾਅਦ ਅਦਾਕਾਰਾਵਾਂ ਦਾ ਕਰੀਅਰ ਹੀ ਚੌਪਟ ਹੋ ਜਾਂਦਾ ਸੀ।



# ਫਵਾਦ ਖਾਨ ਦੀ ਅਦਾਕਾਰੀ

ਇੰਟਰਨੈੱਟ 'ਤੇ ਅੱਜ ਕੱਲ੍ਹ ਇਹ ਚਰਚਾ ਚੱਲ ਰਹੀ ਹੈ ਕਿ ਫਿਲਮਸਾਜ਼ ਸੰਜੇ ਲੀਲਾ ਭੰਸਾਲੀ ਦੀ ਡਰਾਮਾ ਸੀਰੀਜ਼ ਵਿਚ ਤਾਜਦਾਰ ਅਤੇ ਆਲਮਜ਼ੇਬ ਵਾਲੀ ਭੂਮਿਕਾ ਪਾਕਿਸਤਾਨ ਦੇ ਪ੍ਰਸਿੱਧ ਅਦਾਕਾਰ ਫਵਾਦ ਖਾਨ ਅਤੇ ਮਹੀਰਾ ਖਾਨ ਨੂੰ ਨਿਭਾਉਣੀ ਚਾਹੀਦੀ ਸੀ। ਯਾਦ ਰਹੇ ਕਿ ਇਨ੍ਹਾਂ ਕਿਰਦਾਰਾਂ ਲਈ ਪਹਿਲਾਂ ਸੰਜੇ ਲੀਲਾ ਭੰਸਾਲੀ ਨੇ ਫਵਾਦ ਖਾਨ ਅਤੇ ਮਹੀਰਾ ਖਾਨ ਦੇ ਨਾਵਾਂ 'ਤੇ ਵਿਚਾਰ ਕੀਤਾ ਸੀ ਪਰ ਦੋਹਾਂ ਮੁਲਕਾਂ ਦੀ ਸਿਆਸਤ ਕਰ ਕੇ ਇਹ ਸੰਭਵ ਨਹੀਂ ਹੋ ਸਕਿਆ। ਇਕ ਸਮਾਂ ਅਜਿਹਾ ਆਇਆ ਸੀ ਕਿ ਪਾਕਿਸਤਾਨ ਦੇ ਕਈ ਅਦਾਕਾਰ ਭਾਰਤੀ ਫਿਲਮਾਂ ਦਾ ਹਿੱਸਾ ਬਣਨੇ ਸ਼ੁਰੂ ਹੋਏ ਪਰ ਦੋਹਾਂ ਮੁਲਕਾਂ ਵਿਚਕਾਰ ਬਣੇ ਹਾਲਾਤ ਨੇ ਇਹ ਸਾਂਝ ਯਕਲਖਤ ਰੋਕ ਦਿੱਤੀ ਅਤੇ ਹਿੰਦੀ ਫਿਲਮ ਜਗਤ ਨੂੰ ਫਵਾਦ ਖਾਨ ਤੇ ਮਹੀਰਾ ਖਾਨ ਵਰਗੇ ਅਦਾਕਾਰਾਂ ਤੋਂ ਮਹਿਰੂਮ ਹੋਣਾ ਪਿਆ। ਫਵਾਦ ਖਾਨ ਨੇ ਆਪਣੀਆਂ ਕੁਝ ਕੁ ਫਿਲਮਾਂ ਨਾਲ ਹੀ ਹਿੰਦੀ ਫਿਲਮ ਜਗਤ ਵਿਚ ਆਪਣੀ ਪਛਾਣ ਪੱਕੀ ਕਰ ਲਈ ਸੀ ਅਤੇ ਉਸ ਦੀ ਕਮਾਲ ਦੀ ਅਦਾਕਾਰੀ ਕਰ ਕੇ ਬਹੁਤ ਸਾਰੇ ਫਿਲਮਸਾਜ਼ ਉਸ ਨੂੰ ਆਪਣੀਆਂ ਫਿਲਮਾਂ ਵਿਚ ਲੈਣ ਲਈ ਉਤਸਕ ਸਨ ਪਰ ਕੱਟੜਪੰਥੀਆਂ ਦੀ ਸੌੜੀ ਤੇ ਜ਼ਹਿਰੀਲੀ ਸਿਆਸਤ ਨੇ ਇਹ ਸਾਂਝ ਤੋੜ ਸੁੱਟੀ। **-ਕੁਦਰਤ ਕੌਰ**

# ਅਭੈ ਦਿਓਲ ਦਾ ਨਵਾਂ ਰੂਪ



ਅਦਾਕਾਰ ਅਭੈ ਦਿਓਲ ਹਮੇਸ਼ਾ ਕੁਝ ਨਾ ਕੁਝ ਨਵਾਂ ਕਰਦਾ ਰਹਿੰਦਾ ਹੈ। ਐਤਕੀਂ ਉਸ ਨੇ ਅਹਿਮਦਾਬਾਦ (ਗੁਜਰਾਤ) ਵਿਚ ਇਕ ਸਮਾਗਮ ਦੌਰਾਨ 'ਡਿਸਕ ਜੌਕੀ' (ਡੀ.ਜੇ.) ਬਣ ਕੇ ਮੇਲਾ ਲੁੱਟ ਲਿਆ। ਉਸ ਦਾ ਕਹਿਣਾ ਹੈ, "ਸੰਗੀਤ ਮੈਨੂੰ ਬਹੁਤ ਪਸੰਦ ਹੈ। ਬਚਪਨ ਵਿਚ ਮੈਂ ਟੇਪਾਂ ਖ਼ੂਬ ਚਲਾਉਂਦਾ ਹੁੰਦਾ ਸੀ। ਹੁਣ ਡੀ.ਜੇ. ਬਣ ਕੇ ਪਤਾ ਲੱਗਿਆ ਕਿ ਇਹ ਤਾਂ ਕੰਮ ਹੀ ਬੜਾ ਨਿਰਾਲਾ ਅਤੇ ਕੁਦਰਤੀ ਹੈ। ਸੱਚਮੁੱਚ ਡੀ.ਜੇ. ਬਣ ਕੇ ਬੜਾ ਹੀ ਆਨੰਦ ਆਇਆ।"

ਯਾਦ ਰਹੇ ਕਿ ਅਭੈ ਦਿਓਲ ਨੇ ਫਿਲਮੀ ਦੁਨੀਆ ਨੂੰ ਬਹੁਤ ਵੱਖਰੀ ਤਰ੍ਹਾਂ ਦੀਆਂ ਫਿਲਮਾਂ ਦਿੱਤੀਆਂ ਹਨ। ਇਨ੍ਹਾਂ ਫਿਲਮਾਂ ਵਿਚ ਉਸ ਦੀ ਅਦਾਕਾਰੀ ਦੇਖਣ ਯੋਗ ਹੈ। **-ਗੁਰਜੰਟ ਸਿੰਘ**

# ਜ਼ੀਨਤ ਅਮਾਨ ਦਾ ਪਸ਼ੂ-ਪਿਆਰ

ਆਪਣੇ ਵੇਲਿਆਂ ਦੀ ਚਰਚਿਤ ਅਦਾਕਾਰਾ ਜ਼ੀਨਤ ਅਮਾਨ ਇਕ ਵਾਰ ਫਿਰ ਆਪਣੇ ਸੁਹੱਪਣ ਕਰ ਕੇ ਚਰਚਾ ਵਿਚ ਹੈ। ਕਹਿਣਾ ਹੋਵੇ ਤਾਂ ਉਸ ਦੇ ਧੌਲੇ ਵਾਲ ਹੀ ਲੋਕਾਂ ਨੂੰ ਖ਼ੂਬ ਆਕਰਸ਼ਿਤ ਕਰ ਰਹੇ ਹਨ। ਅਸਲ ਵਿਚ, ਬੁੱਢੀ ਉਮਰ ਦੀਆਂ ਅਦਾਕਾਰਾਵਾਂ ਵਾਂਗ ਉਸ ਨੇ ਧੌਲੇ ਰੰਗਣ ਵਾਲਾ ਕੰਮ ਨਹੀਂ ਕੀਤਾ। ਅੱਜ ਕੱਲ੍ਹ ਉਸ ਦੀ ਚਰਚਾ ਪਸ਼ੂਆਂ ਪ੍ਰਤੀ ਪਿਆਰ ਕਰ ਕੇ ਹੋ ਰਹੀ ਹੈ। ਉਹ ਕਹਿੰਦੀ ਹੈ ਕਿ ਕਈ ਵਾਰ ਫਿਲਮਾਂ ਵਿਚ ਪਸ਼ੂਆਂ ਤੋਂ ਅਦਾਕਾਰੀ ਕਰਵਾਉਣ ਲਈ ਇਨ੍ਹਾਂ ਨੂੰ ਬਹੁਤ ਜ਼ਿਆਦਾ ਤੰਗ ਕੀਤਾ ਜਾਂਦਾ ਹੈ। ਇਸ ਸਬੰਧੀ ਮਾਮਲਾ ਉਸ ਨੇ ਆਪਣੇ

**ਗੁਰਨਾਜ਼ ਕੌਰ**

ਇੰਸਟਾਗਰਾਮ ਖਾਤੇ ਉਤੇ ਉਠਾਇਆ ਹੈ ਕਿ ਜੀਵ-ਜੰਤੂਆਂ ਦੇ ਮਾਮਲੇ ਵਿਚ ਸਾਨੂੰ ਸਭ ਨੂੰ ਸੰਵੇਦਨਸ਼ੀਲਤਾ ਦਿਖਾਉਣੀ ਚਾਹੀਦੀ ਹੈ। ਉਸ ਮੁਤਾਬਿਕ, ਜੀਵ-ਜੰਤੂ ਸਾਡੇ ਆਲੇ-ਦੁਆਲੇ ਦਾ ਹਿੱਸਾ ਹਨ, ਇਨ੍ਹਾਂ ਨੂੰ ਵੀ ਕੋਈ ਤਕਲੀਫ ਨਹੀਂ ਹੋਣੀ ਚਾਹੀਦੀ।





*ਫਿਲਮ ਅਦਾਕਾਰਾ ਜ਼ੀਨਤ ਅਮਾਨ ਦੀ ਦੋ ਤਸਵੀਰਾਂ।*

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ 'ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 37 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021, Platinum Award 2022

## *Call for Listing Special 2024*

## Ph: 510-304-9292 or 408-666-8279



Anmol Singh Gill
REALTOR
Bre. # 02062952



Armaan Singh Gill
Sales Agent
Bre. # 02161166
Ph: 510-709-7987



Jaswinder (Jassi) Gill
M.Sc (PAU)
CA BRE# 00966763
Broker/Owner



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539
Tel: 510-440-9292

Visit us @ www.jassigill.com for hot listings

## Recent Sales

1. 1777 Osage Ave, Hayward CA 94545
2. 2249 moody ave, Hayward ca 94545
3. 9714 Fall Valley Way, Sacramento CA 95829
4. 3597 Skyline dr, Hayward CA 94542
5. 1549 -1561 Landess Ave, Milpitas CA 95035
6. 11401 Rampart Dr, Dublin CA 94568
7. 7790 Squirrel Creek Cir, Dublin CA, 94568
8. 2798 Tostalinda Dr, Tracy CA 95377
9. 1216 Cliff Swallow Dr, Patterson CA 95363-8732
10. 25210 century oaks Cir, Castro valley, CA , 94552
11. 15583 via vega, San Lorenzo, CA, 94580
12. 3626 Platt ct S, Pleasanton CA 94588
13. 1401 Angus St, Patterson, CA, 95363
14. 1548 Spring St, Mountain View, CA, 94043
15. 1978 Catalpa Way, Hayward, CA, 94545

## Purchase Loan and Refinance

Call Sukhveer (Sukhi) Gill
DHMS, Loan Broker
Ph: 510-207-9067
CA BRE Lic.#01180969
NMLS# 352095

19-20